ਪਰਮ ਪਾਰਸ

ਗੁਰੂ ਰਵਿਦਾਸ

ਰਾਧਾਸੁਆਮੀ ਸਤਿਸੰਗ ਬਿਆਸ

ਸਿਕੰਦਰ ਲੋਧੀ ਦਾ ਰਾਜ — 1488 ਈ ਤੋਂ 1518 ਈ ਤੱਕ ਰਿਹਾ
ਪੰਨਾ - 21

ਬਾਬਰ ਬਾਦਸ਼ਾਹ ਦਾ ਜਨਮ — 1498 ਈ ਨੂੰ ਲੋਧੀਆਂ - ਪੰਨਾ - 23

ਬਾਬਰ ਦਾ ਪੰਜਾਬ 1525 - 26 'ਚ ਹਮਲਾ — ,,

ਬਾਬਰ ਦਾ ਪੁੱਤ — 1535 'ਚ ਹਿੰਦੁਸਤਾਨ ਕਿਹਾ — ,,

ਗੁਰੂ ਨਾਨਕ + ਭਾਈ ਮਰਦਾਨਾ ਮਿਲਾਪ — 1498 ਈ 'ਚ — ਪੰਨਾ - 24

ਭਾਈ ਮਰਦਾਨਾ ਜੀ ਦਾ ਅਕਾਲ ਚਲਾਣਾ — 1527 ਈ — ਪੰਨਾ - 26

ਬਾਬਾ ਨਾਨਕ ਦੇ ਘਰ ਦੇ ਹਾਲਾਤ — ਪੰਨਾ — 27

ਭਾਈ ਜੀ ਦੇ ਪਰਿਵਾਰ ਦਾ ਪੰਨਾ — 29.

ਪਤਨੀ ਜੀ — ਪੰਨਾ — 33 | ਪਾਲਣ ਦੀ ਸਾਖੀ — ਪੰਨਾ - 35

ਸ਼ਹਿਜ਼ਾਦਾ — ਪੰਨਾ — 34. | ਬਾਬਾ ਸਾਹਿਬ ਜੇਠਾ — 39

ਭਾਈ ਪੀਰਾਂ ਦੀ 40 ਤੋਂ 42 ਤੱਕ

ਪਰਮ ਪਾਰਸ

ਗੁਰੂ ਰਵਿਦਾਸ

ਕਾਸ਼ੀਨਾਥ ਉਪਾਧਿਆਇ

ਰਾਧਾਸੁਆਮੀ ਸਤਿਸੰਗ ਬਿਆਸ

ਪ੍ਰਕਾਸ਼ਕ:
ਜੇ. ਸੀ. ਸੇਠੀ, ਸੈਕਟਰੀ
ਰਾਧਾਸੁਆਮੀ ਸਤਿਸੰਗ ਬਿਆਸ
ਡੇਰਾ ਬਾਬਾ ਜੈਮਲ ਸਿੰਘ
ਪੰਜਾਬ 143 204

ਪਹਿਲਾ ਸੰਸਕਰਨ 1987

ਅਠਵਾਂ ਸੰਸਕਰਨ 2008

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ ਸ਼ਹਿਰ, ਪੰਜਾਬ 144 004 (ਭਾਰਤ)

Published by:
J. C Sethi, Secretary
Radha Soami Satsang Beas
Dera Baba Jaimal Singh
Punjab 143 204

First edition 1987

Eighth edition 2008

15 14 13 12 11 10 09 08 8 7 6 5 4 3 2 1

ISBN 978-81-8256-799-3

Printed in India by: Sartaj Printing Press, Jalandhar City, Punjab 144 004

ਸਮਰਪਣ

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥[1]

ਪਰਮ ਪਾਰਸ
ਗੁਰੂ ਰਵਿਦਾਸ

ਰਾਧਾਸੁਆਮੀ ਸਤਿਸੰਗ ਬਿਆਸ

ਵਿਸ਼ੇ-ਸੂਚੀ

ਪ੍ਰਕਾਸ਼ਕ ਵੱਲੋਂ

ਰਾਧਾਸੁਆਮੀ ਸਤਿਸੰਗ ਬਿਆਸ ਦੁਆਰਾ 'ਪੂਰਬ ਦੇ ਸੰਤ' ਪੁਸਤਕ-ਮਾਲਾ ਵਿਚ ਸੰਤ ਨਾਮਦੇਵ, ਸੰਤ ਤੁਕਾ ਰਾਮ, ਸੰਤ ਤੁਲਸੀ ਸਾਹਿਬ, ਗੁਰੂ ਨਾਨਕ ਸਾਹਿਬ, ਪਲਟੂ ਸਾਹਿਬ, ਸੰਤ ਦਾਦੂ ਦਿਆਲ ਅਤੇ ਮੀਰਾਬਾਈ ਦੇ ਜੀਵਨ, ਬਾਣੀ ਅਤੇ ਉਪਦੇਸ਼ ਸੰਬੰਧੀ ਪੁਸਤਕਾਂ ਛਪ ਚੁੱਕੀਆਂ ਹਨ। ਇਨ੍ਹਾਂ ਪੁਸਤਕਾਂ ਦਾ ਮੁੱਖ ਮੰਤਵ ਇਹ ਵਿਚਾਰ ਪ੍ਰਗਟ ਕਰਨਾ ਹੈ ਕਿ ਪੂਰਨ ਸੰਤ-ਸਤਿਗੁਰੂ ਭਾਵੇਂ ਕਿਸੇ ਜਾਤ, ਧਰਮ, ਦੇਸ਼, ਸਮੇਂ ਵਿਚ ਕਿਉਂ ਨਾ ਆਏ ਹੋਣ, ਉਨ੍ਹਾਂ ਸਭ ਦਾ ਅਧਿਆਤਮਿਕ ਉਪਦੇਸ਼ ਸਮਾਨ ਹੁੰਦਾ ਹੈ। ਇਹ ਪੁਸਤਕਾਂ ਹਿੰਦੀ, ਪੰਜਾਬੀ, ਉਰਦੂ, ਮਰਾਠੀ, ਗੁਜਰਾਤੀ, ਅੰਗ੍ਰੇਜ਼ੀ ਆਦਿ ਕਈ ਭਾਸ਼ਾਵਾਂ ਵਿੱਚ ਬਹੁਤ ਹਰਮਨ ਪਿਆਰੀਆਂ ਹੋਈਆਂ ਹਨ। ਇਸ ਲੜੀ ਵਿਚ ਹੀ ਡਾ. ਕਾਸ਼ੀ ਨਾਥ ਉਪਾਧਿਆਇ ਦੁਆਰਾ ਪਹਿਲੋਂ ਅੰਗ੍ਰੇਜ਼ੀ ਅਤੇ ਬਾਦ ਵਿਚ ਹਿੰਦੀ ਵਿਚ ਲਿਖੀ ਪੁਸਤਕ 'ਪਰਮ ਪਾਰਸ ਗੁਰੂ ਰਵਿਦਾਸ' ਦਾ ਪੰਜਾਬੀ ਰੂਪ ਸੰਗਤ ਦੀ ਭੇਟ ਕੀਤਾ ਜਾ ਰਿਹਾ ਹੈ।

ਡਾ. ਉਪਾਧਿਆਇ ਅਮਰੀਕਾ ਵਿਚ ਹਵਾਈ ਯੂਨੀਵਰਸਿਟੀ ਵਿਖੇ ਫ਼ਿਲਾਸਫ਼ੀ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਅਨੇਕ ਤਰ੍ਹਾਂ ਦੇ ਰੁਝੇਵਿਆਂ ਦੇ ਬਾਵਜੂਦ ਇਸ ਪਰਮ ਸੰਤ ਦੇ ਜੀਵਨ ਅਤੇ ਉਪਦੇਸ਼ ਦੇ ਅਨੇਕ ਪਹਿਲੂਆਂ ਨੂੰ ਬਹੁਤ ਸਫਲਤਾ ਅਤੇ ਸੁਘੜਤਾ ਨਾਲ ਸੰਤਮਤ ਦੀ ਦ੍ਰਿਸ਼ਟੀ ਤੋਂ ਉਘਾੜਿਆ ਹੈ। ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ।

ਗੁਰੂ ਰਵਿਦਾਸ ਦੀ ਦਾ ਜਨਮ ਗ਼ਰੀਬ ਪਰਿਵਾਰ ਅਤੇ ਛੋਟੀ ਸਮਝੀ ਜਾਂਦੀ ਜਾਤ ਵਿਚ ਹੋਇਆ ਪਰ ਆਪ ਪਰਮਾਤਮਾ ਦੀ ਸੱਚੀ ਭਗਤੀ ਦੁਆਰਾ ਪਰਮਪਦ ਨੂੰ ਪ੍ਰਾਪਤ ਹੋਏ ਅਤੇ ਉੱਚੀ ਜਾਤ ਦੇ ਵੱਡੇ-ਵੱਡੇ ਰਾਜੇ, ਰਾਣੀਆਂ ਆਪ ਨੂੰ ਸਤਿਗੁਰੂ ਧਾਰ ਕੇ ਆਪ ਦੇ ਚਰਨ-ਕੰਵਲਾਂ ਦੇ ਪ੍ਰੇਮੀ ਬਣੇ। ਆਪ ਖ਼ੁਦ ਲਿਖਦੇ ਹਨ ਕਿ ਛੋਟੀ ਜਾਤ ਵਿਚ ਜਨਮ ਹੋਣ ਦੇ ਬਾਵਜੂਦ ਪਰਮਾਤਮਾ ਦੀ ਭਗਤੀ ਦੁਆਰਾ ਮੈਨੂੰ ਉਹ ਉੱਚੀ ਗਤੀ ਪ੍ਰਾਪਤ ਹੋ ਗਈ ਹੈ ਕਿ ਉੱਚੀਆਂ ਕੁਲਾਂ ਦੇ ਵੱਡੇ-ਵੱਡੇ ਵਿਦਵਾਨ ਮੈਨੂੰ ਡੰਡੌਤ ਕਰਨ ਵਿਚ ਵਡਿਆਈ ਮਹਿਸੂਸ ਕਰਦੇ ਹਨ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥[1]

ਇਸ ਤੋਂ ਪਤਾ ਲੱਗਦਾ ਹੈ ਕਿ ਬੇਸ਼ੱਕ ਲੋਕ ਬੁਰੀ ਤਰ੍ਹਾਂ ਜਾਤਾਂ-ਪਾਤਾਂ ਦੇ ਬੰਧਨਾਂ ਵਿਚ ਜਕੜੇ ਹੋਏ ਹਨ, ਪਰ ਪੂਰਨ ਸੰਤਾਂ ਅੱਗੇ ਕੁਦਰਤੀ ਤੌਰ ਤੇ ਹਰ ਇੱਕ ਦਾ ਸਿਰ ਝੁਕ ਜਾਂਦਾ ਹੈ।

ਮੇਵਾੜ ਦੀ ਰਾਣੀ ਮੀਰਾ ਅਤੇ ਰਾਜਪੂਤ ਰਾਜਾ ਪੀਪਾ, ਗੁਰੂ ਰਵਿਦਾਸ ਜੀ ਦੇ ਸੇਵਕ ਸਨ ਪਰ ਰਾਜਿਆਂ-ਮਹਾਰਾਜਿਆਂ ਦੇ ਸਤਿਗੁਰੂ ਹੋਣ ਦੇ ਬਾਵਜੂਦ ਆਪ ਜੀਵਨ-ਭਰ ਹੱਕ-ਹਲਾਲ ਦੀ ਕਮਾਈ ਉੱਤੇ ਗੁਜ਼ਾਰਾ ਕਰਦੇ ਰਹੇ। ਉਨ੍ਹਾਂ ਨੇ ਸੰਸਾਰ ਦੇ ਸਾਹਮਣੇ ਆਪਣੀ ਜ਼ਿੰਦਾ ਮਿਸਾਲ ਕਾਇਮ ਕੀਤੀ ਕਿ ਸੱਚਾ ਸੰਤ-ਸਤਿਗੁਰੂ ਕਦੇ ਸਮਾਜ ਉੱਤੇ ਬੋਝ ਨਹੀਂ ਬਣਦਾ ਅਤੇ ਦਇਆ ਤੇ ਪਰਉਪਕਾਰ ਦੀ ਨਿਸ਼ਕਾਮ ਭਾਵਨਾ ਨਾਲ ਜੀਵਨ-ਭਰ ਲੋਕਾਂ ਦੀ ਮੁਫ਼ਤ ਸੇਵਾ ਕਰਦਾ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਬਹੁਤ ਸਰਲ ਅਤੇ ਸਪੱਸ਼ਟ ਹੈ ਅਤੇ ਪ੍ਰੇਮ ਦੇ ਰੰਗ ਵਿਚ ਰੰਗੀ ਹੋਈ ਹੈ। ਇਹ ਬਾਣੀ ਆਮ ਲੋਕਾਂ ਵਿਚ ਪਿਆਰੀ ਅਤੇ ਸਤਿਕਾਰੀ ਜਾਂਦੀ ਹੈ। ਆਪ ਦੀ ਬਾਣੀ ਦੇ ਕੁਝ ਪਦ ਸ੍ਰੀ ਆਦਿ ਗ੍ਰੰਥ ਵਿਚ ਸ਼ਾਮਲ ਹਨ ਅਤੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਦੇ ਕੁਝ ਪ੍ਰਸੰਗਾਂ ਵਿਚ ਗੁਰੂ ਰਵਿਦਾਸ ਜੀ ਦੀ ਅਪਾਰ ਉਪਮਾ ਕੀਤੀ ਹੈ।

ਆਸ ਹੈ ਸੰਗਤ ਇਸ ਪੁਸਤਕ ਤੋਂ ਪੂਰਾ ਲਾਭ ਪ੍ਰਾਪਤ ਕਰੇਗੀ।

ਡੇਰਾ ਬਾਬਾ ਜੈਮਲ ਸਿੰਘ, ਐਸ. ਐਲ. ਸੋਂਧੀ,
ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ)। ਸੈਕਟਰੀ,
15 ਜੁਲਾਈ, 1987 ਰਾਧਾਸੁਆਮੀ ਸਤਿਸੰਗ ਬਿਆਸ।

ਲੇਖਕ ਵੱਲੋਂ

ਉਹ ਦਿਆਲੂ ਪਰਮੇਸ਼ਰ ਜੋ ਸ੍ਰਿਸ਼ਟੀ ਦਾ ਕਰਤਾ ਹੈ, ਉਹੀ ਇਸ ਦਾ ਸੰਚਾਲਕ ਅਤੇ ਪ੍ਰਤਿਪਾਲਕ ਵੀ ਹੈ। ਉਹ ਆਪਣੇ ਭਗਤਾਂ ਨੂੰ ਪ੍ਰੇਮ ਅਤੇ ਭਗਤੀ ਦਾ ਸੱਚਾ ਮਾਰਗ ਵਿਖਾ ਕੇ ਭਵ-ਸਾਗਰ ਤੋਂ ਪਾਰ ਕਰਨ ਲਈ ਬਾਰ-ਬਾਰ ਮਨੁੱਖ ਦਾ ਚੋਲਾ ਧਾਰ ਕੇ ਸੰਸਾਰ ਵਿਚ ਆਉਂਦਾ ਰਹਿੰਦਾ ਹੈ। ਮਨੁੱਖ ਰੂਪ ਵਿਚ ਪ੍ਰਗਟ ਹੋਏ ਪਰਮਾਤਮਾ ਨੂੰ ਹੀ ਸੰਤ-ਸਤਿਗੁਰੂ ਕਿਹਾ ਜਾਂਦਾ ਹੈ,* ਦੂਸਰੇ ਸੰਤਾਂ ਵਾਂਗ ਗੁਰੂ ਰਵਿਦਾਸ ਜੀ ਵੀ ਸੰਸਾਰ ਦੇ ਉੱਧਾਰ ਲਈ ਆਏ, ਆਪ ਪਰਮੇਸ਼ਰ ਦਾ ਪ੍ਰਤੱਖ ਰੂਪ ਸਨ। ਕਬੀਰ ਸਾਹਿਬ ਵਾਂਗ ਆਪ ਨੇ ਵੀ ਕਾਂਸ਼ੀ ਵਿਚ ਪਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਦਾ ਪ੍ਰਚਾਰ ਕੀਤਾ। ਬਨਾਰਸ ਕਰਮ-ਕਾਂਡ ਅਤੇ ਜਾਤ-ਪਾਤ

---

* ਜਿਵੇਂ ਕਿ ਗੁਰੂ ਰਵਿਦਾਸ ਜੀ ਕਹਿੰਦੇ ਹਨ :

ਸੰਤ ਤੁਝੀ ਤਨੁ ਸੰਗਤਿ ਪ੍ਰਾਨ। ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ।[1]

ਹਰਿ ਗੁਰ ਸਾਧ ਸਮਾਨ ਚਿਤ, ਨਿਤ ਆਗਮ ਤਤ ਮੂਲ।
ਇਨ ਬਿਚ ਅੰਤਰ ਜਿਨ ਪਰੌ, ਕਰਵਤ ਸਹਨ ਕਬੂਲ।।[2]

ਕਬੀਰ ਦਾਸ ਜੀ ਦੇ ਸ਼ਬਦਾਂ ਵਿਚ :

ਰਾਮ ਕਬੀਰਾ ਏਕ ਹੈ, ਕਹਨ ਸੁਨਨ ਕੋ ਦੋਇ।
ਦੋਇ ਕਰ ਸੋਇ ਜਾਨੇ, ਸਤਿਗੁਰੂ ਮਿਲਾ ਨਾ ਹੋਇ।।[3]

ਕਹੇ ਕਬੀਰ ਹਮ ਧੁਰ ਕੇ ਭੇਦੀ ਲਾਏ ਹੁਕਮ ਹਜ਼ੂਰੀ।[4]

ਗੁਰ ਨਾਨਕ ਸਾਹਿਬ ਦਾ ਕਹਿਣਾ ਹੈ :

ਗੁਰ ਮਹਿ ਆਪੁ ਰਖਿਆ ਕਰਤਾਰੇ।।[5]

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ।।
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ।।[6]

ਸੁਆਮੀ ਜੀ ਮਹਾਰਾਜ ਦੇ ਸ਼ਬਦਾਂ ਵਿਚ :

ਗੁਰੁ ਕੋ ਤੁਮ ਮਾਨੁਖ ਮਤ ਜਾਨੋ। ਵੇ ਹੈਂ ਸਤਪੁਰਸ਼ ਕੀ ਜਾਨ।।[7]

ਰਾਧਾਸੁਆਮੀ ਧਰਾ ਨਰ ਰੂਪ ਜਗਤ ਮੇਂ। ਗੁਰੁ ਹੋਇ ਜੀਵ ਚਿਤਾਏ।।[8]

(ਫੁਟਨੋਟ ਦਾ ਬਾਕੀ ਹਿੱਸਾ ਅਗਲੇ ਪੰਨੇ ਤੇ)

ਦਾ ਗੜ੍ਹ ਰਿਹਾ ਹੈ। ਸ਼ਾਇਦ ਕਰਮ-ਕਾਂਡ ਅਤੇ ਅੰਧ-ਵਿਸ਼ਵਾਸ ਦੇ ਇਸ ਤਾਕਤਵਰ ਕਿਲ੍ਹੇ ਉੱਤੇ ਦੂਹਰਾ ਹੱਲਾ ਬੋਲਣ ਦੀ ਲੋੜ ਸੀ। ਇਸ ਲਈ ਇਹ ਦੋ ਪਰਮ-ਸੰਤ ਇੱਕੋ ਸਮੇਂ ਇੱਕੋ ਕਾਰਜ ਵਿਚ ਲੱਗੇ ਹੋਏ ਸਨ। ਦੋਵੇਂ ਪਰਮਾਤਮਾ ਦਾ ਰੂਪ ਸਨ ਅਤੇ ਦੋਵੇਂ ਮਨੁੱਖ ਜਾਤੀ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸੱਚਾ ਮਾਰਗ ਦਿਖਾਉਣ ਦਾ ਪਰਉਪਕਾਰੀ ਕਾਰਜ ਨਿਭਾ ਰਹੇ ਸਨ।

ਸਭ ਪੂਰਨ ਸੰਤਾਂ ਦਾ ਮੂਲ-ਉਦੇਸ਼ ਇੱਕ ਹੁੰਦਾ ਹੈ। ਇਹ ਉਪਦੇਸ਼ ਸਮੁੱਚੀ ਮਨੁੱਖ ਜਾਤੀ ਲਈ ਹੁੰਦਾ ਹੈ। ਭਾਸ਼ਾ ਅਤੇ ਵਰਨਨ ਦੇ ਅੰਤਰ ਕਾਰਨ ਇਹ ਉਪਦੇਸ਼ ਵੱਖ-ਵੱਖ ਭਾਸਦਾ ਹੈ, ਪਰ ਅਸਲ ਵਿਚ ਵੱਖ-ਵੱਖ ਹੁੰਦਾ ਨਹੀਂ। ਮਿਸਾਲ ਦੇ ਤੌਰ 'ਤੇ ਕਬੀਰ ਸਾਹਿਬ ਅਤੇ ਰਵਿਦਾਸ ਜੀ ਦੋਵੇਂ ਹੀ ਮੁਲਾਣਿਆਂ, ਪਾਂਡਿਆਂ, ਪੁਜਾਰੀਆਂ ਅਤੇ ਹਰ ਤਰ੍ਹਾਂ ਦੇ ਬਾਹਰਮੁਖੀ ਕਰਮ-ਕਾਂਡ ਦੇ ਵਿਰੋਧੀ ਸਨ। ਕਬੀਰ ਸਾਹਿਬ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਰਾਰੀ ਚੋਟ ਕਰਦੇ ਸਨ ਜਦ ਕਿ ਗੁਰੂ ਰਵਿਦਾਸ ਜੀ ਉਹੀ ਗੱਲਬਾਤ ਨਿਮਰਤਾ ਅਤੇ ਪ੍ਰੇਮ-ਭਰੇ ਲਹਿਜੇ ਵਿਚ ਕਹਿੰਦੇ ਸਨ। ਗੱਲ ਇੱਕੋ ਹੈ ਪਰ ਲਹਿਜਾ ਦੋਹਾਂ ਦਾ ਆਪੋ ਆਪਣਾ ਹੈ। ਸ਼ਾਇਦ ਉਸ ਸਮੇਂ ਦੇ ਸਮਾਜ ਨੂੰ ਨਸ਼ਤਰ ਨਾਲ ਚੀਰ-ਫਾੜ ਕਰਨ ਵਾਲੇ ਅਤੇ ਪ੍ਰੇਮ ਨਾਲ ਮਰ੍ਹਮ-ਪੱਟੀ ਕਰਨ ਵਾਲੇ ਦੋਹਾਂ ਤਰ੍ਹਾਂ ਦੇ ਸੰਤਾਂ ਦੀ ਲੋੜ ਸੀ।*

ਇਨ੍ਹਾਂ ਦੋਹਾਂ ਸੰਤਾਂ ਦੇ ਜੀਵਨ ਅਤੇ ਉਪਦੇਸ਼ ਦਾ ਸਮਾਜ ਉਤੇ ਜੋ ਪ੍ਰਭਾਵ ਪਿਆ ਉਸ ਦਾ ਪਤਾ ਇਨ੍ਹਾਂ ਤੋਂ ਬਾਦ ਆਉਣ ਵਾਲੇ ਸੰਤਾਂ ਦੀਆਂ ਰਚਨਾਵਾਂ ਤੋਂ

(ਪਿਛਲੇ ਪੰਨੇ ਦੇ ਫੁਟਨੋਟ ਦਾ ਬਾਕੀ ਹਿੱਸਾ)

ਪਲਟੂ ਸਾਹਿਬ ਕਹਿੰਦੇ ਹਨ :

ਕੋਟਿਨ ਜੁਗ ਪਰਲੈ ਗਈ ਹਮਹੀਂ ਕਰਨੇਹਾਰ।[9]
ਪਲਟੂ ਦੇਹ ਕੇ ਧਰੇ ਸੇ ਵੇ ਸਾਹਿਬ ਹਮ ਦਾਸ।
ਆਦਿ ਅੰਤ ਹਮ ਹੀ ਰਹੇ ਸਭ ਮੇਂ ਮੋਰ ਬਾਸ॥[10]

ਗੋਸਵਾਮੀ ਤੁਲਸੀ ਦਾਸ ਜੀ ਕਹਿੰਦੇ ਹਨ :

ਬੰਦੌਂ ਗੁਰੂ ਪਦ ਕੰਜ ਕ੍ਰਿਪਾ ਸਿੰਧੁ ਨਰ ਰੂਪ ਹਰਿ।[11]

ਸਾਈਂ ਬੁੱਲ੍ਹੇਸ਼ਾਹ ਕਹਿੰਦੇ ਹਨ :

ਮੌਲਾ ਆਦਮੀ ਬਣ ਆਇਆ।[12]

* ਦੋਹਾਂ ਦੀਆਂ ਹੇਠ ਲਿਖੀਆਂ ਪੰਕਤੀਆਂ ਦੀ ਤੁਲਨਾ ਕਰਨ ਨਾਲ ਇਨ੍ਹਾਂ ਦੇ ਵਿਅਕਤਿੱਤਵ ਅਤੇ ਕਥਨ-ਸ਼ੈਲੀ ਦੀ ਭਿੰਨਤਾ ਦੀ ਇੱਕ ਸਪੱਸ਼ਟ ਝਲਕ ਪ੍ਰਾਪਤ ਹੁੰਦੀ ਹੈ :

(ਫੁਟਨੋਟ ਦਾ ਬਾਕੀ ਹਿੱਸਾ ਅਗਲੇ ਪੰਨੇ ਤੇ)

ਲੱਗਦਾ ਹੈ, ਜਿਨ੍ਹਾਂ ਨੇ ਬਹੁਤ ਪ੍ਰੇਮ ਅਤੇ ਸਤਿਕਾਰ ਨਾਲ ਇਨ੍ਹਾਂ ਸੰਤਾਂ ਦੀ ਉਪਮਾ ਕੀਤੀ ਹੈ। ਭਾਰੀ ਮਾਤਰਾ ਵਿਚ ਬਣੇ ਇਨ੍ਹਾਂ ਦੇ ਸਿੱਖਾਂ-ਸੇਵਕਾਂ ਤੋਂ ਵੀ ਇਨ੍ਹਾਂ ਦੀ ਹਰਮਨ-ਪਿਆਰਤਾ ਦਾ ਪਤਾ ਲੱਗਦਾ ਹੈ। ਇਨ੍ਹਾਂ ਸੇਵਕਾਂ ਵਿਚ ਆਮ ਲੋਕਾਂ ਤੋਂ ਲੈ ਕੇ ਰਾਜੇ, ਰਾਣੀਆਂ ਤੱਕ ਸਮਾਜ ਦੇ ਹਰ ਵਰਗ ਦੇ ਲੋਕ ਸ਼ਾਮਲ ਸਨ ੳ

ਕਬੀਰ ਸਾਹਿਬ ਅਤੇ ਦੂਸਰੇ ਬਹੁਤ ਸਾਰੇ ਸੰਤਾਂ ਵਾਂਗ ਗੁਰੂ ਰਵਿਦਾਸ ਜੀ ਦਾ ਗਿਆਨ ਗ੍ਰੰਥਾਂ-ਸ਼ਾਸਤਰਾਂ ਉੱਤੇ ਨਹੀਂ ਅੰਦਰਲੇ ਸਹਿਜ-ਅਨੁਭਵ ਉੱਤੇ ਆਧਾਰਿਤ ਸੀ। ਇਸ ਗੂੜ੍ਹ ਅਨੁਭਵ ਨੂੰ ਉਨ੍ਹਾਂ ਨੇ ਸਰਲ, ਸਹਿਜ ਅਤੇ ਸਪੱਸ਼ਟ ਰੂਪ ਵਿਚ ਅਤੇ ਬਹੁਤ ਨਿਮਰਤਾ ਦੇ ਭਾਵ ਨਾਲ ਪ੍ਰਗਟ ਕੀਤਾ ਹੈ। ਉਨ੍ਹਾਂ ਦੀ ਬਾਣੀ ਪ੍ਰੇਮਾ-ਭਗਤੀ ਦੇ ਰੰਗ ਵਿਚ ਰੰਗੀ ਹੋਈ ਹੈ। ਇਸ ਵਿਚ ਬਿਰਹਾ ਦੀ ਡੂੰਘੀ ਪੀੜ ਹੈ, ਜਿਹੜੀ ਬਦੋਬਦੀ ਕਲੇਜੇ ਨੂੰ ਚੀਰਦੀ ਜਾਂਦੀ ਹੈ।

ਆਪ ਦੀਨਤਾ ਅਤੇ ਨਿਮਰਤਾ ਦੀ ਸਾਖਿਆਤ ਮੂਰਤ ਸਨ। ਆਪ ਵਿਚ ਹਿਰਦੇ ਦੀ ਨਿਰਛਲਤਾ ਹੈ ਅਤੇ ਬਨਾਵਟ ਨਾਮ-ਮਾਤਰ ਵੀ ਨਹੀਂ ਹੈ, ਜਿਸ

(ਪਿਛਲੇ ਪੰਨੇ ਦੇ ਫੁਟਨੋਟ ਦਾ ਬਾਕੀ ਹਿੱਸਾ)

1. ਪਾਂਡੇ! ਹਰਿ ਵਿਚਿ ਅੰਤਰ ਡਾਢਾ,
ਮੁੰਡ ਮੁਡਾਵੈ ਸੇਵਾ ਪੂਜਾ, ਭਰਮ ਕਾ ਬੰਧਣ ਗਾੜਾ।
ਮਾਲਾ ਤਿਲਕ ਮਨੋਹਰ ਬਾਨੌਂ, ਲਾਗੌ ਜਮ ਕੀ ਪਾਸੀ।
ਜੌ ਹਰਿ ਸੇਤੀ ਜੋੜਿਆ ਚਾਹੌ, ਤੌ ਜਗ ਸੌਂ ਰਹੌ ਉਦਾਸੀ॥[13]
ਸਾਧੋ ਪਾਂਡੇ ਨਿਪੁਣ ਕਸਾਈ।
ਬਕਰੀ ਮਾਰਿ ਭੇੜਿ ਕੋ ਧਾਏ, ਦਿਲ ਮੇਂ ਦਰਦ ਨ ਆਈ।
ਕਰਿ ਅਸਨਾਨ ਤਿਲਕ ਦੈ ਬੈਠੇ, ਬਿਧਿ ਸੌਂ ਦੇਵਿ ਪੁਜਾਈ।
ਆਤਮ ਮਾਰਿ ਪਲਕ ਮੇਂ ਬਿਨਸੇ, ਰੁਧਿਰ ਕੀ ਨਦੀ ਬਹਾਈ।
ਅਤਿ ਪੁਨੀਤ ਊਂਚੇ ਕੁਲ ਕਹੀਏ, ਸਭਾ ਮਾਹਿ ਅਧਿਕਾਈ।
ਇਨ੍ਹ ਸੇ ਦਿਛਾ ਸਭ ਕੋਈ ਮਾਂਗੇ, ਹੰਸੀ ਆਵੈ ਮੋਹਿ ਭਾਈ।
ਪਾਪ ਕਟਨ ਕੋ ਕਥਾ ਸੁਨਾਵੈਂ, ਕਰਮ ਕਰਾਵੈਂ ਨੀਚਾ।
ਬੂੜਤ ਦੋਊ ਪਰਸਪਰ ਦੇਖੇ, ਗਹੇ ਬਾਂਹਿ ਜਮ ਖੀਂਚਾ।
ਗਾਏ ਬਧੈ ਸੋ ਤੁਰਕ ਕਹਾਵੈ, ਯਹ ਕਿਆ ਇਨ ਸੇ ਛੋਟੇ।
ਕਹੈਂ ਕਬੀਰ ਸੁਨੋ ਭਾਈ ਸਾਧੋ, ਕਲਿ ਮੇਂ ਬਾਮ੍ਹਨ ਖੋਟੇ।[14]

(ਫੁਟਨੋਟ ਦਾ ਬਾਕੀ ਹਿੱਸਾ ਅਗਲੇ ਪੰਨੇ ਤੇ)

ੳ ਬੁਖਾਰੇ ਦਾ ਰਾਜਾ ਕਬੀਰ ਸਾਹਿਬ ਦਾ ਸ਼ਿਸ਼ ਮੰਨਿਆ ਜਾਂਦਾ ਹੈ। ਰਾਜਾ ਪੀਪਾ, ਰਾਣੀ ਝਾਲੀ ਅਤੇ ਮੀਰਾ ਬਾਈ ਦੀ ਗਿਣਤੀ ਰਵਿਦਾਸ ਦੇ ਸ਼ਿਸ਼ਾਂ ਵਿਚ ਕੀਤੀ ਜਾਂਦੀ ਹੈ।

ਕਾਰਨ ਆਪ ਜੋ ਵੀ ਕਹਿੰਦੇ ਹਨ, ਬਦੋਬਦੀ ਹਿਰਦੇ ਵਿਚ ਉਤਰਦਾ ਜਾਂਦਾ ਹੈ। ਅਸਲ ਵਿਚ ਇਨ੍ਹਾਂ ਦਾ ਉਪਦੇਸ਼ ਜੀਵਨ ਵਿਚ ਉਤਾਰਨ ਲਈ ਹੈ, ਕੇਵਲ ਬੁੱਧੀ ਨੂੰ ਤੇਜ਼ ਕਰਨ ਲਈ ਨਹੀਂ।*

ਇਸ ਪੁਸਤਕ ਵਿਚ ਇਕੱਤਰ ਕੀਤੇ ਗਏ ਪਦ ਅਤੇ ਦੋਹੇ ਇਨ੍ਹਾਂ ਚਾਰ ਪੁਸਤਕਾਂ ਵਿਚੋਂ ਲਏ ਗਏ ਹਨ।

(ਪਿਛਲੇ ਪੰਨੇ ਦੇ ਫੁਟਨੋਟ ਦਾ ਬਾਕੀ ਹਿੱਸਾ)

2. ਤੁਰਕ ਮਸੀਤਿ ਅੱਲਹ ਢੂੰਢਇ, ਦੇਹਰੇ ਹਿੰਦੂ ਰਾਮ ਗੁਸਾਂਈ।
'ਰਵਿਦਾਸ' ਢੂੰਢਿਆ ਰਾਮ ਰਹੀਮ ਕੂੰ, ਜਹਿੰ ਮਸੀਤਿ ਦੇਹਰਾ ਨਾਂਹੀ।[15]

ਕਾਂਕਰ ਪਾਥਰ ਜੋਰਿ ਕੇ, ਮਸਜਿਦ ਲਈ ਚੁਨਾਇ।
ਤਾਂ ਚੜ੍ਹਿ ਮੁੱਲਾ ਬਾਂਗ ਦੇ, ਕਿਆ ਬਹਿਰਾ ਹੁਆ ਖੁਦਾਇ।
ਮੁੱਲਾ ਚੜ੍ਹਿ ਕਿਲਕਾਰਿਆ, ਅਲਖ ਨ ਬਹਿਰਾ ਹੋਇ।
ਜੇਹਿ ਕਾਰਨ ਤੂੰ ਬਾਂਗ ਦੇ, ਸੋ ਦਿਲਹੀ ਅੰਦਰ ਜੋਇ।
ਤੁਰਕ ਮਸੀਤੇ ਹਿੰਦੂ ਦੇਹਰੇ, ਆਪ ਆਪ ਕੋ ਧਾਇ।
ਅਲਖ ਪੁਰਖ ਘਟ ਭੀਤਰੇ, ਤਾ ਕਾ ਦਵਾਰ ਨ ਪਾਇ।[16]

* ਸੱਚੀ ਦੀਨਤਾ ਕੇਵਲ ਪੂਰਨ ਸੰਤਾਂ-ਮਹਾਤਮਾਂ ਵਿਚ ਹੀ ਹੁੰਦੀ ਹੈ। ਇਸ ਸੰਬੰਧ ਵਿਚ ਰਵਿਦਾਸ ਜੀ ਦੇ ਨਾਲ ਸੁਆਮੀ ਜੀ ਮਹਾਰਾਜ, ਕਬੀਰ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਗੁਰੂ ਰਵਿਦਾਸ ਜੀ ਬੜੀ ਦੀਨਤਾਪੂਰਵਕ ਪ੍ਰਾਰਥਨਾ ਕਰਦੇ ਹਨ:

ਪ੍ਰਭੂ ਜੀ ਤੁਮ ਔਗਨ ਬਕਸਨ ਹਾਰ।
ਹਉਂ ਬਹੁ ਨੀਚ ਉਧਾਰੌਂ ਪਾਤਕੀ, ਮੂਰਿਖ ਨਿਪਟ ਗੰਵਾਰ।
ਮੋ ਸਮ ਪਤਿਤ ਅਧਮ ਨਹੀਂ ਕੋਊ, ਖੀਨ ਦੁਖੀ ਬਿਸਿਆਰ।
ਨਾਮ ਸੁਨਹਿ ਨਰਕੁ ਭਜੈ ਹਵੈ, ਤੁਮਹ ਬਿਨ ਕਵਨ ਹਮਾਰ।
ਪਤਿਤ ਪਾਵਨ ਬਿਰਦ ਤਿਹਾਰੌਂ, ਆਇ ਪਰੌਂ ਤੋਹਿ ਦੁਆਰ।
ਕਹਿ ਰਵਿਦਾਸ ਇਹੁ ਮਨ ਆਸਾ, ਨਿਜ ਕਰ ਲੇਹੁ ਉਬਾਰ।[17]

ਸੁਆਮੀ ਜੀ ਮਹਾਰਾਜ ਦੀ ਇਹ ਸਪੱਸ਼ਟ ਚੇਤਾਵਨੀ ਹੈ :

ਦੀਨ ਗ਼ਰੀਬੀ ਚਿਤ ਮੇਂ ਧਰਨਾ। ਕਾਮ ਕ੍ਰੋਧ ਸੇ ਬਚਨਾ॥[18]

ਕਬੀਰ ਸਾਹਿਬ ਜੀ ਕਹਿੰਦੇ ਹਨ:

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥[19]

ਗੁਰੂ ਅਰਜਨ ਦੇਵ ਜੀ ਦੀ ਪ੍ਰਾਰਥਨਾ ਹੈ:

ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ।[20]

1. ਸ੍ਰੀ ਆਦਿ ਗ੍ਰੰਥ, ਜਿਸ ਵਿਚ ਰਵਿਦਾਸ ਜੀ ਦੇ ਕੁੱਲ 40 ਪਦ ਹਨ।
2. ਰੈਦਾਸ ਜੀ ਕੀ ਬਾਨੀ, ਬੇਲਵੀਡੀਅਰ ਪ੍ਰਿੰਟਿੰਗ ਵਰਕਸ, ਇਲਾਹਾਬਾਦ 1971, ਜਿਸ ਵਿਚ ਰਵਿਦਾਸ ਜੀ ਦੇ 80 ਪਦ ਅਤੇ 6 ਸਾਖੀਆਂ (ਦੋਹੇ) ਹਨ।
3. ਬੇਣੀ ਪ੍ਰਸਾਦ ਸ਼ਰਮਾ ਦੁਆਰਾ ਲਿਖਤ 'ਸੰਤ ਗੁਰੂ ਰਵਿਦਾਸ ਵਾਣੀ' ਜਿਸ ਵਿਚ ਰਵਿਦਾਸ ਜੀ ਦੇ 177 ਪਦ (ਕੁਝ ਪਦਾਂ ਦੇ ਰੂਪਾਂਤਰ ਸਹਿਤ) ਅਤੇ 41 ਸਾਖੀਆਂ (ਦੋਹੇ) ਹਨ।
4. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਲਿਖਤ 'ਰਵਿਦਾਸ ਦਰਸ਼ਨ' ਜਿਸ ਵਿਚ ਰਵਿਦਾਸ ਜੀ ਦੀਆਂ 194 ਸਾਖੀਆਂ (ਦੋਹੇ) ਹਨ।

ਇਸ ਪੁਸਤਕ ਵਿਚ ਇਨ੍ਹਾਂ ਦੇ ਹਵਾਲੇ ਨੰਬਰਵਾਰ ਸ੍ਰੀ ਆਦਿ ਗ੍ਰੰਥ, 'ਬਾਣੀ', 'ਵਾਣੀ' ਅਤੇ 'ਦਰਸ਼ਨ' ਨਾਂ ਨਾਲ ਦਿੱਤੇ ਗਏ ਹਨ। ਇੱਕ ਤੋਂ ਵੱਧ ਪੁਸਤਕਾਂ ਵਿਚ ਸਮਾਨ ਰੂਪ ਜਾਂ ਥੋੜ੍ਹੇ ਬਹੁਤ ਅੰਤਰ ਨਾਲ ਮਿਲਦੇ ਪਦਾਂ ਜਾਂ ਦੋਹਿਆਂ ਨਾਲ ਉਨ੍ਹਾਂ ਪੁਸਤਕਾਂ ਦਾ ਇਕੱਠਾ ਹਵਾਲਾ ਦੇ ਦਿੱਤਾ ਗਿਆ ਹੈ।

1982 ਵਿੱਚ ਗੁਰੂ ਰਵਿਦਾਸ 'ਤੇ ਅੰਗ੍ਰੇਜ਼ੀ ਵਿਚ ਮੇਰੀ ਇੱਕ ਪੁਸਤਕ ਰਾਧਾਸੁਆਮੀ ਸਤਿਸੰਗ ਬਿਆਸ ਦੁਆਰਾ ਛਾਪੀ ਗਈ ਸੀ। ਹਥਲੀ ਪੁਸਤਕ ਮੁੱਖ ਤੌਰ ਤੇ ਉਸ ਦੇ ਹਿੰਦੀ ਰੂਪ ਦਾ ਉਤਾਰਾ ਹੈ ਪਰ ਭਾਸ਼ਾ ਅਤੇ ਵਰਨਨ ਦੀ ਦ੍ਰਿਸ਼ਟੀ ਤੋਂ ਇਸ ਵਿਚ ਕੁਝ ਭਿੰਨਤਾ ਵੀ ਹੈ। ਇਸ ਵਿਚ 6 ਹੋਰ ਪਦ ਸ੍ਰੀ ਆਦਿ ਗ੍ਰੰਥ ਵਿੱਚੋਂ ਅਤੇ 3 ਹੋਰ ਵਾਣੀ ਵਿੱਚੋਂ ਸ਼ਾਮਲ ਕਰ ਲਏ ਗਏ ਹਨ। ਆਸ ਹੈ ਕਿ ਇਸ ਨਾਲ ਪੁਸਤਕ ਪਾਠਕਾਂ ਲਈ ਹੋਰ ਉਪਯੋਗੀ ਬਣ ਜਾਵੇਗੀ।

ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਨੂੰ ਗੁਰੂ ਰਵਿਦਾਸ ਜਿਹੇ ਮਹਾਨ ਸੰਤ-ਸਤਿਗੁਰੂ ਦੇ ਜੀਵਨ ਅਤੇ ਉਪਦੇਸ਼ ਉੱਤੇ ਪੁਸਤਕ ਲਿਖਣ ਦੀ ਸੇਵਾ ਦਿੱਤੀ ਗਈ ਹੈ ਜਿਸ ਲਈ ਮੈਂ ਸਤਿਸੰਗ ਦੇ ਪ੍ਰਕਾਸ਼ਨ ਵਿਭਾਗ ਦਾ ਰਿਣੀ ਹਾਂ।

ਕਾਸ਼ੀ ਨਾਥ ਉਪਾਧਿਆਇ।
10.7.87 ਦਰਸ਼ਨ ਸ਼ਾਸਤਰ ਵਿਭਾਗ,
ਹਵਾਈ ਵਿਸ਼ਵ ਵਿਦਿਆਲਾ, ਹੋਨੋਲੂਲੂ, ਅਮਰੀਕਾ।

ਭਾਗ ਪਹਿਲਾ

ਜੀਵਨ ਅਤੇ ਸੰਦੇਸ਼

ਗੁਰੂ ਰਵਿਦਾਸ ਜੀ

ਜੀਵਨ

ਸੰਸਾਰ ਦੇ ਬਹੁਤੇ ਸੰਤਾਂ-ਮਹਾਤਮਾਂ ਦੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਨਾ ਤਾਂ ਇਤਿਹਾਸਕਾਰਾਂ ਨੂੰ ਇਸ ਪਾਸੇ ਬਹੁਤੀ ਦਿਲਚਸਪੀ ਹੁੰਦੀ ਹੈ ਤੇ ਨਾ ਹੀ ਸੰਤਾਂ ਨੂੰ ਆਪਣੇ ਜੀਵਨ ਬਾਰੇ ਲਿਖਣ ਦੀ ਚਾਹ ਹੁੰਦੀ ਹੈ ਤੇ ਨਾ ਹੀ ਸਮਾਂ। ਅਜਿਹੀ ਹੀ ਕਿਸੇ ਵਜ੍ਹਾ ਕਾਰਨ ਅਸੀਂ ਗੁਰੂ ਰਵਿਦਾਸ ਜੀ ਵਰਗੇ ਮਹਾਂਪੁਰਖ ਦੇ ਪੂਰੇ ਜੀਵਨ-ਬਿਰਤਾਂਤਾਂ ਤੋਂ ਵਿਰਵੇ ਰਹਿ ਗਏ ਹਾਂ।

ਆਪ ਦੇ ਜੀਵਨ ਸੰਬੰਧੀ ਜੋ ਥੋੜ੍ਹੀ ਬਹੁਤ ਜਾਣਕਾਰੀ ਮਿਲਦੀ ਹੈ, ਉਹਦੇ ਮੂਲ ਰੂਪ ਵਿਚ ਤਿੰਨ ਸ੍ਰੋਤ ਹਨ :

1. ਗੁਰੂ ਰਵਿਦਾਸ ਜੀ ਦੀ ਆਪਣੀ ਬਾਣੀ ਵਿਚ ਉਨ੍ਹਾਂ ਦੇ ਜੀਵਨ ਸੰਬੰਧੀ ਮਿਲਦੇ ਸੰਕੇਤ।

2. ਉਨ੍ਹਾਂ ਦੇ ਸਮਕਾਲੀ ਜਾਂ ਉਨ੍ਹਾਂ ਤੋਂ ਬਾਦ ਹੋਏ ਸੰਤਾਂ ਅਤੇ ਭਗਤਾਂ ਦੀਆਂ ਬਾਣੀਆਂ ਵਿਚ ਰਵਿਦਾਸ ਜੀ ਦੇ ਜੀਵਨ ਸੰਬੰਧੀ ਮਿਲਦੇ ਹਵਾਲੇ।

3. ਉਨ੍ਹਾਂ ਪ੍ਰਮੁੱਖ ਇਤਿਹਾਸਿਕ ਵਿਅਕਤੀਆਂ ਦੇ ਜੀਵਨ ਦੇ ਹਾਲਾਤ, ਜਿਨ੍ਹਾਂ ਦਾ ਕਿਸੇ ਰੂਪ ਵਿਚ ਗੁਰੂ ਰਵਿਦਾਸ ਜੀ ਨਾਲ ਸੰਬੰਧ ਰਿਹਾ ਹੈ।

ਇਹ ਦਾਅਵਾ ਕਰ ਸਕਣਾ ਮੁਸ਼ਕਲ ਹੈ ਕਿ ਇਨ੍ਹਾਂ ਸ੍ਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ ਠੋਸ ਅਤੇ ਪੂਰੀ ਤਰ੍ਹਾਂ ਭਰੋਸੇਯੋਗ ਹੈ। ਹੋਰ ਤਾਂ ਹੋਰ ਰਵਿਦਾਸ ਜੀ ਦੀ ਆਪਣੀ ਬਾਣੀ ਵਿਚ ਮਿਲਦੇ ਹਵਾਲਿਆਂ ਬਾਰੇ ਵੀ ਸ਼ੰਕੇ ਕੀਤੇ ਜਾਂਦੇ ਹਨ। ਪਰ ਇਸ ਗੱਲ ਬਾਰੇ ਕੁਝ ਕਹਿ ਸਕਣਾ ਕਠਨ ਹੈ ਕਿ ਆਪ ਦੇ ਸਮਕਾਲੀ ਜਾਂ ਆਪ ਤੋਂ ਪਿੱਛੋਂ ਹੋਏ ਮਹਾਂਪੁਰਖਾਂ ਨੇ ਆਪ ਦੀ ਉਪਮਾ ਕਰਦੇ ਹੋਏ ਕਾਵਿਕ ਅਤਿ-ਕਥਨੀ ਦੀ ਵਰਤੋਂ ਤਾਂ ਨਹੀਂ ਕੀਤੀ ਅਤੇ ਕੁਝ ਗੱਲਾਂ ਨਿਰੋਲ ਤੱਥਾਂ ਦੀ ਬਜਾਏ ਕੇਵਲ ਕਲਪਨਾ ਦੇ ਆਧਾਰ ਉੱਤੇ ਤਾਂ ਨਹੀਂ ਕਹਿ ਦਿੱਤੀਆਂ। ਇਹੋ ਸੰਦੇਹ ਇਤਿਹਾਸਿਕ ਘਟਨਾਵਾਂ ਅਤੇ ਵਿਅਕਤੀਆਂ ਬਾਰੇ ਵੀ ਕੀਤਾ ਜਾ ਸਕਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਸਾਰਿਆਂ ਸ੍ਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ

ਨੂੰ ਗਹੁ ਨਾਲ ਵਾਚਿਆ ਜਾਵੇ ਅਤੇ ਵੱਖ-ਵੱਖ ਸ੍ਰੋਤਾਂ ਤੋਂ ਪ੍ਰਾਪਤ ਹੋਣ ਵਾਲੇ ਤੱਥਾਂ ਨੂੰ ਇੱਕ ਦੂਸਰੇ ਨਾਲ ਮੇਲ ਕੇ ਦੇਖਿਆ ਜਾਵੇ ਤਾਂ ਆਪ ਦੇ ਜੀਵਨ ਸੰਬੰਧੀ ਕੁਝ ਇੱਕ ਭਰੋਸੇਯੋਗ ਸਿੱਟੇ ਕੱਢੇ ਜਾ ਸਕਦੇ ਹਨ।

ਗੁਰੂ ਰਵਿਦਾਸ ਜੀ ਦੀ ਰਚਨਾ ਦਾ ਸਭ ਤੋਂ ਪੁਰਾਣਾ ਸੰਗ੍ਰਹਿ 'ਸ੍ਰੀ ਆਦਿ ਗ੍ਰੰਥ' ਦੀ ਬਾਣੀ ਵਿਚ ਮਿਲਦਾ ਹੈ। ਇਸ ਮਹਾਨ ਗ੍ਰੰਥ ਵਿਚ ਛੇ ਗੁਰੂ ਸਾਹਿਬਾਨ ਅਤੇ ਦੂਸਰੇ ਸੰਤਾਂ-ਮਹਾਤਮਾਂ ਨਾਲ ਆਪ ਜੀ ਦੀ ਬਾਣੀ ਵੀ ਦਰਜ ਹੈ। ਇਸ ਅਦੁੱਤੀ ਗ੍ਰੰਥ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਅਤੇ ਇਹ ਕਾਰਜ 1604 ਈ. ਵਿਚ ਨੇਪਰੇ ਚੜ੍ਹਿਆ।

'ਸ੍ਰੀ ਆਦਿ ਗ੍ਰੰਥ' ਵਿਚ ਗੁਰੂ ਰਵਿਦਾਸ ਜੀ ਦੇ ਕੁੱਲ 40 ਪਦੇ ਹਨ, ਜਿਨ੍ਹਾਂ ਵਿੱਚੋਂ ਇੱਕ ਪਦਾ 'ਸੁਖ ਸਾਗਰ ਸੁਰਤਰ' ਮਾਮੂਲੀ ਪਰਿਵਰਤਨ ਨਾਲ ਸੋਰਠ ਅਤੇ ਮਾਰੂ ਦੋਹਾਂ ਰਾਗਾਂ ਵਿਚ ਆਇਆ ਹੈ।[ੳ] ਇਨ੍ਹਾਂ 40 ਪਦਿਆਂ ਵਿੱਚੋਂ 22 ਪਦਿਆਂ ਨੂੰ ਦੂਸਰੇ ਸ੍ਰੋਤਾਂ ਵਿਚ ਮਿਲਣ ਵਾਲੇ ਆਪ ਦੇ ਪਦਿਆਂ ਦਾ ਰੂਪਾਂਤਰ ਕਿਹਾ ਜਾ ਸਕਦਾ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਕੁਝ ਹੋਰ ਲਿਖਤਾਂ ਵਿਚ ਵੀ ਮਿਲਦੀ ਹੈ।[1] ਕਾਸ਼ੀ, ਬੀਕਾਨੇਰ, ਜੈਪੁਰ, ਜੋਧਪੁਰ, ਪੂਨਾ ਆਦਿ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਸਮਿਆਂ ਤੋਂ ਪ੍ਰਾਪਤ ਹੋਣ ਵਾਲੀਆਂ ਬਹੁਤੀਆਂ ਹੱਥ-ਲਿਖਤਾਂ ਵਿਚ ਬਹੁਤ ਸਾਰੇ ਪਦ ਲਗ-ਪਗ ਸਮਾਨ ਰੂਪ ਵਿਚ ਮਿਲਦੇ ਹਨ, ਜੋ ਉਨ੍ਹਾਂ ਦੇ ਪ੍ਰਮਾਣਿਕ ਹੋਣ ਦਾ ਇੱਕ ਸਬੂਤ ਹੈ। ਇਨ੍ਹਾਂ ਹੱਥ-ਲਿਖਤਾਂ ਦੇ ਆਧਾਰ ਤੇ ਡਾ. ਬੇਣੀ ਪ੍ਰਸਾਦ ਸ਼ਰਮਾ ਨੇ 'ਸੰਤ ਗੁਰੂ ਰਵਿਦਾਸ-ਵਾਣੀ' ਨਾਂ ਦੀ ਇੱਕ ਪੁਸਤਕ ਸੰਮਤ 2035 (ਸੰਨ 1978 ਈਸਵੀ) ਵਿਚ ਪ੍ਰਕਾਸ਼ਿਤ ਕੀਤੀ। ਇਸ ਵਿਚ ਕੁੱਲ 177 ਪਦ (ਇਨ੍ਹਾਂ ਵਿਚ ਕੁੱਲ ਪਦਾਂ ਦਾ ਬਦਲਿਆ ਹੋਇਆ ਰੂਪ ਵੀ ਸ਼ਾਮਲ ਹੈ) ਅਤੇ 41 ਸਾਖੀਆਂ ਵੀ ਸ਼ਾਮਲ ਹਨ। 194 ਸਾਖੀਆਂ ਦਾ ਇੱਕ ਹੋਰ ਸੰਗ੍ਰਹਿ, ਜਿਸ ਵਿਚ ਡਾ. ਸ਼ਰਮਾ ਦੁਆਰਾ ਸੰਗ੍ਰਹਿਤ ਸਾਖੀਆਂ ਵੀ ਸ਼ਾਮਲ ਹਨ, 'ਰਵਿਦਾਸ ਦਰਸ਼ਨ' ਦੇ ਨਾਂ ਹੇਠ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੇ 1973 ਈ. ਵਿਚ ਛਪਵਾਇਆ। ਭਾਵੇਂ ਇਨ੍ਹਾਂ ਪਦਾਂ ਵਿਚ ਰਵਿਦਾਸ ਜੀ ਦੇ ਜੀਵਨ ਬਾਰੇ ਬਹੁਤ ਘੱਟ ਇਸ਼ਾਰੇ ਮਿਲਦੇ ਹਨ ਪਰ ਜੋ ਥੋੜ੍ਹੇ ਬਹੁਤ ਸੰਕੇਤ ਮਿਲਦੇ ਹਨ, ਉਨ੍ਹਾਂ ਨੂੰ ਭਰੋਸੇਯੋਗ ਕਿਹਾ ਜਾ ਸਕਦਾ ਹੈ।

ੳ. ਇਹ ਪਦ ਇੱਕ ਵਾਰ ਸੋਰਠ ਵਿਚ ਅਤੇ ਦੂਸਰੀ ਵਾਰ ਰਾਗ ਮਾਰੂ ਵਿਚ ਮਿਲਦਾ ਹੈ।

ਰਵਿਦਾਸ ਜੀ ਦੇ ਸਮਕਾਲੀ ਸੰਤ ਕਬੀਰ ਅਤੇ ਗੁਰੂ ਸਾਹਿਬਾਨ ਦੀਆਂ ਬਾਣੀਆਂ ਦੇ ਪ੍ਰਮਾਣ ਗੁਰੂ ਰਵਿਦਾਸ ਦਾ ਜੀਵਨ ਕਾਲ ਨਿਯਤ ਕਰਨ ਵਿਚ ਕਾਫ਼ੀ ਸਹਾਇਤਾ ਕਰਦੇ ਹਨ। ਨਾਭਾਦਾਸ, ਪ੍ਰੀਯਾਦਾਸ, ਅਨੰਤ ਦਾਸ, ਚੇਤਨ ਦਾਸ ਅਤੇ ਬਾਦ ਦੇ ਕਈ ਹੋਰ ਭਗਤਾਂ ਨੇ ਆਪਣੀਆਂ ਰਚਨਾਵਾਂ ਵਿਚ ਕਈ ਸੰਤਾਂ-ਮਹਾਤਮਾਂ, ਜਿਸ ਵਿਚ ਰਵਿਦਾਸ ਜੀ ਵੀ ਸ਼ਾਮਿਲ ਹਨ, ਜੀਵਨ ਨਾਲ ਸੰਬੰਧਤ ਘਟਨਾਵਾਂ ਅਤੇ ਕਰਾਮਾਤਾਂ ਨੂੰ ਦੁਹਰਾਇਆ ਹੈ। ਇਹ ਸਭ ਸ੍ਰੋਤ ਗੁਰੂ ਰਵਿਦਾਸ ਜੀ ਪ੍ਰਤੀ ਪ੍ਰਸ਼ੰਸਾ ਨਾਲ ਭਰਪੂਰ ਹਨ। ਇਨ੍ਹਾਂ ਵਿਚ ਕਲਪਨਾ ਅਤੇ ਸ਼ਰਧਾ ਦਾ ਰਲਾ ਹੋਣ ਦੇ ਬਾਵਜੂਦ ਅਸੀਂ ਇਨ੍ਹਾਂ ਵਿਚ ਪ੍ਰਾਪਤ ਹਵਾਲਿਆਂ ਦੀ ਮੁਨਾਸਬ ਵਰਤੋਂ ਕਰ ਸਕਦੇ ਹਾਂ।

ਇਤਿਹਾਸਿਕ ਸਬੂਤਾਂ ਦੀ ਦ੍ਰਿਸ਼ਟੀ ਤੋਂ ਅਸੀਂ ਜਾਣਦੇ ਹਾਂ ਕਿ ਗੁਰੂ ਰਵਿਦਾਸ ਅਤੇ ਭਗਤ ਕਬੀਰ ਦੋਵੇਂ ਆਪਣੀ ਬਾਣੀ ਵਿਚ ਇੱਕ-ਦੂਜੇ ਦਾ ਜ਼ਿਕਰ ਕਰਦੇ ਹਨ। ਸਿਕੰਦਰ ਲੋਧੀ ਦੁਆਰਾ, ਜਿਸ ਨੇ 1488 ਈ. ਤੋਂ 1518 ਈ. ਤੱਕ ਰਾਜ ਕੀਤਾ, ਕਬੀਰ ਸਾਹਿਬ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਜਾਣ ਦੀਆਂ ਘਟਨਾਵਾਂ ਵੀ ਪ੍ਰਸਿੱਧ ਹਨ। ਆਪ ਦੇ ਜਨਮ ਅਤੇ ਮ੍ਰਿਤੂ ਦਾ ਸਮਾਂ ਨਿਯਤ ਕਰਨ ਵਿਚ ਸਹਾਇਤਾ ਦੇਣ ਵਾਲੀ ਇੱਕ ਹੋਰ ਜ਼ਰੂਰੀ ਘਟਨਾ ਮੇਵਾੜ ਦੀ ਰਾਣੀ ਮੀਰਾ ਬਾਈ ਦਾ ਸੰਤ ਰਵਿਦਾਸ ਜੀ ਨੂੰ ਗੁਰੂ ਧਾਰਨ ਕਰਨਾ ਹੈ। ਇਨ੍ਹਾਂ ਸਭ ਸਬੂਤਾਂ ਦੇ ਆਧਾਰ ਤੇ ਗੁਰੂ ਰਵਿਦਾਸ ਜੀ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਪ ਦੀ ਜਾਤੀ, ਕਿੱਤੇ ਅਤੇ ਜਨਮ-ਸਥਾਨ ਬਾਰੇ ਤਾਂ ਸਪਸ਼ਟ ਵਰਨਨ ਮਿਲਦੇ ਹਨ, ਪਰ ਆਪ ਦੀ ਜਨਮ-ਮਿਤੀ ਸੰਬੰਧੀ ਕੋਈ ਸੰਕੇਤ ਨਹੀਂ ਮਿਲਦਾ। ਜਿਵੇਂ ਕਿ ਉੱਪਰ ਕਹਿ ਆਏ ਹਾਂ, ਕਬੀਰ ਸਾਹਿਬ ਅਤੇ ਗੁਰੂ ਰਵਿਦਾਸ ਨੇ ਆਪੋ ਆਪਣੀ ਬਾਣੀ ਵਿਚ ਇੱਕ ਦੂਸਰੇ ਦਾ ਇਸ ਤਰ੍ਹਾਂ ਵਰਨਨ ਕੀਤਾ ਹੈ, ਜਿਸ ਤੋਂ ਦੋਹਾਂ ਦਾ ਇੱਕ-ਦੂਜੇ ਦਾ ਸਮਕਾਲੀ ਹੋਣਾ ਸਿਧ ਹੁੰਦਾ ਹੈ। ਰਵਿਦਾਸ ਜੀ ਨੇ ਕਬੀਰ ਸਾਹਿਬ ਨੂੰ ਇੱਕ ਮਹਾਨ ਸੰਤ ਪਰਵਾਨ ਕੀਤਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਬੀਰ ਸਾਹਿਬ ਗੁਰੂ ਰਵਿਦਾਸ ਜੀ ਤੋਂ ਪਹਿਲੋਂ ਚੋਲਾ ਤਿਆਗ ਗਏ ਸਨ। ਗੁਰੂ ਰਵਿਦਾਸ ਜੀ ਲਿਖਦੇ ਹਨ :

ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ॥[2]

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ
ਮਾਨੀਅਹਿ ਸੇਖ ਸਹੀਦ ਪੀਰਾ॥

ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥[3]

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥[4]

ਨਿਰਗੁਣ ਕੌ ਗੁਨ ਦੇਖੋ ਆਈ, ਦੇਹੀ ਸਹਿਤ ਕਬੀਰ ਸਿਧਾਈ।[5]

ਕਬੀਰ ਸਾਹਿਬ ਨੇ ਵੀ ਰਵਿਦਾਸ ਜੀ ਨੂੰ ਸੱਚਾ ਸੰਤ ਕਿਹਾ ਹੈ। ਆਪ ਅਨੁਸਾਰ ਰਵਿਦਾਸ ਜੀ ਨੇ ਹੋਰ ਸੰਤਾਂ ਵਾਂਗ ਪਰਮਾਤਮਾ ਦੇ ਪ੍ਰੇਮ ਦਾ ਅੰਮ੍ਰਿਤ ਪੀਤਾ ਸੀ :

ਸੰਤਨ ਮੇਂ ਰਵਿਦਾਸ ਸੰਤ ਹੈਂ।[6]

ਸੁਖ ਸਾਗਰ ਮੇਂ ਆਇ ਕੇ, ਮਤ ਜਾ ਰੇ ਪਿਆਸਾ ॥
. . . .
ਮ੍ਰਿਗ ਤ੍ਰਿਸਨਾ ਜਲ ਛਾਡ ਬਾਵਰੇ, ਕਰੋ ਸੁਧਾ ਰਸ ਆਸਾ ॥
. . . .
ਧ੍ਰੂ ਪ੍ਰਹਿਲਾਦ ਭਭੀਖਨ ਪੀਯਾ, ਔਰ ਪੀਯਾ ਰੈਦਾਸਾ ॥
ਪ੍ਰੇਮਹਿ ਸੰਤ ਸਦਾ ਮਤਵਾਲਾ, ਏਕ ਨਾਮ ਕੀ ਆਸਾ ॥
ਕਹੈ ਕਬੀਰ ਸੁਨੋ ਭਾਈ ਸਾਧੋ, ਮਿਟਿ ਗਈ ਭਵ ਕੀ ਬਾਸਾ ॥[7]

ਬਹੁਤੇ ਇਤਿਹਾਸਕਾਰ ਕਬੀਰ ਸਾਹਿਬ ਜੀ ਦਾ ਜਨਮ 1398 ਈ. ਵਿਚ ਅਤੇ ਅਕਾਲ ਚਲਾਣਾ 1518 ਈ. ਵਿਚ ਹੋਇਆ ਮੰਨਦੇ ਹਨ।[ੳ] ਉੱਪਰ ਕਹਿ ਆਏ ਹਾਂ ਕਿ ਸਿਕੰਦਰ ਲੋਧੀ ਦਾ ਰਾਜ 1488 ਤੋਂ 1518 ਈ. ਤੱਕ ਰਿਹਾ ਅਤੇ ਉਸ ਨੇ ਕਬੀਰ ਸਾਹਿਬ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ।[8] ਸਿਕੰਦਰ ਲੋਧੀ ਦੇ ਰਾਜ ਕਾਲ ਦੀਆਂ ਤਾਰੀਖਾਂ ਤੋਂ ਕਬੀਰ ਸਾਹਿਬ ਦੇ ਸਮੇਂ ਬਾਰੇ ਅਤੇ ਕਬੀਰ ਸਾਹਿਬ ਦੇ ਜੀਵਨ ਅਤੇ ਅੰਤ ਤੋਂ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਅੰਤ ਸੰਬੰਧੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ੳ. 'ਕਬੀਰ ਚਰਿਤਰ ਬੋਧ' ਵਿਚ ਕਬੀਰ ਸਾਹਿਬ ਦੀ ਜਨਮ ਤਿਥੀ ਬਿਕ੍ਰਮੀ ਸੰਮਤ 1455 (1398 ਈ.) ਮੰਨੀ ਗਈ ਹੈ ਅਤੇ 'ਕਬੀਰ ਜਨਸ਼ਰੁਤੀ' ਨਾਮੀ ਕਿਤਾਬ ਵਿਚ ਉਨ੍ਹਾਂ ਦੀ ਮੌਤ ਦਾ ਸਮਾਂ, ਬਿਕ੍ਰਮੀ ਸੰਮਤ 1575 (1518 ਈ.) ਹੈ। ਵੇਖੋ 'ਸੰਤ ਗੁਰੂ ਰਵਿਦਾਸ-ਵਾਣੀ' ਪੰ. 53.

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਪ੍ਰਸਿੱਧ ਸ਼ਿਸ਼ ਮੀਰਾ ਦੇ ਜਨਮ ਲੈਣ ਅਤੇ ਚੋਲਾ ਤਿਆਗਣ ਦੀਆਂ ਤਾਰੀਖਾਂ ਤੋਂ ਵੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਅੰਤ ਦਾ ਸਮਾਂ ਨਿਸ਼ਚਿਤ ਕਰਨ ਵਿਚ ਸਹਾਇਤਾ ਮਿਲਦੀ ਹੈ। ਮੀਰਾ ਦਾ ਜਨਮ 1498 ਈ. ਵਿਚ ਹੋਇਆ ਮੰਨਿਆ ਜਾਂਦਾ ਹੈ।[ੳ] ਉਸ ਦੀ ਸ਼ਾਦੀ ਮੇਵਾੜ ਦੇ ਪ੍ਰਸਿੱਧ ਯੋਧਾ ਰਾਣਾ ਸੰਗ੍ਰਾਮ ਸਿੰਘ, ਜਿਨ੍ਹਾਂ ਨੂੰ ਰਾਣਾ ਸਾਂਗਾ ਵੀ ਕਿਹਾ ਜਾਂਦਾ ਹੈ, ਦੇ ਜੇਠੇ ਪੁੱਤਰ ਰਾਜ ਕੁਮਾਰ ਭੋਜਰਾਜ ਨਾਲ ਹੋਈ ਸੀ। ਕੁਝ ਸਾਲ ਬਾਦ ਹੀ 1525-26 ਈਸਵੀ ਵਿਚ ਇੱਕ ਲੜਾਈ ਵਿਚ ਭੋਜਰਾਜ ਦੀ ਮੌਤ ਹੋ ਗਈ।[ਅ] ਮੀਰਾ ਦੇ ਪਿਤਾ ਰਤਨ ਸਿੰਘ ਵੀ 1527 ਈ. ਵਿਚ ਖਾਨਵਾ ਦੀ ਲੜਾਈ ਵਿਚ ਰਾਣਾ ਸਾਂਗਾ ਵੱਲੋਂ ਬਾਬਰ ਦੇ ਵਿਰੁੱਧ ਲੜਦੇ ਹੋਏ ਸ਼ਹੀਦ ਹੋ ਗਏ। ਮੀਰਾ ਦਾ ਸਹੁਰਾ ਰਾਣਾ ਸਾਂਗਾ ਵੀ ਇਸ ਲੜਾਈ ਵਿਚ ਬੁਰੀ ਤਰ੍ਹਾਂ ਜ਼ਖਮੀ ਹੋਇਆ ਅਤੇ ਕੁਝ ਮਹੀਨਿਆਂ ਬਾਦ ਕੁਝ ਰਜਵਾੜਿਆਂ ਨੇ ਉਸ ਨੂੰ ਜ਼ਹਿਰ ਦੇ ਕੇ ਮਰਵਾ ਦਿੱਤਾ।

ਮੀਰਾ ਦੁਆਰਾ ਸਹੁਰਾ ਘਰ ਛੱਡਣ ਅਤੇ ਸਤਿਗੁਰੂ ਰਵਿਦਾਸ ਜੀ ਤੋਂ ਨਾਮ ਦਾਨ ਪ੍ਰਾਪਤ ਕਰਨ ਦੇ ਸਮੇਂ ਬਾਰੇ ਪੱਕੀ ਤਰ੍ਹਾਂ ਕੁਝ ਪਤਾ ਨਹੀਂ ਲੱਗਦਾ। ਵਿਦਵਾਨਾਂ ਦਾ ਅਨੁਮਾਨ ਹੈ ਕਿ ਸਹੁਰਾ ਘਰ ਛੱਡਣ ਤੋਂ ਬਾਦ ਮੀਰਾ ਬਾਈ ਤੀਰਥਾਂ ਦੀ ਯਾਤਰਾ ਉਤੇ ਚਲੀ ਗਈ। ਇਸ ਯਾਤਰਾ ਦੇ ਦੌਰਾਨ ਉਹਦਾ ਗੁਰੂ ਰਵਿਦਾਸ ਜੀ ਨਾਲ ਮਿਲਾਪ ਹੋਇਆ ਅਤੇ ਉਹਨੇ ਉਨ੍ਹਾਂ ਦੀ ਸ਼ਰਨ ਪ੍ਰਾਪਤ ਕੀਤੀ। ਇਸ ਦਲੀਲ ਵਿਚ ਬਹੁਤ ਵਜ਼ਨ ਨਜ਼ਰ ਆਉਂਦਾ ਹੈ ਕਿ 1535 ਈ. ਤੋਂ ਪਹਿਲਾਂ ਮੀਰਾ ਜ਼ਰੂਰ ਚਿਤੌੜ ਛੱਡ ਚੁੱਕੀ ਹੋਏਗੀ, ਕਿਉਂਕਿ 1535 ਈ. ਵਿਚ ਗੁਜਰਾਤ ਦੇ ਸ਼ਾਸਕ ਬਹਾਦੁਰਸ਼ਾਹ ਨੇ ਚਿਤੌੜ ਦੇ ਕਿਲ੍ਹੇ ਉੱਤੇ ਹਮਲਾ ਕਰਕੇ ਇਸ ਨੂੰ ਤਹਿਸ-ਨਹਿਸ ਕਰ ਦਿੱਤਾ ਸੀ। ਕਿਲ੍ਹੇ ਵਿਚ ਰਹਿ ਰਹੇ ਸਾਰੇ ਯੋਗ ਵਿਅਕਤੀ ਲੜਾਈ ਵਿਚ ਮਾਰੇ ਗਏ ਅਤੇ ਔਰਤਾਂ ਜੋਹਰ ਦੀ ਰਸਮ ਅਦਾ ਕਰਦੀਆਂ ਹੋਈਆਂ ਜਿਊਂਦੀਆਂ ਅੱਗ ਵਿਚ ਸੜ ਕੇ ਮਰ ਗਈਆਂ। ਉਸ ਸਮੇਂ ਮੀਰਾ ਕਿਲ੍ਹੇ ਵਿਚ ਹੁੰਦੀ ਤਾਂ ਉਸ ਦਾ ਖ਼ੁਦ ਕਿਲ੍ਹੇ ਨੂੰ ਛੱਡਣਾ ਜਾਂ ਉਸ ਵਿਚੋਂ ਜ਼ਿੰਦਾ ਬਚ ਨਿਕਲਣਾ ਸੰਭਵ ਨਹੀਂ ਸੀ। ਇਸ ਤੋਂ ਸੰਕੇਤ ਮਿਲ ਜਾਂਦਾ ਹੈ ਕਿ ਇਸ ਸਮੇਂ ਦੇ ਦੌਰਾਨ ਹੀ ਗੁਰੂ ਰਵਿਦਾਸ ਜੀ ਸੰਤਮਤ ਦਾ ਪ੍ਰਚਾਰ ਕਰ ਰਹੇ ਹੋਣਗੇ।

ੳ. ਬੇਣੀ ਪ੍ਰਸਾਦ ਸ਼ਰਮਾ ਨੇ ਮੀਰਾ ਦਾ ਜਨਮ ਕਾਲ ਸੰਮਤ 1561 (1504 ਈ.) ਮੰਨਿਆ ਹੈ। 'ਸੰਤ ਗੁਰੂ ਰਵਿਦਾਸ-ਵਾਣੀ', ਪੰ. 59)

ਅ. ਕੁਝ ਵਿਦਵਾਨਾਂ ਅਨੁਸਾਰ ਵਿਆਹ ਦੇ 6 ਸਾਲਾਂ ਬਾਦ 1522 ਈ. ਵਿਚ ਹੀ ਭੋਜਰਾਜ ਦੀ ਮੌਤ ਹੋ ਗਈ ਸੀ।

ਇਸ ਗੱਲ ਬਾਰੇ ਕਿਸੇ ਤਰ੍ਹਾਂ ਦੇ ਸ਼ੰਕੇ ਦੀ ਗੁੰਜਾਇਸ਼ ਨਹੀਂ ਕਿ ਮੀਰਾ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕੀਤਾ ਅਤੇ ਉਨ੍ਹਾਂ ਨੇ ਉਹਨੂੰ ਆਪਣੀ ਸ਼ਰਨ ਵਿਚ ਲੈ ਲਿਆ। ਮੀਰਾ ਨੇ ਖ਼ੁਦ ਕਈ ਪਦਾਂ ਵਿਚ ਬੜੇ ਮਾਣ ਨਾਲ ਇਸ ਸੱਚ ਵੱਲ ਸੰਕੇਤ ਕੀਤਾ ਹੈ।[ੳ]

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਮੰਨਿਆ ਜਾਂਦਾ ਹੈ ਅਤੇ ਇਹ ਗੱਲ ਵੀ ਬਹੁਤ ਪ੍ਰਸਿੱਧ ਹੈ ਕਿ ਆਪ ਨੇ 26 ਵਰ੍ਹਿਆਂ ਦੀ ਉਮਰ ਵਿਚ ਹੀ (1495 ਈ. ਵਿਚ) ਉਦਾਸੀਆਂ ਸ਼ੁਰੂ ਕਰ ਦਿੱਤੀਆਂ ਸਨ। ਕਿਹਾ ਜਾਂਦਾ ਹੈ ਕਿ 1498 ਈ. ਵਿਚ ਬਨਾਰਸ ਵਿਖੇ ਆਪ ਦੀ ਭੇਂਟ ਸੰਤ ਰਵਿਦਾਸ ਨਾਲ ਹੋਈ।[ਅ] ਇਹ ਭੇਂਟ ਨਾ ਵੀ ਹੋਈ ਹੋਵੇ[ੲ] ਤਾਂ ਵੀ ਇਹ ਗੱਲ ਮੰਨਣੋ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਗੁਰੂ ਰਵਿਦਾਸ ਜੀ ਦੀ ਪ੍ਰਸਿੱਧੀ ਪੰਜਾਬ ਵਿਚ ਫੈਲ ਚੁੱਕੀ ਸੀ ਅਤੇ ਆਪ ਦੀ ਬਾਣੀ ਵੀ ਲੋਕਾਂ ਤੱਕ ਪਹੁੰਚ ਚੁੱਕੀ ਸੀ। ਗੁਰੂ ਰਵਿਦਾਸ ਜੀ ਦੇ ਚਾਲੀ ਪਦਿਆਂ ਦਾ ਸ੍ਰੀ ਆਦਿ ਗ੍ਰੰਥ ਵਿਚ ਸ਼ਾਮਲ ਕੀਤਾ ਜਾਣਾ ਆਪਣੇ-ਆਪ ਵਿਚ ਇਸ ਗੱਲ ਦਾ ਸਬੂਤ ਹੈ ਕਿ ਉਸ ਸਮੇਂ ਤੱਕ ਆਪ ਦੀ ਬਾਣੀ ਨੂੰ ਬਹੁਤ ਸਨਮਾਨ ਮਿਲਣਾ ਸ਼ੁਰੂ ਹੋ ਗਿਆ ਸੀ। ਮਨੋਹਰਦਾਸ ਮੇਹਰਬਾਨ ਸੋਢੀ ਨੇ ਵੀ ਆਪਣੀ 'ਪੁਰਾਤਨ ਜਨਮ ਸਾਖੀ' ਵਿਚ, ਜਿਸ ਨੂੰ ਪੋਥੀ ਸੱਚਖੰਡ ਵੀ ਕਹਿੰਦੇ ਹਨ, ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਦੇ ਨਾਲ ਹੀ ਨਾਮਦੇਵ, ਕਬੀਰ, ਰਵਿਦਾਸ, ਸੈਨ

ੳ. ਮੀਰਾ ਨੇ ਗੋਬਿੰਦ ਮਿਲਿਯਾ ਜੀ, ਗੁਰੂ ਮਿਲਿਯਾ ਰੈਦਾਸ।[9]

ਗੁਰੂ ਮਿਲਿਯਾ ਮ੍ਹਾਨੇ ਰੈਦਾਸ, ਨਾਮ ਨਹੀਂ ਛੋਡੂੰ।[10]

ਕਾਸ਼ੀ ਨਗਰ ਨਾ ਚੌਕ ਮਾਂ, ਮਨੇ ਗੁਰੂ ਮਿਲਾ ਰੈਦਾਸ।[11]

ਰੈਦਾਸ ਸੰਤ ਮਿਲੇ ਮੋਹਿ ਸਤਗੁਰੁ, ਦੀਂਨ੍ਹੀ ਸੁਰਤ ਸਹਦਾਨੀ।[12]

ਗੁਰੂ ਮਿਲਿਯਾ ਰੈਦਾਸ ਜੀ, ਦੀਂਨ੍ਹੀ ਗਿਆਨ ਕੀ ਗੁਟਕੀ।[13]

ਗੁਰੂ ਰੈਦਾਸ ਮਿਲੇ ਮੋਹਿ ਪੂਰੇ, ਧੁਰ ਸੇ ਕਲਮ ਭਿੜੀ।[14]

ਅ. ਕੁਝ ਹੋਰ ਵਿਦਵਾਨਾਂ ਦਾ ਮੱਤ ਹੈ ਕਿ ਇਹ ਭੇਂਟ ਅਯੁੱਧਿਆ ਵਿਚ ਹੋਈ ਸੀ। (ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਗੁਰੂ ਰਵਿਦਾਸ, ਪੰ. 43.)

ੲ. ਡਾ. ਪਦਮ ਗੁਰਚਰਨ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਸੰਤ ਰਵਿਦਾਸ ਨਾਲ ਭੇਂਟ ਵਾਲੀ ਗੱਲ ਸੱਚ ਨਹੀਂ ਜਾਪਦੀ। ਵੇਖੋ, ਆਪ ਦੀ ਪੁਸਤਕ, 'ਸੰਤ ਰਵਿਦਾਸ: ਵਿਚਾਰਕ ਔਰ ਕਵੀ' (ਜਲੰਧਰ: ਨਵ-ਚਿੰਤਨ ਪ੍ਰਕਾਸ਼ਨ, 1977) ਪੰ. 39-40

ਅਤੇ ਬੇਣੀ ਜੀ ਦੀ ਬਾਣੀ ਦਾ ਵੀ ਗਾਇਨ ਕਰਦੇ ਸਨ।[ੳ] ਇਨ੍ਹਾਂ ਤੱਥਾਂ ਦੇ ਆਧਾਰ ਤੇ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੀ ਪ੍ਰਸਿੱਧੀ ਤੋਂ ਵਾਕਫ਼ ਸਨ।

ਸ੍ਰੀ ਆਦਿ ਗ੍ਰੰਥ ਦੀ ਬਾਣੀ ਵਿਚ ਗੁਰੂ ਰਾਮਦਾਸ ਜੀ[ਅ] ਅਤੇ ਗੁਰੂ ਅਰਜਨ[ੲ] ਦੇਵ ਜੀ ਨੇ ਗੁਰੂ ਰਵਿਦਾਸ ਜੀ ਦੀ ਭਗਤੀ ਦੀ ਉਪਮਾ ਕੀਤੀ ਹੈ ਅਤੇ ਉਨ੍ਹਾਂ ਨੂੰ ਪੂਰਨ ਸੰਤ-ਸਤਿਗੁਰੂ ਪਰਵਾਨ ਕੀਤਾ ਹੈ :

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦਾ ਮੱਤ ਹੈ ਕਿ ਰਵਿਦਾਸ ਜੀ ਦਾ ਜਨਮ ਬਿਕ੍ਰਮੀ ਸੰਮਤ 1433 (1376 ਈ.) ਵਿਚ ਮਾਘ ਮਹੀਨੇ ਵਿਚ ਐਤਵਾਰ ਵਾਲੇ ਦਿਨ ਹੋਇਆ। ਇਸ ਸੰਬੰਧ ਵਿਚ ਆਪ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਮਹਾਤਮਾ ਕਰਮ ਸਿੰਘ ਦਾ ਇਹ ਦੋਹਾ ਪੇਸ਼ ਕਰਦੇ ਹਨ, ਜੋ ਰਵਿਦਾਸੀ ਸੰਪ੍ਰਦਾਇ ਵਿਚ ਕਾਫ਼ੀ ਪ੍ਰਚਲਿਤ ਹੈ :

ਚੌਦਾਂ ਸੌ ਤੈਂਤੀਸ ਕੀ, ਮਾਘ ਸੁਦੀ ਪੰਦਰਾਸ।
ਦੁਖੀਓਂ ਕੇ ਕਲਿਆਨ ਹਿਤ, ਪ੍ਰਗਟੇ ਸ੍ਰੀ ਰਵਿਦਾਸ।।[ਸ] [18]

ਇਸਦੇ ਅਨੁਸਾਰ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟ੍ਰਸਟ ਨੇ ਵੀ ਗੁਰੂ ਰਵਿਦਾਸ ਜੀ ਦੀ ਇਹੀ ਜਨਮ-ਮਿਤੀ ਸਵੀਕਾਰ ਕੀਤੀ ਹੈ। ਇਸੇ ਟ੍ਰਸਟ ਨੇ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਦੀ ਖੋਜ ਵੀ ਕਰਵਾਈ ਹੈ ਜਿਸਦੇ ਅਨੁਸਾਰ ਹੁਣ ਸ਼ੀਰ ਗੋਵਰਧਨਪੁਰ ਨੂੰ (ਜੋ ਬਨਾਰਸ ਦੇ ਨੇੜੇ ਸਥਿਤ ਹੈ) ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਮੰਨਿਆਂ ਜਾਣ ਲੱਗਾ ਹੈ।

ੳ. ਤਬ ਸ੍ਰੀ ਨਾਮੇ ਕਬੀਰ ਰਵਿਦਾਸ ਕੇ ਪਦੇ ਬਾਬੇ ਜੀ ਕੀ ਬਾਨੀ
ਸੇਨ ਬੇਣੀ ਕੀ ਬਾਣੀ ਲਗੇ ਗਾਵਨੇ ਪ੍ਰੇਮ ਕਰ ਕਰ।[15]
ਦੇਖੋ, ਦਰਸ਼ਨ ਸਿੰਘ, ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼ (ਦਿੱਲੀ, ਲੁਧਿਆਣਾ : ਕਲਿਆਣੀ ਪ੍ਰਕਾਸ਼ਨ, 1944) ਪੰ. 9.

ਅ. ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।[16]

ੲ. ਕਬੀਰਿ ਧਿਆਇਓ ਏਕ ਰੰਗ॥ .... ਰਵਿਦਾਸ ਧਿਆਏ ਪ੍ਰਭ ਅਨੂਪ।[17]

ਸ. ਰਵਿਦਾਸ ਦਰਸ਼ਨ ਪੰ. 72; ਇਸੇ ਲੇਖਕ ਦੀ ਦੂਸਰੀ ਪੁਸਤਕ, ਗੁਰੂ ਰਵਿਦਾਸ, ਪੰ. 12; ਦੇਖੋ ਬੇਣੀ ਪ੍ਰਸਾਦ ਸ਼ਰਮਾ ਦੀ ਪੁਸਤਕ, 'ਸੰਤ ਗੁਰੂ ਰਵਿਦਾਸ-ਬਾਣੀ,' ਪੰ. 23 ; ਧਰਮਪਾਲ ਮੈਨੀ ਦੀ ਪੁਸਤਕ, ਰੈਦਾਸ (ਨਵੀਂ ਦਿੱਲੀ: ਸਾਹਿਤ ਅਕਾਦਮੀ, 1979), ਪੰ. 14.

ਰਵਿਦਾਸ ਜੀ ਦੇ ਅੰਤਮ ਸਮੇਂ ਬਾਰੇ ਇੱਕ ਹੋਰ ਦੋਹਾ ਪ੍ਰਚਲਿਤ ਹੈ, ਜਿਸ ਅਨੁਸਾਰ ਇਹ ਕਿਹਾ ਜਾਂਦਾ ਹੈ ਕਿ ਰਵਿਦਾਸ ਜੀ ਚਿਤੌੜ ਵਿਖੇ ਬਿਕ੍ਰਮੀ ਸੰਮਤ 1584 (1527 ਈ.) ਵਿਚ ਜੋਤੀ ਜੋਤ ਸਮਾਏ।

ਪੰਦਰਹ ਸੈ ਚਉਰਾਸੀ, ਭਈ ਚਿਤੌੜ ਮਹਿ ਭੀਰ।
ਜਰ ਜਰ ਦੇਹ ਕੰਚਨ ਭਈ, ਰਵਿ ਰਵਿ ਮਿਲਿਓ ਸਰੀਰ।[ੳ]

ਇਸ ਪਰੰਪਰਾ ਦੇ ਆਧਾਰ ਤੇ ਰਵਿਦਾਸ ਜੀ ਦੀ ਉਮਰ 151 ਸਾਲ ਬਣਦੀ ਹੈ, ਜਿਸ ਬਾਰੇ ਸੰਦੇਹ ਪੈਦਾ ਹੁੰਦਾ ਹੈ, ਪਰ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦਾ ਕਹਿਣਾ ਹੈ ਕਿ ਰਵਿਦਾਸ ਵਰਗੇ ਪਰਮਯੋਗੀ, ਆਚਾਰਵਾਨ, ਸਾਤਵਿਕ ਬਿਰਤੀ ਵਾਲੇ ਪ੍ਰਭੂ-ਪ੍ਰੇਮੀ, ਇੰਦਰੀ-ਵਿਲਾਸ ਤੋਂ ਉੱਪਰ ਉੱਠੇ ਹੋਏ, ਸਦ-ਗ੍ਰਿਸਤੀ ਲਈ ਏਨੀ ਲੰਮੀ ਉਮਰ ਭੋਗਣਾ ਕੋਈ ਅਚੰਭੇ ਵਾਲੀ ਗੱਲ ਨਹੀਂ।[19]

ਬੇਣੀ ਪ੍ਰਸਾਦ ਸ਼ਰਮਾ[ਅ] ਅਤੇ ਧਰਮਪਾਲ ਮੈਨੀ[ੲ] ਰਵਿਦਾਸ ਜੀ ਦੇ ਦੇਹਾਂਤ ਦੀ ਉੱਪਰ ਦਿੱਤੀ ਤਿਥੀ ਨੂੰ ਸਵੀਕਾਰ ਕਰਦੇ ਹਨ ਪਰ 151 ਸਾਲ ਦੀ ਉਮਰ ਵਾਲੀ ਗੱਲ ਉਨ੍ਹਾਂ ਨੂੰ ਵੀ ਯਕੀਨੀ ਨਹੀਂ ਜਾਪਦੀ। ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦਾ ਜਨਮ ਬਿਕ੍ਰਮੀ ਸੰਮਤ 1456 (1399 ਈ.) ਮੰਨ ਕੇ ਆਪ ਦਾ ਜੀਵਨ-ਕਾਲ 128 ਸਾਲ ਨਿਰਧਾਰਿਤ ਕੀਤਾ ਹੈ।

ਮਹਾਤਮਾ ਰਾਮ ਚਰਨ ਕੁਰੀਲ ਨੇ ਰਵਿਦਾਸ ਜੀ ਦਾ ਜਨਮ ਸੰਮਤ 1471 (1414 ਈ.) ਨਿਸ਼ਚਿਤ ਕੀਤਾ ਹੈ। ਉਨ੍ਹਾਂ ਨੇ ਇਹ ਦੱਸਿਆ ਹੈ ਕਿ ਇਸ ਸਾਲ ਦੀ ਮਾਘ ਦੀ ਸ਼ੁਕਲ ਪੂਰਨਮਾਸ਼ੀ ਨੂੰ ਐਤਵਾਰ ਦਾ ਦਿਨ ਬਣਦਾ ਹੈ, ਜੋ ਕਿ ਰਵਿਦਾਸ ਜੀ ਦੇ ਜਨਮ-ਸੰਬੰਧੀ ਪਰੰਪਰਾਗਤ ਮਾਨਤਾ ਦੇ ਅਨੁਕੂਲ ਹੈ।[ਸ] ਗਿਆਨੀ ਬਰਕਤ ਸਿੰਘ 'ਆਨੰਦ' ਨੇ ਵੀ 'ਜਨਮ ਸਾਖੀ ਸ੍ਰੀ ਰਵਿਦਾਸ ਭਗਤ

ੳ. ਪ੍ਰਿਥਵੀ ਸਿੰਘ ਆਜ਼ਾਦ, 'ਰਵਿਦਾਸ ਦਰਸ਼ਨ' ਪੰ. 72, ਧਰਮਪਾਲ ਮੈਨੀ, 'ਰੈਦਾਸ', ਪੰ. 24; ਬੇਣੀ ਪ੍ਰਸਾਦ ਸ਼ਰਮਾ, ਸੰਤ ਗੁਰੂ ਰਵਿਦਾਸ-ਬਾਣੀ, ਪੰ. 36.

ਅ. ਸੰਤ ਰਵਿਦਾਸ ਦਰਸ਼ਨ-ਬਾਣੀ, ਪੰ. 25, 36 ਸੰਤ ਰਵਿਦਾਸ ਦੀ ਭਗਤੀ ਸਾਧਨਾ (ਚੰਡੀਗੜ੍ਹ : ਵਿਸ਼ਵ ਭਾਰਤੀ ਪ੍ਰਕਾਸ਼ਨ, ਸੰਮਤ 2037, ਪੰ. 13)

ੲ. ਦੇਖੋ : 'ਰੈਦਾਸ', ਪੰ. 15

ਸ. ਮਹਾਤਮਾ ਰਾਮ ਚਰਨ ਕੁਰੀਲ, ਭਗਵਾਨ ਰਵਿਦਾਸ ਕੀ ਸਤਯ ਕਥਾ (ਕਾਨਪੁਰ, ਹੀਰਾ ਲਾਲ ਕੁਰੀਲ, ਸੰਮਤ 1997)

ਜੀ' ਨਾਂ ਦੀ ਪੋਥੀ ਵਿਚ ਇਸੇ ਤਿਥੀ ਦੀ ਪੁਸ਼ਟੀ ਕੀਤੀ ਹੈ[ੳ] ਅਤੇ ਸ. ਦਰਸ਼ਨ ਸਿੰਘ ਨੇ ਵੀ ਇਸੇ ਸਮੇਂ ਨੂੰ ਹੀ ਸਹੀ ਮੰਨਿਆ ਹੈ।[ਅ]

ਇਨ੍ਹਾਂ ਸਭ ਕਥਨਾਂ ਨੂੰ ਆਪਸ ਵਿਚ ਜੋੜਿਆਂ ਪਤਾ ਲੱਗਦਾ ਹੈ ਕਿ 1518 ਈ. ਵਿਚ ਜਦੋਂ ਕਬੀਰ ਸਾਹਿਬ ਦੀ ਮੌਤ ਹੋਈ, ਰਵਿਦਾਸ ਜੀ ਜ਼ਿੰਦਾ ਸਨ। 1527-1528 ਈ. ਵਿਚ ਜਦੋਂ ਮੀਰਾ ਦੇ ਪਿਤਾ ਤੇ ਸਹੁਰੇ ਦੀ ਮੌਤ ਹੋਈ ਤਾਂ ਮੀਰਾ 29 ਜਾਂ 30 ਸਾਲ ਦੀ ਸੀ ਅਤੇ ਉਹਨੇ ਆਪਣੇ ਸਹੁਰੇ ਦੀ ਮੌਤ ਤੋਂ ਬਾਦ ਨਵੇਂ ਰਾਣਾ (ਆਪਣੇ ਸਵਰਗਵਾਸੀ ਪਤੀ ਦੇ ਛੋਟੇ ਭਰਾ) ਦੁਆਰਾ ਤੰਗ ਕੀਤੇ ਜਾਣ ਤੋਂ ਬਾਦ ਰਾਜ ਪਰਿਵਾਰ ਨੂੰ ਤਿਆਗ ਦਿੱਤਾ ਅਤੇ ਫਿਰ ਉਹ ਘੁੰਮਦੀ-ਘੁਮਾਉਂਦੀ ਗੁਰੂ ਰਵਿਦਾਸ ਜੀ ਦੀ ਸ਼ਰਨ ਵਿਚ ਜਾ ਪਹੁੰਚੀ। ਇਸ ਤਰ੍ਹਾਂ ਇਹ ਮੰਨਣਾ ਪਵੇਗਾ ਕਿ ਰਵਿਦਾਸ ਜੀ ਘੱਟ ਤੋਂ ਘੱਟ 1527 ਈ. ਜਾਂ ਇਸ ਤੋਂ ਕੁਝ ਦੇਰ ਬਾਦ ਤੱਕ ਜ਼ਿੰਦਾ ਸਨ। ਇਹ ਮੰਨਿਆ ਜਾਂਦਾ ਹੈ ਕਿ ਰਵਿਦਾਸ ਜੀ ਲੰਮੀ ਉਮਰ ਵਾਲੇ ਮਹਾਂਪੁਰਖ ਸਨ ਅਤੇ ਉਹ ਕਬੀਰ ਸਾਹਿਬ ਨਾਲੋਂ (ਜਿੰਨ੍ਹਾਂ ਦੀ ਜਨਮ ਤਿਥੀ 1398 ਈ. ਮੰਨੀ ਜਾਂਦੀ ਹੈ) ਛੋਟੇ ਸਨ, ਇਸ ਲਈ 1414 ਈ. ਰਵਿਦਾਸ ਜੀ ਦਾ ਜਨਮ-ਸਮਾਂ ਪ੍ਰਮਾਣਿਕ ਜਾਪਦਾ ਹੈ। ਕੁਝ ਸਮਾਂ ਪਹਿਲੋਂ ਇੱਕ ਪ੍ਰਾਚੀਨ ਹੱਥ-ਲਿਖਤ ਪ੍ਰਾਪਤ ਹੋਈ ਹੈ ਜਿਸ ਵਿਚ ਰਵਿਦਾਸ ਜੀ ਦਾ ਜੀਵਨ ਕਾਲ 1414 ਈ. 1540 ਈ. ਦਿੱਤਾ ਹੋਇਆ ਹੈ।[ੲ]

ਗੁਰੂ ਰਵਿਦਾਸ ਜੀ ਦੀ ਜਾਤ, ਕੁਲ, ਕਿੱਤੇ ਅਤੇ ਜਨਮ-ਸਥਾਨ ਬਾਰੇ ਆਪ ਦੀ ਬਾਣੀ ਵਿਚ ਸਪਸ਼ਟ ਹਵਾਲੇ ਮਿਲਦੇ ਹਨ। ਬਾਣੀ ਦੇ ਹਵਾਲੇ ਅਨੁਸਾਰ ਆਪ ਦੀ ਜਾਤ ਦੇ ਵੱਡੇ-ਵਡੇਰੇ ਬਨਾਰਸ ਦੇ ਨੇੜੇ-ਤੇੜੇ ਮਰੇ ਹੋਏ ਡੰਗਰ ਢੋਣ ਦਾ ਕੰਮ ਕਰਦੇ ਹੁੰਦੇ ਸਨ :

ੳ. ਗਿਆਨੀ ਬਰਕਤ ਸਿੰਘ ਆਨੰਦ, ਜਨਮ ਸਾਖੀ ਸ੍ਰੀ ਰਵਿਦਾਸ ਭਗਤ ਜੀ, (ਅੰਮ੍ਰਿਤਸਰ : ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਪੁਸਤਕ ਵਿਕਰੇਤਾ, ਚੌਥਾ ਸੰਸਕਰਨ 1972)

ਅ. ਦਰਸ਼ਨ ਸਿੰਘ, ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼ (ਦਿੱਲੀ, ਲੁਧਿਆਣਾ: ਕਲਿਆਣੀ ਪਬਲਿਸ਼ਰਜ਼ 1977), ਪੰ. 5.

ੲ. ਰਵਿਦਾਸ ਜੀ ਦੇ ਜਨਮ ਅਤੇ ਮੌਤ ਦੇ ਬਾਰੇ ਅਜੇ ਵੀ ਵਿਦਵਾਨਾਂ ਦੀ ਇੱਕ ਰਾਇ ਨਹੀਂ ਹੈ। ਕੁਝ ਵਿਦਵਾਨ ਆਪ ਦਾ ਸਮਾਂ 1414-1535 ਈ. ਅਤੇ ਕੁਝ ਹੋਰ 1434 ਤੋਂ 1552 ਈ. ਮੰਨਣ ਦੇ ਹੱਕ ਵਿਚ ਹਨ। ਵੇਖੋ : ਸ੍ਰੀ ਵੀਰੇਂਦਰ ਕੁਮਾਰ ਸੇਠੀ ਦੁਆਰਾ ਅੰਗ੍ਰੇਜ਼ੀ ਵਿਚ ਲਿਖੀ ਅਤੇ ਸ੍ਰੀਮਤੀ ਸ਼ਾਂਤੀ ਸੇਠੀ ਦੁਆਰਾ ਹਿੰਦੀ ਵਿਚ ਅਨੁਵਾਦਿਤ ਪੁਸਤਕ 'ਮੀਰਾ ਪ੍ਰੇਮ ਦੀਵਾਨੀ' (ਰਾਧਾ ਸੁਆਮੀ ਸਤਿਸੰਗ, ਬਿਆਸ, 1980) ਪੰ. 6.

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥

. . . .

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥[20]

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥[21]

ਅਨੰਤਦਾਸ ਵੈਸ਼ਣਵ[ੳ] ਦੀ 'ਭਗਤ ਰਤਨਾਵਲੀ' ਵਿਚ ਵੀ ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਬਨਾਰਸ ਦੇ ਨੇੜੇ ਮੰਨਿਆ ਗਿਆ ਹੈ।[ਅ] ਪਰ ਬਨਾਰਸ ਦੇ ਨੇੜੇ ਆਪ ਜੀ ਦਾ ਜਨਮ ਕਿਸ ਥਾਂ ਹੋਇਆ, ਇਸ ਬਾਰੇ ਵਿਦਵਾਨਾਂ ਦੇ ਵਿਚਾਰਾਂ ਵਿਚ ਮਤਭੇਦ ਹੈ। ਕੁਝ ਵਿਦਵਾਨਾਂ ਦੀ ਰਾਏ ਹੈ ਕਿ ਆਪ ਦਾ ਜਨਮ ਸਥਾਨ ਮਾਂਡੂਰ ਗੜ੍ਹ (ਜਿਸ ਦਾ ਪ੍ਰਚਲਿਤ ਨਾਮ ਮੰਡੂਆ ਡੀਹ ਹੈ) ਵਿਖੇ ਹੋਇਆ। ਇਹ ਸਥਾਨ ਬਨਾਰਸ ਛਾਉਣੀ ਦੇ ਰੇਲਵੇ ਸਟੇਸ਼ਨ ਤੋਂ ਲਗ-ਪਗ ਤਿੰਨ ਚਾਰ ਕਿਲੋਮੀਟਰ ਪੱਛਮ ਵੱਲ ਜੀ. ਟੀ. ਰੋਡ ਦੇ ਉੱਪਰ ਹੈ। ਇਸ ਥਾਂ ਤੋਂ ਥੋੜ੍ਹੀ ਦੂਰ ਹੀ ਲਹਿਰਤਾਰਾ ਨਾਮੀ ਮਸ਼ਹੂਰ ਸਰੋਵਰ ਹੈ, ਜਿਸ ਤੋਂ ਨੀਰੂ ਜੁਲਾਹੇ ਨੂੰ ਨਵ ਜਨਮਿਆ ਬਾਲ ਕਬੀਰ ਮਿਲਿਆ ਮੰਨਿਆ ਜਾਂਦਾ ਹੈ। 'ਰੈਦਾਸ ਰਾਮਾਇਣ' ਵਿਚ ਮਾਂਡੂਰ ਨੂੰ ਹੀ ਰਵਿਦਾਸ ਜੀ ਦਾ ਜਨਮ-ਸਥਾਨ ਦੱਸਿਆ ਗਿਆ ਹੈ।[ੲ] ਪਰਸ਼ੂਰਾਮ ਚਤੁਰਵੇਦੀ[25], ਬੇਣੀ ਪ੍ਰਸਾਦ ਸ਼ਰਮਾ[26], ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ[27] ਅਤੇ ਹੋਰ ਵਿਦਵਾਨ ਇਹ ਮੰਨਣ ਲੱਗ ਪਏ ਹਨ। ਪਰ ਆਦਿ-ਧਰਮ ਮਿਸ਼ਨ ਦੀ ਨਵੀ ਖੋਜ ਦੇ ਆਧਾਰ ਤੇ ਆਧੁਨਿਕ ਵਿਦਵਾਨ ਹੁਣ ਇਹ ਮੰਨਣ ਲੱਗ ਪਏ ਹਨ ਕਿ ਗੁਰੂ ਰਵਿਦਾਸ ਜੀ ਦਾ ਜਨਮ ਬਨਾਰਸ ਦੇ ਨੇੜੇ ਹੀ ਇੱਕ ਛੋਟੀ ਬਸਤੀ ਸੀਰ ਗੋਵਰਧਨਪੁਰ ਵਿਚ ਹੋਇਆ ਸੀ।[28] ਆਮ ਧਾਰਨਾ ਅਨੁਸਾਰ ਵੀ ਹੁਣ ਸੀਰ ਗੋਵਰਧਨਪੁਰ ਨੂੰ ਹੀ ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਮੰਨਿਆ ਜਾਂਦਾ ਹੈ। ਹਾਲ ਹੀ ਵਿਚ ਗੁਰੂ ਰਵਿਦਾਸ ਜੀ ਦੇ ਇਸ ਪਵਿੱਤਰ ਜਨਮ ਸਥਾਨ 'ਤੇ

ੳ. ਕਿਹਾ ਜਾਂਦਾ ਹੈ ਕਿ ਅਨੰਤਦਾਸ ਗਾਂਗਰੌਨ ਗੜ੍ਹ ਦੇ ਰਾਜਾ (ਜਿਹੜੇ ਰਵਿਦਾਸ ਜੀ ਦੇ ਸ਼ਿਸ਼ ਸਨ) ਦੇ ਪੋਤਰੇ ਸਨ।[22]

ਅ. ਨਗਰ ਬਾਨਾਂਰਸੀ ਉੱਤਮ ਗਾਂਉਂ। ਪਾਪ ਨ ਨਿਅਰੈ ਆਵੈ ਕਾਂਉਂ।
ਮੂਵਾਂ ਨ ਕੋਇ ਨਰਕ ਢਿਗ ਜਾਇ, ਸੰਕਰ ਰਾਮਹਿ ਸੁਨਵੈ ਆਇ।
ਸਰੁਤੀ ਸਿਮ੍ਰਿਤਿ ਕਾ ਅਧਿਕਾਰਾ, ਤਹਾਂ ਰੈਦਾਸ ਲੀਔ ਔਤਾਰਾ।[23]

ੲ. ਕਾਸੀ ਢਿਗ ਮਾਂਡੂਰ ਸਥਾਨਾ, ਸ਼ੁੱਧ ਵਰਣ ਕਰਤ ਗੁਜਰਾਨਾ।
ਮਾਂਡੂਰ ਨਗਰ ਲੀਨ ਔਤਾਰਾ, ਰਵਿਦਾਸ ਸੁਭ ਨਾਮ ਹਮਾਰਾ।[24]

ਰਵਿਦਾਸੀ ਸੰਪਰਦਾਇ ਦੀ ਨਿਗਰਾਨੀ ਹੇਠ ਇਕ ਸੁੰਦਰ ਮੰਦਰ ਦਾ ਨਿਰਮਾਣ ਕੀਤਾ ਗਿਆ ਹੈ।

ਭਾਰਤ ਵਿਚ ਅਨੇਕ ਭਾਸ਼ਾਵਾਂ ਅਤੇ ਉੱਚਾਰਣ ਦੇ ਵੱਖ-ਵੱਖ ਢੰਗਾਂ ਕਾਰਨ ਗੁਰੂ ਰਵਿਦਾਸ ਜੀ ਦਾ ਨਾਂ ਕਈ ਤਰ੍ਹਾਂ ਪੁਕਾਰਿਆ ਜਾਂਦਾ ਹੈ, ਜਿਵੇਂ ਰਈਦਾਸ, ਰਯਦਾਸ, ਰੂਈਦਾਸ, ਰੂਹਦਾਸ, ਰੋਹਿਦਾਸ, ਰੁਦਰਦਾਸ, ਰਾਮਦਾਸ, ਰੈਦਾਸ ਅਤੇ ਰਵਿਦਾਸ। ਪਰ ਬਹੁਤੇ ਪ੍ਰਚੱਲਿਤ ਨਾਂ ਰੈਦਾਸ ਅਤੇ ਰਵਿਦਾਸ ਹੀ ਹਨ। ਸ੍ਰੀ ਆਦਿ ਗ੍ਰੰਥ ਵਿਚ ਅਤੇ ਹਿੰਦੀ ਤੇ ਸੰਸਕ੍ਰਿਤ ਦੀਆਂ ਪ੍ਰਮੁੱਖ ਪੁਸਤਕਾਂ ਵਿਚ ਆਪ ਦਾ ਨਾਂ ਰਵਿਦਾਸ ਕਰਕੇ ਲਿਖਿਆ ਗਿਆ ਹੈ ਅਤੇ ਹੱਥਲੀ ਪੁਸਤਕ ਵਿਚ ਵੀ ਆਪ ਦੇ ਨਾਂ ਨੂੰ ਇਸੇ ਰੂਪ ਵਿਚ ਵਰਤਿਆ ਗਿਆ ਹੈ।

'ਭਵਿਸ਼ ਪੁਰਾਣ' ਅਨੁਸਾਰ ਆਪ ਦੇ ਪਿਤਾ ਦਾ ਨਾਂ ਮਾਨਦਾਸ ਸੀ[ੳ] ਪਰ 'ਰਵਿਦਾਸ ਰਾਮਾਇਣ' ਵਿਚ ਆਪ ਦੇ ਪਿਤਾ ਦਾ ਨਾਂ ਰਘੂ ਦਿੱਤਾ ਹੋਇਆ ਹੈ। ਇਹ ਨਾਂ ਉਨ੍ਹਾਂ ਦੇ ਪ੍ਰਚੱਲਿਤ ਨਾਂ ਰਘੂ ਨਾਲ ਬਹੁਤ ਮਿਲਦਾ-ਜੁਲਦਾ ਹੈ। ਆਪ ਦੀ ਮਾਤਾ ਦੇ ਨਾਂ ਬਾਰੇ ਵੀ ਮੱਤ-ਭੇਦ ਹਨ। ਕੁਝ ਸ੍ਰੋਤਾਂ ਅਨੁਸਾਰ ਆਪ ਦੀ ਮਾਤਾ ਦਾ ਨਾਮ ਕਰਮਾ ਦੇਵੀ ਸੀ। ਰਵਿਦਾਸੀ ਸੰਪ੍ਰਦਾਇ ਅਨੁਸਾਰ ਰਵਿਦਾਸ ਜੀ ਦੀ ਮਾਤਾ ਦਾ ਨਾਮ ਕਲਸੀ ਦੇਵੀ ਅਤੇ ਪਿਤਾ ਦਾ ਨਾਮ ਸੰਤੋਖ ਦਾਸ ਜੀ ਸੀ।

ਰਵਿਦਾਸ ਜੀ ਦਾ ਬਚਪਨ ਤੋਂ ਹੀ ਰੂਹਾਨੀਅਤ ਜਾਂ ਪਰਮਾਰਥ ਵੱਲ ਝੁਕਾਅ ਸੀ। ਆਪ ਅਕਸਰ ਆਪਣੀ ਮਾਤਾ ਨਾਲ ਮਹਾਤਮਾਂ ਦੇ ਸਤਿਸੰਗ ਵਿਚ ਜਾਂਦੇ ਸਨ। ਸੰਤਾਂ-ਮਹਾਤਮਾਂ ਪ੍ਰਤੀ ਆਪ ਦੇ ਹਿਰਦੇ ਵਿਚ ਵਿਸ਼ੇਸ਼ ਸ਼ਰਧਾ ਅਤੇ ਭਗਤੀ-ਭਾਵ ਸੀ। ਅਨੰਤਦਾਸ ਅਨੁਸਾਰ ਸੱਤ ਸਾਲ ਦੀ ਉਮਰ ਵਿਚ ਹੀ ਆਪ ਉੱਪਰ ਪਰਮਾਤਮਾ ਦੀ ਭਗਤੀ ਦਾ ਗੂੜ੍ਹਾ ਰੰਗ ਚੜ੍ਹ ਚੁੱਕਾ ਸੀ।[ਅ] ਆਪ ਦੇ ਭਗਤੀ ਭਾਵ ਨੂੰ ਵੇਖ ਕੇ ਆਪ ਦੇ ਮਾਂ-ਬਾਪ ਫ਼ਿਕਰਮੰਦ ਹੋ ਗਏ ਅਤੇ ਉਨ੍ਹਾਂ ਨੇ ਪਿਤਾ-ਪੁਰਖੀ ਕੰਮ-ਧੰਦੇ ਵਿਚ ਲਾ ਕੇ ਆਪ ਦਾ ਖ਼ਿਆਲ ਪਰਮਾਤਮਾ ਦੀ ਭਗਤੀ ਵੱਲੋਂ ਮੋੜਨਾ ਚਾਹਿਆ। ਰਵਿਦਾਸ ਨੇ ਪਿਤਾ-ਪੁਰਖੀ ਕਿੱਤਾ ਤਾਂ ਜ਼ਰੂਰ ਸਿੱਖ ਲਿਆ ਪਰ ਆਪ ਦੇ ਪ੍ਰਭੂ-ਪ੍ਰੇਮ ਵਿਚ ਕੋਈ ਕਮੀ ਨਾ ਆਈ। ਆਪ ਦੇ ਮਨ ਵਿਚ ਸਾਧੂ-ਸੰਤਾਂ ਪ੍ਰਤੀ ਏਨੀ ਵੱਧ ਸ਼ਰਧਾ ਸੀ ਕਿ ਆਪ ਮੁਫ਼ਤ ਜਾਂ ਮਾਮੂਲੀ ਕੀਮਤ ਤੇ ਹੀ ਉਨ੍ਹਾਂ ਨੂੰ ਜੋੜੇ ਬਣਾ ਦਿੰਦੇ ਸਨ, ਜਿਸ ਕਾਰਨ ਆਪ ਦੇ ਪਿਤਾ

ੳ. ਮਾਨਦਾਸੱਯ ਪੁਤਰੋ ਰਵਿਦਾਸ ਇਤਿ ਵਿਸ਼ੁਰਤਹ।[29]

ਅ. ਬਰਸ਼ ਸਾਤ ਕੌ ਭਇਓ ਹੈ ਜਬ ਹੀ, ਨੌਧਾ ਭਗਤੀ ਚਲਾਈ ਤਬੈ ਹੀ।[30]

ਆਪ ਨਾਲ ਨਰਾਜ਼ ਹੋ ਜਾਂਦੇ ਸਨ।[ੳ] ਸੰਸਾਰਿਕ ਕਾਰ-ਵਿਹਾਰ ਵਿਚ ਰੁਚੀ ਪੈਦਾ ਕਰਨ ਲਈ ਆਪ ਦੇ ਪਿਤਾ ਨੇ ਛੋਟੀ ਉਮਰ ਵਿਚ ਹੀ ਆਪ ਦਾ ਵਿਆਹ ਲੋਨਾ ਨਾਮੀ ਇੱਕ ਲੜਕੀ ਨਾਲ ਕਰ ਦਿੱਤਾ।[ਅ]

ਇਸ ਦੇ ਬਾਵਜੂਦ ਪੁੱਤਰ ਦੇ ਤੌਰ-ਤਰੀਕਿਆਂ ਵਿਚ ਕੋਈ ਤਬਦੀਲੀ ਨਾ ਆਈ। ਤੰਗ ਆ ਕੇ ਪਿਤਾ ਨੇ ਨੂੰਹ-ਪੁੱਤ ਨੂੰ ਅੱਡ ਕਰ ਦਿੱਤਾ ਅਤੇ ਆਪਣੀ ਜਾਇਦਾਦ ਵਿੱਚੋਂ ਵੀ ਕੋਈ ਹਿੱਸਾ ਨਾ ਦਿੱਤਾ। ਪਿਤਾ ਨੇ ਰਵਿਦਾਸ ਲਈ ਇਹ ਸਖ਼ਤ ਹੁਕਮ ਜਾਰੀ ਕਰ ਦਿੱਤਾ ਕਿ ਘਰ ਦੇ ਪਿਛਵਾੜੇ ਲੱਗਦੀ ਥੋੜ੍ਹੀ ਜਿਹੀ ਭੋਇੰ ਵਿਚ ਰਿਹਾਇਸ਼ ਕਰ ਲਓ ਅਤੇ ਹੱਡ ਭੰਨ ਕੇ ਆਪਣੀ ਰੋਟੀ ਆਪ ਕਮਾਓ। ਰਵਿਦਾਸ ਨੇ ਬਿਨਾਂ ਕਿਸੇ ਉਜ਼ਰ ਦੇ ਇਹ ਸਭ ਕੁਝ ਪਰਵਾਨ ਕਰ ਲਿਆ,[ੲ] ਸਗੋਂ ਇਸ ਨੂੰ ਵੀ ਮਾਲਕ ਦਾ ਹੀ ਵਰਦਾਨ ਸਮਝਿਆ ਕਿਉਂਕਿ ਹੁਣ ਆਪ ਪਿਤਾ ਦੀ ਰੋਕ-ਟੋਕ ਤੋਂ ਦੂਰ ਰਹਿ ਕੇ ਪਰਮਾਤਮਾ ਦੀ ਭਗਤੀ ਲਈ ਪੂਰਾ ਵਕਤ ਕੱਢ ਸਕਦੇ ਸਨ।

ਰਵਿਦਾਸ ਜੀ ਦੀ ਸੰਤਾਨ ਅਤੇ ਵਿਆਹੁਤਾ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। 'ਰਵਿਦਾਸ ਪੁਰਾਣ' ਅਨੁਸਾਰ ਆਪ ਦਾ ਇੱਕ ਵਿਜੇ ਦਾਸ ਨਾਮੀ ਪੁੱਤਰ ਸੀ।[34] ਉਨ੍ਹਾਂ ਦੇ ਪਰਿਵਾਰ ਸੰਬੰਧੀ ਇਸ ਤੋਂ ਵੱਧ ਜਾਣਕਾਰੀ ਨਹੀਂ ਮਿਲਦੀ।

ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਅਨੰਤ ਦਾਸ ਜੀ ਦੀ ਰਚਨਾ ਤੋਂ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਜੀ ਜੀਵਨ ਭਰ ਜੁੱਤੀਆਂ ਗੰਢਣ ਦੇ ਆਪਣੇ ਪਿਤਾ-ਪੁਰਖੀ ਕਿੱਤੇ ਨਾਲ ਜੁੜੇ ਰਹੇ।[ਸ]

ੳ. ਪਿਤਾ ਤ੍ਰਾਸ ਦੈ ਬਹੁ ਸਮਝਾਵੈ। ਕੁਲ ਕਰਨੀ ਕਰਿ ਕਛੁ ਨ ਕਮਾਵੈ॥
ਬਹੁ ਆਦਰ ਕਰਿ ਸੰਤ ਬੋਲਾਵੈ। ਮਿਲੇ ਜੋ ਘਰ ਮੇਂ ਸਭ ਭੁਗਤਾਵੈ॥[31]

ਅ. ਬਾਲ ਬੈਸ ਰਵਿਦਾਸ ਕੋ, ਕੀਨੋਂ ਪਿਤਾ ਬਿਬਾਹ।
ਬੜੌ ਭਇਓ ਦੇਖਿ ਕਰਮ ਨਿਤ, ਕਹਿਓ ਖਾਟ ਕਰ ਖਾਹ॥
ਕਹਿਓ ਖਾਟ ਕਰ ਖਾਹਿ, ਰਾਸ ਹਮਰੇ ਗ੍ਰਹਿ ਜੋਈ।
ਤਾਂਕੀ ਪਨਹੀਂ ਬਨਾਈ, ਦੇਇ ਸਾਧਨ ਸਬ ਖੋਈ॥[32]

ੲ. ਬੜੌ ਭਇਓ ਤਬ ਨਿਆਰੈ ਕੀਨੋਂ, ਬਾਂਟੇ ਆਵੈ ਸੋ ਬਾਂਟਿ ਨ ਦੀਨੋਂ।
ਰਾਖਿਆ ਬਾਖਰੀ ਕੇ ਪਛਿਵਾਰੇ, ਕਛੂ ਨ ਕਹਿਓ ਰੈਦਾਸ ਵਿਚਾਰੇ।[33]

ਸ. 'ਰਵਿਦਾਸ' ਹਉਂ ਨਿਜ ਹਥਹਿੰ, ਰਾਖੌਂ ਰਾਂਬੀ ਆਰ।
ਸੁਕ੍ਰਿਤਿ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ॥[35]
ਚਮਰਟਾ ਗਾਂਠਿ ਨ ਜਨਈ, ਲੋਗੁ ਗਠਾਵੈ ਪਨਹੀ।[36]

ਚਮੜਾ ਹਾਸਲ ਕਰਨ ਲਈ ਗੁਰੂ ਜੀ ਪਸ਼ੂ-ਹੱਤਿਆ ਬਿਲਕੁਲ ਨਹੀਂ ਸਨ ਕਰਦੇ। ਉਹ ਬਜ਼ਾਰੋਂ ਚਮੜਾ ਖ਼ਰੀਦ ਕੇ ਨਵੀਆਂ ਜੁੱਤੀਆਂ ਬਣਾਉਂਦੇ ਅਤੇ ਪੁਰਾਣੀਆਂ ਜੁੱਤੀਆਂ ਮੁਰੰਮਤ ਕਰਦੇ ਸਨ।[ੳ]

ਉਨ੍ਹਾਂ ਨੇ ਪੂਰਨ ਸੰਤਾਂ ਦੀ ਰੀਤ ਨਿਭਾਉਂਦੇ ਹੋਏ, ਹੱਕ-ਹਲਾਲ ਦੀ ਕਮਾਈ ਦੁਆਰਾ ਆਪਣਾ ਜੀਵਨ ਨਿਰਬਾਹ ਕੀਤਾ। ਉਨ੍ਹਾਂ ਦੀ ਆਮਦਨ ਬਹੁਤ ਘੱਟ ਹੁੰਦੀ ਸੀ, ਫਿਰ ਵੀ ਸਬਰ-ਸ਼ੁਕਰ ਨਾਲ ਆਪਣੀ ਗੁਜ਼ਰ ਕਰਦੇ ਸਨ।[ਅ]

ਆਮਦਨ ਘੱਟ ਹੋਣ ਕਾਰਨ ਕਈ ਵਾਰ ਉਨ੍ਹਾਂ ਦੀ ਬਰਾਦਰੀ ਦੇ ਲੋਕ ਉਨ੍ਹਾਂ ਦੀ ਗ਼ਰੀਬੀ ਦਾ ਹਾਸਾ ਉਡਾਉਂਦੇ ਸਨ,[ੲ] ਇਸ ਨਾਲ ਗੁਰੂ ਜੀ ਦੇ ਹਿਰਦੇ ਦੀ ਉਦਾਰਤਾ ਅਤੇ ਪ੍ਰਭੂ-ਭਗਤੀ ਉੱਤੇ ਕੋਈ ਅਸਰ ਨਹੀਂ ਸੀ ਪੈਂਦਾ। ਆਪ ਗ਼ਰੀਬੀ ਵਿਚ ਵੀ ਖ਼ੁਸ਼ੀ-ਖ਼ੁਸ਼ੀ ਅਤੇ ਲਗਨ ਨਾਲ ਪ੍ਰਭੂ-ਭਗਤੀ ਦੇ ਮਾਰਗ ਉੱਤੇ ਚਲਦੇ ਰਹੇ।

ਗੁਰੂ ਰਵਿਦਾਸ ਜੀ ਦੀ ਬਾਣੀ ਸਤਿਗੁਰ ਮਹਿਮਾ ਨਾਲ ਭਰਪੂਰ ਹੈ। ਆਪ ਨੇ ਗੁਰੂ ਨੂੰ ਪਰਮਾਤਮਾ ਦਾ ਪਰਗਟ ਰੂਪ ਮੰਨਿਆ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਜੀਵਾਤਮਾ ਕੇਵਲ ਪੂਰੇ ਗੁਰੂ ਦੀ ਸਹਾਇਤਾ ਨਾਲ ਹੀ ਭਵਸਾਗਰ ਨੂੰ ਪਾਰ ਕਰ ਕੇ ਪਰਮਾਤਮਾ ਨਾਲ ਮਿਲਾਪ ਕਰ ਸਕਦੀ ਹੈ। ਇਸ ਸੰਬੰਧ ਵਿਚ ਉਹ ਖ਼ੁਦ ਆਪਣਾ ਹੀ ਉਦਾਹਰਨ ਦਿੰਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਨੂੰ ਵੀ ਉਨ੍ਹਾਂ ਦੇ ਸਤਿਗੁਰੂ ਨੇ ਹੀ ਪਰਮਾਰਥ ਦਾ ਮਾਰਗ ਦਿਖਾਇਆ, ਜਿਸ ਨਾਲ ਵਿਸ਼ੇ-ਵਿਕਾਰਾਂ ਦੀ ਤ੍ਰਿਸ਼ਨਾ ਅਤੇ ਮਨ ਦੇ ਕਲੇਸ਼ ਦੂਰ ਹੋ ਗਏ:

ਸਤਿਗੁਰੁ ਹਮਹੁ ਲਖਾਈ ਬਾਟ।
ਜਨਮ ਪਾਛਲੇ ਪਾਪ ਨਸਾਨੇ, ਮਿਟਿਗੋ ਸਬੁ ਸੰਤਾਪ॥

. . . . . .

ਕਹਿ ਰਵਿਦਾਸ ਗੁਰੁ ਰਾਹ ਦਿਖਾਵਇ, ਤ੍ਰਿਖਾ ਬੁਝਿ ਮਿਟਿ ਮਨ ਸੰਤਾਪ॥[41]

ਪਰ ਗੁਰੂ ਰਵਿਦਾਸ ਜੀ ਦੇ ਆਪਣੇ ਗੁਰੂ ਕੌਣ ਸਨ? ਇਸ ਵਿਸ਼ੇ ਸੰਬੰਧੀ ਵਿਦਵਾਨਾਂ ਦੇ ਭਿੰਨ-ਭਿੰਨ ਵਿਚਾਰ ਹਨ। ਨਾਭਾਦਾਸ ਜੀ ਦੀ 'ਭਗਤਮਾਲ'

ੳ. ਸੀਧੌਂ ਚਾਮ ਮੋਲ ਲੈ ਆਵੈ, ਤਾਕਿ ਪਨਹੀ ਅਧਿਕ ਬਨਾਵੈ।
ਟੂਟੇ ਫੂਟੇ ਜਰਵਾ ਜੋਰੇ, ਮਸਕਤਿ ਕਰੈ ਕਾਹੂ ਨ ਨਿਹੋਰੇ।[37]

ਅ. ਪ੍ਰਭੁ ਭਗਤਿ ਸ੍ਰਮ ਸਾਧਨਾ, ਜਗ ਮਹਿੰ ਜਿਨਹਹਿੰ ਪਾਸ।
ਤਿੰਨਹਹਿ ਜੀਵਨ ਸਫਲ ਭਇਓ, ਸਤਿ ਭਾਖੈ 'ਰਵਿਦਾਸ'॥[38]

ੲ. ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥[39]
ਹਮ ਅਪਰਾਧੀ ਨੀਚ ਘਰਿ ਜਨਮੈਂ ਕੁਟੰਬ ਲੋਗ ਕਰੈ ਹਾਂਸੀ ਰੇ।[40]

ਅਨੁਸਾਰ ਰਾਮਾਨੰਦ ਜੀ ਦੇ ਬਾਰਾਂ ਪ੍ਰਸਿੱਧ ਸ਼ਿਸ਼ਾਂ ਜਾਂ ਸ਼ਿਸ਼ਾਂ ਦੇ ਸ਼ਿਸ਼ਾਂ ਵਿਚ ਗੁਰੂ ਰਵਿਦਾਸ ਜੀ ਦਾ ਨਾਂ ਵੀ ਸ਼ਾਮਿਲ ਹੈ।[ੳ]

ਅਨੰਤਦਾਸ ਨੇ ਵੀ ਆਪਣੀ 'ਭਗਤ ਰਤਨਾਵਲੀ' ਵਿਚ ਗੁਰੂ ਰਵਿਦਾਸ ਜੀ ਨੂੰ ਰਾਮਾਨੰਦ ਦਾ ਹੀ ਸ਼ਿਸ਼ ਦੱਸਿਆ ਹੈ।[ਅ]

ਰਾਮ ਕੁਮਾਰ ਵਰਮਾ[44], ਹਜ਼ਾਰੀ ਪ੍ਰਸ਼ਾਦ ਦਿਵੇਦੀ[45], ਮੈਕਾਲਿਫ਼[46], ਬੇਣੀ ਪ੍ਰਸਾਦ ਸ਼ਰਮਾ[47] ਅਤੇ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ[48] ਨੇ ਵੀ ਇਸੇ ਵਿਚਾਰ ਨਾਲ ਸਹਿਮਤੀ ਪ੍ਰਗਟ ਕੀਤੀ ਹੈ। ਗੁਰੂ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਰਾਮਾਨੰਦ ਜੀ ਨੂੰ ਆਪਣਾ ਗੁਰੂ ਕਿਹਾ ਹੈ:

ਰਾਮਾਨੰਦ ਮੋਹਿ ਗੁਰੂ ਮਿਲਿਓ ਪਾਇਆ ਬ੍ਰਹਮ ਵਿਸਾਸ।
ਰਾਮ ਨਾਮ ਅਮੀ ਰਸ ਪੀਓ, ਰਵਿਦਾਸ ਹਿ ਭਯੋ ਖਲਾਸ॥[49]

ਸੰਸਾਰ ਪ੍ਰਪੰਚ ਹੌਂ ਵਿਆਕੁਲ ਰਾਮਾਨੰਦਾ,
ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ॥[50]

ਇਨ੍ਹਾਂ ਸਾਰਿਆਂ ਵਿਚਾਰਾਂ ਦੇ ਆਧਾਰ ਤੇ ਰਾਮਾਨੰਦ ਜੀ ਨੂੰ ਰਵਿਦਾਸ ਦਾ ਗੁਰੂ ਮੰਨਿਆ ਜਾਂਦਾ ਹੈ। ਮੈਕਲੋਡ[51] ਅਤੇ ਪਦਮ ਗੁਰਚਰਨ ਸਿੰਘ[52] ਆਦਿ ਵਿਦਵਾਨ ਇਸ ਮੱਤ ਨਾਲ ਸਹਿਮਤ ਨਹੀਂ ਹਨ। ਮੈਕਲੋਡ ਲਿਖਦਾ ਹੈ :

ਰਵਿਦਾਸ ਜੀ ਨੂੰ ਰਾਮਾਨੰਦ ਜੀ ਦਾ ਸ਼ਿਸ਼ ਮੰਨਣ ਦੀ ਪਰੰਪਰਾ ਦਾ ਵਿਰੋਧ ਕਰਨਾ ਚਾਹੀਦਾ ਹੈ। ਇਤਿਹਾਸ ਦੀ ਦ੍ਰਿਸ਼ਟੀ ਤੋਂ ਰਾਮਾਨੰਦ ਅਤੇ ਕਬੀਰ ਦਾ ਇੱਕ ਦੂਜੇ ਨਾਲ ਸੰਬੰਧ ਮੰਨ ਸਕਣਾ ਹੀ ਕਠਨ ਹੈ ਜਦ ਕਿ ਰਵਿਦਾਸ ਜੀ ਤਾਂ ਕਬੀਰ ਤੋਂ ਵੀ ਉਮਰ ਵਿਚ ਛੋਟੇ ਸਨ।[53] ਬਦਕਿਸਮਤੀ ਦੀ ਗੱਲ ਹੈ ਕਿ ਰਾਮਾਨੰਦ ਦੇ ਜਨਮ ਅਤੇ ਮ੍ਰਿਤੂ ਦਾ ਸਮਾਂ ਨਿਸਚਿਤ ਨਹੀਂ ਹੈ। ਕੁਝ ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਸਮਾਂ 1299 ਤੋਂ 1410 ਈ. ਹੈ ਅਤੇ ਕੁਝ ਅਨੁਸਾਰ 1366 ਤੋਂ 1467 ਈ.।[54] ਬੇਸ਼ਕ ਗੁਰੂ ਰਵਿਦਾਸ ਜੀ ਦੇ ਜੀਵਨ-ਕਾਲ ਦੇ ਸੰਬੰਧ ਵਿਚ ਕੁਝ ਅਨਿਸ਼ਚਿਤਤਾ ਹੈ, ਫਿਰ ਵੀ ਬਹੁਤੇ ਵਿਦਵਾਨ, ਜਿਵੇਂ ਕਿ ਪਹਿਲੇ ਕਿਹਾ ਜਾ ਚੁੱਕਾ ਹੈ, ਉਨ੍ਹਾਂ ਦਾ

ੳ. ਅਨੰਤਾਨੰਦ, ਕਬੀਰ, ਸੁਖਾ ਸੁਰਸੁਰਾ, ਪਦਮਾਵਤਿ, ਨਰਹਰਿ।
ਪੀਪਾ, ਭਵਾਨੰਦ, ਰੈਦਾਸ, ਧੰਨਾ, ਸੇਨ, ਸੁਰਸਰੀ ਕੀ ਘਰਹਰਿ।
ਔਰੋ ਸ਼ਿਸ਼ ਪ੍ਰਸ਼ਿਸ਼ ਏਕ ਤੇਂ ਏਕ ਉਜਾਗਰ।[42]

ਅ. ਰਾਮਾਨੰਦ ਕੋ ਸ਼ਿਸ਼ ਕਬੀਰ, ਜਿਨਿ ਚੀਨੋਂਹ ਭਗਵੰਤ।
ਭਗਤਿ ਦ੍ਰਿੜਾਵਨ ਔਤਰਿਓ, ਗਾਵੈ ਦਾਸ ਅਨੰਤ।
ਔਰ ਯੇਕ ਰੈਦਾਸ ਚਮਾਰਾ ਜਾਨਿ ਨਾਰਦ ਲੀਨੋਂ ਔਤਾਰਾ।[43]

ਜੀਵਨ-ਕਾਲ 1414-1540 ਈ. ਮੰਨਦੇ ਹਨ। ਜੇ ਪਹਿਲੇ ਵਿਚਾਰ ਅਨੁਸਾਰ ਰਾਮਾਨੰਦ ਜੀ ਦਾ ਸਮਾਂ 1299-1410 ਈ. ਮੰਨਿਆ ਜਾਵੇ ਤਾਂ ਰਾਮਾਨੰਦ ਜੀ ਨੂੰ ਰਵਿਦਾਸ ਜੀ ਦਾ ਗੁਰੂ ਨਹੀਂ ਮੰਨਿਆ ਜਾ ਸਕਦਾ। ਪਰ ਜੇ ਦੂਜੇ ਵਿਚਾਰ ਅਨੁਸਾਰ ਰਾਮਾਨੰਦ ਜੀ ਦਾ ਸਮਾਂ 1366-1467 ਈ. ਮੰਨਿਆ ਜਾਵੇ ਤਾਂ ਰਾਮਾਨੰਦ ਜੀ ਨੂੰ ਰਵਿਦਾਸ ਜੀ ਦਾ ਗੁਰੂ ਮੰਨਣ ਵਿਚ ਕੋਈ ਅਸੰਗਤਿ ਨਹੀਂ ਦਿਸਦੀ।

ਰਵਿਦਾਸੀ ਸੰਪਰਦਾਇ ਦੀ ਪ੍ਰਚੱਲਿਤ ਧਾਰਨਾ ਅਨੁਸਾਰ ਰਵਿਦਾਸ ਜੀ ਜਗਤ-ਗੁਰੂ ਸਨ। ਉਨ੍ਹਾਂ ਦਾ ਕੋਈ ਗੁਰੂ ਨਹੀਂ ਸੀ। ਉਹ ਪਰਮਾਤਮਾ ਦਾ ਸਾਕਾਰ ਰੂਪ ਸਨ ਅਤੇ ਸਿਰਫ਼ ਪਰਮਾਤਮਾ ਨੂੰ ਹੀ ਉਨ੍ਹਾਂ ਦਾ ਗੁਰੂ ਕਿਹਾ ਜਾ ਸਕਦਾ ਹੈ।

ਇਸ ਸੰਬੰਧ ਵਿਚ ਅੰਤਮ ਫ਼ੈਸਲਾ ਸ਼ਾਇਦ ਇਸ ਵਿਸ਼ੇ ਦੇ ਗਿਆਤਾ ਹੀ ਆਪਣੇ ਗਹਿਰੇ ਅਨੁਭਵ ਅਤੇ ਖੋਜ ਦੇ ਆਧਾਰ ਤੇ ਕਰ ਸਕਦੇ ਹਨ। ਏਥੇ ਸਿਰਫ਼ ਕੁਝ ਵਿਦਵਾਨਾਂ ਦੇ ਮਤਾਂ ਅਤੇ ਪ੍ਰਾਪਤ ਹੋਈ ਸਮਗਰੀ ਦਾ ਉਲੇਖ ਕੀਤਾ ਗਿਆ ਹੈ। ਇਸ ਪੁਸਤਕ ਦਾ ਮੁੱਖ ਉਦੇਸ਼ ਤਾਂ ਗੁਰੂ ਰਵਿਦਾਸ ਜੀ ਦੇ ਪਵਿੱਤਰ ਉਪਦੇਸ਼ ਉੱਤੇ ਪ੍ਰਕਾਸ਼ ਪਾਉਣਾ ਹੈ।

ਕਬੀਰ ਸਾਹਿਬ ਵਾਂਗ ਰਵਿਦਾਸ ਜੀ ਵੀ ਵਿੱਦਿਆ ਪ੍ਰਾਪਤੀ ਲਈ ਕਿਸੇ ਵਿਦਿਆਲੇ ਵਿਚ ਦਾਖ਼ਲ ਨਾ ਹੋਏ, ਪਰ ਉਨ੍ਹਾਂ ਦੀ ਬਾਣੀ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਹਿੰਦੀ, ਉਰਦੂ, ਫ਼ਾਰਸੀ ਅਤੇ ਹਿੰਦੁਸਤਾਨ ਦੇ ਕਈ ਇਲਾਕਿਆਂ ਦੀਆਂ ਸਥਾਨਿਕ ਭਾਸ਼ਾਵਾਂ ਦਾ ਚੋਖਾ ਗਿਆਨ ਸੀ ਅਤੇ ਉਹ ਹਿੰਦੂਆਂ ਦੀਆਂ ਧਾਰਮਿਕ, ਇਤਿਹਾਸਿਕ ਅਤੇ ਮਿਥਿਹਾਸਿਕ ਕਥਾ-ਕਹਾਣੀਆਂ ਤੋਂ ਪੂਰੀ ਤਰ੍ਹਾਂ ਜਾਣੂੰ ਸਨ। ਉਨ੍ਹਾਂ ਦੇ ਗਿਆਨ ਦਾ ਸਰੋਤ ਮੁੱਖ ਤੌਰ ਤੇ ਸੰਤਾਂ ਦੀ ਸੰਗਤ, ਉੱਤਰੀ ਭਾਰਤ ਦੇ ਵੱਖ-ਵੱਖ ਇਲਾਕਿਆਂ ਦੀ ਯਾਤਰਾ ਅਤੇ ਆਪਣਾ ਨਿੱਜੀ ਰੂਹਾਨੀ ਅਨੁਭਵ ਸੀ। ਆਪ ਆਪਣੀ ਬਾਣੀ ਵਿਚ ਪੁਸਤਕਾਂ ਵਿੱਚੋਂ ਪ੍ਰਾਪਤ ਹੋਣ ਵਾਲੇ ਵਾਚਕ-ਗਿਆਨ ਨੂੰ ਸਤਿਗੁਰੂ ਦੇ ਉਪਦੇਸ਼ ਉੱਤੇ ਚੱਲਦੇ ਹੋਏ ਅੰਦਰੋਂ ਪ੍ਰਾਪਤ ਹੋਣ ਵਾਲੇ ਪ੍ਰਤੱਖ ਰੂਹਾਨੀ ਅਨੁਭਵ ਦੇ ਟਾਕਰੇ ਉੱਤੇ ਤੁੱਛ ਦੱਸਦੇ ਹਨ। ਆਪ ਅਨੁਸਾਰ ਪਰਮਾਤਮਾ ਦਾ ਸੱਚਾ ਗਿਆਨ ਅੰਦਰਲੇ ਰੂਹਾਨੀ ਅਨੁਭਵ ਵਿੱਚੋਂ ਜਾਗਦਾ ਹੈ, ਗ੍ਰੰਥਾਂ-ਪੋਥੀਆਂ ਦੇ ਪਾਠ ਤੋਂ ਨਹੀਂ :

ਪੜ੍ਹੇ ਗੁਨੈ ਕਛੁ ਸਮਝਿ ਨ ਪਰਹੀਂ, ਜੌ ਲੌ ਅਨਭੈ ਭਾਉ ਨ ਦਰਸੈ।[55]

ਚਲਿ ਮਨ ਹਰਿ ਚਟਸਾਲ ਪੜ੍ਹਾਊਂ।
ਗੁਰ ਕੀ ਸਾਂਟਿ ਗਿਆਂਨ ਕਾ ਅੱਛਰ, ਬਿਸਰੈ ਤੌ ਸਹਜ ਸਮਾਧਿ ਲਗਾਊਂ ॥[56]

ਰਵਿਦਾਸ ਜੀ ਦੁਆਰਾ ਦੇਸ ਦੇ ਵੱਖ-ਵੱਖ ਭਾਗਾਂ ਵਿਚ ਕੀਤੀਆਂ ਯਾਤਰਾਵਾਂ ਦੇ ਹਾਲਾਤ ਪ੍ਰਾਪਤ ਨਹੀਂ ਹਨ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਦੇਸ਼ ਦੀਆਂ ਕਈ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ ਅਤੇ ਉੱਤਰ-ਪ੍ਰਦੇਸ਼, ਪੰਜਾਬ, ਰਾਜਸਥਾਨ, ਗੁਜਰਾਤ,

ਮਹਾਰਾਸ਼ਟਰ ਆਦਿ ਅਨੇਕ ਸੂਬਿਆਂ ਵਿਚ ਉਨ੍ਹਾਂ ਦੇ ਸ਼ਰਧਾਲੂ ਅਤੇ ਪੈਰੋਕਾਰ ਵੀ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਦੂਰ-ਦੂਰ ਤੱਕ ਯਾਤਰਾ ਕੀਤੀ ਹੋਵੇਗੀ। ਉੱਤਰ ਭਾਰਤ ਦੀਆਂ ਅਨੇਕ ਥਾਵਾਂ ਉੱਤੇ ਉਨ੍ਹਾਂ ਦੀ ਯਾਦ ਵਿਚ ਅਨੇਕ ਸਥਾਨ ਬਣੇ ਮਿਲਦੇ ਹਨ। ਕਾਸ਼ੀ ਦੇ ਨੇੜੇ ਮਾਂਡੂਰ ਵਿਚ ਉਨ੍ਹਾਂ ਦੀ ਯਾਦ ਵਿਚ ਬਣਿਆ ਇੱਕ ਸਰੋਵਰ ਅਤੇ ਹੈਦਰਾਬਾਦ ਵਿਖੇ ਐਲੋਰਾ ਵਿਚ ਇੱਕ 'ਰਵਿਦਾਸ ਕੁੰਡ' ਮਿਲਦਾ ਹੈ। ਇੱਕ ਹੋਰ 'ਰਵਿਦਾਸ ਕੁੰਡ' ਕਾਠੀਆਵਾੜ ਦੇ ਜੂਨਾਗੜ੍ਹ ਸ਼ਹਿਰ ਵਿਚ ਵੀ ਮਿਲਦਾ ਹੈ। ਚਿਤੌੜ ਵਿਚ ਉਨ੍ਹਾਂ ਦੀ ਯਾਦ ਵਿਚ 'ਰਵਿਦਾਸ ਜੀ ਦੇ ਪੈਰ' ਅਤੇ 'ਰਵਿਦਾਸ ਜੀ ਦੀ ਛਤਰੀ' ਬਣੀ ਹੋਈ ਹੈ। ਦੱਖਣ ਵਿਚ ਵੀ ਬਾਲਾ ਜੀ ਪਹਾੜੀ ਦੀ ਉਤਰਾਈ ਵਿਚ ਤਿਰੁਪਤੀ ਮੰਦਰ ਦੇ ਨੇੜੇ ਉਨ੍ਹਾਂ ਦਾ ਇੱਕ ਸਮਾਰਕ ਬਣਿਆ ਮਿਲਦਾ ਹੈ।

ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਜੋ ਥੋੜ੍ਹੇ-ਬਹੁਤੇ ਵਰਨਨ ਮਿਲਦੇ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਬ੍ਰਾਹਮਣ ਅਤੇ ਪੁਜਾਰੀ ਸ਼੍ਰੇਣੀ ਨੇ ਆਪ ਦਾ ਭਾਰਾ ਵਿਰੋਧ ਕੀਤਾ। ਇਸ ਵਿਰੋਧ ਦੇ ਬਾਵਜੂਦ ਸਮਾਜ ਉੱਤੇ ਆਪ ਦੇ ਵਿਅਕਤਿਤਵ ਅਤੇ ਉਪਦੇਸ਼ ਦਾ ਡੂੰਘਾ ਪ੍ਰਭਾਵ ਪਿਆ। ਨੀਵੀਂ ਜਾਤੀ ਵਿਚ ਜਨਮ ਲੈਣ ਕਾਰਨ ਬ੍ਰਾਹਮਣ ਲੋਕ ਉਨ੍ਹਾਂ ਨੂੰ ਛੋਟਾ ਸਮਝਦੇ ਸਨ। ਉਹ ਗੁਰੂ ਰਵਿਦਾਸ ਜੀ ਨੂੰ ਪਰਮਾਤਮਾ ਦੀ ਪੂਜਾ ਅਤੇ ਭਗਤੀ ਕਰਨ ਅਤੇ ਪਰਮਾਤਮਾ ਦੀ ਪ੍ਰਾਪਤੀ ਲਈ ਰੂਹਾਨੀ ਉਪਦੇਸ਼ ਦੇਣ ਦੇ ਹੱਕਦਾਰ ਨਹੀਂ ਸਨ ਸਮਝਦੇ। ਉਨ੍ਹਾਂ ਦੀ ਨਜ਼ਰ ਵਿਚ ਨੀਵੀਂ ਜਾਤੀ ਵਿਚ ਜਨਮੇ ਵਿਅਕਤੀ ਦੁਆਰਾ ਪਰਮਾਤਮਾ ਦੀ ਭਗਤੀ ਕਰਨ ਨਾਲ ਧਰਮ ਭ੍ਰਿਸ਼ਟ ਹੁੰਦਾ ਸੀ। ਪ੍ਰੀਯਾਦਾਸ ਨੇ ਆਪਣੀ 'ਭਗਤਿਰਸ ਬੋਧਨੀ' ਨਾਮੀ 'ਭਗਤ ਮਾਲ' ਦੇ ਟੀਕੇ ਵਿਚ ਕੁਝ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਵਿਰੋਧ ਕਰਨ ਵਾਲਿਆਂ ਦੇ ਪ੍ਰਤੀ ਗੁਰੂ ਰਵਿਦਾਸ ਜੀ ਕਿਸ ਨਿਮਰਤਾ, ਖਿਮਾ ਅਤੇ ਸਹਿਨਸ਼ੀਲਤਾ ਦੀ ਭਾਵਨਾ ਨਾਲ ਪੇਸ਼ ਆਉਂਦੇ ਸਨ। ਇਨ੍ਹਾਂ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਸਬਰ-ਸੰਤੋਖ ਦੇ ਜੀਵਨ, ਦਇਆ, ਸਹਿਨਸ਼ੀਲਤਾ ਅਤੇ ਸੱਚੀ ਪ੍ਰਭੂ-ਭਗਤੀ ਦੇ ਸਾਹਮਣੇ ਬ੍ਰਾਹਮਣਾਂ ਨੂੰ ਆਪਣਾ ਅਡੰਬਰਾਂ ਭਰਿਆ ਕਰਮ-ਕਾਂਡ ਫ਼ੋਕਾ ਅਤੇ ਫਿੱਕਾ ਲੱਗਣ ਲੱਗ ਪਿਆ ਅਤੇ ਉਹ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਉਪਦੇਸ਼ ਦੀ ਮਹਾਨਤਾ ਮੰਨਣ ਲਈ ਮਜਬੂਰ ਹੋ ਗਏ।

ਉਨ੍ਹਾਂ ਦੇ ਜੀਵਨ ਨਾਲ ਅਜਿਹੀਆਂ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ ਜਿਨ੍ਹਾਂ ਤੋ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਜੀ ਦੁਆਰਾ ਦੱਸਿਆ ਗਿਆ ਨਾਮ-ਭਗਤੀ ਦਾ ਸਿੱਧਾ-ਸਾਦਾ ਅਤੇ ਸਹਿਜ-ਮਾਰਗ ਹੀ ਸਭ ਤੋਂ ਉੱਚਾ-ਸੁੱਚਾ ਅਤੇ ਸੱਚਾ ਮਾਰਗ ਹੈ, ਜਿਸ ਦਾ ਕੋਈ ਦੂਸਰਾ ਸਾਧਨ ਮੁਕਾਬਲਾ ਨਹੀਂ ਕਰ ਸਕਦਾ। ਇਨ੍ਹਾਂ ਘਟਨਾਵਾਂ ਤੋਂ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਅਸਲ

ਵਡਿਆਈ ਪ੍ਰਭੂ-ਭਗਤੀ ਜਾਂ ਪ੍ਰਭੂ-ਪ੍ਰੇਮ ਦੀ ਹੈ, ਜਾਤ-ਪਾਤ ਦੀ ਨਹੀਂ। ਪ੍ਰੇਮ ਦੇ ਰੰਗ ਵਿਚ ਰੰਗਿਆ ਨੀਚੀ ਜਾਤੀ ਵਿਚ ਜਨਮਿਆ ਪ੍ਰਭੂ-ਭਗਤ, ਉੱਚੀ ਜਾਤੀ ਵਿਚ ਜਨਮੇ ਪਰ ਸੱਚੇ ਪ੍ਰੇਮ ਤੋਂ ਕੋਰੇ ਬ੍ਰਾਹਮਣ ਤੋਂ ਹਜ਼ਾਰਾਂ ਦਰਜੇ ਉੱਚਾ ਹੈ ਕਿਉਂਕਿ ਭਗਵੰਤ ਨਾਲ ਮਿਲਾਉਣ ਵਾਲੀ ਵਸਤੂ ਭਗਤੀ ਹੈ, ਜਾਤੀ ਨਹੀਂ।

ਗੁਰੂ ਰਵਿਦਾਸ ਜੀ ਗ਼ਰੀਬ ਹੋਣ ਦੇ ਬਾਵਜੂਦ ਸੰਤਾਂ-ਮਹਾਤਮਾਂ ਅਤੇ ਗ਼ਰੀਬ-ਗੁਰਬੇ ਦੀ ਸੇਵਾ ਲਈ ਸਦਾ ਤਿਆਰ ਰਹਿੰਦੇ ਸਨ। ਇੱਕ ਵਾਰ ਇੱਕ ਸਾਧੂ ਆਪ ਦੀ ਕੁਟੀਆ ਉਤੇ ਆ ਪਧਾਰਿਆ। ਆਪ ਨੇ ਸੁਭਾਅ ਅਨੁਸਾਰ ਉਸ ਦੀ ਖ਼ੂਬ ਸੇਵਾ ਕੀਤੀ ਅਤੇ ਉਸ ਦੇ ਸੁਖ ਆਰਾਮ ਦਾ ਪੂਰਾ ਪ੍ਰਬੰਧ ਕੀਤਾ। ਰਵਿਦਾਸ ਜੀ ਦੀ ਤਰਸਯੋਗ ਗ਼ਰੀਬੀ ਵੇਖਦੇ ਹੋਏ ਸਾਧੂ ਨੇ ਆਪ ਨੂੰ ਪਾਰਸ ਦੇਣਾ ਚਾਹਿਆ। ਉਹਨੇ ਕਿਹਾ ਕਿ ਇਸ ਪਾਰਸ ਨਾਲ ਤੁਹਾਡੇ ਜੁੱਤੀਆਂ ਗੰਢਣ ਵਾਲੇ ਸਾਰੇ ਔਜ਼ਾਰ ਸੋਨੇ ਦੇ ਬਣ ਜਾਣਗੇ ਅਤੇ ਤੁਹਾਡੀ ਗ਼ਰੀਬੀ ਦੂਰ ਹੋ ਜਾਏਗੀ। ਗੁਰੂ ਰਵਿਦਾਸ ਜੀ ਦੇ ਪਾਰਸ ਲੈਣ ਤੋਂ ਨਾਂਹ ਕਰਨ ਉਤੇ ਸਾਧੂ ਨੇ ਉਨ੍ਹਾਂ ਦੇ ਇੱਕ ਔਜ਼ਾਰ ਨੂੰ ਪਾਰਸ ਛੁਹਾ ਕੇ ਉਸ ਨੂੰ ਪ੍ਰਤੱਖ ਰੂਪ ਵਿਚ ਸੋਨਾ ਬਣਾ ਕੇ ਦਿਖਾ ਦਿੱਤਾ, ਪਰ ਇਸ ਦੇ ਬਾਵਜੂਦ ਰਵਿਦਾਸ ਜੀ ਪਾਰਸ ਲੈਣ ਲਈ ਤਿਆਰ ਨਾ ਹੋਏ। ਸਾਧੂ ਇਹ ਕਹਿ ਕੇ ਪਾਰਸ ਉਨ੍ਹਾਂ ਦੀ ਝੌਂਪੜੀ ਦੀ ਇੱਕ ਨੁੱਕਰ ਵਿਚ ਰੱਖ ਗਿਆ ਕਿ ਜਦ ਚਾਹੋ ਇਸ ਦੀ ਵਰਤੋਂ ਕਰ ਲੈਣਾ।

ਉਹ ਸਾਧੂ ਕੁਝ ਮਹੀਨਿਆਂ ਬਾਦ ਫਿਰ ਰਵਿਦਾਸ ਜੀ ਨੂੰ ਮਿਲਣ ਆਇਆ। ਉਹ ਉਨ੍ਹਾਂ ਨੂੰ ਪਹਿਲੋਂ ਵਰਗੀ ਗ਼ਰੀਬੀ ਦੀ ਹਾਲਤ ਵਿਚ ਦੇਖ ਕੇ ਪੁੱਛਣ ਲੱਗਾ ਕਿ ਮੈਂ ਜਿਹੜਾ ਪਾਰਸ ਤੁਹਾਨੂੰ ਦੇ ਗਿਆ ਸੀ ਉਹ ਕਿੱਥੇ ਹੈ। ਰਵਿਦਾਸ ਜੀ ਨੇ ਕਿਹਾ ਕਿ ਮਹਾਤਮਾ ਜੀ ਜਿੱਥੇ ਤੁਸੀਂ ਪਾਰਸ ਰੱਖ ਗਏ ਸੀ, ਉਥੇ ਹੀ ਦੇਖ ਲਵੋ। ਸਾਧੂ ਨੇ ਦੇਖਿਆ ਕਿ ਪਾਰਸ ਜਿਉਂ ਦਾ ਤਿਉਂ ਆਪਣੇ ਟਿਕਾਣੇ ਪਿਆ ਹੈ। ਸਾਧੂ ਗੁਰੂ ਰਵਿਦਾਸ ਜੀ ਦੀ ਨਿਰਲੇਪਤਾ ਅਤੇ ਸਬਰ-ਸੰਤੋਖ ਨੂੰ ਦੇਖ ਕੇ ਗਦ-ਗਦ ਹੋ ਗਿਆ। ਪ੍ਰੀਯਾਦਾਸ ਦਾ ਵਿਚਾਰ ਹੈ ਕਿ ਭਗਵਾਨ ਆਪਣੇ ਭਗਤ ਦੀ ਸਹਾਇਤਾ ਕਰਨ ਲਈ ਜਾਂ ਉਹਦੇ ਸੰਤੋਖ ਦਾ ਇਮਤਿਹਾਨ ਲੈਣ ਲਈ ਸਾਖ਼ਿਆਤ ਸਾਧੂ ਦੇ ਭੇਖ ਵਿਚ ਭਗਤ ਕੋਲ ਆਏ ਸਨ। ਰਵਿਦਾਸ-ਬਾਣੀ ਵਿੱਚੋਂ ਇਸ ਵਿਸ਼ੇ ਸੰਬੰਧੀ ਆਪ ਦਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਪ੍ਰਗਟ ਹੁੰਦਾ ਹੈ :

ਪਾਰਸ ਮਨੀ ਮੁਹਿ ਰਤੁ ਨਹਿ ਭਾਵੈ, ਜਗ ਜੰਜਾਰ ਨ ਥੋਗਾ।
ਕਹਿ 'ਰਵਿਦਾਸ' ਤਜਿ ਸਭ ਤ੍ਰਿਸਨਾ, ਇੱਕੂ ਰਾਮ ਚਰਨ ਚਿੱਤ ਮੋਰਾ॥[57]

ਜੋ ਕੋਊ ਲੋਰੈ ਪਰਮ ਸੁਖ, ਤਉ ਰਾਖੈ ਮਨ ਸੰਤੋਸ਼।
'ਰਵਿਦਾਸ' ਜਹਾਂ ਸੰਤੋਖ ਹੈ, ਤਹਾਂ ਨ ਲਾਗੈ ਦੋਸ਼॥[58]

ਸੱਚਾ ਸੁਖ ਸਤਿ ਧਰਮ ਮਾਂਹਿ, ਧਨ ਸੰਚੈ ਸੁਖ ਨਾਂਹਿ।
ਧਨ ਸੰਚੈ ਦੁਖ ਖਾਨ ਹੈ, 'ਰਵਿਦਾਸ' ਸਮੁਝਿ ਮਨ ਮਾਂਹਿ॥[59]

ਰਵਿਦਾਸ ਜੀ ਪਰਮਾਤਮਾ ਦੇ ਨਾਮ ਨੂੰ ਸੱਚਾ ਪਾਰਸ ਮੰਨਦੇ ਹਨ, ਜਿਹੜਾ ਪਾਪੀ ਨੂੰ ਸੱਚਾ ਭਗਤ ਜਾਂ ਸੰਤ ਬਣਾ ਦਿੰਦਾ ਹੈ ਅਤੇ ਮੌਤ ਦੇ ਜਾਲ ਵਿਚ ਫਸੇ ਜੀਵ ਨੂੰ ਅਮਰ ਜੀਵਨ ਪ੍ਰਦਾਨ ਕਰ ਦਿੰਦਾ ਹੈ :

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥
. . . .
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ।
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ॥[60]

ਗੁਰੂ ਰਵਿਦਾਸ ਜੀ ਦਾ ਜੱਸ ਵਧਦਾ ਦੇਖ ਕੇ ਕਾਸ਼ੀ ਦੇ ਬ੍ਰਾਹਮਣ ਲੋਹੇ-ਲਾਖੇ ਹੋ ਗਏ। ਉਨ੍ਹਾਂ ਨੇ ਰਾਜੇ ਕੋਲ ਬੇਨਤੀ ਕੀਤੀ ਕਿ ਇਸ ਸ਼ੂਦਰ ਅਤੇ ਅਛੂਤ ਨੂੰ ਪ੍ਰਭੂ-ਭਗਤੀ ਅਤੇ ਰੂਹਾਨੀ ਉਪਦੇਸ਼ ਕਰਨ ਤੋਂ ਵਰਜਿਆ ਜਾਵੇ। ਗੁਰੂ ਰਵਿਦਾਸ ਜੀ ਨੂੰ ਰਾਜ ਦਰਬਾਰ ਵਿਚ ਸਫ਼ਾਈ ਪੇਸ਼ ਕਰਨ ਲਈ ਕਿਹਾ ਗਿਆ ਕਿ ਉਹ ਸ਼ੂਦਰ ਹੋਣ ਕਰਕੇ ਪ੍ਰਭੂ-ਭਗਤੀ ਦਾ ਅਪਰਾਧ ਕਿਉਂ ਕਰ ਰਿਹਾ ਹੈ। ਗੁਰੂ ਰਵਿਦਾਸ ਜੀ ਨੇ ਨਿਮਰਤਾਪੂਰਵਕ ਇਹ ਗੱਲ ਕਹੀ ਕਿ ਪ੍ਰਭੂ-ਭਗਤੀ ਦਾ ਜਾਤ-ਪਾਤ ਨਾਲ ਕੋਈ ਸੰਬੰਧ ਨਹੀਂ। ਰਾਜਾ ਇਸ ਗੁੰਝਲ ਦਾ ਹੱਲ ਨਾ ਕਰ ਸਕਿਆ। ਕਿਹਾ ਜਾਂਦਾ ਹੈ ਕਿ ਉਹਨੇ ਭਗਵਾਨ ਦੀ ਇੱਕ ਮੂਰਤੀ ਰਾਜ ਦਰਬਾਰ ਵਿਚ ਰਖਵਾ ਦਿੱਤੀ ਅਤੇ ਬ੍ਰਾਹਮਣਾਂ ਅਤੇ ਗੁਰੂ ਰਵਿਦਾਸ ਨੂੰ ਕਿਹਾ ਕਿ ਉਹ ਵਾਰੀ-ਵਾਰੀ ਆਪਣੀ ਪੂਜਾ ਅਤੇ ਭਗਤੀ ਦੁਆਰਾ ਮੂਰਤੀ ਨੂੰ ਆਪਣੇ ਵੱਲ ਖਿੱਚ ਕੇ ਦਿਖਾਉਣ। ਜਿਹੜਾ ਮੂਰਤੀ ਨੂੰ ਆਪਣੇ ਵੱਲ ਖਿੱਚ ਲਵੇਗਾ, ਉਸ ਦੀ ਭਗਤੀ ਨੂੰ ਸੱਚਾ ਮੰਨਿਆ ਜਾਵੇਗਾ। ਬ੍ਰਾਹਮਣ ਪੂਜਾਰੀਆਂ ਨੇ ਮੰਤਰਾਂ ਦਾ ਪਾਠ ਕਰਕੇ ਮੂਰਤੀ ਨੂੰ ਆਪਣੇ ਵੱਲ ਖਿੱਚਣ ਦੇ ਲੱਖ ਜਤਨ ਕੀਤੇ ਪਰ ਮੂਰਤੀ ਉੱਤੇ ਕੋਈ ਅਸਰ ਨਾ ਹੋਇਆ। ਗੁਰੂ ਰਵਿਦਾਸ ਜੀ ਚਮਤਕਾਰ ਦਿਖਾਉਣ ਦੇ ਵਿਰੁੱਧ ਸਨ, ਪਰ ਰਾਜਾ ਦੇ ਜ਼ਿਦ ਕਰਨ ਉੱਤੇ ਉਨ੍ਹਾਂ ਨੇ ਨਿਮਰਤਾ ਅਤੇ ਪ੍ਰੇਮ ਦੇ ਸੁਰ ਵਿਚ ਪ੍ਰਭੂ ਅੱਗੇ ਪ੍ਰਾਰਥਨਾ ਕੀਤੀ :

ਐਸੀ ਜਨਿ ਕਰਿ ਹੋ ਮਾਹਾਰਾਜ।
ਦੂਰਿ ਮਾਂਹੀ ਤੁਮ ਬਈਠੈ ਦੇਖੋ, ਬਿਗਰਤ ਹੈ ਯੌ ਕਾਜ।
. . . .
ਕਾਚ ਕਥੀਰ ਪਤਿਤ ਹਮਤੇ ਹੋ, ਨੈਨਨ ਦੇਖੋ ਆਜ।

ਖਲ ਹਲ ਕਾਸੀ ਲੋਗ ਬਹੁ ਆਏ, ਦੇਖਨ ਭਗਤਿ ਸਮਾਜ।
ਬਿਰਦ ਤਜੋ ਕੈ ਬਿਰਦ ਸੰਭਾਰੌ, ਕਹੈ ਰਵਿਦਾਸ ਚਮਰਾਜ॥[61]

ਆਇਓ ਆਇਓ ਹੌ ਦੇਵਾਧਿਦੇਵ! ਤੁਮ ਸਰਨ ਆਇਔਂ।
ਜਾਨਿ ਕਿਰਪਾ ਕੀਜੌ ਅਪਨੌ ਜਨਾ।
ਸਕਲ ਸੁਖ ਕੀ ਮੂਲ ਜਾਕੀ ਨਾਹੀਂ ਸਮਤੂਲ, ਸੌ ਚਰਨ ਮੂਲ ਪਾਇਔਂ।

. . . .

ਤੁਮ੍ਰੇ ਨਾਂਵ ਬਿਸਾਸ ਛਾਂਡਿ ਆਨ ਆਸ,
ਸੰਸਾਰੀ ਧਰਮ ਮੇਰੋ ਮਨ ਨ ਧਰੀਜੈ।
'ਰਵਿਦਾਸ' ਦਾਸ ਕੀ ਸੇਵਾ ਮਾਨਹੁ ਦੇਵਾ!
ਪਤਿਤ ਪਾਵਨ ਨਾਮ ਪਰਗਟ ਕਰੀਜੈ॥[62]

ਕਿਹਾ ਜਾਂਦਾ ਹੈ ਕਿ ਰਵਿਦਾਸ ਜੀ ਦੀ ਪ੍ਰੇਮ, ਸ਼ਰਧਾ ਅਤੇ ਨਿਮਰਤਾ ਨਾਲ ਭਰੀ ਅਰਦਾਸ ਨੂੰ ਸੁਣ ਕੇ ਮੂਰਤੀ ਉਨ੍ਹਾਂ ਦੀ ਗੋਦੀ ਵਿਚ ਜਾ ਬਿਰਾਜੀ। ਪਲਟੂ ਸਾਹਿਬ ਦੇ ਇੱਕ ਪਦ ਵਿਚ ਇਸ ਘਟਨਾ ਦਾ ਸੰਕੇਤ ਮਿਲਦਾ ਹੈ।[ੳ]

ਇਸ ਕਥਾ ਦੇ ਨਾਲ ਹੀ ਇਹ ਗੱਲ ਵੀ ਜੁੜੀ ਹੈ ਕਿ ਬ੍ਰਾਹਮਣਾਂ ਨੇ ਰਵਿਦਾਸ ਜੀ ਨੂੰ ਆਮ ਲੋਕਾਂ ਵਿਚ ਨੀਵਾਂ ਦਿਖਾਉਣ ਲਈ ਜਿੱਤ-ਹਾਰ ਦੀ ਉਪਰੋਕਤ ਬਾਜ਼ੀ ਵਿਚ ਇਹ ਸ਼ਰਤ ਵੀ ਰੱਖੀ ਹੋਈ ਸੀ ਕਿ ਹਾਰਨ ਵਾਲੀ ਧਿਰ ਜਿੱਤਣ ਵਾਲੀ ਧਿਰ ਨੂੰ ਪਾਲਕੀ ਵਿਚ ਚੁੱਕ ਕੇ ਸ਼ਹਿਰ ਦੀ ਪਰਕਰਮਾ ਕਰਾਏਗੀ। ਸ਼ਰਤ ਪੂਰੀ ਕਰਨ ਲਈ ਬ੍ਰਾਹਮਣਾਂ ਨੂੰ ਗੁਰੂ ਰਵਿਦਾਸ ਜੀ ਨੂੰ ਪਾਲਕੀ ਵਿਚ ਬਿਠਾ ਕੇ ਸ਼ਹਿਰ ਦੀ ਪਰਕਰਮਾ ਕਰਾਉਣੀ ਪਈ। ਇਸ ਨਾਲ ਸਾਰੀ ਕਾਸ਼ੀ ਵਿਚ ਗੁਰੂ ਰਵਿਦਾਸ ਜੀ ਦੀ ਜੈ ਜੈਕਾਰ ਹੋ ਗਈ। ਗੁਰੂ ਜੀ ਦੀ ਹੇਠ ਲਿਖੀ ਬਾਣੀ ਵਿਚ ਇਸ ਭਾਵ ਦਾ ਸੰਕੇਤ ਮਿਲਦਾ ਹੈ ਕਿ ਪਰਮਾਤਮਾ ਖ਼ੁਦ ਹੀ ਆਪਣੇ ਭਗਤਾਂ ਦੀ ਵਡਿਆਈ ਕਰਾਉਂਦਾ ਹੈ :

ੳ. ਨਹਾਤੇ ਤ੍ਰਿਕਾਲ ਰੋਜ ਪੰਡਿਤ ਅਚਾਰੀ ਬੜੇ,
ਸਦਾ ਪਟ ਬਸਤਰ ਸੂਤ ਅੰਗ ਨ ਲਗਾਈ ਹੈ।
ਪੂਜਾ ਨੈਬੇਦ ਆਰਤੀ ਕਰਤੇ ਹਮ ਬਿਧਿ ਬਿਧਾਨ,
ਚੰਦਨ ਔ ਤੁਲਸੀ ਭਲੀ ਭਾਂਤਿ ਸੇ ਚੜ੍ਹਾਈ ਹੈ।
ਹਾਰੇ ਹਮ ਕੁਲੀਨ ਸਬ ਕੋਟਿ ਕੋਟਿ ਕੈ ਉਪਾਯ,
ਕੈਸੇ ਤੁਮ ਠਾਕੁਰ ਹਮ ਸਪਨੇਹੂ ਨ ਪਾਈ ਹੈ।
'ਪਲਟੂਦਾਸ' ਦੇਖੌਂ ਯਹ ਰੀਝ ਮੇਰੇ ਸਾਹਿਬ ਕੀ,
ਗਯੇ ਹੈ ਕਹਾਂ ਜਬ ਰੈਦਾਸ ਨੇ ਬੁਲਾਈ ਹੈ।[63]

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥[64]

ਇੱਕ ਹੋਰ ਮੌਕੇ ਉਤੇ ਵੀ ਬ੍ਰਾਹਮਣਾਂ ਨੇ ਗੁਰੂ ਰਵਿਦਾਸ ਜੀ ਨੂੰ ਕਿਹਾ ਕਿ ਤੁਹਾਡੀ ਮੂਰਤੀ ਸੱਚੀ ਹੈ ਤਾਂ ਤੁਸੀਂ ਇਸ ਨੂੰ ਗੰਗਾ ਵਿਚ ਤਾਰ ਕੇ ਦੱਸੋ। ਗੁਰੂ ਜੀ ਨੇ ਕਿਹਾ ਕਿ ਮੈਂ ਕਿਸੇ ਮੂਰਤੀ ਦੀ ਪੂਜਾ ਨਹੀਂ ਕਰਦਾ। ਉਨ੍ਹਾਂ ਨੇ ਕਿਹਾ ਕਿ ਮੇਰੀ ਅਸਲ ਮੂਰਤੀ ਜੁੱਤੀਆ ਗੰਢਣ ਵਾਲੀ ਆਰ ਹੈ, ਜਿਸ ਦੁਆਰਾ ਮੈਂ ਹੱਕ-ਹਲਾਲ ਦੀ ਕਮਾਈ ਕਰਦਾ ਹੋਇਆ ਪ੍ਰਭੂ-ਭਗਤੀ ਵਿਚ ਮਸਤ ਰਹਿੰਦਾ ਹਾਂ ਅਤੇ ਹੱਕ ਹਲਾਲ ਦੀ ਕਮਾਈ ਅਤੇ ਪ੍ਰਭੂ ਦੇ ਨਾਮ ਦੀ ਅਰਾਧਨਾ ਦੇ ਆਸਰੇ ਹੀ ਮੈਂ ਭਵਸਾਗਰ ਤੋਂ ਪਾਰ ਹੋਣ ਦੀ ਆਸ ਰੱਖਦਾ ਹਾਂ :

ਸ੍ਰਮ ਕਉ ਈਸਰ ਜਾਨਿ ਕੈ, ਜਉ ਪੂਜਹਿ ਦਿਨ ਰੈਨ।
'ਰਵਿਦਾਸ' ਤਿਨਹਹਿ ਸੰਸਾਰ ਮਹਿੰ, ਸਦਾ ਮਿਲਹਿ ਸੁਖ ਚੈਨ॥[65]

'ਰਵਿਦਾਸ' ਹਉਂ ਨਿਜ ਹਥਹਿ, ਰਾਖੋਂ ਰਾਂਬੀ ਆਰ।
ਸੁਕ੍ਰਿਤ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ॥[66]

ਪ੍ਰਭ ਭਗਤਿ ਸ੍ਰਮ ਸਾਧਨਾ, ਜਗ ਮਹਿ ਜਿਨਹਿ ਪਾਸ।
ਤਿਨਹਿ ਜੀਵਨ ਸਫਲ ਭਇਓ, ਸਤਿ ਭਾਖੈ 'ਰਵਿਦਾਸ'॥[67]

ਬ੍ਰਾਹਮਣ ਜ਼ਿਦ ਉੱਤੇ ਅੜੇ ਰਹੇ ਅਤੇ ਕਹਿਣ ਲੱਗੇ ਕਿ ਤੁਸੀਂ ਜਿਸ ਸਾਲਗਰਾਮ ਜਾਂ ਮੂਰਤੀ ਦੀ ਪੂਜਾ ਕਰਦੇ ਹੋ ਉਸ ਦੀ ਸੱਚਾਈ ਸਿੱਧ ਕਰੋ। ਜਦ ਬ੍ਰਾਹਮਣਾਂ ਨੇ ਆਪਣੀ ਮੂਰਤੀ ਗੰਗਾ ਵਿਚ ਉਤਾਰੀ ਤਾਂ ਉਹ ਇਕਦਮ ਪਾਣੀ ਵਿਚ ਡੁੱਬ ਗਈ। ਗੁਰੂ ਰਵਿਦਾਸ ਜੀ ਨੇ ਆਪਣੀ ਲੋਹੇ ਦੀ ਆਰ ਪਾਣੀ ਵਿਚ ਉਤਾਰੀ ਤਾਂ ਉਹ ਪਾਣੀ ਉੱਤੇ ਤਰਦੀ ਰਹੀ। ਬ੍ਰਾਹਮਣ ਲੋਕ ਇਹ ਦੇਖ ਕੇ ਹੈਰਾਨ, ਪਰੇਸ਼ਾਨ ਹੋ ਗਏ। ਗੁਰੂ ਰਵਿਦਾਸ ਜੀ ਨੂੰ ਨੀਵਾਂ ਦਿਖਾਉਣ ਦੀ ਆਸ ਰੱਖ ਕੇ ਆਏ ਬ੍ਰਾਹਮਣਾਂ ਨੂੰ ਖ਼ੁਦ ਸ਼ਰਮਿੰਦਾ ਹੋਣਾ ਪਿਆ। ਆਪ ਨੇ ਲੋਕਾਂ ਨੂੰ ਮੂਰਤੀ ਪੂਜਾ ਦੇ ਵਿਚਾਰ ਵਿਚੋਂ ਕੱਢਣ ਲਈ ਸਮਝਾਇਆ ਕਿ ਜੇ ਮੂਰਤੀ

ਵਿਚ ਸੱਚਮੁੱਚ ਰੱਬ ਵੱਸਦਾ ਹੋਵੇ ਤਾਂ ਮੂਰਤੀ ਪਾਣੀ ਉੱਤੇ ਤਰਨੀ ਚਾਹੀਦੀ ਹੈ, ਪਾਣੀ ਵਿਚ ਡੁੱਬਣੀ ਨਹੀਂ ਚਾਹੀਦੀ। ਜਿਹੜੀ ਮੂਰਤੀ ਖ਼ੁਦ ਨਹੀਂ ਤਰ ਸਕਦੀ, ਉਹ ਕਿਸੇ ਨੂੰ ਭਵਸਾਗਰ ਤੋਂ ਕਿਵੇਂ ਤਾਰ ਸਕਦੀ ਹੈ? ਆਪ ਕਹਿੰਦੇ ਹਨ :

ਬਾਪੁਰੋ ਸਤਿ ਰੈਦਾਸ ਕਹੈਂ ਰੇ।
ਗਿਆਂਨ ਬਿਚਾਰਿ ਚਰਨ ਚਿਤ ਲਾਵੈ, ਹਰਿ ਕੈ ਸਰਨਿ ਰਹੈ ਰੇ॥
ਪਾਤੀ ਤੋੜੈਂ ਪੂਜਿ ਰਚਾਵੈਂ, ਤਾਰਨ ਤਿਰਨ ਕਹੈਂ ਰੇ।
ਮੂਰਤਿ ਮਾਂਹਿ ਬਸੈ ਪਰਮੇਸੁਰ, ਤੌ ਪਾਨੀ ਮਾਂਹਿ ਤਿਰੈ ਰੇ॥[68]

ਦੁਨੀਆ ਜਾਣਦੀ ਹੈ ਕਿ ਗੁਰੂ ਰਵਿਦਾਸ ਜੀ ਦੇ ਸ਼ਿਸ਼ਾਂ ਵਿਚ ਮੇਵਾੜ ਦੀ ਰਾਣੀ ਮੀਰਾ ਬਾਈ ਅਤੇ ਰਾਜਾ ਪੀਪਾ ਆਦਿ ਵੀ ਸ਼ਾਮਲ ਸਨ ਪਰ ਆਪ ਨੇ ਸਾਰੀ ਉਮਰ ਹੱਕ-ਹਲਾਲ ਦੀ ਕਮਾਈ ਕਰਦੇ ਹੋਏ ਸਾਧ ਸੰਗਤ ਵਿਚ ਨਾਮ ਦਾ ਮੁਫ਼ਤ ਪ੍ਰਚਾਰ ਕੀਤਾ। ਆਪ ਨੇ ਕਦੇ ਨਿੱਜੀ ਵਰਤੋਂ ਹਿੱਤ ਕਿਸੇ ਸ਼ਿਸ਼ ਤੋਂ ਇੱਕ ਪੈਸੇ ਦਾ ਲਾਭ ਨਾ ਉਠਾਇਆ ਤੇ ਸਦਾ ਦਸਾਂ ਨੌਹਾਂ ਦੀ ਕਮਾਈ ਨਾਲ ਆਪਣਾ ਅਤੇ ਪਰਿਵਾਰ ਦਾ ਪੇਟ ਪਾਲਿਆ। ਮੀਰਾ ਬਾਈ ਨੂੰ ਲੋਕਾਂ ਨੇ ਤਾਹਨਾ ਮਾਰਿਆ ਕਿ ਤੂੰ ਆਪ ਤਾਂ ਰਾਜ ਮਹੱਲਾਂ ਵਿਚ ਰਹਿੰਦੀ ਹੈਂ ਪਰ ਤੇਰਾ ਗੁਰੂ ਜੁੱਤੀਆਂ ਗੰਢਦਾ ਹੈ ਅਤੇ ਟੁੱਟੀ ਹੋਈ ਕੁੱਲੀ ਵਿਚ ਰਹਿੰਦਾ ਹੈ। ਇੱਕ ਵਾਰ ਮੀਰਾਬਾਈ ਨੇ ਗੁਰੂ ਰਵਿਦਾਸ ਜੀ ਨੂੰ ਇੱਕ ਕੀਮਤੀ ਹੀਰਾ ਦੇਣਾ ਚਾਹਿਆ ਤਾਂ ਜੋ ਆਪ ਇਸ ਨੂੰ ਵੇਚ ਕੇ ਸਾਰੀ ਜ਼ਿੰਦਗੀ ਖ਼ੁਸ਼ੀ-ਖ਼ੁਸ਼ੀ ਗੁਜ਼ਾਰ ਸਕਣ। ਮੀਰਾ ਬਾਈ ਨੇ ਇਹ ਵੀ ਕਿਹਾ ਕਿ ਮੈਥੋਂ ਲੋਕਾਂ ਦੇ ਤਾਹਨੇ ਬਰਦਾਸ਼ਤ ਨਹੀਂ ਹੁੰਦੇ। ਗੁਰੂ ਰਵਿਦਾਸ ਜੀ ਨੇ ਕਿਹਾ, "ਬੇਟੀ ਮੈਨੂੰ ਜੋ ਕੁਝ ਮਿਲਿਆ ਹੈ ਕੁੰਨ ਦੇ ਪਾਣੀ ਅਤੇ ਜੁੱਤੀਆਂ ਗੰਢਣ ਵਿੱਚੋਂ ਮਿਲਿਆ ਹੈ। ਜੇ ਤੈਨੂੰ ਲੋਕ-ਲਾਜ ਤੰਗ ਕਰਦੀ ਹੈ ਤਾਂ ਤੂੰ ਘਰ ਬੈਠ ਕੇ ਹੀ ਨਾਮ ਦੀ ਕਮਾਈ ਕਰ ਲਿਆ ਕਰ, ਤੈਨੂੰ ਮੇਰੇ ਕੋਲ ਆਉਣ ਦੀ ਕੋਈ ਲੋੜ ਨਹੀਂ। ਮੈਨੂੰ ਦੁਨੀਆ ਦੀ ਕਿਸੇ ਨਾਸ਼ਵਾਨ ਚੀਜ਼ ਦੀ ਲੋੜ ਨਹੀਂ। ਲੋਕ ਮੈਨੂੰ ਗ਼ਰੀਬ ਸਮਝਦੇ ਹਨ ਪਰ ਮੈਨੂੰ ਇਸ ਗ਼ਰੀਬੀ ਵਿਚ ਵੀ ਅਨੰਦ ਆਉਂਦਾ ਹੈ।"[69]

ਇਸ ਦੇ ਬਾਵਜੂਦ ਮੀਰਾਬਾਈ ਹੀਰੇ ਨੂੰ ਛੱਪਰ ਵਿਚ ਰੱਖ ਕੇ ਇਹ ਕਹਿ ਕੇ ਚਲੀ ਗਈ ਕਿ ਆਪ ਲੋੜ ਸਮੇਂ ਇਸ ਨੂੰ ਵੇਚ ਲੈਣ। ਕਈ ਮਹੀਨਿਆਂ ਬਾਦ ਮੀਰਾ ਦੋਬਾਰਾ ਆਪਣੇ ਗੁਰਦੇਵ ਨੂੰ ਮਿਲਣ ਆਈ ਤਾਂ ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਗੁਰੂ ਜੀ ਪਹਿਲੋਂ ਵਾਂਗ ਹੀ ਜੁੱਤੀਆਂ ਗੰਢਣ ਵਿਚ ਲੱਗੇ ਹੋਏ ਸਨ। ਉਨ੍ਹਾਂ ਨੇ ਹੀਰੇ ਨੂੰ ਹੱਥ ਤੱਕ ਨਹੀਂ ਸੀ ਲਾਇਆ। ਗੁਰੂ ਜੀ ਨੇ ਮੀਰਾ ਨੂੰ ਸਮਝਾਇਆ ਕਿ ਉਸ ਪਰਮ ਪਿਤਾ ਨੇ ਮੈਨੂੰ ਨਾਮ ਦਾ ਉਹ ਅਥਾਹ ਅਤੇ

ਅਵਿਨਾਸ਼ੀ ਧਨ ਬਖ਼ਸ਼ਿਆ ਹੈ ਕਿ ਮੈਨੂੰ ਸੰਸਾਰ ਦੇ ਕਿਸੇ ਹੋਰ ਦੂਸਰੇ ਧਨ ਦੀ ਲੋੜ ਹੀ ਨਹੀਂ। ਸਿਰਫ਼ ਉਹ ਲੋਕ ਹੀ ਮੇਰੀ ਗ਼ਰੀਬੀ ਉੱਤੇ ਹੱਸਦੇ ਹਨ, ਜਿਹੜੇ ਪ੍ਰਭੂ-ਭਗਤੀ ਜਾਂ ਨਾਮ ਦੇ ਅਮੋਲਕ ਧਨ ਤੋਂ ਨਾਵਾਕਫ਼ ਹਨ। ਆਪ ਆਪਣੀ ਬਾਣੀ ਵਿਚ ਇਸ ਭਾਵ ਨੂੰ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਲੋਕ ਮੇਰੀ ਗ਼ਰੀਬੀ ਉੱਤੇ ਹੱਸਦੇ ਹਨ, ਪਰ ਉਹ ਨਹੀਂ ਜਾਣਦੇ ਕਿ ਨੌਂ ਨਿੱਧੀਆਂ ਅਤੇ ਅਠਾਰਾਂ ਸਿੱਧੀਆਂ ਸਭ ਮੇਰੇ ਅਧੀਨ ਹਨ। ਜਿਸ ਨੇ ਖ਼ੁਦ ਪਰਮਾਤਮਾ ਨੂੰ ਮਿੱਤਰ ਬਣਾ ਲਿਆ ਹੈ ਅਤੇ ਸਾਰੀਆਂ ਕਾਮਨਾਵਾਂ ਸ਼ਾਂਤ ਕਰ ਲਈਆਂ ਹਨ, ਉਹਨੂੰ ਕਮੀ ਕਿਸ ਚੀਜ਼ ਦੀ ਹੈ?

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥[70]

ਜਾਕੈ ਰਾਮ ਜੀ ਧਨੀਂ, ਤਾਕੈ ਕਾਹਿੰ ਕੀ ਕਮੀਂ ਹੈ।
ਮਨਸਾ ਕੋ ਨਾਥ ਮਨੋਰਥ ਪੂਰਵੈ, ਸੁਖ ਨਿਧਾਂਨ ਕੀ ਕਾਹਾ ਗਿਨੀਂ ਹੈ॥
. . . .
ਜਾਕੀ ਪ੍ਰੀਤਿ ਨਿਰੰਤਰ ਹਰਿ ਸੌਂ , ਕਹੈ 'ਰਵਿਦਾਸ' ਤਾਕੀ ਸਦਾ ਹੀ ਬਨੀਂ ਹੈ॥[71]

ਸੰਤ-ਜਨ ਬਾਹਰੋਂ ਗ਼ਰੀਬ ਅਤੇ ਨਿਮਾਣੇ ਲੱਗਦੇ ਹਨ ਪਰ ਅੰਦਰੋਂ ਰੂਹਾਨੀਅਤ ਦੇ ਸੱਚੇ ਸ਼ਹਿਨਸ਼ਾਹ ਹੁੰਦੇ ਹਨ। ਉਹ ਦੀਨ ਅਤੇ ਦੁਨੀਆ ਦੋਹਾਂ ਦੇ ਪੂਰੇ ਮਾਲਕ ਹੁੰਦੇ ਹਨ। ਉਹ ਪਰਮਾਤਮਾ ਵਿਚ ਸਮਾ ਕੇ ਪਰਮਾਤਮਾ ਦਾ ਰੂਪ ਹੋ ਗਏ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਵਿਚ ਪਰਮਾਤਮਾ ਵਾਲੀ ਪੂਰਨ ਸਮਰੱਥਾ ਹੁੰਦੀ ਹੈ। ਪਰ ਉਹ ਨਿਮਰਤਾ ਅਤੇ ਦੀਨਤਾ ਦੇ ਸਾਗਰ ਹੁੰਦੇ ਹਨ। ਕਈ ਲੋਕ ਜਾਤੀ, ਪਦਵੀ ਜਾਂ ਧਨ-ਦੌਲਤ ਦੇ ਹੰਕਾਰ ਕਾਰਨ ਅਜਿਹੇ ਪੂਰਨ ਸੰਤਾਂ ਤੋਂ ਅਤੇ ਉਨ੍ਹਾਂ ਤੋਂ ਮਿਲਣ ਵਾਲੀ ਅਮੋਲਕ ਰੂਹਾਨੀ ਦੌਲਤ ਤੋਂ ਵਾਂਝੇ ਰਹਿ ਜਾਂਦੇ ਹਨ। ਪਰ ਜੋ ਲੋਕ ਸੰਸਾਰਿਕ ਮਾਣ-ਵਡਿਆਈ ਦਾ ਹੰਕਾਰ ਤਜ ਕੇ ਸੰਤਾਂ ਦੀ ਸ਼ਰਨ ਵਿਚ ਆ ਜਾਂਦੇ ਹਨ, ਉਨ੍ਹਾਂ ਨੂੰ ਸੰਤ-ਜਨ ਨਾਮ ਦੇ ਰੰਗ ਵਿਚ ਰੰਗ ਕੇ ਖੰਡਾਂ-ਬ੍ਰਹਿਮੰਡਾਂ ਦੇ ਸੁਆਮੀ ਉਸ ਕੁੱਲ-ਮਾਲਕ ਦਾ ਹੀ ਰੂਪ ਬਣਾ ਦਿੰਦੇ ਹਨ। ਇਸ ਸੰਬੰਧੀ ਖੱਤਰੀ ਰਾਜਪੂਤ ਰਾਜਾ ਪੀਪਾ ਦੀ ਕਹਾਣੀ ਉੱਤਮ ਸਿੱਖਿਆ ਅਤੇ ਪ੍ਰੇਰਨਾ ਨਾਲ ਭਰਪੂਰ ਹੈ। ਰਾਜਾ ਪੀਪਾ ਨੇ ਗੁਰੂ ਰਵਿਦਾਸ ਜੀ ਦੀ ਉਪਮਾ ਸੁਣੀ ਸੀ ਪਰ ਉਸ ਨੂੰ ਉੱਚੀ ਕੁਲ ਦਾ ਰਾਜਾ ਹੋਣ ਕਾਰਨ ਇੱਕ ਸ਼ੂਦਰ ਤੋਂ ਉਪਦੇਸ਼ ਪ੍ਰਾਪਤ ਕਰਨ ਵਿਚ ਲੋਕ-ਲਾਜ ਆਉਂਦੀ ਸੀ। ਦਿਲ ਵਿਚ ਪਰਮਾਰਥ ਦਾ ਸ਼ੌਕ ਹੋਣ ਕਾਰਨ ਮਨ ਵਿਚ ਸੋਚਿਆ ਕਿ ਕਿਤੇ ਗੁਰੂ ਰਵਿਦਾਸ ਜੀ ਇੱਕੱਲੇ ਮਿਲ ਜਾਣ ਤਾਂ ਉਨ੍ਹਾਂ ਤੋਂ ਨਾਮ ਲੈ ਲਵਾਂ।

ਇੱਕ ਦਿਨ ਇਹੋ ਜਿਹਾ ਇਤਫ਼ਾਕ ਹੋਇਆ ਕਿ ਕੋਈ ਸਮਾਗਮ ਸੀ, ਸ਼ਹਿਰ ਦੇ ਸਾਰੇ ਲੋਕ ਗੰਗਾ ਦਰਿਆ ਉਤੇ ਨਹਾਉਣ ਲਈ ਗਏ ਹੋਏ ਸਨ। ਓਧਰ ਰਾਜਾ ਇਕੱਲਾ, ਏਧਰ ਰਵਿਦਾਸ ਦਾ ਮੁਹੱਲਾ ਸੁੰਨਾ, ਕੋਈ ਵੀ ਘਰ ਨਹੀਂ ਸੀ। ਰਾਜਾ ਚੋਰੀ-ਚੋਰੀ ਰਵਿਦਾਸ ਦੇ ਘਰ ਗਿਆ ਤੇ ਕਹਿਣ ਲੱਗਾ, ਗੁਰੂ ਮਹਾਰਾਜ, ਨਾਮ ਦੇ ਦਿਓ। ਅੱਗੇ ਉਹ ਕੁੰਨ ਦਾ ਪਾਣੀ ਟਿੰਡ ਵਿਚ ਪਾ ਰਹੇ ਸਨ ਔਰ ਟਿੰਡ ਉਨ੍ਹਾਂ ਦੇ ਹੱਥ ਵਿਚ ਫੜੀ ਹੋਈ ਸੀ। ਉਨ੍ਹਾਂ ਨੇ ਦੇਖਿਆ ਕਿ ਰਾਜਾ ਆਇਆ ਹੈ, ਇਹਨੂੰ ਕੁਝ ਦੇਈਏ। ਕੁੰਨਦੇ ਪਾਣੀ ਦਾ ਬੁੱਕ ਭਰ ਕੇ ਕਹਿਣ ਲੱਗੇ, "ਰਾਜਾ, ਲੈ ਇਹ ਪੀ ਲੈ।" ਹੱਥ ਵਧਾ ਕੇ ਲੈ ਤਾਂ ਲਿਆ, ਮਗਰ ਸ਼ੂਦਰਦੇ ਹੱਥਾਂ ਦਾ ਪਾਣੀ, ਖੱਤਰੀ-ਰਾਜਪੂਤ ਔਰ ਫਿਰ ਰਾਜਾ, ਕਿਸ ਤਰ੍ਹਾਂ ਪੀਵੇ? ਗਲ਼ ਖੁੱਲ੍ਹੀਆਂ ਬਾਹਵਾਂ ਵਾਲਾ ਕੁੜਤਾ ਸੀ, ਏਧਰ, ਓਧਰ ਵੇਖਿਆ ਔਰ ਪਾਣੀ ਬਾਹਵਾਂ ਥੀਂ ਵਗਾ ਦਿੱਤਾ। ਰਵਿਦਾਸ ਜੀ ਨੇ ਦੇਖਿਆ, ਪਰ ਕੁਝ ਨਾ ਕਿਹਾ।

"ਰਾਜਾ ਘਰ ਚਲਾ ਆਇਆ, ਦਿਲ ਵਿਚ ਕਹਿੰਦਾ ਏ, ਇਸ ਨੇ ਤਾਂ ਅੱਜ ਮੈਨੂੰ ਸ਼ੂਦਰ ਹੀ ਬਣਾ ਲੈਣਾ ਸੀ, ਮੈਂ ਬੜੀ ਮੁਸ਼ਕਲ ਨਾਲ ਬਚਿਆ ਹਾਂ। ਉਸੇ ਵਕਤ ਧੋਬੀ ਨੂੰ ਬੁਲਾਇਆ ਔਰ ਤਾਕੀਦ ਕੀਤੀ ਕਿ ਇਹਨਾਂ ਕੱਪੜਿਆਂ ਨੂੰ ਖੜ੍ਹੇ ਘਾਟ ਧੋ ਕੇ ਲਿਆ। ਧੋਬੀ ਕੱਪੜੇ ਲੈ ਕੇ ਘਰ ਆ ਗਿਆ। ਹੁਣ ਉਹ ਆਪ ਤਾਂ ਮਸਾਲਾ ਤਿਆਰ ਕਰਨ ਲੱਗ ਗਿਆ ਔਰ ਆਪਣੀ ਲੜਕੀ ਨੂੰ ਕਿਹਾ ਕਿ ਇਹ ਜਿਹੜੇ ਦਾਗ਼ ਨੇ, ਇਹਨਾਂ ਨੂੰ ਮੂੰਹ ਵਿਚ ਪਾ ਕੇ ਚੂਸ, ਤਾਂ ਕਿ ਦਾਗ਼ ਉਗਲ ਜਾਣ ਅਤੇ ਛੇਤੀ ਸਾਫ਼ ਹੋ ਜਾਣ।"

"ਲੜਕੀ ਨਾਬਾਲਗ ਸੀ, ਉਹ ਬਜਾਏ ਇਸ ਦੇ ਕਿ ਦਾਗ ਚੂਸ ਕੇ ਥੁੱਕ ਬਾਹਰ ਸੁੱਟੇ, ਅੰਦਰ ਲੰਘਾਉਂਦੀ ਗਈ। ਲੜਕੀ ਦਾ ਪਰਦਾ ਖੁੱਲ੍ਹ ਗਿਆ। ਹੁਣ ਉਹ ਬੈਠੇ-ਬੈਠੇ ਗਿਆਨ-ਧਿਆਨ ਦੀਆਂ ਗੱਲਾਂ ਕਰੇ। ਹੁੰਦੇ ਹੁੰਦੇ ਸਾਰੇ ਸ਼ਹਿਰ ਵਿਚ ਚਰਚਾ ਹੋ ਗਈ ਕਿ ਫ਼ਲਾਣੇ ਧੋਬੀ ਦੀ ਲੜਕੀ ਮਹਾਤਮਾ ਹੈ। ਆਖ਼ਰ ਰਾਜੇ ਤੱਕ ਗੱਲ ਜਾਂ ਪਹੁੰਚੀ। ਦਿਲ ਵਿਚ ਖਿੱਚ ਤਾਂ ਲੱਗੀ ਹੋਈ ਸੀ। ਇੱਕ ਰਾਤ ਨੂੰ ਹੌਲੀ-ਹੌਲੀ ਧੋਬੀ ਦੇ ਘਰ ਜਾ ਪਹੁੰਚਿਆ। ਲੜਕੀ ਅੱਗੋਂ ਹੱਥ ਜੋੜ ਕੇ ਉੱਠ ਖਲੋਤੀ। ਰਾਜੇ ਨੇ ਕਿਹਾ ਕਿ ਦੇਖ ਬੀਬੀ, ਮੈਂ ਤੇਰੇ ਕੋਲ ਭਿਖਾਰੀ ਬਣ ਕੇ ਆਇਆ ਹਾਂ, ਮੰਗਤਾ ਬਣ ਕੇ ਆਇਆ ਹਾਂ, ਰਾਜਾ ਬਣ ਕੇ ਨਹੀਂ ਆਇਆ।'

"ਲੜਕੀ ਨੇ ਕਿਹਾ, ਮੈਂ ਤੁਹਾਨੂੰ ਰਾਜਾ ਸਮਝ ਕੇ ਨਹੀਂ ਉੱਠੀ ਬਲਕਿ ਮੈਨੂੰ ਜੋ ਕੁਝ ਮਿਲਿਆ ਹੈ, ਤੁਹਾਡੀ ਕਿਰਪਾ ਥੀਂ ਮਿਲਿਆ ਹੈ। ਰਾਜੇ ਨੇ ਹੈਰਾਨ ਹੋ ਕੇ ਕਿਹਾ, ਮੇਰੀ ਕਿਰਪਾ? ਲੜਕੀ ਨੇ ਕਿਹਾ, ਜੀ ਹਾਂ। ਰਾਜੇ ਨੇ ਕਿਹਾ, ਉਹ ਕਿਸ ਤਰ੍ਹਾਂ? ਕਹਿਣ ਲੱਗੀ, ਮੈਨੂੰ ਜੋ ਕੁਝ ਮਿਲਿਆ ਏ ਤੁਹਾਡੇ ਕੁੜਤੇ 'ਚੋਂ ਮਿਲਿਆ ਹੈ ਔਰ ਜੋ ਭੇਦ ਸੀ ਤੁਹਾਡੇ ਕੁੜਤੇ ਵਿਚ ਸੀ। ਹੁਣ ਰਾਜਾ ਰੋਂਦਾ ਹੈ ਔਰ ਆਪਣੇ

ਆਪ ਨੂੰ ਕੋਸਦਾ ਏ। ਕਹਿੰਦਾ ਏ ਲਾਨ੍ਹਤ ਹੈ ਮੇਰੇ ਰਾਜ ਨੂੰ, ਲਾਨ੍ਹਤ ਹੈ ਮੇਰੇ ਖੱਤਰੀ ਹੋਣ ਨੂੰ, ਛੂਤ ਛਾਤ ਤੇਰਾ ਬੁਰਾ ਹੋਵੇ, ਜਿਸ ਨੇ ਮੈਨੂੰ ਪਰਮਾਰਥ 'ਤੋਂ ਦੂਰ ਰੱਖਿਆ। ਜਦ ਠੋਕਰ ਲੱਗੀ ਤਾਂ ਲੋਕ-ਲਾਜ ਔਰ ਜਾਤ-ਪਾਤ ਦੀ ਪਰਵਾਹ ਨਾ ਕਰਦਾ ਹੋਇਆ ਰਵਿਦਾਸ ਜੀ ਦੇ ਕੋਲ ਪੁੱਜਾ ਔਰ ਹੱਥ ਜੋੜ ਕੇ ਕਹਿੰਦਾ ਏ, ਗੁਰੂ ਮਹਾਰਾਜ, ਉਹੋ ਚਰਨਾਮ੍ਰਿਤ ਫਿਰ ਦਿਓ। ਰਵਿਦਾਸ ਨੇ ਕਿਹਾ, "ਹੁਣ ਨਹੀਂ। ਜਦ ਤੂੰ ਪਹਿਲੀ ਵਾਰ ਮੇਰੇ ਕੋਲ ਆਇਆ ਤਾਂ ਮੈਂ ਮਨ ਵਿਚ ਸੋਚਿਆ ਕਿ ਤੂੰ ਖੱਤਰੀ ਰਾਜਪੂਤ ਰਾਜਾ ਹੋ ਕੇ ਸ਼ੂਦਰ ਦੇ ਘਰ ਆਇਆ ਏਂ, ਤੈਨੂੰ ਉਹ ਚੀਜ਼ ਦਿਆਂ ਜਿਹੜੀ ਕਦੀ ਨਾਸ਼ ਨਾ ਹੋਵੇ। ਉਹ ਕੁੰਨ ਦਾ ਪਾਣੀ ਨਹੀਂ ਸੀ, ਅੰਮ੍ਰਿਤ ਸੀ, ਸੱਚਖੰਡ ਥੀਂ ਆਇਆ ਸੀ। ਮੈਂ ਕਿਹਾ, ਮੈਂ ਰੋਜ਼ ਹੀ ਪੀਂਦਾ ਹਾਂ, ਅੱਜ ਰਾਜਾ ਪੀ ਲਵੇ। ਮਗਰ ਤੂੰ ਚਮੜੇ ਦਾ ਪਾਣੀ ਸਮਝ ਕੇ ਘਿਰਣਾ ਕੀਤੀ ਔਰ ਕੁੜਤੇ ਵਿਚ ਗਿਰਾ ਲਿਆ। ਧੋਬੀ ਦੀ ਲੜਕੀ ਦਾਗ਼ ਚੂਸ ਕੇ ਮਹਾਤਮਾ ਬਣ ਗਈ। ਹੁਣ ਮੈਂ ਤੈਨੂੰ ਨਾਮ ਦੇ ਦਿਆਂਗਾ, ਕਮਾਈ ਕਰਕੇ ਉਸ ਦੌਲਤ ਨੂੰ ਪਰਗਟ ਕਰ ਲਈਂ।"[72]

"ਸਮਝ ਆ ਗਈ, ਵਿਸ਼ਵਾਸ ਹੋ ਗਿਆ, ਸ਼ੌਕ ਸੀ, ਨਾਮ ਲੈ ਕੇ ਕਮਾਈ ਕੀਤੀ ਔਰ ਮਹਾਤਮਾ ਬਣ ਗਿਆ। ਉਹਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ। ਰਾਜ ਵੀ ਕਰਦਾ ਸੀ, ਨਾਮ ਵੀ ਜਪਦਾ ਸੀ।"

ਇਸ ਘਟਨਾ ਤੋਂ ਸਾਫ਼ ਪਤਾ ਲੱਗਦਾ ਹੈ ਕਿ ਜਾਤ-ਪਾਤ, ਧਨ-ਦੌਲਤ ਅਤੇ ਸੰਸਾਰਿਕ ਮਾਣ-ਵਡਿਆਈ ਸੱਚੀ ਪ੍ਰਭੂ-ਭਗਤੀ ਅਤੇ ਨਾਮ ਦੀ ਪ੍ਰਾਪਤੀ ਵਿਚ ਕਿੰਨੀ ਵੱਡੀ ਰੁਕਾਵਟ ਬਣ ਸਕਦੀ ਹੈ ਪਰ ਜੋ ਲੋਕ ਪਰਮਾਤਮਾ ਨੂੰ ਵੱਡਾ ਸਮਝਦੇ ਹਨ ਅਤੇ ਸੰਸਾਰ ਨੂੰ ਛੋਟਾ, ਉਹ ਲੋਕ-ਲਾਜ ਤਜ ਕੇ ਨਿਝੱਕ ਹੋ ਕੇ ਜਿਥੋਂ ਵੀ ਨਾਮ ਦੀ ਦੌਲਤ ਮਿਲਦੀ ਹੈ, ਲੈਣ ਲਈ ਤਿਆਰ ਹੋ ਜਾਂਦੇ ਹਨ। ਕਬੀਰ ਸਾਹਿਬ ਨੇ ਬਹੁਤ ਸੁੰਦਰ ਉਪਦੇਸ਼ ਦਿੱਤਾ ਹੈ ਕਿ ਸੰਤਾਂ ਨਾਲ ਸਾਡਾ ਰੂਹਾਨੀ ਗਿਆਨ ਦੀ ਪ੍ਰਾਪਤੀ ਦਾ ਰਿਸ਼ਤਾ ਹੁੰਦਾ ਹੈ। ਬਿਨਾਂ ਆਪਣੀ ਜਾਂ ਸੰਤਾਂ ਦੀ ਜਾਤ ਦੀ ਪਰਵਾਹ ਕਰਨ ਦੇ, ਉਨ੍ਹਾਂ ਤੋਂ ਸਤਿ ਦਾ ਗਿਆਨ ਪ੍ਰਾਪਤ ਕਰ ਲੈਣਾ ਚਾਹੀਦਾ ਹੈ।

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਅਸਲ ਵਡਿਆਈ ਪ੍ਰਭੂ-ਭਗਤੀ ਦੀ ਹੈ ਅਤੇ ਜਿਸ ਦੇ ਅੰਦਰ ਇਹ ਵਡਿਆਈ ਪੈਦਾ ਹੋ ਜਾਂਦੀ ਹੈ, ਉਹ ਸੰਸਾਰਿਕ ਵਡਿਆਈ ਤੋਂ ਮੁਕਤ ਹੋ ਕੇ ਨਿਮਰਤਾ ਦੀ ਮੂਰਤ ਬਣ ਜਾਂਦਾ ਹੈ। ਬਿਨਾਂ ਆਪੇ, ਖ਼ੁਦੀ, ਹਉਮੈ ਜਾਂ ਹੰਕਾਰ ਦੇ ਤਿਆਗ ਦੇ, ਪ੍ਰਭੂ-ਭਗਤੀ ਦੀ ਦਾਤ ਨਸੀਬ ਨਹੀਂ ਹੁੰਦੀ ਅਤੇ ਜਦ ਇਹ ਦਾਤ ਮਿਲ ਜਾਂਦੀ ਹੈ ਤਾਂ ਹਉਮੈ ਖੰਭ ਲਾ ਕੇ ਉੱਡ ਜਾਂਦੀ ਹੈ:

ਭਗਤੀ ਐਸੀ ਸੁਨਹੁ ਰੇ ਭਾਈ। ਆਈ ਭਗਤਿ ਤਉ ਗਈ ਬਡਾਈ।

. . . .

ਕਹੈ 'ਰਵਿਦਾਸ' ਤੇਰੀ ਭਗਤਿ ਦੂਰ ਹੈ, ਭਾਗ ਬਡੈ ਸੋ ਪਾਵੈ।
ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹਵੈ ਚੁਣਿ ਖਾਵੈ॥[73]

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਪ੍ਰਭੂ ਭਗਤਾਂ ਦੀ ਅਸਲ ਜਾਤ ਪ੍ਰਭੂ ਦਾ ਨਾਮ ਹੁੰਦਾ ਹੈ : ਹਮਰੀ ਜਾਤਿ ਪਤਿ ਸਚੁ ਨਾਉ।[74] ਗੁਰੂ ਰਵਿਦਾਸ ਜੀ ਵੀ ਕਹਿੰਦੇ ਹਨ ਕਿ ਜਿਹੜਾ ਜੀਵ ਪ੍ਰਭੂ ਦੇ ਸੱਚੇ ਭਗਤਾਂ ਦੀ ਸ਼ਰਨ ਪ੍ਰਾਪਤ ਕਰਕੇ ਪਰਮਾਤਮਾ ਦੇ ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ, ਉਹ ਸਦਾ ਲਈ ਜਾਤ-ਪਾਤ ਅਤੇ ਆਵਾਗਵਨ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ :

ਤੁਝਹਿ ਸੁਝੰਤਾ ਕਛੂ ਨਾਹਿ॥ ਪਹਿਰਾਵਾ ਦੇਖੇ ਊਭਿ ਜਾਹਿ॥
ਗਰਬਵਤੀ ਕਾ ਨਾਹੀ ਠਾਉ॥ ਤੇਰੀ ਗਰਦਨਿ ਊਪਰਿ ਲਵੈ ਕਾਉ॥
. . . .
ਸਾਧੂ ਕੀ ਜਉ ਲੇਹਿ ਓਟ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥
ਕਹਿ ਰਵਿਦਾਸ ਜੁ ਜਪੈ ਨਾਮੁ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥[75]

ਪ੍ਰੀਯਾਦਾਸ ਰਚਿਤ 'ਭਗਤਿਰਸ ਬੋਧਿਨੀ' ਨਾਮੀ 'ਭਗਤ ਮਾਲ' ਦੇ ਟੀਕੇ ਵਿਚ ਆਉਂਦਾ ਹੈ ਕਿ ਚਿਤੌੜ ਦੀ ਝਾਲੀ ਰਾਣੀ ਰਵਿਦਾਸ ਜੀ ਦੀ ਸ਼ਰਨ ਪ੍ਰਾਪਤ ਕਰਕੇ ਉਨ੍ਹਾਂ ਦੀ ਸ਼ਿਸ਼ ਬਣ ਗਈ ਸੀ :

ਬਸਤ ਚਿਤੌਰ ਮਾਂਝ ਰਾਨੀ ਏਕ ਝਾਲੀ ਨਾਮ,
ਨਾਮ ਬਿਨ ਕਾਇ ਖਾਲੀ ਆਨਿ ਸ਼ਿਸ਼ ਭਈ ਹੈ।[76]

ਇਹ ਝਾਲੀ ਰਾਣੀ ਕੌਣ ਸੀ? ਇਸ ਬਾਰੇ ਪੂਰੀ ਤਰ੍ਹਾਂ ਕੁਝ ਪਤਾ ਨਹੀਂ ਲੱਗਦਾ। ਕਰਨਲ ਜੇਮਸ ਟਾਡ ਦਾ ਵਿਚਾਰ ਹੈ ਕਿ ਉਹ ਰਾਣਾ ਰਾਇਮੱਲ ਦੇ ਪਿਤਾ ਰਾਣਾ ਕੁੰਭਾ ਦੀ ਰਾਣੀ ਸੀ।[77] ਪਰ ਬੜਵਾ ਦੇਵੀਦੀਨ ਦੀ ਵਹੀ ਅਨੁਸਾਰ ਰਾਣਾ ਰਾਇਮੱਲ ਦੀਆਂ ਗਿਆਰਾਂ ਰਾਣੀਆਂ ਵਿਚੋਂ ਦੋ ਝਾਲਾ ਵੰਸ਼ ਵਿਚੋਂ ਸਨ। ਇਨ੍ਹਾਂ ਵਿੱਚੋਂ ਇੱਕ ਦਾ ਨਾਂ ਰਤਨ ਕੁੰਵਰ ਅਤੇ ਦੂਜੀ ਦਾ ਮਹਿਤਾਬ ਕੁੰਵਰ ਸੀ। ਰਾਣੀ ਰਤਨ ਕੁੰਵਰ ਹੀ ਰਾਣਾ ਸੰਗਰਾਮ ਸਿੰਘ (ਜਿਨ੍ਹਾਂ ਦਾ ਪ੍ਰਸਿੱਧ ਨਾਂ ਰਾਣਾ ਸਾਂਗਾ ਸੀ ਅਤੇ ਜਿਨ੍ਹਾਂ ਦੀ ਮੀਰਾ ਬਾਈ ਨੂੰਹ ਸੀ) ਦੀ ਮਾਤਾ ਸੀ। ਸੰਭਵ ਹੈ ਕਿ ਉਨ੍ਹਾਂ ਨੇ ਬਨਾਰਸ ਜਾ ਕੇ ਗੁਰੂ ਰਵਿਦਾਸ ਜੀ ਤੋਂ ਦੀਖਿਆ ਲਈ ਹੋਵੇ ਅਤੇ ਝਾਲਾ ਘਰ ਨਾਲ ਸੰਬੰਧ ਹੋਣ ਕਾਰਨ ਉਨ੍ਹਾਂ ਨੂੰ ਹੀ ਝਾਲੀ ਰਾਣੀ ਕਿਹਾ ਗਿਆ ਹੋਵੇ।[ੳ] [78]

ੳ. ਇਸ ਸੂਚਨਾ ਲਈ ਮੈਂ ਇੰਦੌਰ ਨਿਵਾਸੀ ਸ੍ਰੀ ਰਾਜੇਂਦਰ ਕੁਮਾਰ ਸੇਠੀ ਦਾ ਰਿਣੀ ਹਾਂ। ਉਨ੍ਹਾਂ ਨੇ ਸੀਤਾਮਾਓ ਨਿਵਾਸੀ ਡਾ. ਰਘੁਵੀਰ ਸਿੰਘ ਦੁਆਰਾ ਮੂਲ ਪੁਸਤਕ ਤੋਂ ਇਹ ਜਾਣਕਾਰੀ ਪ੍ਰਾਪਤ ਕਰ ਕੇ ਮੈਨੂੰ ਭੇਜੀ।

ਇਸ ਬਾਰੇ ਕੁਝ ਪਤਾ ਨਹੀਂ ਲੱਗਦਾ ਕਿ ਰਾਣੀ ਨੇ ਕਦੋਂ ਸਰੀਰ ਤਿਆਗਿਆ। ਹੋ ਸਕਦਾ ਹੈ ਕਿ 1516 ਈ. ਵਿਚ ਆਪਣੇ ਪੋਤੇ ਦੇ ਮੀਰਾ ਨਾਲ ਵਿਆਹੇ ਜਾਣ ਸਮੇਂ ਰਾਣੀ ਜ਼ਿੰਦਾ ਹੋਵੇ। ਕੁਝ ਵਿਦਵਾਨਾਂ ਦਾ ਇਹ ਵੀ ਖ਼ਿਆਲ ਹੈ ਕਿ ਝਾਲੀ ਰਾਣੀ ਰਾਣਾ ਸਾਂਗਾ ਦੀ ਪਤਨੀ ਸੀ।[79] ਕੁਝ ਵਿਦਵਾਨ ਉਹਨੂੰ ਰਾਣਾ ਸਾਂਗਾ ਦੇ ਸਭ ਤੋਂ ਛੋਟੇ ਪੁੱਤਰ ਰਾਣਾ ਉਦੈ ਸਿੰਘ ਦੀ ਪਤਨੀ ਵੀ ਮੰਨਦੇ ਹਨ।[80]

ਇਹ ਗੱਲ ਮਸ਼ਹੂਰ ਹੈ ਕਿ 1540 ਈ. ਵਿਚ ਜਦੋਂ ਰਾਣਾ ਉਦੈ ਸਿੰਘ ਨੇ ਰਾਜ ਗੱਦੀ ਸੰਭਾਲਣ ਤੋਂ ਉਪਰੰਤ ਗੁਰੂ ਰਵਿਦਾਸ ਜੀ ਦੀ ਸ਼ਿਸ਼ ਮੀਰਾ ਬਾਈ ਨੂੰ ਦੁਆਰਕਾ ਤੋਂ ਚਿਤੌੜ ਵਾਪਸ ਲਿਆਉਣ ਲਈ ਕੁਝ ਬ੍ਰਾਹਮਣ ਭੇਜੇ ਸਨ। ਹੋ ਸਕਦਾ ਹੈ ਉਨ੍ਹਾਂ ਦੀ ਆਪਣੀ ਪਤਨੀ ਝਾਲੀ ਰਾਣੀ ਨੇ ਹੀ, ਜਿਹੜੀ ਗੁਰੂ ਰਵਿਦਾਸ ਜੀ ਦੀ ਸ਼ਿਸ਼ ਬਣ ਗਈ ਹੋਵੇ, ਰਾਣਾ ਨੂੰ ਮੀਰਾ ਬਾਈ ਨੂੰ ਦੋਬਾਰਾ ਘਰ ਵਾਪਸ ਲਿਆਉਣ ਦੀ ਪ੍ਰੇਰਨਾ ਦਿੱਤੀ ਹੋਵੇ। ਪਰ ਹਾਲੇ ਪੂਰੇ ਇਤਿਹਾਸਿਕ ਸਬੂਤ ਨਹੀਂ ਮਿਲ ਸਕੇ ਅਤੇ ਰਾਣੀ ਝਾਲੀ ਬਾਰੇ ਪੱਕੀ ਤਰ੍ਹਾਂ ਕੁਝ ਕਹਿ ਸਕਣਾ ਸੰਭਵ ਨਹੀਂ। ਇਸ ਵਿਸ਼ੇ ਸੰਬੰਧੀ ਹਾਲੇ ਹੋਰ ਖੋਜ ਦੀ ਲੋੜ ਹੈ।

ਇੱਕ ਕਹਾਣੀ ਇਹ ਵੀ ਪ੍ਰਚੱਲਿਤ ਹੈ ਕਿ ਇਸ ਰਾਣੀ ਝਾਲੀ ਦੇ ਸੱਦੇ ਉੱਤੇ ਗੁਰੂ ਰਵਿਦਾਸ ਜੀ ਚਿਤੌੜ ਪਧਾਰੇ ਜਿੱਥੇ ਉਨ੍ਹਾਂ ਦਾ ਪ੍ਰੇਮ ਅਤੇ ਸਤਿਕਾਰ ਨਾਲ ਨਿੱਘਾ ਸੁਆਗਤ ਕੀਤਾ ਗਿਆ। ਉਨ੍ਹਾਂ ਦੇ ਆਉਣ ਦੀ ਖ਼ੁਸ਼ੀ ਵਿਚ ਇੱਕ ਭੋਜ ਦਾ ਪ੍ਰਬੰਧ ਕੀਤਾ ਗਿਆ। ਚਿਤੌੜ ਦੇ ਬ੍ਰਾਹਮਣਾਂ ਨੇ ਇੱਕੋ ਪੰਗਤ ਵਿਚ ਬੈਠ ਕੇ ਗੁਰੂ ਰਵਿਦਾਸ ਸ਼ੂਦਰ ਨਾਲ ਭੋਜਨ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੂੰ ਕੱਚਾ ਸੀਧਾ ਦੇ ਦਿੱਤਾ ਗਿਆ ਕਿ ਉਹ ਆਪਣੀ ਵੱਖਰੀ ਰਸੋਈ ਤਿਆਰ ਕਰਕੇ ਵੱਖਰੇ ਬੈਠ ਕੇ ਭੋਜਨ ਕਰ ਲੈਣ। ਜਦ ਬ੍ਰਾਹਮਣਾਂ ਨੇ ਆਪਣੀ ਰਸੋਈ ਤਿਆਰ ਕਰ ਲਈ ਅਤੇ ਵੱਖਰੀ ਪੰਗਤ ਵਿਚ ਬੈਠ ਕੇ ਭੋਜਨ ਕਰਨ ਲੱਗੇ ਤਾਂ ਉਹ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਹਰ ਦੋ ਬ੍ਰਾਹਮਣਾਂ ਦੇ ਵਿਚਕਾਰ ਇੱਕ ਰਵਿਦਾਸ ਜੀ ਬੈਠੇ ਹਨ। ਇਸ ਕੌਤਕ ਨੂੰ ਦੇਖ ਕੇ ਬ੍ਰਾਹਮਣ ਹੈਰਾਨ ਵੀ ਹੋਏ ਅਤੇ ਸ਼ਰਮਿੰਦਾ ਵੀ। ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਗੁਰੂ ਰਵਿਦਾਸ ਜੀ ਉੱਚੀ ਰੂਹਾਨੀ ਗਤੀ ਵਾਲੇ ਪੂਰਨ ਸੰਤ ਹਨ ਅਤੇ ਸਾਡਾ ਜਾਤ-ਪਾਤ ਦਾ ਮਾਣ ਫੋਕਾ ਅਤੇ ਥੋਥਾ ਹੈ। ਇਸ ਸਿਲਸਿਲੇ ਵਿਚ ਇਹ ਵੀ ਕਿਹਾ ਜਾਂਦਾ ਹੈ ਕਿ ਜਿਹੜੇ ਬ੍ਰਾਹਮਣ ਜਨੇਊ ਦਾ ਮਾਣ ਕਰਦੇ ਸਨ, ਉਨ੍ਹਾਂ ਨੂੰ ਗੁਰੂ ਰਵਿਦਾਸ ਜੀ ਨੇ ਆਪਣੀ ਚਮੜੀ ਦੇ ਅੰਦਰ ਸੁਨਹਿਰੀ ਜਨੇਊ ਚਮਕਦਾ ਹੋਇਆ ਦਿਖਾਇਆ। ਇਹ ਜਨੇਊ ਉਹ ਅੰਦਰਲਾ ਰੂਹਾਨੀ ਪ੍ਰਕਾਸ਼ ਹੈ ਜਿਸ ਨੂੰ ਦੇਖ ਕੇ ਬ੍ਰਾਹਮਣਾਂ ਦੀ ਚਰਮ-ਦ੍ਰਿਸ਼ਟੀ ਬੰਦ ਹੋ ਗਈ ਅਤੇ ਉਨ੍ਹਾਂ ਨੂੰ ਸੱਚੀ ਦਿੱਬ-ਦ੍ਰਿਸ਼ਟੀ ਪ੍ਰਾਪਤ ਹੋ ਗਈ।

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਬ੍ਰਾਹਮਣਾਂ ਨੂੰ ਉਨ੍ਹਾਂ ਦੇ ਜਨੇਊ ਪਾਉਣ ਦੀ ਵਿਅਰਥਤਾ ਦੱਸ ਦਿੱਤੀ। ਇਹ ਗੁਰੂ ਰਵਿਦਾਸ ਜੀ ਦੇ ਅੰਤਮ ਦਰਸ਼ਨ ਸਨ। ਇਸ ਤੋਂ ਬਾਦ ਉਹ ਕਿਸੇ ਨੂੰ ਦਿਖਾਈ ਨਾ ਦਿੱਤੇ। ਉਹ ਸਿਰਫ਼ ਆਪਣੇ ਪੈਰਾਂ ਦੀ ਪੈੜ ਛੱਡ ਕੇ ਸਦਾ ਲਈ ਅਲੋਪ ਹੋ ਗਏ। ਉਨ੍ਹਾਂ ਦੇ ਪੈਰਾਂ ਦੀ ਪੈੜ ਹਾਲੇ ਵੀ ਇੱਕ ਸਮਾਰਕ ਦੇ ਰੂਪ ਵਿਚ ਚਿਤੌੜ ਵਿਚ ਮੌਜੂਦ ਹੈ। ਅਨੰਤਦਾਸ ਜੀ ਕਹਿੰਦੇ ਹਨ ਕਿ ਜਿਵੇਂ ਬੂੰਦ ਸਾਗਰ ਵਿਚ ਸਮਾ ਕੇ ਸਾਗਰ ਦਾ ਰੂਪ ਹੋ ਜਾਂਦੀ ਹੈ, ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਆਤਮਾ, ਪਰਮਾਤਮਾ ਰੂਪੀ ਸਾਗਰ ਵਿਚ ਸਮਾ ਕੇ ਸਦਾ ਲਈ ਉਸ ਦਾ ਰੂਪ ਹੋ ਗਈ:

ਹਰਿ ਸਾਗਰ ਮੇਂ ਬੂੰਦ ਸਮਾਨੀ। ਕੋਊ ਨ ਜਾਨੇ ਕਹਾਂ ਸਿਰਾਨੀ।[81]

ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਗੁਰੂ ਜੀ ਨੇ ਆਪਣੇ ਜੀਵਨ ਦਾ ਅੰਤਮ ਸਾਲ ਬਨਾਰਸ ਵਿਖੇ ਹੀ ਬਿਤਾਇਆ[82] ਅਤੇ ਏਥੇ ਹੀ ਉਨ੍ਹਾਂ ਨੇ 126 ਸਾਲ ਦੀ ਉਮਰ ਭੋਗ ਕੇ 1540 ਈ. ਵਿਚ ਨਾਸ਼ਵਾਨ ਸਗੀਰ ਦਾ ਤਿਆਗ ਕੀਤਾ।

ਗੁਰੂ ਰਵਿਦਾਸ ਜੀ ਨੇ ਇੱਕ ਗ਼ਰੀਬ ਪਰਿਵਾਰ ਅਤੇ ਪਛੜੀ ਹੋਈ ਜਾਤ ਵਿਚ ਜਨਮ ਲੈ ਕੇ ਰੂਹਾਨੀ ਉੱਨਤੀ ਦੀ ਸਭ ਤੋਂ ਉੱਚੀ ਘਾਟੀ ਪਾਰ ਕੀਤੀ। ਉਨ੍ਹਾਂ ਨੇ ਬੜੀ ਨਿਮਰਤਾ ਅਤੇ ਸਹਿਨਸ਼ੀਲਤਾ ਪਰ ਪੂਰਨ ਨਿਡਰਤਾ ਨਾਲ ਸਭ ਜਾਤਾਂ ਅਤੇ ਧਰਮਾਂ ਦੇ ਲੋਕਾਂ ਵਿਚ ਸੱਚੀ ਪ੍ਰਭੂ-ਭਗਤੀ ਦਾ ਪ੍ਰਚਾਰ ਕੀਤਾ। ਸ਼ੁਰੂ ਵਿਚ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਬ੍ਰਾਹਮਣਾਂ ਨੂੰ ਵੀ ਜਦੋਂ ਉਨ੍ਹਾਂ ਦੀ ਰੂਹਾਨੀ ਵਡਿਆਈ ਦਾ ਗਿਆਨ ਹੋਇਆ ਤਾਂ ਉਹ ਉਨ੍ਹਾਂ ਦੇ ਚਰਨਾਂ ਵਿਚ ਮੱਥਾ ਟੇਕਣ ਵਿਚ ਖ਼ੁਸ਼ੀ ਅਤੇ ਵਡਿਆਈ ਮਹਿਸੂਸ ਕਰਨ ਲੱਗ ਪਏ। ਰਵਿਦਾਸ ਜੀ ਖ਼ੁਦ ਕਹਿੰਦੇ ਹਨ ਕਿ ਪਰਮਾਤਮਾ ਦੇ ਨਾਮ ਦੀ ਅਪਾਰ ਮਹਿਮਾ ਹੈ ਕਿ ਮੈਨੂੰ ਨੀਚੀ ਜਾਤੀ ਦਾ ਸ਼ੂਦਰ ਸਮਝ ਕੇ ਨਫ਼ਰਤ ਕਰਨ ਵਾਲੇ ਬ੍ਰਾਹਮਣ ਲੋਕ ਹੁਣ ਮੈਨੂੰ ਡੰਡੌਤ ਕਰ ਕੇ ਖ਼ੁਸ਼ ਹੁੰਦੇ ਹਨ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।[83]

ਗੁਰੂ ਰਵਿਦਾਸ ਦੇ ਸਮਕਾਲੀ ਅਤੇ ਬਾਦ ਦੇ ਸੰਤਾਂ-ਮਹਾਤਮਾਂ ਨੇ ਜਿਸ ਸ਼ਰਧਾ, ਪ੍ਰੇਮ ਅਤੇ ਸਤਿਕਾਰ ਨਾਲ ਆਪ ਦਾ ਨਾਮ ਲਿਆ ਹੈ ਉਸ ਤੋਂ ਸਾਫ਼ ਜ਼ਾਹਰ ਹੋ ਜਾਂਦਾ ਹੈ ਕਿ ਜਾਤ-ਪਾਤ ਅਤੇ ਬਾਹਰਮੁਖੀ ਕਰਮ-ਕਾਂਡ ਵਿਚ ਬੁਰੀ ਤਰ੍ਹਾਂ ਜਕੜੇ ਸਮਾਜ ਉੱਤੇ ਆਪ ਦੀ ਹਸਤੀ ਅਤੇ ਆਪ ਦੇ ਉਪਦੇਸ਼ ਦਾ ਡੂੰਘਾ ਪ੍ਰਭਾਵ ਪਿਆ। ਗੁਰੂ ਸਾਹਿਬਾਨ ਦੁਆਰਾ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਆਦਿ ਗ੍ਰੰਥ

ਵਿਚ ਸ਼ਾਮਲ ਕੀਤਾ ਜਾਣਾ ਅਤੇ ਕਬੀਰ ਸਾਹਿਬ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਦਾਦੂ ਸਾਹਿਬ, ਪਲਟੂ ਸਾਹਿਬ, ਤੁਕਾ ਰਾਮ ਜੀ, ਧੰਨਾ ਭਗਤ, ਟੇਕ ਨਾਥ, ਹਰਿਦਾਸ, ਦਇਆ ਬਾਈ, ਸੇਵਾ ਦਾਸ, ਸੁੰਦਰ ਦਾਸ, ਦਰਸ਼ਨ ਦਾਸ, ਭਗਤ ਪੀਪਾ ਜੀ ਅਤੇ ਮੀਰਾ ਬਾਈ ਆਦਿ ਦੁਆਰਾ ਆਪ ਦੀ ਅਪਾਰ ਮਹਿਮਾ ਕੀਤੀ ਜਾਣਾ, ਆਪਣੇ ਆਪ ਵਿਚ ਇਸ ਗੱਲ ਦਾ ਸਬੂਤ ਹੈ ਕਿ ਆਪ ਨੂੰ ਅਪਾਰ ਰੂਹਾਨੀ ਸ਼ਕਤੀ ਵਾਲੇ ਪੂਰਨ ਸੰਤ-ਸਤਿਗੁਰੂ ਮੰਨਿਆ ਜਾਂਦਾ ਸੀ।[ੳ] ਇਨ੍ਹਾਂ ਵਿੱਚੋਂ ਕੁਝ ਸੰਤਾਂ ਅਤੇ ਮਹਾਤਮਾਂ ਦੀਆਂ ਗੁਰੂ ਰਵਿਦਾਸ ਸੰਬੰਧੀ ਬਾਣੀਆਂ, ਇੱਥੇ ਉਦਾਹਰਨ ਵਜੋਂ ਦਿੱਤੀਆਂ ਜਾ ਰਹੀਆਂ ਹਨ।

ਕਬੀਰ ਸਾਹਿਬ ਦੀ ਗੁਰੂ ਰਵਿਦਾਸ ਸੰਬੰਧੀ ਬਾਣੀਆਂ ਦਾ ਉਲੇਖ ਇਸ ਅਧਿਆਇ ਦੇ ਅਰੰਭ ਵਿਚ ਹੀ ਕੀਤਾ ਜਾ ਚੁੱਕਿਆ ਹੈ ਜਿਸ ਵਿਚ ਉਨ੍ਹਾਂ ਨੇ ਰਵਿਦਾਸ ਜੀ ਨੂੰ ਸੰਤਾਂ ਵਿੱਚੋਂ ਇੱਕ ਸੱਚਾ ਸੰਤ ਮੰਨਿਆ ਹੈ ਅਤੇ ਕਿਹਾ ਹੈ ਕਿ ਰਵਿਦਾਸ ਜੀ ਸਦਾ ਪ੍ਰਭੂ ਦਾ ਪ੍ਰੇਮ ਰੂਪੀ ਅੰਮ੍ਰਿਤ ਪੀ ਕੇ ਮਸਤ ਰਹਿੰਦੇ ਸਨ:

ਸੰਤਨ ਮੇਂ ਰਵਿਦਾਸ ਸੰਤ ਹੈਂ।[84]

ਉਹ ਫਿਰ ਕਹਿੰਦੇ ਹਨ:

ਸੁਖਸਾਗਰ ਮੇਂ ਆਇਕੇ, ਮਤ ਜਾ ਰੇ ਪਿਆਸਾ॥
. . . . .
ਮ੍ਰਿਗਤ੍ਰਿਸਨਾ ਜਲ ਛਾੜ ਬਾਵਰੇ, ਕਰੋ ਸੁਧਾ ਰਸ ਆਸਾ॥
. . . . .
ਧ੍ਰੂ ਪ੍ਰਹਿਲਾਦ ਭਭੀਖਨ ਪੀਯਾ, ਔਰ ਪੀਯਾ ਰੈਦਾਸਾ॥
ਪ੍ਰੇਮਹਿ ਸੰਤ ਸਦਾ ਮਤਵਾਲਾ, ਏਕ ਨਾਮ ਕੀ ਆਸਾ॥
ਕਹੇਂ ਕਬੀਰ ਸੁਨੋ ਭਾਈ ਸਾਧੋ, ਮਿਟਿ ਗਈ ਭਵ ਕੀ ਬਾਸਾ॥[85]

ਪਲਟੂ ਸਾਹਿਬ ਦੀ ਬਾਣੀ ਦਾ ਉੱਲੇਖ ਵੀ ਪਹਿਲਾਂ ਇਸੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ ਜਿਸ ਵਿਚ ਉਨ੍ਹਾਂ ਨੇ ਰਵਿਦਾਸ ਜੀ ਦੀ ਸਰਲ ਅਤੇ ਨਿਰਛਲ ਭਗਤੀ ਦੇ ਸਾਹਮਣੇ ਪੰਡਿਤਾਂ ਅਤੇ ਪੁਜਾਰੀਆਂ ਦੇ ਕਰਮਕਾਂਡ ਅਤੇ ਬਾਹਰਲੀ ਪੂਜਾ-ਪਾਠ ਦੀ ਤੁੱਛਤਾ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕੀਤੀ ਹੈ:

ੳ. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦੀ ਪੁਸਤਕ 'ਗੁਰੂ ਰਵਿਦਾਸ' ਵਿਚ ਇਨ੍ਹਾਂ ਸੰਤਾਂ ਅਤੇ ਮਹਾਤਮਾਂ ਦੇ ਕੁਝ ਹਵਾਲੇ ਦਿੱਤੇ ਹੋਏ ਹਨ ਜਿਨ੍ਹਾਂ ਵਿਚ ਰਵਿਦਾਸ ਜੀ ਦਾ ਨਾਂ ਬੜੇ ਆਦਰ ਨਾਲ ਲਿਆ ਗਿਆ ਹੈ। ਦੇਖੋ ਪੰ. 43-45

ਨਹਾਤੇ ਤ੍ਰਿਕਾਲ ਰੋਜ ਪੰਡਿਤ ਅਚਾਰੀ ਬੜੇ,
ਸਦਾ ਪਟ ਬਸਤਰ ਸੂਤ ਅੰਗ ਨਾ ਲਗਾਈ ਹੈ।
ਪੂਜਾ ਨੈਬੇਦ ਆਰਤੀ ਕਰਤੇ ਹਮ ਬਿਧਿ ਬਿਧਾਨ,
ਚੰਦਨ ਔ ਤੁਲਸੀ ਭਲੀ ਭਾਂਤਿ ਸੇ ਚੜ੍ਹਾਈ ਹੈ।[86]

ਹਾਰੇ ਹਮ ਕੁਲੀਨ ਸਬ ਕੋਟਿ ਕੋਟਿ ਕੈ ਉਪਾਯ,
ਕੈਸੇ ਤੁਮ ਠਾਕੁਰ ਹਮ ਸਪਨੇਹੂੰ ਨ ਪਾਈ ਹੈ।
ਪਲਟੂਦਾਸ ਦੇਖੋਂ ਯਹ ਰੀਝ ਮੇਰੇ ਸਾਹਿਬ ਕੀ,
ਗਯੇ ਹੈ ਕਹਾਂ ਜਬ ਰੈਦਾਸ ਨੇ ਬੁਲਾਈ ਹੈ।[87]

ਆਦਿ ਗ੍ਰੰਥ ਵਿਚ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਵਰਨਨ ਕਰਦੇ ਹੋਏ ਗੁਰੂ ਰਾਮ ਦਾਸ ਜੀ ਕਹਿੰਦੇ ਹਨ:

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥[88]

ਉਹ ਫਿਰ ਕਹਿੰਦੇ ਹਨ:

ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ॥
ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥[89]

ਗੁਰੂ ਰਾਮ ਦਾਸ ਜੀ ਫਿਰ ਕਹਿੰਦੇ ਹਨ ਕਿ ਕਬੀਰ, ਨਾਨਕ ਅਤੇ ਨਾਮਦੇਵ ਵਾਂਗ ਹੀ ਗੁਰੂ ਰਵਿਦਾਸ ਜੀ ਵੀ ਪਰਮਾਤਮਾ ਦੇ ਧਿਆਨ ਦੁਆਰਾ ਪਰਮਾਤਮਾ ਦਾ ਰੂਪ ਬਣ ਗਏ ਸਨ:

ਕਬੀਰਿ ਧਿਆਇਓ ਏਕ ਰੰਗ॥ ਨਾਮਦੇਵ ਹਰਿ ਜੀਉ ਬਸਹਿ ਸੰਗਿ॥
ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥[90]

ਗੁਰੂ ਅਰਜਨ ਦੇਵ ਜੀ ਵੀ ਕਹਿੰਦੇ ਹਨ ਕਿ ਲੋਕਾਂ ਦੁਆਰਾ ਨੀਵੀਂ ਨਜ਼ਰ ਨਾਲ ਦੇਖੇ ਜਾਣ ਵਾਲੇ ਰਵਿਦਾਸ ਜੀ ਨੂੰ ਸਾਧ-ਸੰਗਤ ਦੁਆਰਾ ਪ੍ਰਭੂ ਦੇ ਦਰਸ਼ਨ ਹੋ ਗਏ:

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥[91]

ਮੀਰਾ ਬਾਈ ਨੇ ਵੀ ਬਾਰ-ਬਾਰ ਬੜੇ ਭਾਵ-ਭਰੇ ਸ਼ਬਦਾਂ ਵਿਚ ਆਪਣੇ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਅਤੇ ਉਨ੍ਹਾਂ ਦੇ ਉੱਤਮ ਉਪਕਾਰ ਦਾ ਵਰਨਨ ਕੀਤਾ ਹੈ:

ਗੁਰੂ ਮਿਲਿਯਾ ਮ੍ਹਾਨੇ ਰੈਦਾਸ ਨਾਮ ਨਹੀਂ ਛੋਡੂੰ॥[92]

ਮੇਰੋ ਮਨ ਲਾਗੋ ਹਰਿਜੀ ਸੂੰ, ਅਬ ਨ ਰਹੂੰਗੀ ਅਟਕੀ॥
ਗੁਰੂ ਮਿਲਿਯਾ ਰੈਦਾਸ ਜੀ, ਦੀਨ੍ਹੀ ਗਿਆਨ ਕੀ ਗੁਟਕੀ।
ਚੋਟ ਲਗੀ ਨਿਜ ਨਾਮ ਹਰਿ ਕੀ, ਮ੍ਹਾਂਰੇ ਹਿਵੜੇ ਖਟਕੀ॥[93]

ਮੀਰਾਂ ਨੇ ਗੋਵਿੰਦ ਮਿਲਿਯਾ ਜੀ, ਗੁਰੂ ਮਿਲਿਯਾ ਰੈਦਾਸ॥[94]

ਰੈਦਾਸ ਸੰਤ ਮਿਲੇ ਮੋਹਿ ਸਤਗੁਰੁ, ਦੀਨ੍ਹੀਂ ਸੁਰਤ ਸਹਦਾਨੀ॥
ਮੈਂ ਮਿਲੀ ਜਾਯ ਪਾਯ ਪਿਯ ਅਪਨਾ, ਤਬ ਮੋਰੀ ਪੀਰ ਬੁਝਾਨੀ॥
ਮੀਰਾਂ ਖਾਕ ਖਲਕ ਸਿਰ ਡਾਰੀ, ਮੈਂ ਅਪਨਾ ਘਰ ਜਾਨੀ॥[95]

ਗੁਰੂ ਰੈਦਾਸ ਮਿਲੇ ਮੋਹਿੰ ਪੂਰੇ, ਧੁਰ ਸੇ ਕਲਮ ਭਿੜੀ।
ਸਤਗੁਰੁ ਸੈਨ ਦਈ ਜਬ ਆ ਕੇ, ਜੋਤ ਮੇਂ ਜੋਤ ਰਲੀ॥[96]

ਪੀਪਾ ਜੀ ਨੇ ਆਪਣੇ ਗੁਰੂ ਰਵਿਦਾਸ ਜੀ ਦੀ ਮਹਾਨਤਾ ਪ੍ਰਗਟ ਕਰਦੇ ਹੋਏ ਬਹੁਤ ਸਪਸ਼ਟ ਤੌਰ ਤੇ ਕਿਹਾ ਹੈ ਕਿ ਜੇ ਰਵਿਦਾਸ ਜੀ ਅਤੇ ਕਬੀਰ ਜੀ ਨਾ ਹੁੰਦੇ ਤਾਂ ਕਲਜੁਗ ਦੇ ਪ੍ਰਭਾਵ ਨਾਲ ਲੋਕ-ਪ੍ਰਚਲਿਤ ਕੁਰੀਤਿਆਂ ਅਤੇ ਵੈਦਿਕ ਕਰਮਕਾਂਡ ਵਿਚ ਫਸ ਕੇ ਲੋਕ ਭਗਤੀ ਦਾ ਰੂਪ ਬਿਲਕੁਲ ਵਿਗਾੜ ਦਿੰਦੇ ਅਤੇ ਭਗਤੀ ਦਾ ਘੋਰ ਪਤਨ ਹੋ ਜਾਂਦਾ। ਪਰ ਇਨ੍ਹਾਂ ਦੋਹਾਂ ਨੇ ਭਗਤੀ ਦੇ ਵਿਗੜੇ ਰੂਪ ਤੋਂ ਲੋਕਾਂ ਨੂੰ ਮੁਕਤ ਕਰ ਕੇ ਉਨ੍ਹਾਂ ਨੂੰ ਸੱਚੀ ਅਤੇ ਨਿਰਮਲ ਭਗਤੀ ਦਾ ਰਾਹ ਦਿਖਾਇਆ:

ਜੇ ਕਲਿ ਰੈਦਾਸ ਕਬੀਰ ਨ ਹੋਤੇ।
ਲੋਕ ਵੇਦ ਅਰੁ ਕਲਿਜੁਗ ਮਿਲਿ ਕਰ ਭਗਤਿ ਰਸਾਤਲ ਦੇਤੇ॥[97]

ਨਾਭਾ ਦਾਸ ਜੀ ਵੀ ਕਹਿੰਦੇ ਹਨ ਕਿ ਬ੍ਰਾਹਮਣ, ਸੂਦਰ ਆਦਿ ਚੌਹਾਂ ਵਰਣਾਂ (ਜਾਤਾਂ) ਅਤੇ ਗ੍ਰਿਸਤ, ਸੰਨਿਆਸ ਆਦਿ ਚਾਰਾਂ ਆਸ਼ਰਮਾਂ ਦਾ ਹੰਕਾਰ ਤਿਆਗ ਕੇ, ਜਿਸ ਗੁਰੂ ਰਵਿਦਾਸ ਦੀ ਚਰਨ-ਧੂੜ ਦਾ ਸਾਰੇ ਸਤਿਕਾਰ ਕਰਦੇ ਹਨ, ਉਨ੍ਹਾਂ ਦੀ ਬਾਣੀ ਅਤਿਅੰਤ ਨਿਰਮਲ ਹੈ, ਜਿਹੜੀ ਹਿਰਦੇ ਦੇ ਭਰਮਾਂ ਦੀ ਗੰਢ ਨੂੰ ਵੱਢ ਦਿੰਦੀ ਹੈ:

ਵਰਣਾਸ਼ਰਮ ਅਭਿਮਾਨ ਤਜਿ, ਪਦ ਰਜ ਬੰਦਹਿ ਜਾਸੁ ਕੀ।
ਸੰਦੇਹ ਗ੍ਰੰਥਿ ਖੰਡਨ ਨਿਪੁਣ, ਵਾਣੀ ਵਿਮਲ ਰੈਦਾਸ ਕੀ॥[98]

ਸੰਦੇਸ਼

ਇਸ ਪੁਸਤਕ ਦੇ ਦੂਜੇ ਭਾਗ ਵਿਚ 'ਗੁਰੂ ਰਵਿਦਾਸ ਜੀ ਦੀ 'ਚੋਣਵੀਂ ਬਾਣੀ' ਸਿਰਲੇਖ ਹੇਠ ਗੁਰੂ ਜੀ ਦੇ ਉਪਦੇਸ਼ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ, ਪਰ ਆਪ ਦੀ ਸਿੱਖਿਆ ਦੇ ਬੁਨਿਆਦੀ ਪਹਿਲੂਆਂ ਨੂੰ ਸੰਖੇਪ ਅਤੇ ਸਪਸ਼ਟ ਰੂਪ ਵਿਚ ਵਿਚਾਰਨ ਨਾਲ ਆਪ ਦੇ ਉਪਦੇਸ਼ ਦੇ ਭਿੰਨ-ਭਿੰਨ ਪੱਖਾਂ ਦੀ ਮਹੱਤਾ ਸਮਝਣ ਵਿਚ ਸਹਾਇਤਾ ਮਿਲੇਗੀ।

ਨਿਰਪੱਖ ਤੌਰ ਤੇ ਵਿਚਾਰ ਕੀਤਿਆਂ ਮੰਨਣਾ ਪੈਂਦਾ ਹੈ ਕਿ ਸਤਿ ਇੱਕ ਹੈ ਅਤੇ ਇਹ ਕਦੇ ਬਦਲ ਨਹੀਂ ਸਕਦਾ। ਪੂਰਨ ਸੰਤ-ਮਹਾਤਮਾਂ ਕਿਸੇ ਵੀ ਦੇਸ਼, ਜਾਤੀ ਜਾਂ ਸਮੇਂ ਵਿਚ ਕਿਉਂ ਨਾ ਆਏ ਹੋਣ, ਉਨ੍ਹਾਂ ਸਭ ਦਾ ਸਤਿ ਦਾ ਅਨੁਭਵ ਅਤੇ ਉਪਦੇਸ਼ ਸਦਾ ਇੱਕੋ ਜਿਹਾ ਰਹਿੰਦਾ ਹੈ। ਪੂਰਨ ਸੰਤ ਧਰਮ, ਜਾਤੀ, ਸੰਪਰਦਾਇ, ਦੇਸ਼, ਰੰਗ-ਰੂਪ, ਕੌਮ ਅਤੇ ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਉੱਪਰ ਹੁੰਦੇ ਹਨ। ਉਹ ਸੰਸਾਰ ਵਿਚ ਕੋਈ ਨਵਾਂ ਧਰਮ ਜਾਂ ਸੰਪਰਦਾਇ ਚਲਾਉਣ ਲਈ ਨਹੀਂ ਆਉਂਦੇ। ਉਹ ਤਾਂ ਕੁੱਲ-ਮਾਲਕ ਤੋਂ ਵਿਛੜ ਕੇ ਆਵਾਗਵਨ ਦੇ ਚੱਕਰ ਵਿਚ ਫਸੀਆਂ ਰੂਹਾਂ ਨੂੰ ਦੋਬਾਰਾ ਆਪਣੇ ਸਰੋਤ ਨਾਲ ਮਿਲਾਉਣ ਲਈ ਆਉਂਦੇ ਹਨ। ਗੁਰੂ ਨਾਨਕ, ਨਾਮਦੇਵ, ਕਬੀਰ, ਜਗਜੀਵਨ, ਦਾਦੂ, ਪਲਟੂ, ਤੁਕਾਰਾਮ, ਗਰੀਬਦਾਸ, ਤੁਲਸੀ ਸਾਹਿਬ, ਸੁਆਮੀ ਜੀ ਮਹਾਰਾਜ ਅਤੇ ਦੂਸਰੇ ਸਭ ਪੂਰਨ ਸੰਤਾਂ, ਭਗਤਾਂ ਵਾਂਗ ਗੁਰੂ ਰਵਿਦਾਸ ਜੀ ਵੀ ਇਸੇ ਮਨੋਰਥ ਦੀ ਪੂਰਤੀ ਲਈ ਸੰਸਾਰ ਵਿਚ ਆਏ।

ਦੂਸਰੇ ਸੰਤਾਂ-ਭਗਤਾਂ ਵਾਂਗ ਗੁਰੂ ਰਵਿਦਾਸ ਜੀ ਨੇ ਮਨੁੱਖ-ਜਨਮ ਦੀ ਬਹੁਤ ਮਹਿਮਾ ਕੀਤੀ ਹੈ। ਆਪ ਕਹਿੰਦੇ ਹਨ ਕਿ ਮਨੁੱਖਾ-ਜਨਮ ਦੁਰਲਭ ਅਵਸਰ ਹੈ। ਅਨੇਕ ਜਨਮਾਂ ਦੇ ਸ਼ੁਭ ਕਰਮਾਂ ਸਦਕਾ ਮਨੁੱਖਾ-ਜਨਮ ਦੀ ਅਮੋਲਕ ਦਾਤ ਪ੍ਰਾਪਤ ਹੁੰਦੀ ਹੈ। ਅਨੰਤ ਕਾਲ ਤੋਂ ਚੁਰਾਸੀ ਦੇ ਚੱਕਰ ਵਿਚ ਫਸਿਆ ਜੀਵ, ਮਨੁੱਖ ਦੇ ਜਾਮੇ ਵਿਚ ਹੀ ਪਰਮਾਤਮਾ ਨਾਲ ਮਿਲਾਪ ਕਰ ਸਕਦਾ ਹੈ। ਮਨੁੱਖ ਦੇਹ ਪਾ ਕੇ ਮੋਹ-ਮਾਇਆ ਵੱਸ ਪਰਮੇਸ਼ਰ ਪ੍ਰਾਪਤੀ ਦੇ ਸੱਚੇ ਮਾਰਗ ਤੋਂ ਦੂਰ ਰਹਿਣ ਵਾਲੇ ਜੀਵ ਆਪਣਾ ਜਨਮ ਭੰਗ ਦੇ ਭਾੜੇ ਗੁਆ ਲੈਂਦੇ ਹਨ। ਉਹ ਜੀਵਨ ਦੇ ਮੂਲ ਉਦੇਸ਼ ਦੀ ਪ੍ਰਾਪਤੀ ਵਿਚ, ਜੋ ਪਰਮਾਤਮਾ ਨਾਲ ਮਿਲਾਪ ਕਰਨਾ ਹੈ, ਸਫਲ ਨਹੀਂ ਹੋ ਸਕਦੇ। ਗੁਰੂ ਰਵਿਦਾਸ ਜੀ ਕਹਿੰਦੇ ਹਨ :

ਦੂਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥[1]

ਨੈਨ ਉਘਾਰਿ ਨ ਪੇਖਿਓ, ਤੁਝ ਮਾਨੁਸ਼ ਜਨਮ ਕਿਹ ਲੇਖਾ ਰੇ।
ਪਾਉਂ ਪਸਾਰ ਕਿਮਿ ਸੋਈ ਪਰਿਔਂ, ਤੈਂ ਜਨਮ ਅਕਾਰਥ ਖੋਇਆ ਰੇ॥[2]

ਤਾਕੋਂ ਜਨਮ ਅਕਾਰਥ ਕਹੀਏ
ਵਿਸ਼ਿਅਨ ਰਤੁ ਸੰਸਾ ਭ੍ਰਮੁ ਅਟਕਿਓ, ਭੰਵਰ ਫੰਦ ਮੰਹੁ ਰਹੀਏ।

. . . .

ਕਹਿ ਰਵਿਦਾਸ ਜਉ ਵਿਆਪਹਿ ਘਟ ਘਟੁ, ਤਿਹਿ ਕਾਂਈ ਵਿਸਰੀਏ॥[3]

ਜਾ ਕੌ ਹਰਿ ਜੂ ਆਪੁ ਨਿਬਾਜਤ, ਤਿਹਿ ਤ੍ਰਿਵਿਧ ਤਾਪ ਨਹੀਂ ਵਾਧੈ।
ਜਮ ਕੌ ਦੂਤ ਛਾਂਡਿ ਕਰਿ ਭਾਜੈ, ਸਾਂਚਾ ਹਰਿ ਕਿੰਧੁ ਨ ਅਰਾਧੈ॥[4]

ਗੁਰੂ ਰਵਿਦਾਸ ਜੀ ਉਨ੍ਹਾਂ ਲੋਕਾਂ ਤੇ ਤਰਸ ਖਾਂਦੇ ਹਨ ਜੋ ਦੁਨੀਆ ਦੇ ਭੋਗਾਂ ਪਿੱਛੇ ਲੱਗ ਕੇ ਆਪਣਾ ਕੀਮਤੀ ਵਕਤ ਵਿਅਰਥ ਹੀ ਗੁਆ ਲੈਂਦੇ ਹਨ। ਉਹ ਬਾਹਰਲੀ ਚਮਕ-ਦਮਕ ਦੇ ਭਰਮ ਵਿਚ ਫਸ ਕੇ ਪ੍ਰਭੂ-ਪ੍ਰਾਪਤੀ ਦੇ ਅਨਮੋਲ ਅਵਸਰ ਨੂੰ ਖੋ ਬੈਠਦੇ ਹਨ। ਅਜਿਹੇ ਬਦ-ਕਿਸਮਤ ਲੋਕ ਸੁੱਚੇ ਹੀਰਿਆਂ ਨੂੰ ਛੱਡ ਕੇ ਕੌਡੀਆਂ ਦੇ ਪਿੱਛੇ ਖੱਜਲ ਹੋ ਰਹੇ ਹਨ। ਉਨ੍ਹਾਂ ਨੂੰ ਅੰਤ ਵੇਲੇ ਪਛਤਾਉਣਾ ਪੈਂਦਾ ਹੈ। ਉਹ ਲੋਕ ਜਮਾਂ ਦੇ ਹੱਥੋਂ ਖ਼ੁਆਰ ਹੁੰਦੇ ਹਨ ਅਤੇ ਨਰਕਾਂ ਦੇ ਤਸੀਹੇ ਭੋਗਦੇ ਹਨ :

ਰਾਖਹੁ ਕੰਧ ਉਸਾਰਹੁ ਨੀਵਾਂ। ਸਾਢੇ ਤੀਨਿ ਹਾਥ ਤੇਰੀ ਸੀਵਾਂ॥

. . . .

ਬੰਕੇ ਬਾਲ ਪਾਗ ਸਿਰਿ ਡੇਰੀ। ਇਹੁ ਤਨੁ ਹੋਇਗੋ ਭਸਮ ਕੀ ਢੇਰੀ॥
ਊਚੇ ਮੰਦਰ ਸੁੰਦਰ ਨਾਰੀ। ਰਾਮ ਨਾਮ ਬਿਨੁ ਬਾਜੀ ਹਾਰੀ॥[5]

ਊਚੇ ਮੰਦਰ ਸਾਲ ਰਸੋਈ। ਏਕ ਘਰੀ ਫੁਨਿ ਰਹਨੁ ਨ ਹੋਈ॥

. . . .

ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥[6]

ਹਰਿ ਸਾ ਹੀਰਾ ਛਾਂਡਿ ਕੈ, ਕਰੈਂ ਆਨ ਕੀ ਆਸ।
ਤੇ ਨਰ ਜਮਪੁਰ ਜਾਂਹਿਗੇ, ਸਤਿ ਭਾਖੈ 'ਰਵਿਦਾਸ'॥[7]

ਜਿਸ ਪ੍ਰਭੂ ਦੀ ਸਾਨੂੰ ਖੋਜ ਹੈ ਅਤੇ ਜਿਸ ਨੂੰ ਮਿਲਣਾ ਸਾਡੇ ਜੀਵਨ ਦਾ ਮੂਲ-ਉਦੇਸ਼ ਹੈ, ਉਹ ਸਾਰੇ ਸੰਸਾਰ ਦਾ ਇੱਕ ਪਰਮੇਸ਼ਰ ਹੈ। ਜਾਤਾਂ ਅਤੇ ਧਰਮ ਅਨੇਕ ਹੋ ਸਕਦੇ ਹਨ, ਪਰ ਪਰਮਾਤਮਾ ਅਨੇਕ ਨਹੀਂ ਹਨ। ਪਰਮਾਤਮਾ ਇੱਕ ਹੈ। ਉਹ ਰੰਗ, ਰੂਪ, ਦੇਸ, ਜਾਤੀ ਅਤੇ ਮਜ਼੍ਹਬ-ਮੁਲਕ ਦੇ ਭੇਦ ਤੋਂ ਪਰੇ ਹੈ। ਇਨ੍ਹਾਂ ਬਾਹਰਮੁਖੀ ਵਿਤਕਰਿਆਂ ਦਾ ਪਰਮਾਤਮਾ ਦੀ ਭਗਤੀ ਨਾਲ ਕੋਈ ਸੰਬੰਧ ਨਹੀਂ ਹੈ :

ਜਨਮ ਜਾਤ ਮਤ ਪੂਛੀਏ, ਕਾ ਜਾਤ ਅਰੁ ਪਾਤ।
ਰਵਿਦਾਸ ਪੂਤ ਸਭ ਪ੍ਰਭੁ ਕੇ, ਕੋਊ ਨਹਿ ਜਾਤ ਕੁਜਾਤ॥[8]

ਜਾਤ ਪਾਂਤ ਕੇ ਫੇਰ ਮਹਿ, ਉਰਝਿ ਰਹਈ ਸਭ ਲੋਗ।
ਮਾਨੁਖਤਾ ਕੂੰ ਖਾਤ ਹਇ, 'ਰਵਿਦਾਸ' ਜਾਤ ਕਰ ਰੋਗ॥[9]

ਸਭ ਜੀਵ ਇੱਕ ਪਰਮਾਤਮਾ ਦੀ ਸੰਤਾਨ ਹਨ। ਸਭ ਵਿਚ ਪੂਰਨ ਸਮਾਨਤਾ ਹੈ। ਅਸੀਂ ਜਾਤ-ਪਾਤ, ਮਜ਼੍ਹਬ-ਮੁਲਕ, ਕੌਮ-ਨਸਲ ਅਤੇ ਪਰਵਾਰ ਕਾਰਨ ਨਹੀਂ, ਆਪਣੇ ਕਰਮਾਂ ਕਾਰਨ ਚੰਗੇ-ਮੰਦੇ ਬਣਦੇ ਹਾਂ। ਵਡਿਆਈ ਕਰਮਾਂ ਦੀ ਹੈ, ਜਨਮ ਜਾਂ ਜਾਤੀ ਦੀ ਨਹੀਂ। ਗੁਰੂ ਜੀ ਕਹਿੰਦੇ ਹਨ ਕਿ ਸਭ ਜੀਵ ਇੱਕੋ ਨਾਦ ਭਾਵ ਸ਼ਬਦ ਜਾਂ ਨਾਮ ਵਿੱਚੋਂ ਜਨਮੇ ਹਨ। ਸਭ ਵਿਚ ਇੱਕੋ ਧੁਨੀ ਗੂੰਜ ਰਹੀ ਹੈ ਅਤੇ ਇੱਕੋ ਪ੍ਰਕਾਸ਼ ਚਮਕ ਰਿਹਾ ਹੈ। ਪ੍ਰਭੂ-ਭਗਤੀ ਦੇ ਗੁਣ ਤੋਂ ਖ਼ਾਲੀ ਬ੍ਰਾਹਮਣ ਦੀ ਥਾਂ ਪ੍ਰਭੂ-ਭਗਤੀ ਦੇ ਰੰਗ ਵਿਚ ਰੰਗੇ ਚੰਡਾਲ ਦੀ ਪੂਜਾ ਕਰਨੀ ਬਿਹਤਰ ਹੈ :

ਇਕ ਜੋਤਿ ਤੇ ਜਉ ਸਭ ਉਪਜੈਂ, ਤਉ ਊਚ ਨੀਚ ਕਸ ਮਾਨ।
'ਰਵਿਦਾਸ' ਨਾਮ ਕਤ ਧਰੈਂ ਕਹੁੰ ਕੋ, ਨਾਦ ਬਿੰਦ ਹੈ ਸਮਾਨ॥[ੳ] [10]

'ਰਵਿਦਾਸ' ਉਪਜਈ ਸਭ ਇਕ ਨੂਰ ਤੇਂ, ਬਾਹਮਣ ਮੁੱਲਾ ਸੇਖ।[ਅ]
ਸਭ ਕੋ ਕਰਤਾ ਏਕ ਹੈ, ਸਭ ਕੂੰ ਏਕ ਹੀ ਪੇਖ॥[11]

'ਰਵਿਦਾਸ' ਬਾਹਮਨ ਮਤਿ ਪੂਜੀਏ, ਜਉ ਹੋਵੈ ਗੁਨਹੀਨ।
ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੈ ਗੁਨ ਪਰਵੀਨ॥[12]

ੳ. ਨਾਦ ਬਿੰਦ=ਸ਼ਬਦ-ਧੁਨ। ਅ. ਸੇਖ=ਮੁਸਲਮਾਨਾਂ ਦੀਆਂ ਚਾਰ ਪ੍ਰਸਿੱਧ ਜ਼ਾਤੀਆਂ (ਸ਼ੇਖ, ਸੱਯਦ, ਮੁਗ਼ਲ ਅਤੇ ਪਠਾਨ) ਵਿੱਚੋਂ ਇੱਕ।

ਪੰਚ ਦੋਸ਼ ਤਜਿ ਜੋ ਰਹਈ, ਸੰਤ ਚਰਨ ਲਵ ਲੀਨ ੳ
'ਰਵਿਦਾਸ' ਤੇ ਹੀ ਨਰ ਜਾਨਈ ਊਂਚਹ ਅਰੁ ਕੁਲੀਨ ॥[13]

ਜੇਕਰ ਇਹ ਪਤਾ ਲੱਗ ਵੀ ਜਾਵੇ ਕਿ ਪਰਮਾਤਮਾ ਕੇਵਲ ਮਨੁੱਖ ਜਨਮ ਵਿਚ ਮਿਲਦਾ ਹੈ ਤਾਂ ਇਹ ਸਮਝ ਨਹੀਂ ਲਗਦੀ ਕਿ ਉਹ ਕਿੱਥੋਂ ਅਤੇ ਕਿਵੇਂ ਮਿਲਦਾ ਹੈ। ਲੋਕ ਅਗਿਆਨਤਾ, ਕੱਟੜਤਾ, ਅੰਧ-ਵਿਸ਼ਵਾਸ ਜਾਂ ਪ੍ਰੋਹਤਾਂ, ਪੁਜਾਰੀਆਂ ਦੇ ਗ਼ਲਤ ਪ੍ਰਚਾਰ ਕਾਰਨ ਪ੍ਰਭੂ-ਪ੍ਰਾਪਤੀ ਦੇ ਸੱਚੇ ਮਾਰਗ ਤੋਂ ਦੂਰ ਭਟਕ ਜਾਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਉਹ ਘਰ ਬੈਠੇ ਪਰਮਾਤਮਾ ਨੂੰ ਬਾਹਰ ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਤੀਰਥ-ਸਥਾਨਾਂ ਅਤੇ ਜੰਗਲਾਂ-ਪਹਾੜਾਂ ਵਿਚ ਖੋਜਦੇ ਫਿਰਦੇ ਹਨ। ਉਹ ਅੰਤਰਮੁਖੀ ਭਗਤੀ ਨੂੰ ਤਿਆਗ ਕੇ ਬਾਹਰਮੁਖੀ ਕਰਮ-ਕਾਂਡ ਵਿਚ ਫਸ ਜਾਂਦੇ ਹਨ। ਗੁਰੂ ਰਵਿਦਾਸ ਜੀ ਜੀਵ ਨੂੰ ਸੁਚੇਤ ਕਰਦੇ ਹਨ ਕਿ ਪਰਮਾਤਮਾ ਤੇਰੇ ਆਪਣੇ ਅੰਦਰ ਹੈ ਅਤੇ ਉਸ ਨਾਲ ਮਿਲਣ ਦਾ ਰਸਤਾ ਵੀ ਅੰਦਰ ਹੈ। ਉਸ ਨੂੰ ਬਾਹਰੋਂ ਢੂੰਡਣ ਦਾ ਜਤਨ ਵਿਅਰਥ ਹੈ। ਪਰਛਾਵਾਂ ਸ਼ੀਸ਼ੇ ਵਿਚ ਅਤੇ ਸੁਗੰਧੀ ਫੁੱਲ ਵਿਚ ਹੈ। ਇਸੇ ਤਰ੍ਹਾਂ ਉਹ ਸਰਵ-ਵਿਆਪਕ ਪ੍ਰਭੂ ਹਰ ਇੱਕ ਦੇ ਅੰਦਰ ਬਿਰਾਜਮਾਨ ਹੈ:

ਮੁਕਰ ਮਾਂਹ ਪਰਛਾਈਂ ਜਿਉਂ, ਪੁਹਪ ਮਧੇ ਜਿਉਂ ਬਾਸ।
ਤੈਸਉ ਹੀ ਸ੍ਰੀਹਰਿ ਬਸੈ, ਹਿਰਦੈ ਮਧੇ 'ਰਵਿਦਾਸ' ॥[14]

ਬਨ ਖੋਜਨ ਕਾ ਜਾਈ ਰੇ, ਰਾਮ ਤਉ ਅਲੋਪਾ ਨਾਂਹ।
ਸਰਵ ਬਿਆਪੀ ਰਾਮ ਤੋਂ, 'ਰਵਿਦਾਸ' ਸਭਨ ਕੈ ਮਾਂਹ ॥[15]

ਕਾਬੇ ਅਰੁ ਕੈਲਾਸ ਮਹਿ, ਜਿਹ ਕੂੰ ਢੂਢਣ ਜਾਂਹ।ਅ
'ਰਵਿਦਾਸ' ਪਿਆਰਾ ਰਾਮ ਤਉ, ਬਈਠਹਿ ਮਨ ਮਾਂਹ ॥[16]

ੳ. **ਪੰਚ ਦੋਸ਼**=ਕਾਮ, ਕ੍ਰੋਧ, ਲੋਭ, ਮੋਹ, ਅਤੇ ਹੰਕਾਰ—ਇਨ੍ਹਾਂ ਨੂੰ ਪੰਜ ਦੋਸ਼ ਜਾਂ ਪੰਜ-ਵਿਕਾਰ ਕਿਹਾ ਜਾਂਦਾ ਹੈ। ਅ. **ਕਾਬੇ**=ਮੱਕਾ ਸ਼ਹਿਰ (ਜਿੱਥੇ ਮੁਹੰਮਦ ਸਾਹਿਬ ਰਹਿੰਦੇ ਸਨ) ਦੀ ਇੱਕ ਚਕੋਰ ਧਾਰਮਿਕ ਇਮਾਰਤ ਜਿੱਥੇ ਮੁਸਲਮਾਨ ਹੱਜ ਕਰਨ ਜਾਂਦੇ ਹਨ। ਇਸ ਲਈ ਇਹ ਮੁਸਲਮਾਨਾਂ ਦਾ ਇੱਕ ਪਵਿੱਤਰ ਤੀਰਥ-ਸਥਾਨ ਮੰਨਿਆ ਜਾਂਦਾ ਹੈ; **ਕੈਲਾਸ**=ਹਿਮਾਲਿਆ ਦੀ ਇੱਕ ਪ੍ਰਸਿੱਧ ਚੋਟੀ ਜਿਸਨੂੰ ਹਿੰਦੂ ਸ਼ਿਵ ਦਾ ਨਿਵਾਸ-ਸਥਾਨ ਮੰਨਦੇ ਹਨ। ਇਸ ਲਈ ਇਹ ਹਿੰਦੂਆਂ ਦਾ ਇੱਕ ਪਵਿੱਤਰ ਤੀਰਥ-ਸਥਾਨ ਮੰਨਿਆ ਜਾਂਦਾ ਹੈ।

ਗਿਰਿ ਬਨ ਕਾਹੇ ਖੋਜਨ ਜਾਈ, ਘਟ ਅਭਿਅੰਤਰ ਖੋਜਹੁ ਭਾਈ।
ਪੁਹੁਪ ਮਧੇ ਜਿਉਂ ਵਾਸ ਬਸਤ ਹੈ, ਤਿਉਂ ਸਭ ਘਟ ਰਮਹਿ ਰਘੁਰਾਈ॥
ਬਾਹਰਿ ਖੋਜਤ ਜਨਮ ਸਿਰਾਨੌ, ਮ੍ਰਿਗ ਤ੍ਰਿਸਨਾ ਰਹਿਓ ਉਰਝਾਈ।
ਰਾਮ ਚਰਨ ਮਹਿੰ ਥਿਰ ਮਨ ਰਾਖਹੁ, ਰਿਦੈ ਕੰਵਲ ਬਸੈ ਰਘੁਰਾਈ॥[17]

ਅੰਦਰ ਬੈਠੇ ਪਰਮਾਤਮਾ ਨੂੰ ਬਾਹਰਮੁਖੀ ਪੂਜਾ ਦੁਆਰਾ ਨਹੀਂ, ਅੰਤਰਮੁਖੀ ਪੂਜਾ ਜਾਂ ਅਭਿਆਸ ਦੁਆਰਾ ਹੀ ਪਾ ਸਕਦੇ ਹਾਂ। ਇਹ ਪੂਜਾ ਸਿਮਰਨ ਅਤੇ ਧਿਆਨ ਦੀ ਸਹਾਇਤਾ ਨਾਲ ਮਨ ਨੂੰ ਬਾਹਰੋਂ ਪਲਟ ਕੇ ਅੰਦਰ ਇਕਾਗਰ ਕਰਨਾ ਹੈ ਤਾਂ ਜੋ ਉਹ ਅੰਦਰੋਂ ਪਰਮਾਤਮਾ ਦੇ ਨਾਮ ਦੀ ਧੁਨੀ ਨੂੰ ਸੁਣ ਸਕੇ ਅਤੇ ਪਰਮਾਤਮਾ ਦੇ ਪ੍ਰਕਾਸ਼ ਨੂੰ ਦੇਖ ਸਕੇ। ਆਪ ਇਸ਼ਾਰਾ ਕਰਦੇ ਹਨ ਕਿ ਸੰਸਾਰ ਅਤੇ ਸਰੀਰ ਵਿਚ ਫੈਲੇ ਹੋਏ ਖ਼ਿਆਲ ਨੂੰ ਅੰਦਰ ਮੋੜਨ ਨਾਲ ਮਨ ਉਨਮਨੀ ਅਵਸਥਾ ਵਿਚ ਪਹੁੰਚ ਕੇ ਅੰਦਰੋਂ ਪਰਮਾਤਮਾ ਦਾ ਪ੍ਰਕਾਸ਼ ਦੇਖਣ ਦੇ ਕਾਬਲ ਬਣ ਜਾਂਦਾ ਹੈ।

ਆਪ ਫ਼ਰਮਾਉਂਦੇ ਹਨ ਕਿ ਜਦੋਂ ਬਾਹਰ ਸੰਸਾਰ ਅਤੇ ਸਰੀਰ ਦੇ ਨੌਂ ਦੁਆਰਿਆਂ ਵਿਚ ਭਟਕਣ ਵਾਲਾ ਮਨ, ਅੰਦਰ ਅੱਖਾਂ ਪਿੱਛੇ ਟਿਕ ਕੇ ਬੈਠ ਜਾਂਦਾ ਹੈ ਤਾਂ ਇਹ ਆਪਣੇ ਆਪ ਆਪਣੇ ਸਰੋਤ ਵਿਚ ਸਮਾ ਜਾਂਦਾ ਹੈ। ਇਸ ਨਾਲ ਆਤਮਾ ਮਨ ਦੇ ਪੰਜੇ ਤੋਂ ਆਜ਼ਾਦ ਹੋ ਕੇ ਪਰਮਾਤਮਾ ਨਾਲ ਮਿਲਾਪ ਕਰਨ ਦੇ ਕਾਬਲ ਬਣ ਜਾਂਦੀ ਹੈ। ਆਪ ਕਹਿੰਦੇ ਹਨ ਕਿ ਮਨ ਨੂੰ ਅੰਦਰ ਪਰਮਾਤਮਾ ਦੇ ਸ਼ਬਦ ਦੀ ਧੁਨੀ ਅਤੇ ਪ੍ਰਕਾਸ਼ ਵਿਚ ਲੀਨ ਕਰਨਾ ਹੀ ਸੱਚੀ ਪ੍ਰਭੂ-ਭਗਤੀ ਅਤੇ ਪਰਮੇਸ਼ਰ ਪੂਜਾ ਹੈ ਜਿਸ ਲਈ ਜੀਵ ਨੂੰ ਕਿਤੇ ਬਾਹਰ ਜਾਣ ਦੀ ਲੋੜ ਨਹੀਂ ਪੈਂਦੀ :

ਬਾਹਰ ਖੋਜਤ ਕਾ ਫਿਰਈ, ਘਟ ਭੀਤਰ ਹੀ ਖੋਜ।
'ਰਵਿਦਾਸ' ਉਨਮਨਿ ਸਾਧਿਕਰ, ਦੇਖਹੁ ਪੀਆ ਕੂੰ ਓਜ॥[18]

ਜਾ ਕਾਰਨਿ ਮੈਂ ਦੌਰਿਓ ਫਿਰਤੌ, ਸੋ ਅਬ ਘਟ ਮੈਂ ਆਈ।
ਪਾਂਚੂ ਮੇਰੀ ਸਖੀ ਸਹੇਲੀ, ਤਿਨ ਨਿਧਿ ਦਈ ਦਿਖਾਈ।
ਅਬ ਮਨ ਫੂਲਿ ਭਇਓ ਜਗ ਮਹਿਆਂ, ਉਲਟਿ ਆਪ ਮਹਿ ਸਮਾਈ॥[ੳ] [19]

ੳ. **ਫੂਲਿ**=ਖਿੜਿਆ ਹੋਇਆ, ਪ੍ਰਸੰਨ; **ਮਹਿਆਂ**=ਵਿਚ।

ਮਨ ਹੀ ਪੂਜਾ ਮਨ ਹੀ ਧੂਪ, ਮਨ ਹੀ ਸੇਊਂ ਸਹਜ ਸਰੂਪ।[20]

ਆਪ ਦਾ ਭਾਵ ਹੈ ਕਿ ਧਿਆਨ ਨੂੰ ਸਿਮਰਨ ਦੁਆਰਾ ਸਰੀਰ ਦੇ ਨੌਂ ਦੁਆਰਿਆਂ ਵਿੱਚੋਂ ਸਮੇਟ ਕੇ ਦਸਵੇਂ ਦਰਵਾਜ਼ੇ ਜਾਂ ਤੀਸਰੇ ਤਿਲ ਵਿਚ ਇਕਾਗਰ ਕਰਨਾ ਜ਼ਰੂਰੀ ਹੈ ਤਾਂ ਜੋ ਜੀਵਾਤਮਾ ਅੰਦਰੋਂ ਪਰਮਾਤਮਾ ਦੇ ਪ੍ਰਕਾਸ਼ ਨਾਲ ਜੁੜ ਸਕੇ। ਇਹ ਨੁਕਤਾ ਦੋਹਾਂ ਅੱਖਾਂ ਦੇ ਪਿੱਛੇ ਅਤੇ ਵਿਚਕਾਰ ਹੈ। ਇਸ ਨੁਕਤੇ ਨੂੰ ਸ਼ਿਵ-ਨੇਤਰ, ਦਿੱਬ-ਚਕਸ਼ੂ, ਘਰ-ਦਰ ਆਦਿ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਇਸ ਨੂੰ 'ਹਰਿਦੁਆਰ' ਭਾਵ 'ਹਰੀ ਦਾ ਦਰਵਾਜ਼ਾ' ਕਿਹਾ ਹੈ ਕਿਉਂਕਿ ਇਸ ਵਿਚ ਦਾਖ਼ਲ ਹੋਣ ਨਾਲ ਹੀ ਅਸੀਂ ਹਰੀ ਤੱਕ ਪਹੁੰਚ ਸਕਦੇ ਹਾਂ। ਇਸ ਨੁਕਤੇ ਉੱਤੇ ਧਿਆਨ ਇਕਾਗਰ ਕਰਨਾ ਹੀ ਅਭਿਆਸ ਦੀ ਪਹਿਲੀ ਪੌੜੀ ਹੈ, ਜਿਸ ਦੁਆਰਾ ਸਾਧਕ ਅੰਦਰਲੇ ਰੂਹਾਨੀ ਮੰਡਲਾਂ ਵਿਚ ਦਾਖ਼ਲ ਹੋ ਜਾਂਦਾ ਹੈ। ਇਸ ਅੰਦਰਲੇ ਰੂਹਾਨੀ ਜਗਤ ਨੂੰ ਗੁਰੂ ਰਵਿਦਾਸ ਅਤੇ ਹੋਰ ਪੂਰਨ ਸੰਤਾਂ ਨੇ 'ਗਗਨ ਮੰਡਲ' ਕਿਹਾ ਹੈ,[ੳ] ਜਿੱਥੇ ਪਹੁੰਚ ਕੇ ਧੁਨੀ ਵੀ ਸੁਣਾਈ ਦਿੰਦੀ ਹੈ ਅਤੇ ਸ਼ਬਦ ਦਾ ਪ੍ਰਕਾਸ਼ ਵੀ ਦਿਖਾਈ ਦਿੰਦਾ ਹੈ। ਇਥੇ ਦਿਨ-ਰਾਤ ਸ਼ਬਦ ਦਾ ਪ੍ਰਕਾਸ਼ ਬਰਸ ਰਿਹਾ ਹੈ ਅਤੇ ਸ਼ਬਦ ਦੀਆਂ ਮਧੁਰ ਧੁਨਾਂ ਉੱਠ ਰਹੀਆਂ ਹਨ, ਮਾਨੋਂ ਅੰਦਰ ਦਿਨ-ਰਾਤ ਇੱਕ ਅਲੌਕਿਕ ਆਰਤੀ ਹੋ ਰਹੀ ਹੋਵੇ। ਇਸ ਆਰਤੀ ਵਿਚ ਮਨ ਨੂੰ ਮਗਨ ਕਰਨਾ ਹੀ ਸੱਚੀ ਪ੍ਰਭੂ-ਭਗਤੀ ਹੈ, ਜਿਸ ਦੁਆਰਾ ਜੀਵ ਮਨ, ਮਾਇਆ ਦੇ ਸਭ ਬੰਧਨ ਤੋੜ ਕੇ ਅਤੇ ਭਵ-ਸਾਗਰ ਨੂੰ ਪਾਰ ਕਰ ਕੇ ਪਰਮਾਤਮਾ ਨਾਲ ਮਿਲਾਪ ਕਰ ਲੈਂਦਾ ਹੈ। ਜਿਸ ਤਰ੍ਹਾਂ ਕਿ ਰਵਿਦਾਸ ਜੀ ਕਹਿੰਦੇ ਹਨ :

ੳ. ਗਗਨ ਮੰਡਲ ਵਿਚ ਉਰਧਮੁਖ ਕੁਈਆ ਗੁਰਮੁਖ ਸਾਧੂ ਭਰ-ਭਰ ਪੀਆ।[21]

ਆਕਾਸੇ ਮੁਖੀ ਔਧਾ ਕੂਆ, ਪਾਤਾਲੇ ਪਨਿਹਾਰਿ।

ਤਾਕਾ ਪਾਨੀ ਕੋ ਹੰਸਾ ਪੀਵੈ, ਵਿਰਲਾ ਆਦਿ ਬਿਚਾਰਿ।।[22]

ਉਲਟਾ ਕੂਵਾ ਗਗਨ ਮੇਂ ਤਿਸ ਮੇਂ ਜਰੈ ਚਿਰਾਗ।[23]

ਧੁਨ ਆਨੈ ਜੋ ਗਗਨ ਕੀ ਸੋ ਮੇਰਾ ਗੁਰਦੇਵ।[24]

ਗਗਨ ਮੰਡਲ ਮੇਂ ਸੇਜ ਪੀਆ ਕੀ ਕਿਸ ਵਿਧਿ ਮਿਲਨਾ ਹੋਇ।[25]

ਲਖਿ ਆਕਾਸ ਔਂਧਾ ਕੂਆ, ਹੂਆ ਨੂਰ ਕਾ ਤੇਜ।[26]

ਦੇਸਵਾ ਉਰਧ ਮੁਖ ਕੁਈਆਂ।[27]

ਸੁਰਤ ਚੜ੍ਹਾਇ ਗਗਨ ਪਰ ਧਾਓ। ਸੁੰਨ ਸ਼ਿਖਰ ਕੇ ਪਾਰਾ।[28]

ਜਗ ਕੋ ਜਾਰ ਧਸੋ ਨਭ ਅੰਦਰ। ਮੰਦਰ ਪਰਖ ਨਿਸ਼ਾਨੀ।।[29]

ਪਲੁ ਪਲੁ ਛਿਨੁ ਛਿਨੁ ਸਿਮਰੀਏ, ਜੌ ਲੌਰੇ ਹਰਿ ਦੁਆਰ।[ੳ] [30]

ਗਗਨ ਮੰਡਲ ਮੈਂ ਆਰਤੀ ਕੀਜੈ, ਨਾਦ ਬਿੰਦ ਇਕ ਮੇਕ ਕਰੀਜੈ।

. . . .

ਸਹਸ ਕੰਵਲ ਸਿੰਘਾਸਨ ਰਾਜੈ, ਅਨਹਦ ਝੰਜਨ ਨ੍ਰਿੱਤ ਹੀ ਬਾਜੈ॥
ਇੰਹ ਵਿਧਿ ਆਰਤੀ ਸਾਂਚੀ ਸੇਵਾ, ਪਰਮ ਪੁਰਿਖ ਅਲਖ ਅਭੇਵਾ।[ਅ]
ਕਹੈ 'ਰਵਿਦਾਸ' ਗੁਰਦੇਵ ਬਤਾਵੈ, ਐਸੀ ਆਰਤੀ ਪਾਰ ਲੰਘਾਵੈ॥[31]

ਅਨੇਕ ਤਰ੍ਹਾਂ ਦੇ ਭੇਖ ਧਾਰਨਾ, ਮਾਲਾ ਫੇਰਨਾ ਅਤੇ ਤਿਲਕ ਲਾਉਣਾ ਆਦਿ ਕੇਵਲ ਬਾਹਰਮੁਖੀ ਦਿਖਾਵੇ ਹਨ। ਇਸ ਤਰ੍ਹਾਂ ਦੇ ਸਭ ਪੂਜਾ-ਪਾਠ ਅਤੇ ਕਰਮ-ਕਾਂਡ ਵਿਅਰਥ ਹਨ। ਨਾ ਭੇਸ ਬਦਲਣ ਨਾਲ ਪਰਮਾਤਮਾ ਨੂੰ ਧੋਖਾ ਦਿੱਤਾ ਜਾ ਸਕਦਾ ਹੈ ਅਤੇ ਨਾ ਹੀ ਬਾਹਰਮੁਖੀ ਪੂਜਾ ਦੁਆਰਾ ਉਸ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੇ ਅਡੰਬਰਾਂ ਵਿਚ ਫਸਣ ਵਾਲੇ ਲੋਕ ਆਤਮਾ ਅਤੇ ਪਰਮਾਤਮਾ ਦੇ ਵਿਚਕਾਰ ਪਏ ਫਾਸਲੇ ਨੂੰ ਹੋਰ ਲੰਮਾ ਕਰ ਲੈਂਦੇ ਹਨ। ਉਹ ਖ਼ੁਦ ਵੀ ਭਰਮਾਂ ਵਿਚ ਫਸਦੇ ਹਨ ਅਤੇ ਦੂਸਰਿਆਂ ਨੂੰ ਵੀ ਵਹਿਮਾਂ ਵਿਚ ਫਸਾਉਂਦੇ ਹਨ। ਇਸ ਨਾਲ ਮਨੁੱਖ ਦੇ ਮਨ ਅਤੇ ਮਾਇਆ ਦੇ ਬੰਧਨ ਹੋਰ ਪੀਡੇ ਹੋ ਜਾਂਦੇ ਹਨ। ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਬਾਹਰਲੇ ਦਿਖਾਵਿਆਂ ਨਾਲ ਸੰਸਾਰ ਨੂੰ ਅਤੇ ਆਪਣੇ ਆਪ ਨੂੰ ਧੋਖਾ ਦਿੱਤਾ ਜਾ ਸਕਦਾ ਹੈ ਪਰ ਜਗ ਦੀ ਰਚਨਾ ਕਰਨ ਵਾਲੇ ਸਰਵ-ਗਿਆਤਾ ਪਰਮੇਸ਼ਰ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ :

ਪਾਂਡੇ! ਹਰਿ ਵਿਚਿ ਅੰਤਰ ਡਾਢਾ,
ਮੂੰਡ ਮੁਡਾਵੈ ਸੇਵਾ ਪੂਜਾ, ਭ੍ਰਮ ਕਾ ਬੰਧਨ ਗਾੜ੍ਹਾ।
ਮਾਲਾ ਤਿਲਕ ਮਨੋਹਰ ਬਾਨੌਂ, ਲਾਗੌਂ ਜਮ ਕੀ ਪਾਸੀ।
ਜੌ ਹਰਿ ਸੇਤੀ ਜੋਡਿਆ ਚਾਹੌਂ, ਤੌਂ ਜਗ ਸੌਂ ਰਹੌਂ ਉਦਾਸੀ॥[32]

ਅਨਿਕ ਕੌਤਗ ਕਲਾ ਕਾਛੈ ਕਛੇ, ਬਹੁਰਿ ਸਾਂਗ ਦਿਖਾਵੈਂ।[ੲ]
ਮੂਰਖਿ ਆਪਨ ਆਪੁ ਸਮੁਝਿ ਨਹਿਂ, ਔਰਨਿ ਕਾ ਸਮੁਝਾਵੈਂ॥

. . . .

ਕਪਟ ਕੀਆਂ ਰੀਝਈ ਨਹਿ ਕੇਸੌ, ਜਗੁ ਕਰਤਾ ਨਹਿ ਕਾਂਚਾ॥

ੳ. ਲੌਰੇ=ਚਾਹੇ, ਇੱਛਾ ਕਰੇ। ਅ. ਅਭੇਵਾ=ਭੇਦ ਰਹਿਤ। ੲ. ਕੌਤਗ=ਕੌਤਕ, ਤਮਾਸ਼ਾ।

ਕਹਿ ਰਵਿਦਾਸ ਭਜੋ ਹਰਿ ਮਾਧੌ, ਸੇਵਗ ਹਵੈ ਮਨ ਸਾਂਚਾ॥[33]

ਕਹਾ ਡਿੰਭ ਬਾਹਰ ਕੀਐਂ, ਹਰਿ ਕਨਕ ਕਸੌਟੀ ਹਾਰ।[ੳ]

. . . .

ਕਹਾ ਭਇਓ ਬਹੁ ਪਾਖੰਡ ਕੀਐ, ਹਰਿ ਹਿਰਦੈ ਸੁਪਨੈਂ ਨ ਜਾਂਨ।
ਜਿਉਂ ਦਾਰਾ ਬਿਭਚਾਰਿਨੀ, ਮੁਖ ਪਤਿਵਰਤਾ ਜੀਅ ਆਂਨ॥[34]

ਅੰਤਰ ਗਤਿ ਰਾਂਚੈ ਨਹੀਂ, ਬਾਹਰ ਕਰੈ ਉਜਾਸ।[ਅ]
ਤੇ ਨਰ ਜਮਪੁਰ ਜਾਂਹਿਗੇ, ਸਤ ਭਾਖੈ 'ਰਵਿਦਾਸ'॥[35]

ਦੇਤਾ ਰਹੇ ਹੱਜ਼ਾਰ ਬਰਸ, ਮੁੱਲਾ ਚਾਹੇ ਅਜਾਨ।[ੲ]
'ਰਵਿਦਾਸ' ਖ਼ੁਦਾ ਨਹਿ ਮਿਲ ਸਕਈ, ਜੌ ਲੌਂ ਮਨ ਸ਼ੈਤਾਨ॥[36]

ਮਾਥੈ ਤਿਲਕ ਹਾਥ ਜਪ ਮਾਲਾ, ਜਗ ਠਗਨੇ ਕੂੰ ਸਵਾਂਗ ਬਨਾਇਆ।
ਮਾਰਗ ਛਾਂਡਿ ਕੁਮਾਰਗ ਡਹਕੈ, ਸਾਂਚੀ ਪ੍ਰੀਤ ਬਿਨੁ ਰਾਮ ਨ ਪਾਇਆ॥[ਸ] [37]

ਪਰਮਾਤਮਾ ਸਾਡੇ ਅੰਦਰ ਹੈ ਪਰ ਮੋਹ-ਮਾਇਆ ਅਤੇ ਹਉਮੈਂ ਦੇ ਪਰਦੇ ਕਾਰਨ ਅਸੀਂ ਅੰਦਰ ਬੈਠੇ ਪਰਮਾਤਮਾ ਨੂੰ ਦੇਖ ਨਹੀਂ ਸਕਦੇ। ਮਨ ਅਤੇ ਮਾਇਆ ਦੇ ਅਸਰ ਹੇਠ ਅਸੀਂ ਅਨੇਕ ਤਰ੍ਹਾਂ ਦੇ ਕਰਮ ਕਰ ਬੈਠਦੇ ਹਾਂ, ਜਿਨ੍ਹਾਂ ਦਾ ਫਲ ਭੋਗਣ ਲਈ ਸਾਨੂੰ ਬਾਰ-ਬਾਰ ਸੰਸਾਰ ਵਿਚ ਜਨਮ ਲੈਣਾ ਪੈਂਦਾ ਹੈ। ਜਦ ਤਾਈਂ ਕਿਸੇ ਪੂਰਨ ਸੰਤ-ਸਤਿਗੁਰੂ ਤੋਂ ਨਾਮ ਦੀ ਬਖ਼ਸ਼ਿਸ਼ ਪ੍ਰਾਪਤ ਨਹੀਂ ਹੁੰਦੀ ਅਤੇ ਅਸੀਂ ਉਹਦੇ ਹੁਕਮ ਅਨੁਸਾਰ ਨਾਮ ਦੀ ਕਮਾਈ ਨਹੀਂ ਕਰਦੇ, ਮਨ-ਮਾਇਆ ਅਤੇ ਹਉਮੈਂ ਦਾ ਨਾਸ਼ ਨਹੀਂ ਹੋ ਸਕਦਾ ਅਤੇ ਅਸੀਂ ਜਨਮ-ਮਰਨ ਦਾ ਚੱਕਰ ਤੋੜ ਕੇ ਪਰਮਾਤਮਾ ਨਾਲ ਮਿਲਾਪ ਨਹੀਂ ਕਰ ਸਕਦੇ। ਗੁਰੂ ਰਵਿਦਾਸ ਜੀ ਸਾਨੂੰ ਮਨ-ਮਾਇਆ ਦੇ ਖ਼ਤਰਨਾਕ ਧੋਖਿਆਂ ਤੋਂ ਵੀ ਸਾਵਧਾਨ ਕਰਦੇ ਹਨ ਅਤੇ ਮਨ ਨੂੰ ਵੱਸ ਕਰਕੇ ਆਵਾਗਵਨ ਦੇ ਬੰਧਨ ਤੋੜਨ ਦੀ ਜੁਗਤੀ ਵੀ ਸਮਝਾਉਂਦੇ ਹਨ। ਇਹ ਜੁਗਤੀ ਮਨ ਨੂੰ ਸ਼ਬਦ ਜਾਂ ਨਾਮ ਵਿਚ ਲੀਨ ਕਰਨਾ ਹੈ।

ੳ. **ਡਿੰਭ**=ਧੋਖਾ; **ਹਰਿ...ਹਾਰ**=ਪਰਮਾਤਮਾ ਭਗਤੀ ਰੂਪੀ ਸੋਨੇ ਨੂੰ ਸੱਚਾਈ ਰੂਪੀ ਕਸੌਟੀ ਤੇ ਪਰਖਦਾ ਹੈ। ਅ. **ਰਾਂਚੈ ਨਹੀਂ**=ਜੋ ਦਿਲੋਂ ਪ੍ਰਭੂ-ਪ੍ਰੇਮ ਵਿਚ ਲੀਨ ਨਹੀਂ ਹੁੰਦੇ; **ਉਜਾਸ**=ਉਜਾਲਾ। ੲ. **ਅਜਾਨ**=ਮਸਜਦ ਵਿਚ ਨਮਾਜ਼ ਦੀ ਬਾਂਗ। ਸ. **ਡਹਕੈ**=ਠਗਿਆ ਜਾਣਾ।

ਸਾਡਾ ਮਨ ਸਦਾ ਸੁਖ ਅਤੇ ਸੁਆਦ ਦੀ ਤਲਾਸ਼ ਵਿਚ ਰਹਿੰਦਾ ਹੈ। ਦੁਨੀਆ ਦਾ ਕੋਈ ਸੁਆਦ ਇਸ ਨੂੰ ਸਦਾ ਲਈ ਸ਼ਾਂਤ ਨਹੀਂ ਕਰ ਸਕਦਾ। ਮਾਇਆ ਦੇ ਪ੍ਰਭਾਵ ਅਧੀਨ ਮਨ, ਸੰਸਾਰ ਦੇ ਜ਼ਹਿਰੀਲੇ ਭੋਗਾਂ ਨੂੰ ਹੀ ਸੱਚੇ ਸੁਖ ਦਾ ਸਾਧਨ ਸਮਝਣ ਦੀ ਅਗਿਆਨਤਾ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਵਿਸ਼ੇ-ਵਿਕਾਰਾਂ ਅਤੇ ਇੰਦਰੀਆਂ ਦੇ ਭੋਗਾਂ ਵਿਚ ਲਿਪਤ ਹੋ ਕੇ ਅਜਿਹੇ ਕਰਮ ਕਰ ਬੈਠਦਾ ਹੈ ਜਿਨ੍ਹਾਂ ਦਾ ਫਲ ਭੋਗਣ ਲਈ ਇਹ ਸਦਾ ਆਵਾਗਵਨ ਦੇ ਦੁੱਖ ਭੋਗਦਾ ਰਹਿੰਦਾ ਹੈ :

ਮਨ ਮੋਰਾ ਮਾਇਆ ਮਹਿੰ ਲਪਟਾਨੋ।
ਵਿਸਾ ਸਕਤ ਰਹਿਓ ਨਿਸਵਾਸਰ ਅਜਹੁੰ ਨਹਿੰ ਅਘਾਨੋ॥[38]

ਮੈਂ ਕਾ ਜਾਨੌਂ ਦੇਵ ਮੈਂ ਕਾ ਜਾਨੌਂ, ਮਨ ਮਾਇਆ ਕੇ ਹਾਥ ਬਿਕਾਨੌਂ॥
ਚੰਚਲ ਮਨਵਾਂ ਚਹੁੰ ਦਿਸ ਧਾਵੈ, ਪਾਚੋਂ ਇੰਦਰੀ ਥਿਰ ਨ ਰਹਾਵੈ॥
ਇਨ ਮਿਲਿ ਮੋਰੌ ਮਨ ਜੁ ਬਿਗਾਰਿਓ, ਦਿਨ ਦਿਨ ਹਰਿ ਜੀ ਸੂ ਅੰਤਰਪਾਰਿਓ॥

. . . .

ਜਮ ਦੂਤਨ ਬਹੁ ਵਿਧਿ ਕਰਿ ਮਾਰਿਓ, ਤਉ ਨਿਲਜ ਮਨ ਅਜਹੂੰ ਨਹਿ ਹਾਰਿਓ॥[39]

ਬਰਜਿ ਹੋ ਬਰਜਿ ਬੀਠੁਲੇ, ਮਾਇਆ ਜਗ ਖਾਇਆ[ੳ]
ਮਹਾ ਪ੍ਰਬਲ ਸਭ ਹੀ ਬਸ ਕੀਏ, ਸੁਰ ਨਰ ਮੁਨੀ ਭਰਮਾਇਆ॥[40]

ਮਾਇਆ ਦੀਪਕ ਪੇਖ ਕਰਿ, ਨਰ ਪਤੰਗ ਅੰਧਿਆਇ।[ਅ]
ਰਵਿਦਾਸੁ ਗੁਰੂ ਰਾ ਗਿਆਨ ਬਿਨੁ, ਵਿਰਲਾ ਕੌ ਬਚਿ ਜਾਇ॥[41]

ਯਹੁ ਸੰਸਾਰ ਕਜਲਿ ਕੂੰ ਕੋਠਰੀ, ਅਰੁ ਵਿਸ਼-ਹਊਂ ਰਾ ਕੂਵਾ[ੲ]
ਕਹਿ ਰਵਿਦਾਸ ਹਉਮੈਂ ਜਗ ਖਾਇਆ, ਜਿਉਂ ਨਲਿਨੀ ਭੂ ਸੂਵਾ॥[ਸ 42]

ਗੁਰੂ ਰਵਿਦਾਸ ਜੀ ਦੱਸਦੇ ਹਨ ਕਿ ਕੀਤੇ ਹੋਏ ਕਰਮ ਸਾਡੇ ਲਈ ਬੰਧਨ ਬਣ ਜਾਂਦੇ ਹਨ। ਇਨ੍ਹਾਂ ਕਰਮਾਂ ਦੇ ਪ੍ਰਭਾਵ ਤੋਂ ਬਚ ਸਕਣਾ ਅਸੰਭਵ ਹੈ। ਇਨ੍ਹਾਂ ਦਾ

ੳ. **ਬੀਠੁਲੇ**=ਪਰਮਾਤਮਾ ਦਾ ਇੱਕ ਨਾਂ। ਅ. **ਅੰਧਿਆਇ**=ਅੰਨ੍ਹੇ ਹੋ ਜਾਣਾ। ੲ. **ਕੂਵਾ**=ਹੰਕਾਰ ਰੂਪੀ ਜ਼ਹਿਰ ਦਾ ਖੂਹ। ਸ. **ਸੂਵਾ**=ਤੋਤਾ ਫੜਨ ਵਾਲਾ ਜੰਤਰ ਜਿਹੜਾ ਤੋਤੇ ਦੀ ਬੋਲੀ ਬੋਲ ਕੇ ਧੋਖੇ ਨਾਲ ਤੋਤੇ ਨੂੰ ਪਕੜ ਲੈਂਦਾ ਹੈ।

ਨਤੀਜਾ ਭੁਗਤਣ ਲਈ ਜੀਵ ਨੂੰ ਬਾਰ-ਬਾਰ ਅਨੇਕ ਜੂਨਾਂ ਵਿਚ ਜਨਮ ਲੈਣਾ ਪੈਂਦਾ ਹੈ :

ਜੋ ਜਿਹਿ ਕਰੈ ਵੈਸਾ ਹੀ ਪਾਵੈ, ਕਰਮ ਫਲ ਤਤਿ ਕਾਲ ਨਿਬੇਰੇ।[43]

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥[44]

ਜੋ ਕਛੂ ਬੋਵਾ ਲੁਨੀਐ ਸੋਈ, ਤਾ ਮੈਂ ਫੇਰ ਫਾਰ ਨਹਿ ਹੋਈ।[ੳ]
ਛਾੜਿ ਕੂਰ ਭਜੋ ਹਰਿ ਚਰਨਾ, ਤਾਕਾ ਮਿਟੈ ਜਨਮ ਅਰੁ ਮਰਨਾ॥[45]

ਲੀਉ ਵਿਵਿਧ ਯੋਨਿ ਬਾਸ, ਜਮ ਕੀ ਅਗਮ ਤ੍ਰਾਸ,
ਤੁਮਰੇ ਭਜਨ ਬਿਨ ਭ੍ਰਮਤ ਫਿਰਿਓ।[46]

ਅਨਿਕ ਬਾਰ ਜੰਮੇ ਅਰੁ ਮਰੀਏ, ਫੁਨਿ ਹੌਂ ਭਮਰਿ ਨ ਪਰਿ ਹੈਂ।
ਪਤਰਿ ਨਾਵ ਖੇਵਟੀਆ ਗੁਰੂ ਰਾਮਾ, ਨਾਮ ਲੇਤ ਹੀ ਤਰਿ ਹੈਂ॥[47]

ਜਦ ਤੱਕ ਮਨ ਵਿਸ਼ਿਆਂ ਦਾ ਤਿਆਗ ਕਰਕੇ ਅੰਤਰਮੁਖ ਨਹੀਂ ਹੁੰਦਾ, ਰੂਹਾਨੀ ਤਰੱਕੀ ਨਹੀਂ ਹੋ ਸਕਦੀ ਅਤੇ ਜਦ ਤੱਕ ਮਨ ਅੰਦਰ ਜਾ ਕੇ ਸ਼ਬਦ ਦਾ ਰਸ ਨਹੀਂ ਲੈਂਦਾ ਇਹ ਵਿਸ਼ਿਆਂ ਦਾ ਤਿਆਗ ਨਹੀਂ ਕਰ ਸਕਦਾ। ਮਨ ਲੱਜ਼ਤ ਦਾ ਆਸ਼ਕ ਹੈ। ਜਦ ਤੱਕ ਇਸ ਨੂੰ ਸੰਸਾਰਿਕ ਭੋਗਾਂ ਤੋਂ ਉੱਚੀ-ਸੁੱਚੀ ਲੱਜ਼ਤ ਨਹੀਂ ਮਿਲਦੀ, ਇਸ ਦੀ ਦੌੜ-ਭੱਜ ਨਹੀਂ ਰੁਕ ਸਕਦੀ। ਨਾਮ ਉਹ ਮਹਾਂ ਰਸ ਹੈ ਜਿਸਨੂੰ ਪਾ ਕੇ ਮਨ ਨਿਹਚਲ ਹੋ ਜਾਂਦਾ ਹੈ। ਸ਼ਬਦ ਦੀ ਉੱਚੀ-ਸੁੱਚੀ ਲੱਜ਼ਤ ਪਾ ਕੇ ਮਨ ਨੂੰ ਸੰਸਾਰਿਕ ਭੋਗਾਂ ਦੇ ਸੁਖ ਫਿੱਕੇ ਲੱਗਣ ਲੱਗ ਪੈਂਦੇ ਹਨ। ਇਹ ਅੰਦਰਲੇ ਰਸ ਵਿਚ ਏਨਾ ਮਗਨ ਹੋ ਜਾਂਦਾ ਹੈ ਕਿ ਇਸ ਨੂੰ ਕੋਈ ਦੂਸਰਾ ਰਸ ਚੰਗਾ ਨਹੀਂ ਲੱਗਦਾ। ਇਹ ਬਦੋਬਦੀ ਸ਼ਬਦ ਵੱਲ ਜਾਂਦਾ ਹੈ। ਜਿਉਂ-ਜਿਉਂ ਇਹ ਸ਼ਬਦ ਦਾ ਰਸ ਪੀਂਦਾ ਹੈ ਇਸ ਵਿਚ ਤ੍ਰਿਪਤ ਅਤੇ ਸ਼ਾਂਤੀ ਆਉਂਦੀ ਜਾਂਦੀ ਹੈ। ਸ਼ਬਦ ਵਿਚ ਲੀਨ ਹੋਣ ਨਾਲ ਕਰਮਾਂ ਦੀਆਂ ਮੈਲਾਂ ਝੜਦੀਆਂ ਜਾਂਦੀਆਂ ਹਨ ਅਤੇ ਮਨ, ਆਤਮਾ ਨਿਰਮਲ ਹੋ ਕੇ ਉੱਪਰ ਚੜ੍ਹਾਈ ਕਰਨ ਦੇ ਕਾਬਲ ਬਣ ਜਾਂਦੇ ਹਨ :

ੳ. ਲੁਨੀਐ=ਭੋਗਣਾ।

ਮਨ ਮਲੀਨ ਬਿਖਿਆ ਰਸ ਲੰਪਟ, ਤੌ ਹਰਿ ਨਾਂਵ ਸੰਭਾਲੈ।[48]

ਸੁ ਕਛੁ ਵਿਚਾਰਿਓ, ਤਾਥੈਂ ਮੇਰੋ ਮਨ ਥਿਰ ਹੋ ਰਹਿਓ।
ਹਰਿ ਰੰਗ ਲਾਗੋ ਤਾਥੈਂ ਮੇਰੋ ਬਰਨ ਪਲਟਿ ਭਇਓ॥[49]

ਜੌ ਜਨ ਰਾਂਮ ਨਾਂਮ ਰੰਗ ਰਾਤੇ, ਔਰ ਰੰਗ ਨ ਸੁਹੈਹੈਂ।[50]

ਰੇ ਪਾਇਓ ਰੰ ਰਾਮ ਅਮੀ ਰਸ।
ਰਸ ਜਿਨਿ ਮਗਨ ਹਵੈ ਰਹਿਆ। ਰਰੰਕਾਰ ਰਾਖੇ ਨਿਤ ਰਸਨਾ।
ਇਹੁ ਰਸ ਪੀਬ ਰਾਮ ਰਸ ਬੂਝੇ। ਅਪੁ ਮਗਨ ਰਹਿ ਹਵੈ ਦਿਨ ਰੈਨਾ॥[51]

ਇਕ ਬੂੰਦ ਸੌਂ ਬੁਝਿ ਗਈ, ਜਨਮ ਜਨਮ ਕੀ ਪਿਆਸ।
ਜਨਮ ਮਰਨ ਬੰਧਨ ਟੂਟਈ, ਭਏ 'ਰਵਿਦਾਸ' ਖਲਾਸ॥[52]

'ਰਵਿਦਾਸ' ਮਦੁਰਾ ਕਾ ਪੀਜੀਐ, ਜੌ ਚੜੈ ਚੜੈ ਉਤਰਾਇ।
ਨਾਂਵ ਮਹਾਰਸ ਪੀਜੀਐ, ਜੌ ਚੜੌਂ ਨਾਹਿੰ ਉਤਰਾਇ॥[53]

ਨਾਮ ਪਰਮਾਤਮਾ ਦਾ ਰੂਪ ਹੈ। ਨਾਮ ਦਾ ਰਸ ਪੀਣ ਨਾਲ ਹੀ ਮਨ ਵਿਚ ਪਰਮਾਤਮਾ ਦਾ ਸੱਚਾ ਪ੍ਰੇਮ ਪੈਦਾ ਹੁੰਦਾ ਹੈ ਅਤੇ ਇਸ ਦੁਆਰਾ ਹੀ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ। ਉਹ ਸਰਵ-ਵਿਆਪਕ ਪ੍ਰਭੂ ਸਾਡੇ ਅੰਦਰ ਹੈ, ਪਰ ਜਦ ਤੱਕ ਉਸ ਦੇ ਨਾਮ ਦੀ ਪਾਰਸ ਛੋਹ ਪ੍ਰਾਪਤ ਨਹੀਂ ਹੁੰਦੀ, ਸਾਡਾ ਮਨ ਸੋਨਾ (ਨਿਰਮਲ) ਨਹੀਂ ਬਣ ਸਕਦਾ ਅਤੇ ਅਸੀਂ ਆਪਣੇ ਅੰਦਰ ਗੁਪਤ ਪਰਮਾਤਮਾ ਨੂੰ ਪ੍ਰਗਟ ਨਹੀਂ ਕਰ ਸਕਦੇ :

ਸਬ ਨਿਵਾਸੀ ਰਾਮ ਜੂ, ਸਭ ਘਟ ਰਹਿਓ ਸਮਾਇ।
'ਰਵਿਦਾਸ' ਨਾਮ ਚਕਮਕ ਬਿਨਾ, ਹੱਕ ਨੂਰ ਅਦ੍ਰਿਸਟਾਇ।[ੳ] [54]

ਇਹੋ ਕਾਰਨ ਹੈ ਕਿ ਗੁਰੂ ਰਵਿਦਾਸ ਜੀ ਸਭ ਤੋਂ ਵੱਧ ਜ਼ੋਰ ਨਾਮ-ਭਗਤੀ ਉੱਪਰ ਦੇਂਦੇ ਹਨ। ਨਾਮ ਹੀ ਉਨ੍ਹਾਂ ਦੇ ਰੂਹਾਨੀ ਅਭਿਆਸ ਅਤੇ ਜੀਵਨ ਦਾ ਇੱਕੋ-ਇੱਕ ਆਸਰਾ ਹੈ। ਆਪ ਅਨੁਸਾਰ ਬਾਹਰੀ ਪੂਜਾ ਦੇ ਸਭ ਤੌਰ ਤਰੀਕੇ ਥੋਥੇ ਅਤੇ ਵਿਅਰਥ ਹਨ। ਕੇਵਲ ਨਾਮ ਇੱਕੋ ਸਾਰ ਪਦਾਰਥ ਹੈ :

ੳ. **ਹੱਕ**=ਸਤਿ, ਪਰਮਾਤਮਾ; **ਨੂਰ**=ਪ੍ਰਕਾਸ਼; **ਅਦ੍ਰਿਸਟਾਇ**=ਦਿਖਾਈ ਨਾ ਦੇਣਾ।

'ਰਵਿਦਾਸ' ਹਮਾਰੋ ਬਾਂਧਲਾ, ਹਈ ਕੇਵਲ ਨਾਮ ਅਧਾਰ॥[ੳ] [55]

ਮੋਹਿ ਅਧਾਰੁ ਨਾਮੁ ਨਾਰਾਇਨ। ਜੀਵਨ ਪ੍ਰਾਨ ਧਨ ਮੋਰੇ॥[56]

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥[ਅ]
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥[ੲ]
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥[ਸ]
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥[ਹ]
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥[ਕ]
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥[57]

ਇਹ ਨਾਮ, ਜਿਸ ਦੀ ਗੁਰੂ ਰਵਿਦਾਸ ਜੀ ਅਤੇ ਹੋਰ ਸੰਤਾਂ-ਮਹਾਤਮਾਂ ਨੇ ਏਨੀ ਮਹਿਮਾ ਕੀਤੀ ਹੈ, ਕੀ ਹੈ? ਕੀ ਨਾਮ ਤੋਂ ਭਾਵ ਪਰਮਾਤਮਾ ਦੀਆਂ ਅਨੰਤ ਸਿਫ਼ਤਾਂ ਦੇ ਆਧਾਰ ਉੱਤੇ ਰੱਖੇ ਗਏ ਉਸ ਦੇ ਅਨੇਕ ਨਾਂਵਾਂ ਤੋਂ ਹੈ, ਜਿਨ੍ਹਾਂ ਨਾਲ ਸਾਡੇ ਗ੍ਰੰਥ-ਸ਼ਾਸਤਰ ਭਰੇ ਪਏ ਹਨ ਅਤੇ ਜਿਨ੍ਹਾਂ ਦਾ ਅਸੀਂ ਦਿਨ-ਰਾਤ ਜੀਭਾ ਦੁਆਰਾ ਜਾਪ ਕਰਦੇ ਹਾਂ? ਗੁਰੂ ਰਵਿਦਾਸ ਜੀ ਨੇ ਸਪਸ਼ਟ ਕਿਹਾ ਹੈ ਕਿ ਜਿਸ ਨਾਮ ਦੀ ਆਪ ਮਹਿਮਾ ਕਰ ਰਹੇ ਹਨ ਅਤੇ ਜਿਸ ਨੂੰ ਆਪ ਨਾਮ, ਰਾਮ ਨਾਮ, ਬਾਣੀ, ਸ਼ਬਦ ਜਾਂ ਅਨਹਦ ਨਾਦ ਕਹਿ ਕੇ ਪੁਕਾਰਦੇ ਹਨ, ਉਹ ਧਰਮ-ਗ੍ਰੰਥਾਂ ਵਿਚ ਲਿਖੇ ਨਾਂਵਾਂ ਤੋਂ ਭਿੰਨ ਹੈ। ਇਹ ਸਭ ਨਾਮ ਪਰਮਾਤਮਾ ਦੇ ਸੱਚੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ:

ੳ. **ਬਾਂਧਲਾ**=ਸਹਾਰਾ ਦੇਣ ਵਾਲਾ, ਭਰਾ, ਮਿੱਤਰ, ਸੰਬੰਧੀ। ਅ. **ਮਜਨੁ**=ਤੀਰਥ ਇਸ਼ਨਾਨ। ੲ. **ਉਰਸਾ**=ਕੇਸਰ ਜਾਂ ਚੰਦਨ ਰਗੜਨ ਲਈ ਪੱਥਰ ਦੀ ਵੱਟੀ ਜਾਂ ਸਿਲ। ਸ. **ਅੰਭੁਲਾ**=ਪਾਣੀ; **ਚਾਰੇ**=ਤੈਨੂੰ ਹੀ ਚੜ੍ਹਾਉਂਦਾ ਹਾਂ। ਹ. **ਅਠਾਰਹ**=ਸਭ ਪ੍ਰਕਾਰ ਦੀ ਬਨਸਪਤੀ ਦਾ ਪੱਤਾ-ਪੱਤਾ ਇਕੱਠਾ ਕਰਨ ਤੇ ਅਠਾਰ੍ਹਾਂ ਭਾਰ (ਇੱਕ ਭਾਰ ਪੰਜ ਮਣ ਦੇ ਬਰਾਬਰ ਹੁੰਦਾ ਹੈ) ਬਣਦਾ ਹੈ, ਜਿਸ ਨੂੰ ਦੇਵਤਾ ਅੱਗੇ ਚੜ੍ਹਾਉਣ ਦੀ ਰੀਤ ਪ੍ਰਚਲਿਤ ਸੀ। ਕ. **ਦਸ ਅਠਾ**=ਅਠਾਰਾਂ ਪੁਰਾਣ; **ਅਠਸਠੇ**=ਅਠਾਹਠ ਤੀਰਥ ਇਸ਼ਨਾਨ।

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥[ੳ]
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥[ਅ 58]

ਨਾਮ ਦਾ ਰਹੱਸ ਬਹੁਤ ਗੂੜ੍ਹ ਹੈ। ਗੁਰੂ ਰਵਿਦਾਸ ਜੀ ਅਤੇ ਦੂਸਰੇ ਮਹਾਤਮਾਂ ਨੇ ਕੇਵਲ ਇਸ ਦੇ ਮੁੱਖ ਪਹਿਲੂਆਂ ਦਾ ਹੀ ਸੰਕੇਤ ਦਿੱਤਾ ਹੈ। ਇਸ ਦਾ ਪੂਰਾ ਭੇਦ ਸੱਚੇ ਸਤਿਗੁਰੂ ਤੋਂ ਮਿਲਦਾ ਹੈ। ਫਿਰ ਵੀ ਪੂਰਨ ਸੰਤਾਂ ਨੇ ਇਹ ਗੱਲ ਜ਼ਰੂਰ ਸਪਸ਼ਟ ਕੀਤੀ ਹੈ ਕਿ ਜਿਸ ਨਾਮ ਨਾਲ ਲਿਵ ਜੋੜਿਆਂ ਜੀਵ ਦਾ ਭਵਸਾਗਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ, ਉਹ ਨਾਮ ਲਿਖਣ, ਪੜ੍ਹਨ ਜਾਂ ਬੋਲਣ ਵਿਚ ਆਉਣ ਵਾਲਾ ਕੋਈ ਨਿਰਾ ਲਫ਼ਜ਼ ਨਹੀਂ ਹੈ।

ਕਬੀਰ ਸਾਹਿਬ, ਗੁਰੂ ਨਾਨਕ ਦੇਵ ਜੀ ਅਤੇ ਸੁਆਮੀ ਜੀ ਮਹਾਰਾਜ ਆਦਿ ਬਹੁਤ ਸਾਰੇ ਪੂਰਨ ਸੰਤਾਂ ਦੀ ਬਾਣੀ ਵਿਚ ਨਾਮ ਦਾ ਅਤੇ ਨਾਮ ਦੇ ਸਹਾਰੇ ਕੀਤੀ ਜਾਣ ਵਾਲੀ ਪ੍ਰਭੂ ਦੀ ਰਚਨਾਤਮਿਕ ਸ਼ਕਤੀ ਨੂੰ ਧੁਨਾਤਮਿਕ ਨਾਮ ਕਿਹਾ ਹੈ। ਵਰਨਾਤਮਿਕ ਨਾਮ ਅਨੇਕ ਹਨ ਅਤੇ ਇਨ੍ਹਾਂ ਦਾ ਸੰਬੰਧ ਭਾਸ਼ਾਵਾਂ ਨਾਲ ਹੈ, ਪਰ ਧੁਨਾਤਮਿਕ ਨਾਮ ਇੱਕ ਹੈ, ਅਤੇ ਇਹ ਹਰ ਜੀਵ ਦੇ ਅੰਦਰ ਹੈ। ਇਸ ਦਾ ਅਨੁਭਵ ਆਤਮਾ ਨੂੰ ਅੰਦਰੋਂ ਸੂਖਮ ਧੁਨੀ ਅਤੇ ਪ੍ਰਕਾਸ਼ ਦੇ ਰੂਪ ਵਿਚ ਹੁੰਦਾ ਹੈ। ਵਰਨਾਤਮਿਕ

ੳ. ਖਿਆਨ=ਕਥਾ, ਕਹਾਣੀ; ਚਉਤੀਸ=ਚੌਂਤੀ ਅੱਖਰਾਂ ਤੋਂ ਆਪ ਦਾ ਭਾਵ ਦੇਵ ਨਾਗਰੀ ਵਰਣਮਾਲਾ ਦੇ ਹੇਠ ਲਿਖੇ ਅੱਖਰਾਂ ਤੋਂ ਹੈ :

ਕ ਵਰਗ ਦੇ 4 ਅੱਖਰ, ਕ ਖ ਗ ਘ,
ਚ ਵਰਗ ਦੇ 4 ਅੱਖਰ, ਚ ਛ ਜ ਝ,
ਟ ਵਰਗ ਦੇ 4 ਅੱਖਰ, ਟ ਠ ਡ ਢ,
ਤ ਵਰਗ ਦੇ 4 ਅੱਖਰ, ਤ ਥ ਦ ਧ,
ਪ ਵਰਗ ਦੇ 4 ਅੱਖਰ, ਪ ਫ ਬ ਭ,
ਯ ਵਰਗ ਦੇ 6 ਅੱਖਰ, ਯ ਰ ਲ ਵ ਸ ਹ,

ਅਤੇ ਸਵਰ ਵਰਣ ਦੇ 8 ਅੱਖਰ—ਆ, ਈ, ਊ, ਰੀ, ਏ, ਐ, ਅੰ, ਆ:।
ਅਤੇ ਚੌਂਤੀ ਅੱਖਰਾਂ ਦੀ ਗਿਣਤੀ ਦਾ ਇੱਕ ਦੂਸਰਾ ਰੂਪ ਇਸ ਤਰ੍ਹਾਂ ਹੋ ਸਕਦਾ ਹੈ:
ਕ ਵਰਗ ਦੇ ਪਹਿਲੇ ਚਾਰ ਅੱਖਰ, ਚ ਵਰਗ ਦੇ ਪਹਿਲੇ ਚਾਰ ਅੱਖਰ, ਟ ਵਰਗ, ਤ ਵਰਗ ਅਤੇ ਪ ਵਰਗ ਦੇ ਸਾਰੇ (ਕੁਲ 15) ਅੱਖਰ ਅਤੇ ਯ ਵਰਗ ਦੇ 6 ਅੱਖਰ ਅਤੇ ਸਵਰ ਵਰਣ ਦੇ ਮੌਲਿਕ 5 ਅੱਖਰ, ਆ, ਈ, ਊ, ਏ, ਐ।

ਅ. ਬਿਆਸ ਰਿਸ਼ੀ ਜੀ ਨੇ ਵਿਚਾਰ ਕਰਕੇ ਇਹ ਅਧਿਆਤਮਿਕ ਗੱਲ ਕਹੀ ਹੈ ਕਿ ਚੌਂਤੀ ਅੱਖਰਾਂ ਦੇ ਮੇਲ ਤੋਂ ਬਣਿਆ ਕੋਈ ਵੀ ਵਰਨਾਤਮਿਕ ਨਾਮ ਰਾਮ-ਨਾਮ (ਅਨਹਦ ਨਾਦ ਜਾਂ ਧੁਨਾਤਮਿਕ ਨਾਮ) ਦੀ ਬਰਾਬਰੀ ਨਹੀਂ ਕਰ ਸਕਦਾ।

ਨਾਵਾਂ ਦਾ ਸਿਮਰਨ ਮਨ ਨੂੰ ਸਾਫ਼ ਕਰਦਾ ਹੈ, ਜਿਸ ਨਾਲ ਮਨ ਨਿਰਮਲ ਅਤੇ ਇਕਾਗਰ ਹੋ ਕੇ ਅੰਦਰ ਨਾਮ ਦੀ ਧੁਨੀ ਅਤੇ ਨਾਮ ਦੇ ਪ੍ਰਕਾਸ਼ ਨੂੰ ਦੇਖਣ ਦੇ ਕਾਬਲ ਬਣਦਾ ਹੈ। ਲਿਖਣ, ਪੜ੍ਹਨ, ਬੋਲਣ ਵਿਚ ਆਉਣ ਵਾਲੇ ਵਰਨਾਤਮਿਕ ਨਾਮ ਸਾਧਨ ਹਨ, ਜਦ ਕਿ ਧੁਨੀ ਅਤੇ ਪ੍ਰਕਾਸ਼ ਦੇ ਰੂਪ ਵਿਚ ਅੰਦਰੋਂ ਪ੍ਰਾਪਤ ਹੋਣ ਵਾਲਾ ਨਾਮ ਮੰਜ਼ਿਲ ਜਾਂ ਨਿਸ਼ਾਨਾ ਹੈ। ਭਾਸ਼ਾਵਾਂ ਵਿਚ ਰੱਖੇ ਗਏ ਲਿਖਣ, ਪੜ੍ਹਨ, ਬੋਲਣ ਵਿਚ ਆਉਣ ਵਾਲੇ ਨਾਮ ਧੁਨਾਤਮਿਕ ਨਾਮ, ਨਾਮੀ ਜਾਂ ਪਰਮਾਤਮਾ ਵੱਲ ਇਸ਼ਾਰਾ ਕਰਦੇ ਹਨ ਜਦ ਕਿ ਧੁਨੀ ਰੂਪ ਵਿਚ ਅੰਦਰੋਂ ਮਿਲਣ ਵਾਲਾ ਨਾਮ ਹੀ ਨਾਮੀ ਜਾਂ ਪਰਮਾਤਮਾ ਹੈ। ਅੰਦਰਲਾ ਨਾਮ ਪਰਮਾਤਮਾ ਦਾ ਨਿਜ ਰੂਪ ਹੈ ਅਤੇ ਆਤਮਾ ਦਾ ਇਸ ਵਿਚ ਲੀਨ ਹੋਣਾ ਹੀ ਪਰਮਾਤਮਾ ਵਿਚ ਲੀਨ ਹੋਣਾ ਹੈ। ਸੁਆਮੀ ਜੀ ਮਹਾਰਾਜ ਨੇ ਇਸ ਤਰ੍ਹਾਂ ਕਿਹਾ ਹੈ :

ਨਾਮ ਨਿਰਣੈ ਕਰੂੰ ਭਾਈ। ਦੁਧਾ ਬਿਧਿ ਭੇਦ ਬਤਲਾਈ।।[ੳ]
ਬਰਨ ਧੁਨਆਤਮਕ ਗਾਊਂ। ਦੋਊ ਕਾ ਭੇਦ ਦਰਸਾਊਂ।।
ਬਰਨ ਕਹੁ ਚਾਹੇ ਕਹੁ ਅੱਛਰ । ਜੋ ਬੋਲਾ ਜਾਇ ਰਸਨਾ ਕਰ।।[ਅ]
ਲਿਖਨ ਔਰ ਪੜ੍ਹਨ ਮੇਂ ਆਇਆ। ਉਸੇ ਬਰਨਾਤਮਕ ਗਾਇਆ।।
ਲਖਾਇਕ ਹੈ ਯਹੀ ਧੁਨ ਕਾ। ਬਿਨਾ ਗੁਰੁ ਫਲ ਨਹੀਂ ਕਿਨਕਾ।।[ੲ]

. . . .

ਵਰਨ ਸੇ ਸੁਰਤ ਮਨ ਮਾਂਜੋ। ਬਹੁਰ ਚੜ੍ਹ ਗਗਨ ਧੁਨ ਸਾਧੋ।।
ਧੁਨੀ ਧੁਨ ਏਕ ਕਰ ਜਾਨੋ। ਸੁਰਤ ਸੇ ਸ਼ਬਦ ਪਹਿਚਾਨੋ।।
ਸ਼ਬਦ ਔਰ ਸੁਰਤ ਭਏ ਏਕਾ। ਨਾਮ ਧੁਨਆਤਮਕ ਦੇਖਾ।।
ਗੁਰੂ ਬਿਨ ਔਰ ਬਿਨਾ ਕਰਨੀ। ਮਿਲੇ ਕਸ ਕਹੋ ਯਹ ਰਹਨੀ।।[59]

ਗੁਰੂ ਸਾਹਿਬਾਨ ਦੀ ਬਾਣੀ ਵਿਚ ਵੀ ਲਿਖਣ, ਪੜ੍ਹਨ ਅਤੇ ਬੋਲਣ ਵਿਚ ਆਉਣ ਵਾਲੇ ਨਾਵਾਂ ਦੀ ਪ੍ਰਭੂ ਦੇ ਸੱਚੇ ਨਾਮ ਤੋਂ ਭਿੰਨਤਾ ਸਪਸ਼ਟ ਪ੍ਰਗਟ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਸੀਂ ਸਭ ਜੀਭਾ ਦੁਆਰਾ ਬੋਲੇ ਅਤੇ ਅੱਖਰਾਂ ਵਿਚ ਲਿਖੇ ਜਾਣ ਵਾਲੇ ਨਾਵਾਂ ਨਾਲ ਪ੍ਰਭੂ ਦੀ ਮਹਿਮਾ ਕਰਦੇ ਹਾਂ, ਪਰ ਸੱਚਾ ਨਾਮ ਸੰਸਾਰ ਦਾ ਕਰਤਾ ਹੈ। ਉਹ ਨਾਮ

ੳ. ਦੁਧਾ=ਦੋ ਹਿਸਿਆਂ ਵਿਚ ਵੰਡਿਆ ਹੋਇਆ। ਅ. ਰਸਨਾ=ਜੀਭ। ੲ. ਕਿਨਕਾ=ਮਾਮੂਲੀ ਜਿਹਾ ਵੀ।

ਸਰਬਵਿਆਪਕ ਹੈ। ਇਹ ਨਾਮ ਅਜਿਹੀ ਅਲੌਕਿਕ ਸ਼ਕਤੀ ਹੈ ਜਿਸ ਦਾ ਲਫ਼ਜ਼ਾਂ ਵਿਚ ਬਿਆਨ ਨਹੀਂ ਹੋ ਸਕਦਾ:

ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥[ੳ]
ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥[ਅ]
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥[ੲ]
ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥[ਸ 60]

ਇਸੁ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥[ਹ]
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ॥[61]

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥[62]

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥[ਕ]
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥[ਖ 63]

ਗੁਰੂ ਸਾਹਿਬਾਨ ਨੇ ਧਿਆਨ ਨੂੰ ਸਰੀਰ ਦੇ ਨੌਂ ਦੁਆਰਿਆਂ ਵਿੱਚੋਂ ਸਮੇਟ ਕੇ ਅੱਖਾਂ ਪਿੱਛੇ ਦਸਵੇਂ ਦਰਵਾਜ਼ੇ, ਤਿਲ ਜਾਂ ਸ਼ਿਵ-ਨੇਤਰ ਪਿੱਛੇ ਇਕਾਗਰ ਕਰਨ ਨੂੰ ਜਿਊਂਦੇ-ਜੀ ਮਰਨਾ ਕਿਹਾ ਹੈ। ਮੌਤ ਦੇ ਸਮੇਂ ਸਾਡੀ ਚੇਤਨ-ਸੱਤਾ ਪੈਰਾਂ ਦੇ

ੳ. **ਅਖਰੀ**=ਅੱਖਰਾਂ ਰਾਹੀਂ; **ਸਾਲਾਹ**=ਵਡਿਆਈ। ਅ. **ਵਖਾਣਿ**=ਅੱਖਰਾਂ ਦੁਆਰਾ ਹੀ ਮਸਤਕ ਵਿਚ ਸੰਯੋਗ-ਵਿਯੋਗ ਰੂਪੀ ਸੁਖ-ਦੁੱਖ ਜਾਂ ਕਰਮਾਂ ਦਾ ਲੇਖਾ ਲਿਖਿਆ ਰਹਿੰਦਾ ਹੈ। ੲ. **ਜਿਨਿ...ਨਾਹਿ**=ਜਿਸਨੇ ਇਹ ਲਿਖਿਆ ਹੈ, ਉਸ ਦੇ ਸਿਰ ਤੇ ਕੋਈ ਕਰਮ ਦੀ ਰੇਖਾ ਨਹੀਂ ਹੁੰਦੀ। ਸ. **ਥਾਉ**=ਸਥਾਨ, ਜਗ੍ਹਾ। ਹ. **ਹਉ...ਵਸਾਵਣਿਆ**=ਮੈਂ ਉਸ ਸਤਿਗੁਰੂ ਤੋਂ ਬਾਰ-ਬਾਰ ਬਲਿਹਾਰ ਜਾਂਦਾ ਹਾਂ ਜਿਸ ਨੇ ਅੰਮ੍ਰਿਤ ਰੂਪੀ ਨਾਮ ਨੂੰ ਮੇਰੇ ਹਿਰਦੇ ਵਿਚ ਵਸਾਇਆ ਹੈ। ਕ. **ਬਾਝਹੁ**=ਬਿਨਾਂ। ਖ. **ਹੁਕਮੁ**=ਆਦਿ ਗ੍ਰੰਥ ਵਿਚ ਨਾਮ, ਸ਼ਬਦ ਜਾਂ ਹੁਕਮ ਸਮਾਨਾਰਥਕ ਮੰਨੇ ਜਾਂਦੇ ਹਨ; **ਖਸਮੈ**=ਪ੍ਰੀਤਮ, ਪਰਮਾਤਮਾ।

ਤਲਿਆਂ ਤੋਂ ਉੱਪਰ ਵੱਲ ਸਿਮਟਦੀ ਹੋਈ ਅੱਖਾਂ ਪਿੱਛੇ ਆ ਕੇ ਸਰੀਰ ਨੂੰ ਤਿਆਗ ਕੇ ਇੱਕ ਪਾਸੇ ਹੋ ਜਾਂਦੀ ਹੈ। ਰੂਹਾਨੀ ਅਭਿਆਸ ਰਾਹੀਂ ਵੀ ਚੇਤਨ ਸੱਤਾ ਇਸੇ ਤਰ੍ਹਾਂ ਪੈਰਾਂ ਦੇ ਤਲਿਆਂ ਤੋਂ ਉੱਪਰ ਵੱਲ ਸਿਮਟ ਕੇ ਅੱਖਾਂ ਪਿੱਛੇ ਦਸਵੇਂ ਘਰ ਵਿਚ ਇਕਾਗਰ ਹੋ ਜਾਂਦੀ ਹੈ। ਅੰਤਰ ਇਹ ਹੈ ਕਿ ਮੌਤ ਸਮੇਂ ਆਤਮਾ ਸਾਡੀ ਮਰਜ਼ੀ ਦੇ ਵਿਰੁੱਧ ਜ਼ਬਰਦਸਤੀ ਉੱਪਰ ਵੱਲ ਸਿਮਟ ਕੇ ਸਰੀਰ ਨੂੰ ਸਦਾ ਲਈ ਖ਼ਾਲੀ ਕਰ ਦਿੰਦੀ ਹੈ ਅਤੇ ਜੀਵਾਤਮਾ ਨੂੰ ਭਾਰੀ ਪੀੜਾ ਮਹਿਸੂਸ ਹੁੰਦੀ ਹੈ ਪਰ ਜਿਊਂਦੇ-ਜੀ ਮਰਨ ਦਾ ਰੂਹਾਨੀ ਅਭਿਆਸ ਮਰਜ਼ੀ ਨਾਲ ਕੀਤਾ ਜਾਂਦਾ ਹੈ ਅਤੇ ਉਸ ਵਿਚ ਜੀਵਾਤਮਾ ਨੂੰ ਅਪਾਰ ਅਨੰਦ ਦਾ ਅਨੁਭਵ ਹੁੰਦਾ ਹੈ।

ਮੌਤ ਸਮੇਂ ਆਤਮਾ ਸਰੀਰ ਵਿਚ ਨਹੀਂ ਪਰਤ ਸਕਦੀ, ਪਰ ਜਿਊਂਦੇ-ਜੀ ਮਰਨ ਦੇ ਰੂਹਾਨੀ ਅਭਿਆਸ ਵਿਚ ਜਦ ਚਾਹੀਏ ਆਤਮਾ ਨੂੰ ਸਰੀਰ ਦੇ ਨੌਂ ਦੁਆਰਿਆਂ ਵਿਚ ਉਤਾਰ ਸਕਦੇ ਹਾਂ। ਜਦ ਤੱਕ ਸਾਡਾ ਧਿਆਨ ਸਰੀਰ ਦੇ ਨੌਂ-ਦੁਆਰਿਆਂ ਰਾਹੀਂ ਬਾਹਰ ਸੰਸਾਰ ਵਿਚ ਫੈਲਿਆ ਰਹਿੰਦਾ ਹੈ, ਅਸੀਂ ਆਪਣੇ ਅਸਲ ਘਰ ਤੋਂ ਦੂਰ ਭਟਕਦੇ ਰਹਿੰਦੇ ਹਾਂ। ਜਦੋਂ ਗੁਰਮੁਖਾਂ ਦੀ ਮੱਤ ਉੱਤੇ ਚੱਲ ਕੇ ਧਿਆਨ ਨੂੰ ਨੌਂ-ਦੁਆਰਿਆਂ ਵਿਚੋਂ ਸਮੇਟ ਕੇ ਅੱਖਾਂ ਪਿੱਛੇ ਇਕਾਗਰ ਕਰ ਲੈਂਦੇ ਹਾਂ ਤਾਂ ਆਤਮਾ ਆਪਣੇ ਨਿਜ ਘਰ ਵੱਲ ਪਰਤ ਆਉਂਦੀ ਹੈ ਅਤੇ ਉਹਨੂੰ ਅੰਦਰ ਅਨਹਦ ਸ਼ਬਦ ਸੁਣਾਈ ਦੇਣ ਲੱਗ ਪੈਂਦਾ ਹੈ। ਇਹ ਅਨਹਦ ਸ਼ਬਦ ਹੀ ਪਰਮਾਤਮਾ ਦਾ ਸੱਚਾ ਨਾਮ ਹੈ, ਜਿਸ ਨਾਲ ਜੁੜ ਕੇ ਆਤਮਾ ਪਰਮਾਤਮਾ ਦੀ ਦਰਗਾਹ ਵਿਚ ਵਾਪਸ ਪਹੁੰਚ ਜਾਂਦੀ ਹੈ ਅਤੇ ਆਵਾਗਵਨ ਦੇ ਚੱਕਰ ਤੋਂ ਸਦਾ ਲਈ ਮੁਕਤ ਹੋ ਜਾਂਦੀ ਹੈ। ਗੁਰੂ ਅਮਰਦਾਸ ਜੀ ਨੇ ਇਹ ਭਾਵ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ॥[64]

ਇਸੁ ਕਾਇਆ ਅੰਦਰਿ ਵਸਤੁ ਅਸੰਖਾ॥
ਗੁਰਮੁਖਿ ਸਾਚੁ ਮਿਲੈ ਤਾ ਵੇਖਾ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ॥[65]

ਕਬੀਰ ਸਾਹਿਬ ਨੇ ਵੀ ਆਪਣੀ 'ਬਾਵਨ ਅਖਰੀ' ਵਿਚ ਵਰਨਾਤਮਿਕ ਨਾਮ ਅਤੇ ਧੁਨਾਤਮਿਕ ਨਾਮ ਦੇ ਭੇਦ ਨੂੰ ਇਸ ਪ੍ਰਕਾਰ ਪ੍ਰਗਟ ਕੀਤਾ ਹੈ :

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥[ੳ]
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥[ਅ]
ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥
ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥
. . . .
ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥
ਸਤ ਕਾ ਸਬਦੁ ਕਬੀਰਾ ਕਹੈ॥ ਪੰਡਿਤ ਹੋਇ ਸੁ ਅਨਭੈ ਰਹੈ॥
ਪੰਡਿਤ ਲੋਗਹ ਕਉ ਬਿਉਹਾਰ॥ ਗਿਆਨਵੰਤ ਕਉ ਤਤੁ ਬੀਚਾਰ॥[ੲ] [66]

ਆਪਣੀ 'ਸ਼ਬਦਾਵਲੀ' ਵਿਚ ਵੀ ਕਬੀਰ ਸਾਹਿਬ ਨੇ ਕਿਹਾ ਹੈ :

ਸ਼ਬਦੈ ਸ਼ਬਦ ਸ਼ਬਦ ਬਹੁ ਅੰਤਰ, ਸਾਰ ਸ਼ਬਦ ਮਥ ਲੀਜੇ।
ਕਹੈਂ ਕਬੀਰ ਜੇਹਿ ਸਾਰ ਸ਼ਬਦ ਨਹਿੰ, ਧਿਕ ਜੀਵਨ ਜਗ ਜੀਜੇ।[67]

ਇਸ ਲਈ ਕਬੀਰ ਸਾਹਿਬ ਕਹਿੰਦੇ ਹਨ :

ਸਾਧੋ ਸਬਦ ਸਾਧਨਾ ਕੀਜੈ।
ਜੇਹਿ ਸਬਦ ਤੇ ਪ੍ਰਗਟ ਭਏ ਸਭ, ਸੋਈ ਸਬਦ ਗਹਿ ਲੀਜੈ।
. . . .
ਸਬਦੈ ਬੇਦ ਪੁਰਾਨ ਕਹਤ ਹੈਂ, ਸਬਦੈ ਸਭ ਠਹਰਾਵੈ।
ਸਬਦੈ ਸੁਰ ਮੁਨਿ ਸੰਤ ਕਹਤ ਹੈਂ, ਸਬਦ ਭੇਦ ਨਹਿੰ ਪਾਵੈ॥
. . . .
ਸਬਦੈ ਮਾਇਆ ਜਗ ਉਤਪਾਨੀ, ਸਬਦੈ ਕੇਰਿ ਪਸਾਰਾ।
ਕਹੈ ਕਬੀਰ ਜਹਿੰ ਸਬਦ ਹੋਤ ਹੈ, ਤਵਨ ਭੇਦ ਹੈ ਨਿਆਰਾ॥[68]

ਰਵਿਦਾਸ ਜੀ ਦੀ ਸਿੱਖਿਆ ਦਾ ਸਾਰ ਵੀ ਧੁਨਾਤਮਿਕ ਨਾਮ ਜਾਂ ਸੱਚੇ ਸ਼ਬਦ ਦੀ ਸਾਧਨਾ ਹੀ ਹੈ। ਆਪ ਸੱਚੇ ਨਾਮ ਨੂੰ ਹੀ ਪਰਮਾਤਮਾ ਦਾ ਨਿਜ ਰੂਪ ਮੰਨਦੇ ਹਨ।

ੳ. **ਅਛਰ**=ਅੱਖਰ। ਭਾਵ ਸੰਸਕ੍ਰਿਤ ਵਰਣਮਾਲਾ ਦੇ 52 ਅੱਖਰਾਂ ਤੋਂ ਹੈ : (ਵਿਅੰਜਨ ਦੇ 36 ਅੱਖਰ ਅਤੇ ਸਵਰ ਦੇ 16 ਅੱਖਰ) ਅ. **ਖਿਰਿ**=ਨਾਸ਼ ਹੋ ਜਾਣਾ। ੲ. **ਬਿਉਹਾਰ**=ਬਰਤਾਵ; **ਪੰਡਿਤ... ਬੀਚਾਰ**=ਕੋਈ ਗਿਆਨੀ ਸੰਤ ਹੀ ਪਰਮ ਤੱਤ ਜਾਂ ਸੱਚੇ ਨਾਮ ਦਾ ਵਿਚਾਰ ਕਰਦਾ ਹੈ, ਜਦ ਕਿ ਸ਼ਾਸਤਰਾਂ ਦੇ ਵਾਦ-ਵਿਵਾਦ ਅਤੇ ਕਥਾ-ਕਹਾਣੀ ਵਿਚ ਲੱਗੇ ਪੰਡਿਤ ਸ਼ਬਦ-ਜਾਲ ਦੁਆਰਾ ਲੋਕ-ਵਿਹਾਰ ਕਰਨ ਅਤੇ ਆਪਣੀ ਰੋਜ਼ੀ-ਰੋਜ਼ਗਾਰ ਚਲਾਉਣ ਵਿਚ ਹੀ ਲੱਗੇ ਰਹਿੰਦੇ ਹਨ।

ਇਸ ਨੂੰ ਹੀ ਆਪ ਆਦਿ ਅਤੇ ਅੰਤ ਵਿਚ ਵਿਦਮਾਨ ਰਹਿਣ ਵਾਲਾ ਪਰਮ ਸਤਿ ਕਹਿ ਕੇ ਪੁਕਾਰਦੇ ਹਨ ਅਤੇ ਇਸ ਨੂੰ ਹੀ ਹਰ ਤਰ੍ਹਾਂ ਦੇ ਗਿਆਨ ਅਤੇ ਅਨੰਦ ਦਾ ਮੂਲ ਸ੍ਰੋਤ ਮੰਨਦੇ ਹਨ। ਇਹ ਨਾਮ ਹੀ ਪਰਮਾਤਮਾ ਦੀ ਉਹ ਸਿਰਜਣਾਤਮਿਕ ਸ਼ਕਤੀ ਹੈ ਜੋ ਸੂਖ਼ਮ ਧੁਨੀ ਅਤੇ ਪ੍ਰਕਾਸ਼ ਦੇ ਰੂਪ ਵਿਚ ਸਾਰੇ ਸੰਸਾਰ ਵਿਚ ਵਿਆਪਕ ਹੋ ਕੇ ਸਾਰੀ ਰਚਨਾ ਅਤੇ ਸਭ ਜੀਵਾਂ ਦਾ ਆਸਰਾ ਬਣੀ ਹੋਈ ਹੈ। ਅੰਦਰ ਸ਼ਬਦ ਦੀ ਧੁਨੀ ਅਤੇ ਪ੍ਰਕਾਸ਼ ਦੇ ਪ੍ਰਗਟ ਹੋਣ ਨਾਲ ਜੀਵ ਦਾ ਅੰਤਰਮੁਖ ਰੂਹਾਨੀ ਸਫ਼ਰ ਸ਼ੁਰੂ ਹੋ ਜਾਂਦਾ ਹੈ, ਜਿਸ ਦੀ ਪੂਰਤੀ ਪਰਮਾਤਮਾ ਨਾਲ ਮਿਲਾਪ ਦੇ ਰੂਪ ਵਿਚ ਹੁੰਦੀ ਹੈ।

ਅੰਦਰਲੇ ਰੂਹਾਨੀ ਸਫ਼ਰ ਦੇ ਪੰਜ ਪ੍ਰਮੁੱਖ ਪੜਾਅ ਮੰਨੇ ਗਏ ਹਨ। ਹਰ ਮੰਜ਼ਿਲ ਵਿਚ ਸ਼ਬਦ ਦੀ ਧੁਨੀ ਸੁਣਾਈ ਦਿੰਦੀ ਹੈ ਅਤੇ ਸ਼ਬਦ ਦਾ ਪ੍ਰਕਾਸ਼ ਦਿਖਾਈ ਦਿੰਦਾ ਹੈ। ਸ਼ਬਦ ਦਾ ਪ੍ਰਕਾਸ਼ ਆਤਮਾ ਨੂੰ ਰਾਹ ਦਿਖਾਉਂਦਾ ਹੈ ਅਤੇ ਸ਼ਬਦ ਦੀ ਧੁਨੀ ਇਸ ਨੂੰ ਉੱਪਰ ਵੱਲ ਖਿੱਚਦੀ ਹੈ। ਆਤਮਾ ਵੱਖ-ਵੱਖ ਮੰਡਲਾਂ ਵਿਚ ਸ਼ਬਦ ਦਾ ਪ੍ਰਕਾਸ਼ ਦੇਖਦੀ ਹੋਈ ਅਤੇ ਸ਼ਬਦ ਦੀ ਆਵਾਜ਼ ਸੁਣਦੀ ਹੋਈ ਉੱਪਰ ਚੜ੍ਹਦੀ ਜਾਂਦੀ ਹੈ ਅਤੇ ਅੰਤ ਨੂੰ ਧੁਨੀ ਅਤੇ ਪ੍ਰਕਾਸ਼ ਦੇ ਸੋਮੇ ਉਸ ਪਰਮਾਤਮਾ ਵਿਚ ਸਮਾ ਜਾਂਦੀ ਹੈ।

ਗੁਰੂ ਰਵਿਦਾਸ ਜੀ ਅਤੇ ਦੂਸਰੇ ਸੰਤਾਂ-ਮਹਾਤਮਾਂ ਦੀ ਸਿੱਖਿਆ ਦਾ ਦੋ ਹਰਫ਼ੀ ਸਾਰ ਇਹ ਹੈ ਕਿ ਗੁਪਤ ਪਰਮਾਤਮਾ ਨੂੰ ਸ਼ਬਦ ਦੀ ਧੁਨੀ ਅਤੇ ਸ਼ਬਦ ਦੇ ਪ੍ਰਕਾਸ਼ ਦੀ ਸਹਾਇਤਾ ਨਾਲ ਅੰਦਰ ਪ੍ਰਗਟ ਕੀਤਾ ਜਾ ਸਕਦਾ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਸ਼ਬਦ ਦੀ ਧੁਨੀ ਅਤੇ ਸ਼ਬਦ ਦੇ ਪ੍ਰਕਾਸ਼ ਨਾਲ ਮਿਲਾਪ ਮਨ ਨੂੰ ਅੱਖਾਂ ਪਿੱਛੇ ਇਕਾਗਰ ਕਰਨ ਨਾਲ ਹੁੰਦਾ ਹੈ ਅਤੇ ਮਨ ਸਤਿਗੁਰੂ ਦੇ ਦਿੱਤੇ ਨਾਮ ਦੇ ਸਿਮਰਨ ਅਤੇ ਸਤਿਗੁਰੂ ਦੇ ਸਰੂਪ ਦੇ ਧਿਆਨ ਦੁਆਰਾ ਅੱਖਾਂ ਪਿੱਛੇ ਇਕਾਗਰ ਹੁੰਦਾ ਹੈ। ਨਾਮ ਇਕਾਗਰਤਾ ਦੁਆਰਾ ਮਿਲਦਾ ਹੈ ਅਤੇ ਇਕਾਗਰਤਾ ਸਿਮਰਨ ਤੇ ਧਿਆਨ ਦੁਆਰਾ ਹੁੰਦੀ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਇਨ੍ਹਾਂ ਸਭ ਗੱਲਾਂ ਦਾ ਸੁੰਦਰ ਵਰਨਨ ਪ੍ਰਾਪਤ ਹੈ। ਆਪ ਨਾਮ ਨੂੰ ਪਰਮਾਤਮਾ ਵਾਂਗ ਅਨਾਦੀ, ਅਨੰਤ ਅਤੇ ਸਤਿ ਕਹਿੰਦੇ ਹਨ ਅਤੇ ਇਸੇ ਨੂੰ ਪਾਪਾਂ ਦਾ ਨਾਸ਼ ਕਰਤਾ ਅਤੇ ਮੁਕਤੀ ਦਾ ਦਾਤਾ ਮੰਨਦੇ ਹਨ। ਆਪ ਅਨੁਸਾਰ ਭਵਸਾਗਰ ਨੂੰ ਤਰਨ ਦਾ ਅਤੇ ਆਵਾਗਵਨ ਦੇ ਬੰਧਨ ਤੋੜਨ ਦਾ ਇੱਕੋ ਸੱਚਾ ਸਾਧਨ ਨਾਮ ਹੈ। ਨਾਮ ਦੀ ਸੋਝੀ ਸਤਿਗੁਰੂ ਦੁਆਰਾ ਹੁੰਦੀ ਹੈ ਅਤੇ ਸਤਿਗੁਰੂ ਦੇ ਦਿੱਤੇ ਸਿਮਰਨ ਦੁਆਰਾ ਮਨ ਨੂੰ ਅੱਖਾਂ ਪਿੱਛੇ ਇਕਾਗਰ ਕਰ ਕੇ ਹੀ ਅਸੀਂ ਸੱਚੇ ਸ਼ਬਦ ਜਾਂ ਨਾਮ ਨਾਲ ਜੁੜ ਸਕਦੇ ਹਾਂ। ਸ਼ਬਦ ਦੀ ਧੁਨੀ ਅਤੇ ਸ਼ਬਦ ਦਾ ਪ੍ਰਕਾਸ਼ ਵੱਖ-ਵੱਖ ਰੂਹਾਨੀ ਮੰਡਲਾਂ ਵਿਚ ਆਤਮਾ ਦੀ

ਅਗਵਾਈ ਕਰਦਾ ਹੈ ਅਤੇ ਇਸਦੇ ਆਸਰੇ ਹੀ ਆਤਮਾ ਸਭ ਤੋਂ ਉੱਚੇ ਅਧਿਆਤਮਿਕ ਘਾਟ ਸਤਿਨਾਮ ਵਿਚ ਪਹੁੰਚਦੀ ਹੈ। ਆਪ ਫ਼ਰਮਾਉਂਦੇ ਹਨ :

ਰਵਿਦਾਸ ਸੱਤ ਇਕ ਨਾਮ ਹੈ, ਆਦਿ ਅੰਤ ਸਚੁ ਨਾਮ।
ਹਨਨ ਕਰੇਈ ਸਭ ਪਾਪ ਤਾਪ, ਸਤ ਸੁਖਨ ਕਰਿ ਖਾਨ॥[69]

ਸੱਤ ਈਸ਼ ਕਹੁੰ ਰੂਪ ਹੈ, ਸਤ ਸਕਤੀ ਅਤ ਅਪਾਰ।
'ਰਵਿਦਾਸ' ਸੱਤ ਕੂੰ ਧਾਰਨਾ, ਦੇਇਹਿੰ ਪਾਪ ਨਿਬਾਰ॥[70]

ਨਾਮ ਮੂਲ ਹੈ ਗਿਆਨ ਕੌ, ਨਾਮ ਮੁਕਤੀ ਕੌ ਦਵਾਰ।
ਜਾ ਹਿਰਦੈ ਹਰਿ ਬਸੈ, ਪਰਹਿੰ ਨ ਜਗ ਬੌਪਾਰ॥[71]

ਭੌ ਸਾਗਰ ਰਾ ਤਰਨ ਕੂੰ, ਏਕੌ ਨਾਮ ਅਧਾਰ।
ਰਵਿਦਾਸ ਕਬਊਂ ਨਹਿ ਛਾਂੜੀਏ, ਰਾਮ ਨਾਮ ਪਤਵਾਰ॥[72]

ਮੁਕਤੀ, ਲਿਵ ਨੂੰ ਪਰਮਾਤਮਾ ਦੇ ਸੱਚੇ ਨਾਮ ਨਾਲ ਜੋੜਨ ਨਾਲ ਹੁੰਦੀ ਹੈ, ਪਰ ਸੱਚਾ ਨਾਮ ਪਰਮਾਤਮਾ ਦੇ ਪਵਿੱਤਰ ਨਾਂਵਾਂ ਦੇ ਸਿਮਰਨ ਦੁਆਰਾ ਮਿਲਦਾ ਹੈ। ਇਸ ਲਈ ਸੱਚੇ ਨਾਮ ਦੀ ਧੁਨੀ ਅਤੇ ਪ੍ਰਕਾਸ਼ ਨਾਲ ਜੋੜਨ ਵਾਲੇ ਨਾਮ ਦਾ ਭਰਪੂਰ ਸਿਮਰਨ ਕਰਨਾ ਚਾਹੀਦਾ ਹੈ। ਇਸ ਸਿਮਰਨ ਦੁਆਰਾ ਧਿਆਨ ਅੱਖਾਂ ਪਿੱਛੇ ਇਕਾਗਰ ਹੋ ਜਾਵੇਗਾ ਅਤੇ ਅੰਦਰ ਨਾਮ ਨਾਲ ਮਿਲਾਪ ਹੋ ਜਾਵੇਗਾ। ਸਿਮਰਨ ਧਿਆਨ ਨੂੰ ਅੱਖਾਂ ਪਿੱਛੇ ਰੱਖ ਕੇ ਪ੍ਰੇਮਪੂਰਵਕ ਅਤੇ ਇੱਕ-ਮਨ, ਇੱਕ-ਚਿੱਤ ਹੋ ਕੇ ਕਰਨਾ ਚਾਹੀਦਾ ਹੈ। ਮਨ ਨੂੰ ਕਦੇ ਸਿਮਰਨ ਤੋਂ ਵਿਹਲਾ ਨਹੀਂ ਛੱਡਣਾ ਚਾਹੀਦਾ। ਸਿਮਰਨ ਦਾ ਅਭਿਆਸ ਪੱਕ ਜਾਂਦਾ ਹੈ ਤਾਂ ਬਿਨਾਂ ਜਤਨ ਦੇ ਸਹਿਜ ਰੂਪ ਵਿਚ ਮਨ ਸਦਾ ਸਿਮਰਨ ਵਿਚ ਲੱਗਾ ਰਹਿੰਦਾ ਹੈ ਜਿਸ ਨੂੰ ਅਜਪਾ-'ਜਾਪ ਕਹਿੰਦੇ ਹਨ। ਗੁਰੂ ਰਵਿਦਾਸ ਜੀ ਕਹਿੰਦੇ ਹਨ :

ਸਾਚਾ ਸਿਮਰਨ ਨਾਂਵ ਬਿਸਾਸਾ, ਮਨ ਬਚ ਕਰਮ ਕਹੈ 'ਰਵਿਦਾਸਾ'॥[73]

ਅੰਤਰਮੁਖੀ ਭਈ ਜਉ ਕਰਹਿੰ, ਸੱਤਨਾਮ ਕਰਿ ਜਾਪ।
'ਰਵਿਦਾਸ' ਤਿਨ੍ਹ ਸੌਂ ਭਜਹੁਹਿੰ, ਜਗਤਹ ਤੀਨਹਹੁ ਤਾਪ॥[74]

ਸੁਮਿਰਨ ਕੋਟਿ ਅਘਨ ਕੋ, ਹ੍ਵੈ ਸਮਨ ਰਵਿਦਾਸ।
ਜਿਉਂ ਹੀ ਅਘ ਨਿਰਮੂਲੀਏ, ਪਰਮ ਜੋਤ ਪਰਗਾਸ॥[75]

ਸੰਤ ਉਤਾਰੈਂ ਆਰਤੀ ਦੇਵ ਸਿਰੋਮਨੀਏ।
ਉਰ ਅੰਤਰ ਤਹਾਂ ਬਸੇ ਬਿਨ ਰਸਨਾ ਭਨੀਏ॥
ਚਹੁੰ ਦਿਸਿ ਦੀਅਨਾ ਬਾਰਿ ਜਗਮਗ ਹੋ ਰਹੀਏ।
ਜੋਤਿ ਜੋਤਿ ਸਮ ਜੋਤੀ ਹਿਲਮਿਲ ਹੋ ਰਹੀਏ॥
ਤਨ ਮਨ ਆਤਮ ਵਾਰਿ ਤਹਾਂ ਹਰਿ ਗਾਈਏ ਗੀ।
ਭਨਤ ਜਨ ਰੈਦਾਸ ਤੁਮ ਸਰਨਾ ਆਈਏ ਗੀ॥[76]

ਰਵਿਦਾਸ ਰਾਤਿ ਨ ਸੋਵੀਏ, ਦਿਵਸ ਨ ਕਰੀਏ ਸੁਆਦ।
ਅਹਿ ਨਿਸਿ ਹਰਿ ਜੀ ਸਿਮਰੀਏ, ਛਾਂਡ ਸਕਲ ਪ੍ਰਤੀਵਾਦ॥[77]

'ਰਵਿਦਾਸ' ਅਰਾਧਹੁ ਦੇਵਕੂੰ, ਇਕਮਨ ਹੋਇ ਧਰਿ ਧਿਆਨ।
ਅਜਪਾ ਜਾਪ ਜਪਤ ਰਹਹੁ, ਸੱਤਨਾਮ ਸੱਤਨਾਮ॥[78]

ਸੁਰਤ ਸ਼ਬਦ ਜਉ ਏਕ ਹੋਂ, ਤਉ ਪਾਇਹੈਂ ਪਰਮ ਅਨੰਦ।
'ਰਵਿਦਾਸ' ਅੰਤਰ ਦੀਪਕ ਜਰਈ, ਘਟ ਉਪਜਈ ਬ੍ਰਹਮ ਅਨੰਦ॥[79]

ਗੁਰੂ ਰਵਿਦਾਸ ਜੀ ਨੇ ਇਸ਼ਾਰਾ ਕੀਤਾ ਹੈ ਕਿ ਪ੍ਰੇਮ ਭਰੋਸੇ ਅਤੇ ਲਗਨ ਨਾਲ ਕੀਤੇ ਸਿਮਰਨ ਦੁਆਰਾ ਅਨਹਦ ਸ਼ਬਦ ਦੀ ਮਿੱਠੀ ਰਸੀਲੀ ਧੁਨੀ ਸੁਣਾਈ ਦੇਣ ਲੱਗ ਪੈਂਦੀ ਹੈ ਅਤੇ ਇਸ ਦਾ ਦੈਵੀ ਅਨੰਦ ਨਾਲ ਭਰਿਆ ਪ੍ਰਕਾਸ਼ ਦਿਖਾਈ ਦੇਣ ਲੱਗ ਪੈਂਦਾ ਹੈ। ਅਭਿਆਸ ਦੁਆਰਾ ਆਤਮਾ ਅੰਦਰੋਂ ਸ਼ਬਦ ਦੀ ਧੁਨੀ ਵਿਚ ਲੀਨ ਹੁੰਦੀ ਜਾਂਦੀ ਹੈ ਅਤੇ ਅੰਦਰਲੇ ਰੂਹਾਨੀ ਮੰਡਲ ਪਾਰ ਕਰਦੀ ਹੋਈ ਪਰਮਾਤਮਾ ਦੇ ਨਿਜ ਧਾਮ ਵਿਚ ਪਹੁੰਚ ਜਾਂਦੀ ਹੈ।

ਗੁਰੂ ਰਵਿਦਾਸ ਜੀ ਨੇ ਦੂਸਰੇ ਸੰਤਾਂ ਵਾਂਗ ਸਹੰਸ-ਦਲ-ਕੰਵਲ, ਤ੍ਰਿਕੁਟੀ, ਭੰਵਰ ਗੁਫ਼ਾ ਅਤੇ ਸਤਿਨਾਮ ਆਦਿ ਰੂਹਾਨੀ ਮੰਡਲਾਂ ਦਾ ਵੀ ਸੰਕੇਤ ਦਿੱਤਾ ਹੈ। ਆਤਮਾ ਹਰ ਮੰਡਲ ਵਿਚ ਹੋ ਰਹੀ ਸ਼ਬਦ ਦੀ ਧੁਨੀ ਅਤੇ ਸ਼ਬਦ ਦੇ ਪ੍ਰਕਾਸ਼ ਆਸਰੇ ਉੱਪਰ ਵਧਦੀ ਜਾਂਦੀ ਹੈ ਅਤੇ ਅੰਤ ਨੂੰ ਸਭ ਤੋਂ ਉੱਪਰਲੇ ਮੰਡਲ ਸਤਿਨਾਮ ਵਿਚ ਪਹੁੰਚ ਜਾਂਦੀ ਹੈ।

ਗੁਰੂ ਰਵਿਦਾਸ ਜੀ ਉਪਦੇਸ਼ ਕਰਦੇ ਹਨ ਕਿ ਨਾਮ ਦੀ ਧੁਨੀ ਅਤੇ ਪ੍ਰਕਾਸ਼ ਤਾਂ ਹਰ ਇੱਕ ਦੇ ਅੰਦਰ ਹੈ ਅਤੇ ਹਰ ਜੀਵ ਦੇ ਅੰਦਰ ਨਾਮ ਦੇ ਅੰਤਰਮੁਖ ਮਾਰਗ ਉੱਤੇ ਚੱਲ ਕੇ ਪਰਮਾਤਮਾ ਨਾਲ ਮਿਲਣ ਦੀ ਸ਼ਕਤੀ ਹੈ, ਪਰ ਨਾਮ ਦੀ ਸਾਧਨਾ ਦੀ ਜੁਗਤੀ ਪੂਰਨ ਸੰਤਾਂ ਤੋਂ ਪ੍ਰਾਪਤ ਹੁੰਦੀ ਹੈ। ਕੇਵਲ ਧੁਰ-ਧਾਮ ਪਹੁੰਚੇ ਪੂਰਨ

ਸਾਧੂ ਦੀ ਸਹਾਇਤਾ ਨਾਲ ਹੀ ਜੀਵ ਸਭ ਤੋਂ ਉਪਰਲੇ ਰੂਹਾਨੀ ਮੰਡਲ ਸਤਿਨਾਮ ਵਿਚ ਪਹੁੰਚ ਸਕਦਾ ਹੈ :

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥[80]

ਆਰਤੀ ਕਰਤ ਹੰਸੈ ਮਨ ਮੇਰੋ, ਆਵਤ ਚਿਤ ਤੁਵ ਰੂਪ ਘਨੇਰੋ।

. . . .

ਨਾਮ ਕੀ ਬਾਤੀ ਘੀਵ ਅਖੰਡਾ, ਇਕ ਹੀ ਜੋਤ ਜਲੈ ਬ੍ਰਹਮੰਡਾ॥

. . . .

ਮਨ ਬਚ ਕਰਮ 'ਰਵਿਦਾਸ' ਧਿਆਵਾ, ਘੰਟਾ ਝਾਲਰ ਮਨਹਿੰ ਬਜਾਵਾ ॥[81]

'ਰਵਿਦਾਸ' ਦੀਆ ਜਗਮਗ ਜਰਈ, ਬਿਨ ਬਾਤੀ ਬਿਨ ਤੇਲ।
ਸੁਰਤ ਸਾਧਿਕਾਰ ਹੀਏ ਮਹਿ, ਦੇਖ ਪੀਆ ਕੇ ਖੇਲ ॥[82]

ਜਾ ਕਾਰਨ ਮੈਂ ਦੌਰੋ ਫਿਰਤੋ, ਸੋ ਅਬ ਘਟ ਮੇਂ ਆਈ॥
ਪਾਂਚੋ ਮੇਰੀ ਸਖੀ ਸਹੇਲੀ, ਤਿਨ ਨਿਧਿ ਦਈ ਦਿਖਾਈ[ੳ]
ਅਬ ਮਨ ਫੂਲਿ ਭਇਓ ਜਗ ਮਹਿਆਂ, ਆਪ ਮੇਂ ਉਲਟਿ ਸਮਾਈ ॥[ਅ 83]

ਸਹਸਰਾਰ ਮਹਿ ਭੰਵਰ ਗੁਫਾ ਹੈ, ਭੰਵਰਾ ਗੁੰਜ ਕਰੈ।
ਦਿਲ ਦਰਿਆਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ ॥[84]

ਗਗਨ ਮੰਡਲ ਮੇਂ ਆਰਤੀ ਕੀਜੈ, ਨਾਦ ਬਿੰਦ ਇਕ ਮੇਕ ਕਰੀਜੈ॥

. . . .

ਘੀਵ ਅਖੰਡਾ ਸੋਹੈ ਬਾਤੀ, ਤ੍ਰਿਕੁਟੀ ਜੋਤ ਜਲੈ ਦਿਨ ਰਾਤੀ॥

. . . .

ਸਹਸ ਕੰਵਲ ਸਿੰਘਾਸਨ ਰਾਜੈ, ਅਨਹਦ ਝਾਂਜਨ ਨਿਤ ਹੀ ਬਾਜੈ॥
ਇਹ ਵਿਧ ਆਰਤੀ ਸਾਂਚੀ ਸੇਵਾ, ਪਰਮ ਪੁਰਸ਼ ਅਲਖ ਅਭੇਵਾ॥
ਕਹੈ 'ਰਵਿਦਾਸ' ਗੁਰੂਦੇਵ ਬਤਾਵੈ, ਐਸੀ ਆਰਤੀ ਪਾਰ ਲੰਘਾਵੈ ॥[85]

ੳ. **ਪਾਂਚੋਂ...ਦਿਖਾਈ**=ਪੰਜ ਸਖੀਆਂ-ਸਹੇਲੀਆਂ ਤੋਂ ਰਵਿਦਾਸ ਜੀ ਦਾ ਮਤਲਬ ਹੈ ਪੰਜ ਅੰਦਰਲੀਆਂ ਧੁਨਾਂ ਜਿਨ੍ਹਾਂ ਰਾਹੀਂ ਆਤਮਾ ਉੱਪਰ ਚੜ੍ਹਦੀ ਹੈ ਅਤੇ ਸਭ ਅੰਦਰਲੇ ਖਜ਼ਾਨਿਆਂ ਨੂੰ ਪ੍ਰਾਪਤ ਕਰ ਲੈਂਦੀ ਹੈ। ਅ. **ਅਬ...ਸਮਾਈ**=ਧਿਆਨ ਨੂੰ ਬਾਹਰੋਂ ਪਲਟ ਕੇ ਅੰਦਰ ਲਿਆਉਣ ਨਾਲ ਮਨ, ਜੋ ਇਸ ਸੰਸਾਰ ਵਿਚ ਉਦਾਸ ਅਤੇ ਬੇਚੈਨ ਰਹਿੰਦਾ ਸੀ, ਸੱਚੇ ਅਨੰਦ ਨਾਲ ਭਰ ਜਾਂਦਾ ਹੈ ਅਤੇ ਮੁਰਝਾਇਆ ਹੋਇਆ ਹਿਰਦਾ-ਕਮਲ ਖਿਲ ਪੈਂਦਾ ਹੈ।

ਰਵਿਦਾਸ ਸਬਦਹ ਸਹ ਜਬਹਿ, ਸੁਖਹ ਇਕਮਿਕ ਹੋਈ।
ਅਨੁਭੂਤਿ ਸੱਤਨਾਮਹ, ਸਵਿਯੰ ਦੇਤਹਿੰ ਲੋਈ॥[86]

ਰਵਿਦਾਸ ਜੀ ਦੀਆਂ ਉਪਰੋਕਤ ਪੰਕਤੀਆਂ, ਜਿਨ੍ਹਾਂ ਵਿਚ ਸ਼ਬਦ ਦੀ ਅਦਭੁਤ ਧੁਨੀ ਅਤੇ ਪ੍ਰਕਾਸ਼ ਦਾ ਵਰਨਨ ਕੀਤਾ ਗਿਆ ਹੈ ਅਤੇ ਜਿਨ੍ਹਾਂ ਵਿੱਚੋਂ ਸ਼ਬਦ ਦੀ ਧੁਨੀ ਅਤੇ ਪ੍ਰਕਾਸ਼ ਦੀ ਪ੍ਰਾਪਤੀ ਲਈ ਗੁਰੂ ਦੀ ਕ੍ਰਿਪਾ ਅਤੇ ਉਪਦੇਸ਼ ਨੂੰ ਜ਼ਰੂਰੀ ਦੱਸਿਆ ਗਿਆ ਹੈ, ਪਲਟੂ ਸਾਹਿਬ ਦੀਆਂ ਹੇਠ ਲਿਖੀਆਂ ਪੰਕਤੀਆਂ ਨੂੰ ਯਾਦ ਕਰਾਉਂਦੀਆਂ ਹਨ :

ਉਲਟਾ ਕੂਵਾ ਗਗਨ ਮੇਂ ਤਿਸ ਮੇਂ ਜਰੈ ਚਿਰਾਗ॥
ਤਿਸ ਮੇਂ ਜਰੈ ਚਿਰਾਗ ਬਿਨਾ ਰੋਗਨ ਬਿਨ ਬਾਤੀ।
ਛੇ ਰਿਤੁ ਬਾਰਹ ਮਾਸ ਰਹਤ ਜਰਤੈ ਦਿਨ ਰਾਤੀ॥
ਸਤਿਗੁਰੂ ਮਿਲਾ ਜੋ ਹੋਇ ਤਾਹਿ ਕੀ ਨਜਰ ਮੇਂ ਆਵੈ।
ਬਿਨਾ ਸਤਿਗੁਰੂ ਕੋਊ ਹੋਇ ਨਹੀਂ ਵਾ ਕੋ ਦਰਸਾਵੈ॥
ਨਿਕਸੈ ਏਕ ਆਵਾਜ਼ ਚਿਰਾਗ ਕੀ ਜੋਤਿਹਿੰ ਮਾਹੀਂ।
ਗਿਆਨ ਸਮਾਧੀ ਸੁਨੈ ਔਰ ਕੋਉ ਸੁਨਤਾ ਨਾਹੀਂ॥
ਪਲਟੂ ਜੋ ਕੋਈ ਸੁਨੈ ਤਾ ਕੇ ਪੂਰੇ ਭਾਗ।
ਉਲਟਾ ਕੂਵਾ ਗਗਨ ਮੇਂ ਤਿਸ ਮੇਂ ਜਰੈ ਚਿਰਾਗ॥[87]

ਗੁਰੂ ਰਵਿਦਾਸ ਜੀ ਉਨ੍ਹਾਂ ਜੀਵਾਂ ਦੀ ਬਦਕਿਸਮਤੀ ਤੇ ਅਫ਼ਸੋਸ ਕਰਦੇ ਹਨ ਜਿਹੜੇ ਮਨੁੱਖ ਜਨਮ ਪ੍ਰਾਪਤ ਕਰ ਕੇ ਵੀ ਨਾਮ ਤੋਂ ਖ਼ਾਲੀ ਰਹਿ ਜਾਂਦੇ ਹਨ। ਉਹ ਕਦੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ। ਉਨ੍ਹਾਂ ਦਾ ਜੀਵਨ ਬਿਲਕੁਲ ਵਿਅਰਥ ਹੈ, ਧ੍ਰਿਗ ਹੈ:

ਧ੍ਰਿਗ ਧ੍ਰਿਗ ਜੀਵਣੁ ਰਾਜੇ ਰਾਮ ਵਿਨਾ।
ਦੇਹਿ ਨੈਨ ਵਿਨੁ, ਚੰਦ ਰੈਨ ਵਿਨੁ, ਜਿਉਂ ਮੀਨਾ ਗਹਰੂ ਜਲੇ ਵਿਨਾ॥
ਹਸਤੀ ਸੁੰਡ ਵਿਨੁ, ਪੰਛੀ ਪੰਖ ਵਿਨੁ, ਜਇਸੋਇ ਮੰਦਰ ਦੀਪ ਵਿਨਾ।
ਜਇਸੇ ਬਾਮ੍ਹਨ ਵੇਦ ਵਿਹੂੰਣਾ, ਤੈਸੋਇ ਪ੍ਰਾਣੀ ਤੁਝ ਨਾਮ ਵਿਨਾ॥[88]
ਕੋਟਿ ਜਗਯ ਜੌ ਕੋਊ ਕਰੈ, ਰਾਮ ਨਾਮ ਬਿਨ ਤੋਊ ਨ ਨਿਸਤਰੇ।[89]

ਉਹ ਪਰਮਾਤਮਾ ਅਲਖ ਹੈ, ਜਦ ਤੱਕ ਉਹ ਨਿਰਾਕਾਰ ਪ੍ਰਭੂ ਸਾਕਾਰ ਰੂਪ ਵਿਚ ਸਾਡੇ ਸਾਹਮਣੇ ਪ੍ਰਗਟ ਹੋ ਕੇ ਸਾਨੂੰ ਆਪਣਾ ਗਿਆਨ ਨਾ ਦੇਵੇ ਅਸੀਂ ਕਦੇ

ਉਹਦੇ ਨਾਲ ਮਿਲਾਪ ਨਹੀਂ ਕਰ ਸਕਦੇ। ਸੱਚਾ ਗੁਰੂ ਨਿਰਾਕਾਰ ਪਰਮਾਤਮਾ ਦਾ ਸਾਕਾਰ ਰੂਪ ਹੁੰਦਾ ਹੈ। ਉਹ ਆਪਣੀ ਆਤਮਾ ਨੂੰ ਅੰਦਰੋਂ ਸ਼ਬਦ ਵਿਚ ਲੀਨ ਕਰਕੇ ਸ਼ਬਦ ਜਾਂ ਪਰਮਾਤਮਾ ਦਾ ਰੂਪ ਹੋ ਚੁੱਕਾ ਹੁੰਦਾ ਹੈ। ਇਸ ਲਈ ਉਹ ਦੂਸਰੇ ਜੀਵਾਂ ਦੀ ਆਤਮਾ ਨੂੰ ਵੀ ਅੰਦਰੋਂ ਸ਼ਬਦ ਵਿਚ ਲੀਨ ਕਰਕੇ ਪਰਮਾਤਮਾ ਨਾਲ ਮਿਲਣ ਦੀ ਜੁਗਤੀ ਸਿਖਾ ਸਕਦਾ ਹੈ।

ਪਰਮਾਤਮਾ ਨਾਲ ਮਿਲ ਕੇ ਪਰਮਾਤਮਾ ਦਾ ਰੂਪ ਹੋ ਚੁੱਕਾ ਪੂਰਾ ਗੁਰੂ ਜੀਵ ਨੂੰ ਨਾਮ ਦਾ ਭੇਦ ਦਿੰਦਾ ਹੈ, ਨਾਮ ਦੀ ਕਮਾਈ ਦੀ ਜੁਗਤੀ ਸਮਝਾਉਂਦਾ ਹੈ ਅਤੇ ਅੰਦਰ ਬਾਹਰ ਜੀਵ ਦੀ ਹਰ ਤਰ੍ਹਾਂ ਅਗਵਾਈ ਅਤੇ ਸੰਭਾਲ ਕਰਦਾ ਹੋਇਆ ਉਸ ਨੂੰ ਨਾਮ ਦੁਆਰਾ ਪਰਮਾਤਮਾ ਨਾਲ ਮਿਲਾ ਦਿੰਦਾ ਹੈ ਅਤੇ ਭਵਸਾਗਰ ਦੇ ਦੁੱਖਾਂ ਤੋਂ ਮੁਕਤ ਕਰਕੇ ਅਮਰ ਅਨੰਦ ਦਾ ਭਾਗੀ ਬਣਾ ਦਿੰਦਾ ਹੈ। ਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ ਕਿ ਸੰਤ ਪਰਮਾਤਮਾ ਦੀ ਦੇਹ ਅਤੇ ਪ੍ਰਾਣਾਂ ਸਮਾਨ ਹਨ। ਸੰਤ ਅਤੇ ਅਨੰਤ (ਪਰਮਾਤਮਾ) ਵਿਚ ਕੋਈ ਭੇਦ ਨਹੀਂ ਅਤੇ ਕੇਵਲ ਸੰਤਾਂ ਦੇ ਉਪਦੇਸ਼ ਦੁਆਰਾ ਹੀ ਅਨੰਤ ਦੀ ਪ੍ਰਾਪਤੀ ਹੋ ਸਕਦੀ ਹੈ:

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥

. . . .

ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥ ਸੰਤ ਅਨੰਤਹਿ ਅੰਤਰੁ ਨਾਹੀ॥[90]

ਹਰਿ ਗੁਰ ਸਾਧ ਸਮਾਨ ਚਿਤ, ਨਿਤ ਆਗਮ ਤਤ ਮੂਲ।[ੳ]
ਇਨ ਬਿਚ ਅੰਤਰ ਜਿਨ ਪਰੌ, ਕਰਵਤ ਸਹਨ ਕਬੂਲ।[ਅ 91]

ਸਮਾਧਿ ਥਿਤਿ ਸੰਤ ਜਨ, ਅਪਨਹੁ ਅੱਪ ਮਿਟਾਂਹਿ।[ੲ]
ਜਿਮਿ ਗੰਗ ਸਮੁੰਦ ਮਿਲਿ, ਰਵਿਦਾਸ ਸਮੁੰਦਹਿੰ ਵਿਲਾਂਹਿ।[ਸ 92]

ਸੰਸਾਰਿਕ ਦੁੱਖਾਂ ਤੋਂ ਛੁਟਕਾਰਾ ਪਾਉਣ ਅਤੇ ਪਰਮਾਤਮਾ ਨਾਲ ਮਿਲਾਪ ਕਰਨ ਲਈ ਗੁਰੂ ਦੀ ਲੋੜ ਨੂੰ ਗੁਰੂ ਰਵਿਦਾਸ ਜੀ ਇਉਂ ਪ੍ਰਗਟ ਕਰਦੇ ਹਨ:

ਪਤਰਿ ਨਾਵ ਖੇਵਟੀਆ ਗੁਰੂ ਰਾਮਾ, ਨਾਮ ਲੇਤਿ ਹੀ ਤਰਿ ਹੈਂ।[93]

ੳ. **ਹਰਿ...ਮੂਲ**=ਸਾਰੇ ਸ਼ਾਸਤਰਾਂ ਦਾ ਇਹੀ ਮੱਤ ਹੈ ਕਿ ਪਰਮਾਤਮਾ, ਗੁਰੂ ਅਤੇ ਸੰਤ ਦਾ ਚਿਤ ਇੱਕ ਸਮਾਨ ਹੈ। ਅ. **ਇਨ...ਕਬੂਲ**=ਆਰੇ ਨਾਲ ਸਿਰ ਚਿਰਵਾ ਲੈਣਾ ਠੀਕ ਹੈ ਪਰ ਸੰਤ ਅਤੇ ਪਰਮਾਤਮਾ ਵਿਚ ਅੰਤਰ ਕਰਨਾ ਠੀਕ ਨਹੀਂ। ੲ. **ਥਿਤਿ**=ਸਥਿਤ; **ਅੱਪ**=ਅਪਣੱਤ; ਅਹੰਕਾਰ। ਸ. **ਵਿਲਾਂਹਿ**=ਅਲੋਪ ਹੋ ਜਾਣਾ।

ਭੌ ਸਾਗਰ ਦੁਤਰ ਅਤਿ, ਕਿਧੂੰ ਮੂਰਿਖ ਯਹੁ ਜਾਨ।
ਰਵਿਦਾਸ ਗੁਰੂ ਪਤਵਾਰ ਹੈ, ਨਾਮ ਨਾਵ ਕਰਿ ਜਾਨ॥[94]

ਜੋ ਮੁੰਹਿ ਭਜੈ ਭਜਊਂ ਮੈਂ ਤਾਕੂੰ, ਹਰਿ ਸਿਮਰਨ ਤੈਂ ਪਾਰੀ ਪਰੀ [ੳ]
ਕਹੈ ਰਵਿਦਾਸ ਸਾਧ ਸੰਗਤਿ ਮਿਲਿ, ਰਾਮ ਭਜੈ ਤੋ ਵਿਪਤਿ ਟਰੀ॥[95]

ਦਿਲ ਦਰਿਆਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ।
ਮਰਜੀ ਵਾਕੀ ਸੈਨ ਵਿਚਾਰੈ, ਤਉ ਹੀਰਾ ਹਾਥ ਪਰੈ॥[ਅ 96]

ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥[97]

ਗੁਰੂ ਗਿਆਂਨ ਦੀਪਕ ਦੀਆ, ਬਾਤੀ ਦਈ ਜਲਾਇ।
ਰਵਿਦਾਸ ਹਰਿ ਭਗਤੀ ਕਾਰਨੈ, ਜਨਮ ਮਰਨ ਬਿਲਮਾਇ॥[98]

ਸਤਿਗੁਰ ਹਮਹੁ ਲਖਾਈ ਬਾਟ।
ਜਨਮ ਪਾਛਲੇ ਪਾਪ ਨਸਾਨੇ, ਮਿਟਿਗੋ ਸਭੁ ਸੰਤਾਪ॥
ਬਾਹਿਰ ਖੋਜਤ ਜਨਮ ਗੰਵਾਏ, ਉਨਮਨਿ ਧਿਆਨ ਰਹੇ ਘਟ ਆਪ।
ਸਬਦ ਅਨਾਹਦ ਬਾਜਤ ਘਟ ਮਹਿੰ, ਅਗਮ ਗਿਆਂਨ ਭੌ ਗੁਰੁ ਪਰਤਾਪ॥[99]

ਨਾਮ ਦੀ ਕਮਾਈ ਪਰਮਾਤਮਾ ਦੀ ਸੱਚੀ ਭਗਤੀ ਹੈ, ਜਿਸ ਵਿਚ ਸਫਲਤਾ ਲਈ ਪੂਰਨ ਸੰਤਾਂ ਦੀ ਸੰਗਤ ਅਤੇ ਸਤਿਸੰਗ ਦੀ ਜ਼ਰੂਰਤ ਹੈ। ਗੁਰੂ ਰਵਿਦਾਸ ਜੀ ਜੀਵ ਨੂੰ ਮਾਲਕ ਦੇ ਸੱਚੇ ਭਗਤਾਂ ਦੀ ਸੰਗਤ ਤੋਂ ਲਾਭ ਉਠਾਉਣ ਅਤੇ ਪਾਪੀ ਮਨਮੁਖਾਂ ਦੀ ਸੰਗਤ ਤੋਂ ਦੂਰ ਰਹਿਣ ਦੀ ਤਾਕੀਦ ਕਰਦੇ ਹਨ:

ਸੰਤ ਚੀ ਸੰਗਤਿ ਸੰਤ ਕਥਾ ਰਸੁ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥

. . . .

ਅਉਰ ਇਕ ਮਾਗਉ ਭਗਤਿ ਚਿੰਤਾਮਣਿ॥
ਜਣੀ ਲਖਾਵਹੁ ਅਸੰਤ ਪਾਪੀ ਸਣਿ॥[100]

ੳ. **ਜੋ...ਪਰੀ**=ਜੋ ਪਰਮਾਤਮਾ ਦੇ ਸਿਮਰਨ ਵਿਚ ਲੀਨ ਹੈ, ਉਸ ਦੀ ਯਾਦ ਪਰਮਾਤਮਾ ਨੂੰ ਲੱਗੀ ਹੋਈ ਹੈ। ਅ. **ਸੈਨ**=ਸੰਕੇਤ, ਇਸ਼ਾਰਾ।

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥
ਸਾਧਸੰਗਤਿ ਪਾਈ ਪਰਮ ਗਤੇ॥[101]

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।[102]

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ। ਹਮ ਅਉਗਨ ਤੁਮ੍ ਉਪਕਾਰੀ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥[103]

ਮਨ ਨੂੰ ਪਰਮਾਤਮਾ ਦੀ ਭਗਤੀ ਅਤੇ ਨਾਮ ਦੀ ਕਮਾਈ ਦੇ ਯੋਗ ਬਣਾਉਣ ਲਈ ਆਹਾਰ, ਵਿਚਾਰ ਅਤੇ ਆਚਾਰ ਨੂੰ ਨਿਰਮਲ ਬਣਾਉਣਾ ਜ਼ਰੂਰੀ ਹੈ। ਮਨ ਨੂੰ ਮਲੀਨ ਕਰਨ ਵਾਲੇ ਮਾਸ, ਸ਼ਰਾਬ ਅਤੇ ਦੂਸਰੇ ਨਸ਼ੀਲੇ ਪਦਾਰਥਾਂ ਦਾ ਤਿਆਗ ਕਰਨਾ ਲਾਜ਼ਮੀ ਹੈ। ਇਨ੍ਹਾਂ ਚੀਜ਼ਾਂ ਦਾ ਸੇਵਨ ਹਿਰਦੇ ਨੂੰ ਕਠੋਰ ਬਣਾਉਂਦਾ ਹੈ ਅਤੇ ਮਨੋਬਿਰਤੀ ਨੂੰ ਮਲੀਨ ਕਰਦਾ ਹੈ। ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਦੇ ਸਾਜੇ ਹੋਏ ਜੀਵਾਂ ਨੂੰ ਮਾਰਨਾ ਅਤੇ ਖਾਣਾ ਅਤੇ ਫਿਰ ਉਨ੍ਹਾਂ ਦੇ ਕਰਤਾ ਉਸ ਪਰਮ-ਪਿਤਾ-ਪਰਮੇਸ਼ਰ ਨਾਲ ਮਿਲਣ ਦੀ ਆਸ ਰੱਖਣਾ, ਆਪਣੇ ਆਪ ਨੂੰ ਧੋਖਾ ਦੇਣਾ ਹੈ। ਜੀਵ ਹੱਤਿਆ ਕਰਨ ਅਤੇ ਮਾਸ ਖਾਣ ਨਾਲ ਸਾਡਾ ਕਰਮਾਂ ਦਾ ਬੋਝਾ ਹੋਰ ਭਾਰੀ ਹੋ ਜਾਂਦਾ ਹੈ ਜਦ ਕਿ ਸਾਡੇ ਕੀਤੇ ਹੋਏ ਕਰਮ ਹੀ ਸਾਡੇ ਅਤੇ ਪਰਮਾਤਮਾ ਦੇ ਵਿਚਕਾਰ ਖੜ੍ਹੀ ਸਭ ਤੋਂ ਵੱਡੀ ਦੀਵਾਰ ਹਨ। ਸ਼ਰਾਬ ਆਦਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਸਾਡੀ ਬੁੱਧੀ ਮਲੀਨ ਕਰਕੇ ਸਾਨੂੰ ਸੱਚੇ ਰਾਹ ਤੋਂ ਹੋਰ ਵੀ ਦੂਰ ਲੈ ਜਾਂਦੇ ਹਨ। ਗੁਰੂ ਰਵਿਦਾਸ ਜੀ ਉਪਦੇਸ਼ ਕਰਦੇ ਹਨ :

'ਰਵਿਦਾਸ' ਜੀਵ ਕੂੰ ਮਾਰਿ ਕਰ, ਕੈਸੋ ਮਿਲਹਿੰ ਖੁਦਾਇ।
ਪੀਰ ਪੈਗੰਬਰ ਔਲੀਆ, ਕੋਊ ਨ ਕਹਇ ਸਮੁਝਾਇ॥[104]

'ਰਵਿਦਾਸ' ਜੋ ਆਪਨ ਹੇਤ ਹੀ, ਪਰ ਕੂੰ ਮਾਰਨ ਜਾਈ।
ਮਾਲਿਕ ਕੇ ਦਰ ਜਾਇ ਕਰਿ, ਭੋਗਹਿੰ ਕੜੀ ਸਜਾਈ॥[105]

ਅਪਨਹ ਗੀਵ ਕਟਾਈਹਿਂ, ਜੌ ਮਾਂਸ ਪਰਾਇਆ ਖਾਂਇ।ੳ
'ਰਵਿਦਾਸ' ਮਾਂਸ ਜੌ ਖਾਤ ਹੈਂ, ਤੇ ਨਰ ਨਰਕਹਿਂ ਜਾਂਇ।[106]

'ਰਵਿਦਾਸ' ਜਿਭਯਾ ਸਵਾਦ ਬਸ, ਜਉ ਮਾਂਸ ਮਛਰੀਆ ਖਾਇ।
ਨਾਹਕ ਜੀਵ ਮਾਰਨ ਬਦਲ, ਆਪਨ ਸੀਸ ਕਟਾਇ॥[107]

ਆਪ ਸ਼ਰਾਬ ਬਾਰੇ ਕਹਿੰਦੇ ਹਨ ਕਿ ਇਹ ਭਾਵੇਂ ਗੰਗਾ ਜਲ ਵਿਚ ਕਿਉਂ ਨਾ ਕੱਢੀ ਹੋਵੇ, ਮਾਲਕ ਦੇ ਸੱਚੇ ਭਗਤ ਇਸ ਦੇ ਨੇੜੇ ਨਹੀਂ ਜਾਂਦੇ :

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥ਅ [108]

ਜਦ ਆਹਾਰ, ਵਿਚਾਰ ਅਤੇ ਆਚਾਰ ਸ਼ੁਧ ਕਰਕੇ ਸੰਤਾਂ ਦੀ ਸੰਗਤ ਵਿਚ ਜਾ ਕੇ ਉਨ੍ਹਾਂ ਤੋਂ ਨਾਮ ਦੀ ਬਖ਼ਸ਼ਿਸ਼ ਪ੍ਰਾਪਤ ਕਰਦੇ ਹਾਂ ਤਾਂ ਸਾਡਾ ਮਨ ਆਪਣੇ ਆਪ ਪਰਮਾਤਮਾ ਦੀ ਸੱਚੀ ਭਗਤੀ ਵਿਚ ਲੱਗ ਜਾਂਦਾ ਹੈ। ਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਕੇਵਲ ਨਾਮ ਭਗਤੀ ਹੀ ਉਹ ਸੱਚੀ ਭਗਤੀ ਹੈ ਜਿਸ ਦੁਆਰਾ ਹਉਮੈਂ ਦਾ ਪਰਦਾ ਫਟਦਾ ਹੈ ਅਤੇ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ।

ਜਿਉਂ-ਜਿਉਂ ਸਾਧਕ ਨਾਮ ਦੀ ਕਮਾਈ ਕਰਦਾ ਹੈ, ਉਹਦੇ ਅੰਦਰ ਪਰਮਾਤਮਾ ਨਾਲ ਮਿਲਣ ਦੀ ਬਿਰਹਾ ਵਧਦੀ ਜਾਂਦੀ ਹੈ। ਅੰਤ ਨੂੰ ਉਸ ਸੱਚੇ ਪ੍ਰੀਤਮ ਨਾਲ ਮਿਲਣ ਦੀ ਬਿਰਹਾ ਏਨੀ ਪਰਬਲ ਹੋ ਜਾਂਦੀ ਹੈ ਕਿ ਉਹਨੂੰ ਉਸ ਪ੍ਰੀਤਮ ਤੋਂ ਬਿਨਾਂ ਕੁਝ ਚੰਗਾ ਨਹੀਂ ਲੱਗਦਾ ਅਤੇ ਉਹ ਸੁਆਸ-ਸੁਆਸ ਉਹਦੇ ਨਾਮ ਦਾ ਸਿਮਰਨ ਕਰਦਾ ਹੈ ਜਿਸ ਕਾਰਨ ਉਹਦਾ ਇੱਕ ਦਿਨ ਪ੍ਰੀਤਮ ਨਾਲ ਮਿਲਾਪ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਕਹਿੰਦੇ ਹਨ :

ਐਸੀ ਭਗਤੀ ਨ ਹੋਇ ਰੇ ਭਾਈ।
ਰਾਮ ਨਾਮ ਬਿਨੁ ਜੇ ਕਊ ਕਰੀਏ, ਸੋ ਸਬ ਭਰਮ ਕਹਾਈ॥
ਆਪੌ ਗਯੌ ਤਬ ਭਗਤੀ ਪਾਈ, ਐਸੀ ਭਗਤੀ ਹੈ ਭਾਈ।ੲ
ਰਾਮ ਮਿਲਿਓ ਅਪਨੌ ਗੁਨ ਖੋਇਓ, ਰਿਧਿ ਸਿਧਿ ਸਬੈ ਜੁ ਗੰਵਾਈ॥
ਕਹੈ 'ਰਵਿਦਾਸ' ਛੂਟੀ ਸਬ ਆਸ, ਤਬ ਹਰਿ ਤਾਹੀ ਕੈ ਪਾਸ।[109]

ਮੈਂ ਮੈਂ ਜੌ ਲੌ ਗਰਬ ਬੌਰਾਨੀ, ਤੌ ਲੌਂ ਪਿਯਰਾ ਮਨੁ ਨਹਿ ਆਨੀ।ਸ
ਆਪਾ ਮੇਟਿ ਮੈਂ-ਮੇਰੀ ਖੋਹੀ, ਗਰਬ ਤਿਆਗੀ ਅਰਪਹਿ ਨਿਜ ਦੇਹੀ॥

ੳ. **ਗੀਵ**=ਗਲਾ, ਗਰਦਨ। ਅ. **ਬਾਰੁਨੀ**=ਸ਼ਰਾਬ। ੲ. **ਆਪੌ**=ਆਪਾ, ਖ਼ੁਦੀ, ਹੰਕਾਰ। ਸ. **ਪਿਯਰਾ**=ਪ੍ਰੀਤਮ।

ਪਿਉ ਕੌ ਨਾਰੀ ਉਹਿ ਮਨ ਆਈ,
ਜਿਹਿ ਅਭਿ ਅੰਤਰ ਅਵਰੁ ਨਹਿ ਕਾਈ॥[ੳ] [110]

ਇਕ ਚਿੰਤਾ ਸੱਤ ਨਾਮ ਕੀ, ਦਰਸਾਇਹੁ ਪਰਮ ਤੱਤ॥
ਸਹਜ ਪਰਮ ਭਗਤਿ ਭਈ, 'ਰਵਿਦਾਸ' ਪਾਇਹਿ ਬ੍ਰਹਮ ਸੱਤ॥[111]

ਨਾਮ ਭਗਤੀ ਦੁਆਰਾ ਜਿਵੇਂ-ਜਿਵੇਂ ਅਹੰਕਾਰ ਦਾ ਪਰਦਾ ਫਟਦਾ ਜਾਂਦਾ ਹੈ ਪਰਮਾਤਮਾ ਨਾਲ ਮਿਲਣ ਦੀ ਇੱਛਾ ਵਧੇਰੇ ਤੀਬਰ ਹੁੰਦੀ ਜਾਂਦੀ ਹੈ। ਸੱਚੇ ਭਗਤ ਅਤੇ ਪ੍ਰੇਮੀ ਦੀ ਬਿਰਹਾ ਦੀ ਵਿਆਕੁਲਤਾ ਦਾ ਵਰਨਨ ਕਰਦੇ ਹੋਏ ਗੁਰੂ ਰਵਿਦਾਸ ਜੀ ਲਿਖਦੇ ਹਨ :

ਚਲਤ ਹਲਤ ਬੈਠਤ ਉਠਤ, ਧਰਿ ਹੁੰ ਤੁਮਰੋ ਧਿਆਨ।[ਅ]
ਰਵਿਦਾਸ ਤੂ ਮੁਹਿ ਮਨ ਬਸਈ, ਚਰਣ ਕੰਵਲ ਕੀ ਆਨ॥[112]

ਕੋਇਲ ਤਰਸੈ ਅੰਬ ਕੂੰ, ਚਾਤਿਗ ਤਰਸਤ ਨੀਰ।[ੲ]
ਰਵਿਦਾਸ ਲੋਚੈ ਦਰਸ ਕੂੰ, ਪ੍ਰਾਣ ਪਰਤ ਨਹੀਂ ਧੀਰ॥[113]

ਜਿਉਂ ਸੁਧਿ ਆਵਤ ਪੀਵ ਕੀ, ਵਿਰਹ ਉਠਤ ਤਨ ਆਗਿ।
ਜਿਉਂ ਚੂਨੇ ਕੀ ਕਾਂਕਰੀ, ਜਿਉਂ ਛਿਰਕੇ ਤਿਉਂ ਆਗਿ॥[ਸ] [114]

'ਰਵਿਦਾਸ' ਮੋਰੇ ਮਨ ਲਾਗਿਓ, ਰਾਮ ਪ੍ਰੇਮ ਕੋ ਤੀਰ।
ਰਾਮ ਰਸਾਇਨ ਜਉ ਮਿਲਹਿ, ਤਉ ਹਰੈ ਹਮਾਰੋ ਪੀਰ॥[ਹ] [115]

ਦਰਨਸ ਦੀਜੈ ਰਾਮ ਦਰਸਨ ਦੀਜੈ।
ਦਰਸਨ ਦੀਜੈ ਹੋ ਵਿਲੰਬ ਨ ਕੀਜੈ॥
ਦਰਸਨ ਤੋਰਾ ਜੀਵਨ ਮੋਰਾ। ਬਿਨ ਦਰਸਨ ਕਿਉਂ ਜੀਵੈ ਹੋ ਚਕੋਰਾ॥[116]

ਜੋ ਮੋਹਿ ਵੇਦਨ ਕਾ ਸਨਿ ਆਖੌਂ, ਹਰਿ ਬਿਨ ਜੀਵਨ ਕੈਸੈਂ ਕਰਿ ਰਾਖੌਂ।[ਕ]
ਜੀਵ ਤਰਸੈ ਇਕ ਦੰਗਿ ਬਸੇਰਾ, ਕਰਹੁ ਸੰਭਾਲ ਤੁਮ ਸਿਰਜਨ ਮੇਰਾ॥

ੳ. **ਅਭਿ ਅੰਤਰ**=ਹਿਰਦੇ ਵਿਚ। ਅ. **ਚਲਤ-ਹਲਤ**=ਹਿਲਦੇ-ਜੁਲਦੇ। ੲ. **ਅੰਬ**=ਅੰਬ। ਸ. **ਜਿਉਂ...ਆਗਿ**=ਜਿਵੇਂ ਕਲੀ ਦੇ ਢੇਲੇ ਉੱਤੇ ਪਾਣੀ ਛਿੜਕਿਆ ਜਾਵੇ ਤਾਂ ਉਸਦੀ ਅੱਗ ਹੋਰ ਭੜਕਦੀ ਹੈ। ਹ. **ਰਸਾਇਨ**=ਰੋਗ ਨੂੰ ਖ਼ਤਮ ਕਰਨ ਵਾਲੀ ਦਵਾਈ। ਕ. **ਆਖੌਂ**=ਕਹਿਣਾ।

ਬਿਰਹ ਤਪੈ ਤਨ ਅਧਿਕ ਜਰਾਵੈ, ਨੀਂਦੜੀ ਨ ਆਵੈ ਭੋਜਨ ਨਹੀਂ ਭਾਵੈ॥

. . . .

ਕਹੈ 'ਰਵਿਦਾਸ' ਅੰਦੇਸਾ ਯੇ ਹੀ ਬਿਨ ਦਰਸਨ ਕਿਉਂ ਜੀਵੈ ਹੋ ਸਨੇਹੀ।।ੳ 117

ਸੱਚੇ ਪ੍ਰੇਮੀ ਦੀ ਬਿਰਹਾ ਦੀ ਅਗਨੀ ਕੇਵਲ ਪ੍ਰੀਤਮ ਦੇ ਮਿਲਾਪ ਨਾਲ ਹੀ ਸ਼ਾਂਤ ਹੋ ਸਕਦੀ ਹੈ। ਪ੍ਰੀਤਮ ਨਾਲ ਮਿਲਾਪ ਦੇ ਅਨੰਦ ਨੂੰ ਸ਼ਬਦਾਂ ਵਿਚ ਉਤਾਰ ਸਕਣਾ ਅਸੰਭਵ ਹੈ। ਪ੍ਰੀਤਮ ਦੇ ਦੀਦਾਰ ਨਾਲ ਪ੍ਰੇਮੀ ਦਾ ਰੋਮ-ਰੋਮ ਅਨੰਦ ਨਾਲ ਭਰ ਜਾਂਦਾ ਹੈ ਅਤੇ ਉਹ ਅਨੰਦ ਦਾ ਹੀ ਰੂਪ ਹੋ ਜਾਂਦਾ ਹੈ। ਉਹਦੇ ਹਿਰਦੇ ਵਿਚ ਨੂਰ ਭਰਪੂਰ ਹੋ ਜਾਂਦਾ ਹੈ ਅਤੇ ਇਸ ਵਿਚ ਦੁੱਖ, ਸੰਤਾਪ ਲਈ ਕੋਈ ਥਾਂ ਨਹੀਂ ਰਹਿ ਜਾਂਦੀ। ਉਹਦਾ ਅੰਦਰ ਪ੍ਰੀਤਮ ਦੇ ਪ੍ਰੇਮ ਦੇ ਅੰਮ੍ਰਿਤ ਨਾਲ ਭਰ ਜਾਂਦਾ ਹੈ ਅਤੇ ਉਹ ਸਦਾ ਪ੍ਰੇਮ ਅਤੇ ਅਨੰਦ ਦੀ ਬਹਾਰ ਵਿਚ ਮਸਤ ਰਹਿੰਦਾ ਹੈ। ਗੁਰੂ ਰਵਿਦਾਸ ਜੀ ਨੇ ਇਸ ਅਵਸਥਾ ਦਾ ਵਰਨਨ ਇਸ ਤਰ੍ਹਾਂ ਕੀਤਾ ਹੈ :

ਪ੍ਰੇਮ ਪੰਥ ਕੀ ਪਾਲਕੀ, ਰਵਿਦਾਸ ਬੈਠਿਓ ਆਇ।
ਸਾਂਚੇ ਸਾਮੀ ਮਿਲਨ ਕੂੰ, ਆਨੰਦ ਕਹਿਓ ਨ ਜਾਇ।।ਅ 118

ਪੀਤਮ ਕੂੰ ਜੌ ਦਰਸਨ ਪਾਏ, ਮਨ ਮੰਦਰ ਮਹਿਂ ਭਇਓ ਉਜਿਆਰ।
ਹਉਂ ਮੜਈ ਤੈਂ ਨੌ ਨਿਧਿ ਪਾਈ, ਕ੍ਰਿਪਾ ਕੀਨਹੀ ਰਾਮ ਕਰਤਾਰ॥
ਬਹੁਤ ਜਨਮ ਤੈਂ ਬਿਛੁਰੇ ਪਿਵ ਪਾਇਓ,
ਜਨਮ ਜਨਮ ਕੀ ਬਿਲਈ ਰਾਰ।ੲ 119

ਨਿਹਚਲ ਆਨੰਦ ਨਿਧ ਮਿਲਿ, ਬਿਲਗੌਂ ਆਧਿ ਅਪਾਰ।
ਰਵਿਦਾਸ ਰਾਮ ਸੁਮਿਰਨ ਸਾਰ ਸੌਂ, ਪਾਇਓ ਦਰਸ ਮੁਰਾਰ।।120

ਪੀਆ ਰਾਮ ਰਸੁ ਪੀਆ ਰੇ।

. . .

ਪੀਵਤ ਪੀਵਤੁ ਆਪਾ ਜਗ ਭੁਲਾ, ਹਰਿ ਰਸ ਮਾਹਿਂ ਬੌਰਾਨਾ ਰੇ।
ਦਰ ਘਰਿ ਵਿਸਰਿ ਗਇਓ ਰਵਿਦਾਸਾ, ਉਨਮਨਿ ਸਦ ਮਤਵਾਰੀ ਰੇ।
ਪਲੁ ਪਲੁ ਪ੍ਰੇਮ ਪਿਆਲਾ ਚਾਲੈ, ਛੂਟੇ ਨਾਹਿਂ ਖੁਮਾਰੀ ਰੇ।।ਸ 121

ੳ. **ਅੰਦੇਸਾ**=ਚਿੰਤਾ। ਅ. **ਸਾਮੀ**=ਸੁਆਮੀ। ੲ. **ਬਿਲਈ**=ਲੋਪ ਹੋਣਾ; **ਰਾਰ**=ਝਗੜਾ। ਸ. **ਖੁਮਾਰੀ**=ਨਸ਼ਾ, ਮਸਤੀ।

ਭਾਗ ਦੂਜਾ

ਗੁਰੂ ਰਵਿਦਾਸ ਜੀ ਦੀ ਬਾਣੀ ਦੇ ਚੋਣਵੇਂ ਪਦ

ਪਰਮ ਪਾਰਸ

ਗੁਰੂ ਰਵਿਦਾਸ

ਰਾਧਾਸੁਆਮੀ ਸਤਿਸੰਗ ਬਿਆਸ

1. ਮਨੁੱਖਾ-ਜੀਵਨ ਦਾ ਉਦੇਸ਼

ਪਰਮਾਤਮਾ ਦੀ ਪ੍ਰਾਪਤੀ ਮਨੁੱਖਾ-ਜੀਵਨ ਦਾ ਮੂਲ ਉਦੇਸ਼

ਮਨੁੱਖਾ-ਜਨਮ ਪਰਮਾਤਮਾ ਦੀ ਦੁਰਲੱਭ ਦਾਤ ਹੈ। ਇਹ ਵਡਮੁੱਲਾ ਵਰਦਾਨ ਹੈ ਜੋ ਅਨੇਕ ਜਨਮਾਂ ਦੇ ਪੁੰਨਾਂ ਕਾਰਨ ਪ੍ਰਾਪਤ ਹੁੰਦਾ ਹੈ। ਇਹੋ ਪਰਮਾਤਮਾ ਨਾਲ ਮਿਲਣ ਦਾ ਇੱਕੋ ਅਵਸਰ ਹੈ ਅਤੇ ਪਰਮਾਤਮਾ ਨਾਲ ਮਿਲਣਾ ਹੀ ਇਸ ਦਾ ਮੂਲ ਉਦੇਸ਼ ਹੈ।

ਮਨੁੱਖ-ਜਨਮ ਦਾ ਸਮਾਂ ਥੋੜ੍ਹਾ ਜਿਹਾ ਅਤੇ ਛਿਨ-ਭੰਗਰ ਹੈ। ਪਰਮਾਤਮਾ ਨਾਲ ਮਿਲਾਪ ਕਰਨਾ ਜਿੰਨਾ ਜ਼ਰੂਰੀ ਹੈ, ਓਨਾ ਹੀ ਕਠਨ ਵੀ ਹੈ। ਆਪਣੇ ਇਸ ਕੀਮਤੀ ਵਕਤ ਅਤੇ ਸ਼ਕਤੀ ਨੂੰ ਦੁਨੀਆ ਦੇ ਫ਼ਜ਼ੂਲ ਦੇ ਧੰਦਿਆਂ ਵਿੱਚ ਨਹੀਂ ਨਸ਼ਟ ਕਰਨਾ ਚਾਹੀਦਾ ਸਗੋਂ ਪੂਰੀ ਵਾਹ ਲਾ ਕੇ ਜੀਵਨ ਦੇ ਮੂਲ ਉਦੇਸ਼ ਦੀ ਪੂਰਤੀ ਵੱਲ ਧਿਆਨ ਦੇਣਾ ਚਾਹੀਦਾ ਹੈ।

ਠੀਕ ਅਗਵਾਈ ਅਤੇ ਸਹਾਇਤਾ ਨਾਲ ਕਠਨ ਕੰਮ ਵੀ ਸਹਿਲ ਹੋ ਜਾਂਦਾ ਹੈ। ਪਰਮਾਤਮਾ ਨਾਲ ਮਿਲ ਚੁੱਕੇ ਪੂਰਨ ਮਹਾਤਮਾ ਦੀ ਦਇਆ-ਮਿਹਰ ਨਾਲ ਠੀਕ ਮਾਰਗ ਅਤੇ ਜੁਗਤੀ ਪ੍ਰਾਪਤ ਹੋ ਜਾਵੇ ਤਾਂ ਮੰਜ਼ਲ ਉੱਤੇ ਪਹੁੰਚਣਾ ਆਸਾਨ ਹੋ ਜਾਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਬਿਨਾਂ ਸਤਿਗੁਰੂ ਦੀ ਦਇਆ-ਮਿਹਰ ਅਤੇ ਅਗਵਾਈ ਦੇ, ਪਰਮਾਤਮਾ ਨਾਲ ਮਿਲਾਪ ਕਰ ਸਕਣਾ ਅਸੰਭਵ ਹੈ।

ਪੂਰਾ ਗੁਰੂ ਪਰਮਾਤਮਾ ਦਾ ਰੂਪ ਹੁੰਦਾ ਹੈ। ਪਰਮਾਤਮਾ ਖ਼ੁਦ ਗੁਰੂ ਦਾ ਰੂਪ ਧਾਰ ਕੇ ਭਵ-ਸਾਗਰ ਵਿਚ ਗੋਤੇ ਖਾ ਰਹੇ ਜੀਵਾਂ ਦੀ ਸਹਾਇਤਾ ਲਈ ਸੰਸਾਰ ਵਿੱਚ ਆਉਂਦਾ ਹੈ। ਗੁਰੂ ਦੀ ਸਹਾਇਤਾ ਦੁਆਰਾ ਗੋਬਿੰਦ ਦੀ ਸੱਚੀ ਭਗਤੀ ਵਿੱਚ

ਲੱਗਣ ਨਾਲ ਹੀ ਜੀਵਨ ਸਕਾਰਥ ਹੋ ਸਕਦਾ ਹੈ। ਆਪਣਾ ਅਮੋਲਕ ਸਮਾਂ ਵਿਸ਼ੇ-ਵਿਕਾਰਾਂ ਅਤੇ ਦੁਨੀਆ ਦੇ ਝੂਠੇ ਧੰਦਿਆਂ ਵਿਚ ਲਾ ਦਿਆਂਗੇ ਤਾਂ ਮਨੁੱਖ ਜਨਮ ਰੂਪੀ ਲਾਲ ਕੌਡੀ ਬਦਲੇ ਖੋ ਕੇ ਚਲੇ ਜਾਵਾਂਗੇ। ਗੁਰੂ ਦੀ ਅਗਵਾਈ ਅਤੇ ਸਹਾਇਤਾ ਤੋਂ ਪੂਰਾ ਲਾਭ ਉਠਾਉਂਦੇ ਹੋਏ, ਆਤਮਾ ਨੂੰ ਪਰਮਾਤਮਾ ਦੇ ਚਰਨ-ਕੰਵਲਾਂ ਵਿੱਚ ਲੀਨ ਕਰਨ ਦਾ ਜਤਨ ਕਰਨਾ ਚਾਹੀਦਾ ਹੈ।

ਏਕ ਭਰੋਸੋ ਰਾਮ ਕੋ, ਅਰੁ ਭਰੋਸੋ ਸੱਤਕਾਰ।[ੳ]
ਸਫਲ ਹੋਇਹੁ ਜੀਵਨਾ, ਕਹਿ 'ਰਵਿਦਾਸ' ਬਿਚਾਰ।[1]

ਮੈਨੂੰ ਸਿਰਫ਼ ਰਾਮ ਦਾ ਹੀ ਭਰੋਸਾ ਹੈ ਤੇ ਸੱਚੀ ਕਰਨੀ ਦਾ ਸਹਾਰਾ ਹੈ। ਝੂਠੇ ਸੰਸਾਰ ਦੇ ਧਨ-ਦੌਲਤ, ਮਾਣ-ਵਡਿਆਈਆਂ ਅਤੇ ਵਿਸ਼ੇ-ਵਿਕਾਰ ਵੀ ਝੂਠੇ ਹਨ। ਇਨ੍ਹਾਂ ਦੀ ਤ੍ਰਿਸ਼ਨਾਂ ਨੂੰ ਪਰਮੇਸ਼ਰ ਪ੍ਰਾਪਤੀ ਦੇ ਰਾਹ ਵਿੱਚ ਰੋੜਾ ਨਹੀਂ ਬਣਨ ਦੇਣਾ ਚਾਹੀਦਾ। ਸਭ ਵਸਤਾਂ, ਪਦਾਰਥ ਪਰਮਾਤਮਾ ਦੀ ਸੱਚੀ ਭਗਤੀ ਅਤੇ ਪ੍ਰੀਤ ਦੇ ਟਾਕਰੇ ਉੱਤੇ ਤੁੱਛ ਹਨ। ਵਡਿਆਈ ਕੇਵਲ ਪਰਮਾਤਮਾ ਦੀ ਭਗਤੀ ਅਤੇ ਪਰਮਾਤਮਾ ਦੇ ਪਿਆਰ ਦੀ ਹੈ।

ਸਿਰਫ਼ ਪਰਮਾਤਮਾ ਦੇ ਪ੍ਰੇਮ ਅਤੇ ਭਰੋਸੇ ਦਾ ਹੀ ਆਸਰਾ ਲੈਣਾ ਚਾਹੀਦਾ ਹੈ:

ਕਾਇਮ ਦਾਇਮ ਰਾਮ ਇਕ, ਦੋਇਮ ਸੱਤ ਇਮਾਨ।[ਅ]
'ਰਵਿਦਾਸ' ਰਾਮ ਅਰੁ ਸੱਤ ਬਿਨ, ਬਿਰਥਾ ਸਭ ਕਛੂ ਜਾਨ।[2]

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਸਦਾ ਕਾਇਮ ਰਹਿਣ ਵਾਲੀ ਇੱਕੋ-ਇੱਕ ਵਸਤੂ ਪਰਮਾਤਮਾ ਰੂਪੀ ਸਤਿ ਅਤੇ ਉਸ ਦਾ ਭਰੋਸਾ ਹੈ। ਬਾਕੀ ਸਭ ਪਦਾਰਥ ਅਤੇ ਭਰੋਸੇ ਝੂਠੇ ਹਨ।

'ਰਵਿਦਾਸ' ਸੱਤ ਕਰਿ ਆਸਰੇ, ਸਦਾ ਸੱਤ ਸੁਖ ਪਾਇ।
ਸੱਤ ਇਮਾਨ ਨਹੀਂ ਛਾਂਡਿਏ, ਜਗ ਜਾਇ ਤਉ ਜਾਇ।[3]

ਆਪ ਉਪਦੇਸ਼ ਕਰਦੇ ਹਨ ਕਿ ਪਰਮਾਤਮਾ ਰੂਪੀ ਸਤਿ ਵਿੱਚ ਭਰੋਸਾ ਰੱਖਣ ਵਾਲੇ ਜੀਵ ਸਦਾ ਸੁਖ ਪਾਉਂਦੇ ਹਨ। ਇੱਕ ਪਾਸੇ ਸਾਰਾ ਸੰਸਾਰ ਹੋਵੇ ਅਤੇ ਦੂਜੇ

ੳ. ਸੱਤਕਾਰ=ਸ਼ੁਭ-ਕਰਮ। ਅ. **ਕਾਇਮ ਦਾਇਮ**=ਸਦਾ ਰਹਿਣਵਾਲਾ; **ਦੋਇਮ**=ਦੂਸਰਾ।

ਪਾਸੇ ਪ੍ਰਭੂ ਦਾ ਪ੍ਰੇਮ ਹੋਵੇ, ਤਾਂ ਸੰਸਾਰ ਨੂੰ ਲੱਤ ਮਾਰ ਕੇ ਪ੍ਰਭੂ ਪ੍ਰੇਮ ਨੂੰ ਫੜਨ ਵਿਚ ਝਿਜਕ ਨਹੀਂ ਹੋਣੀ ਚਾਹੀਦੀ :

'ਰਵਿਦਾਸ' ਮਾਨੁਸ਼ ਜਨਮ ਮਹਿਂ, ਹੌਂ ਚਿੰਤਉ ਗੁਰੁ ਏਕ।
ਆਦ ਅੰਤ ਮੇਰੋ ਸਤਗੁਰੁ, ਰਾਖੈ ਸਭਨ ਕੀ ਟੇਕ।[4]

ਰਵਿਦਾਸ ਜੀ ਕਹਿੰਦੇ ਹਨ ਕਿ ਮਨੁੱਖ ਜਨਮ ਵਿਚ ਆ ਕੇ ਮੈਂ ਸਿਰਫ਼ ਆਪਣੇ ਗੁਰੂ ਦਾ ਹੀ ਧਿਆਨ ਕਰਦਾ ਹਾਂ। ਮੇਰਾ ਗੁਰੂ ਹੀ ਆਦਿ ਤੋਂ ਅੰਤ ਤੱਕ ਰਹਿਣ ਵਾਲਾ ਅਤੇ ਸਭ ਨੂੰ ਆਸਰਾ ਦੇਣ ਵਾਲਾ ਹੈ।

'ਰਵਿਦਾਸ' ਆਸ ਇਕ ਰਾਮ ਕੀ, ਅਰੁ ਨ ਕਰਹੁ ਕੋਊ ਆਸ।
ਰਾਮ ਛਾਂਡਿ ਅਨਤ ਰਮਿ ਹੋਇ, ਰਹਿਈਂ ਸਦਾ ਨਿਰਾਸ।[ੳ5]

ਸੱਚੇ ਪ੍ਰਭੂ-ਭਗਤ ਨੂੰ ਜਾਂ ਪਰਮਾਤਮਾ ਦੀ ਟੇਕ ਹੁੰਦੀ ਹੈ, ਜਾਂ ਪਰਮਾਤਮਾ ਦਾ ਰੂਪ ਬਣ ਚੁੱਕੇ ਪੂਰੇ ਗੁਰੂ ਦੀ। ਹਰ ਸੰਕਟ ਵਿਚ ਸਹਾਇਤਾ ਅਤੇ ਸੰਭਾਲ ਕਰਨ ਵਾਲਾ ਸਤਿਗੁਰੂ ਪਰਮਾਤਮਾ ਵਾਂਗ ਹੀ ਪਿਆਰ ਅਤੇ ਭਰੋਸੇ ਦਾ ਹੱਕਦਾਰ ਹੈ :

ਹਰਿ ਸਾ ਹੀਰਾ ਛਾਂਡਿ ਕੈ, ਕਰੈਂ ਆਨ ਕੀ ਆਸ।[ਅ]
ਤੇ ਨਰ ਜਮਪੁਰ ਜਾਂਹਿਗੇ, ਸਤ ਭਾਖੈ 'ਰਵਿਦਾਸ'।।[ੲ6]

ਪਰਮਾਤਮਾ ਰੂਪੀ ਅਮੋਲਕ ਹੀਰੇ ਨੂੰ ਤਜ ਕੇ ਕਿਸੇ ਦੂਸਰੀ ਵਸਤੂ ਪਿੱਛੇ ਦੌੜਣ ਵਾਲੇ ਅਤੇ ਦੂਸਰੀਆਂ ਚੀਜ਼ਾਂ ਦੀ ਸੇਵਾ ਅਤੇ ਭਗਤੀ ਵਿਚ ਲੱਗਣ ਵਾਲੇ ਵਿਅਕਤੀ ਨਿਰਾਸ਼ਾ ਅਤੇ ਦੁੱਖਾਂ ਦਾ ਸ਼ਿਕਾਰ ਹੁੰਦੇ ਹਨ। ਉਹ ਅੰਤ ਸਮੇਂ ਜਮਦੂਤਾਂ ਦੇ ਹੱਥੋਂ ਖ਼ੁਆਰ ਹੁੰਦੇ ਹਨ ਅਤੇ ਨਰਕਾਂ ਵਿਚ ਤਸੀਹੇ ਭੋਗਦੇ ਹਨ:

ਗੁਰੂ ਰਵਿਦਾਸ ਜੀ ਕਹਿੰਦੇ ਹਨ :

ਦੁਖਿਆਰੀ ਦੁਖਿਆਰਾ ਜਗ ਮਹਿ, ਮਨ ਜਪ ਲੈ ਰਾਮ ਪਿਆਰਾ ਰੇ।[ਸ]
ਗੜ ਕਾਂਚਾ ਤਸਕਰ ਤਿਹ ਲਾਗਾ, ਤੂੰ ਕਾਹੇ ਨ ਜਾਗ ਆਭਾਗਾ ਰੇ।[ਹ]
ਨੈਨ ਉਘਾਰਿ ਨ ਪੇਖਿਓ, ਤੁਝ ਮਾਨੁਸ਼ ਜਨਮ ਕਿਹ ਲੇਖਾ ਰੇ।[ਕ]

ੳ. **ਅਨਤ**=ਦੂਜੀ ਥਾਂ। ਅ. **ਆਨ**=ਹੋਰ। ੲ. **ਭਾਖੈ**=ਕਹੇ। ਸ. **ਦੁਖਿਆਰੀ**=ਹੇ ਦੁਖੀਏ। ਹ. **ਕਾਂਚਾ**=ਕੱਚਾ, ਕਮਜ਼ੋਰ; **ਤਸਕਰ**=ਚੋਰ। ਕ. **ਪੇਖਿਓ**=ਦੇਖਿਆ।

ਪਾਂਉ ਪਸਾਰ ਕਿਮਿ ਸੋਈ ਪਰਿਓ, ਤੈਂ ਜਨਮ ਅਕਾਰਥ ਖੋਇਆ ਰੇ।
ਜਨ ਰਵਿਦਾਸ ਰਾਮ ਨਿਤ ਭੇਂਟਹਿ, ਰਹਿ ਸੰਜਮ ਜਾਗਤਿ ਪਹਿਰਾ ਰੇ।[7]

ਹੇ ਮੇਰੇ ਮਨ! ਤੂੰ ਸੰਸਾਰ ਦੇ ਦੁੱਖਾਂ ਤੋਂ ਮੁਕਤ ਹੋਣ ਲਈ ਰਾਮ ਨਾਮ ਜਪ ਲੈ। ਸਰੀਰ ਰੂਪੀ ਕੋਠੇ ਨੂੰ ਪੰਜਾਂ ਵਿਕਾਰਾਂ ਦੇ ਚੋਰ ਪਲ-ਪਲ ਲੁੱਟ ਰਹੇ ਹਨ। ਹੇ ਅਭਾਗੇ! ਤੂੰ ਪੈਰ ਪਸਾਰ ਕੇ ਗੂੜ੍ਹੀ ਨੀਂਦ ਵਿਚ ਸੁੱਤਾ ਹੋਇਆ ਹੈਂ। ਤੂੰ ਅੱਖਾਂ ਖੋਲ੍ਹ ਕੇ ਸੱਚੇ ਮਾਰਗ ਉੱਤੇ ਚੱਲ ਅਤੇ ਪਰਮਾਤਮਾ ਨਾਲ ਮਿਲਾਪ ਕਰ ਲੈ।

ਦੂਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ।[ੳ]
ਨ ਬੀਚਾਰਿਓ ਰਾਜਾ ਰਾਮ ਕੋ ਰਸੁ॥ ਜਿਹ ਰਸ ਅਨਰਸ ਬੀਸਰਿ ਜਾਹੀ।[ਅ]
ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ।[ੲ]
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ।[ਸ]
ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ।[ਹ]
ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ॥[8]

ਪੂਰਬਲੇ ਜਨਮਾਂ ਦੇ ਪੁੰਨਾਂ ਕਾਰਨ ਮਨੁੱਖ ਜਨਮ ਦਾ ਦੁਰਲੱਭ ਵਰਦਾਨ ਪ੍ਰਾਪਤ ਹੋਇਆ ਹੈ, ਜੋ ਅਗਿਆਨਤਾ ਕਾਰਨ ਵਿਅਰਥ ਬੀਤਦਾ ਜਾ ਰਿਹਾ ਹੈ। ਬਿਨਾਂ ਪਰਮਾਤਮਾ ਦੀ ਭਗਤੀ ਦੇ, ਰਾਜੇ ਇੰਦਰ ਦਾ ਸਵਰਗਾਂ ਦਾ ਰਾਜ ਵੀ ਕਿਸੇ ਕੰਮ ਨਹੀਂ। ਪਰਮਾਤਮਾ ਦੇ ਪ੍ਰੇਮ ਦਾ ਅੰਮ੍ਰਿਤ ਰਸ ਮਿਲ ਜਾਵੇ ਤਾਂ ਬਾਕੀ ਸਭ ਰਸ ਆਪਣੇ ਆਪ ਛੁੱਟ ਜਾਂਦੇ ਹਨ।

ਇੰਦਰੀਆਂ ਦੇ ਭੋਗਾਂ ਕਾਰਨ ਸਾਡਾ ਮਨ ਚੰਚਲ ਅਤੇ ਮੂੰਹ ਜ਼ੋਰ ਹੋ ਗਿਆ ਹੈ। ਸਾਡੀ ਆਤਮਾ ਪਰਮਾਤਮਾ ਦੀ ਅੰਸ਼ ਹੈ। ਇਹ ਮਾਇਆਵੀ ਭੋਗਾਂ, ਪਦਾਰਥਾਂ ਦਾ ਅੰਗ ਨਹੀਂ ਹੈ। ਇਸ ਦੀ ਆਪਣੀ ਵੱਖਰੀ ਹੋਂਦ ਜਾਂ ਹਸਤੀ ਹੈ। ਗੁਰੂ ਰਵਿਦਾਸ ਜੀ ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਤੂੰ ਸਾਨੂੰ ਮਾਇਆ ਦੇ ਭੋਗਾਂ ਤੋਂ ਛੁੜਾ ਕੇ ਆਪਣੀ ਸੱਚੀ ਭਗਤੀ ਵਿਚ ਲਾ ਲੈ :

ੳ. **ਸਮਸਰਿ**=ਸਮਾਨ; **ਗ੍ਰਿਹ**=ਮਕਾਨ, ਮਹੱਲ; **ਆਸਨ**=ਗੱਦੀ। ਅ. **ਅਨਰਸ**=ਹੋਰ ਰਸ। ੲ. **ਜਾਨਿ... ਭਏ**=ਜਾਣ ਕੇ ਅਨਜਾਣ ਬਣੇ ਹੋਏ; **ਬਾਵਰ**=ਪਾਗ਼ਲ; **ਅਸੋਚ**=ਅਪਵਿੱਤਰ ਕਿਸਮ ਦੇ ਵਿਸ਼ਿਆਂ ਬਾਰੇ ਸੋਚਣਾ। ਸ. **ਪਰਵੇਸ**=ਪ੍ਰਵੇਸ਼। ਹ. **ਅਪਰ**=ਵੱਖਰਾ।

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥[ੳ]
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥[ਅ]
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ॥[ੲ]
ਹਉ ਬਨਜਾਰੋ ਰਾਮ ਕੋ ਸਹਜ ਕਰਉ ਬੵਾਪਾਰੁ॥[ਸ]
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥[ਹ]
ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥[ਕ]
ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ॥
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥[੭]

ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਕਠਨ ਅਤੇ ਸੰਕਟ-ਭਰਿਆ ਹੈ। ਮਨ ਅਜਿਹੇ ਅੜੀਅਲ ਮੂਰਖ ਬਲਦ ਦੀ ਨਿਆਈਂ ਹੈ ਜਿਸ ਵਿਚ ਭਗਤੀ, ਪਿਆਰ ਆਦਿ ਦਾ ਕੋਈ ਗੁਣ ਨਹੀਂ ਹੈ। ਹੇ ਪ੍ਰਭੂ! ਤੁਸੀਂ ਦਇਆ ਕਰੋ ਕਿ ਮੇਰੀ ਜੀਵਨ ਰੂਪੀ ਪੂੰਜੀ ਵਿਅਰਥ ਨਾ ਖੋ ਜਾਵੇ। ਮੈਂ ਰਾਮ-ਨਾਮ ਦਾ ਵਪਾਰੀ ਹਾਂ ਅਤੇ ਸਹਿਜ ਦਾ ਸੌਦਾ ਕਰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਮੈਨੂੰ ਕੋਈ ਰਾਮ-ਨਾਮ ਦਾ ਵਪਾਰੀ ਮਿਲ ਜਾਵੇ ਤਾਂ ਜੋ ਮੈਂ ਆਪਣੀ ਜੀਵਨ ਰੂਪੀ ਬੇੜੀ ਵਿਚ ਰਾਮ-ਨਾਮ ਦਾ ਸੌਦਾ ਲੱਦ ਲਵਾਂ। ਸੰਸਾਰ ਦੇ ਲੋਕ ਵਿਸ਼ੇ-ਵਿਕਾਰਾਂ ਦਾ ਸੌਦਾ ਲੱਦ ਰਹੇ ਹਨ। ਮੈਨੂੰ ਜਮਦੂਤਾਂ ਦੀ ਸਜ਼ਾ ਦਾ ਡਰ ਨਹੀਂ ਹੈ ਕਿਉਂਕਿ ਮੈਂ ਰਾਮ-ਨਾਮ ਦੁਆਰਾ ਕਰਮਾਂ ਦੇ ਜਾਲ ਤੋੜ ਲਏ ਹਨ। ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਸੰਸਾਰ ਦੇ ਭੋਗਾਂ ਦੇ ਰੰਗ ਕਸੁੰਭੜੇ ਦੇ ਰੰਗ ਵਾਂਗ ਕੱਚੇ ਹਨ, ਪਰ ਮੇਰੇ ਹਿਰਦੇ ਉੱਤੇ ਪਰਮਾਤਮਾ ਅਤੇ ਉਸ ਦੇ ਨਾਮ ਦਾ ਮਜੀਠਾ ਰੰਗ ਚੜ੍ਹ ਗਿਆ ਹੈ, ਜਿਹੜਾ ਕਦੇ ਉੱਤਰ ਨਹੀਂ ਸਕਦਾ।

ੳ. **ਅਵਘਟ**=ਉਸ ਪਾਰ ਜਾਣ ਦਾ ਅੰਦਰਲਾ ਰਾਹ; **ਡੂਗਰ**=ਟੇਢਾ-ਮੇਢਾ, ਉੱਚਾ-ਨੀਵਾਂ, ਮੁਸ਼ਕਿਲ; **ਘਣਾ**=ਬਹੁਤ; **ਨਿਰਗੁਣੁ**=ਗੁਣ ਰਹਿਤ। ਅ. **ਸਿਉ**=ਨਾਲ। ੲ. **ਬਨਜਾਰੋ**=ਵਪਾਰੀ; **ਟਾਂਡਾ**=ਵਪਾਰੀ ਦਾ ਮਾਲ। ਸ. **ਸਹਜ**=ਸੰਤਾਂ ਅਨੁਸਾਰ ਇਹ ਆਤਮਾ ਦੀ ਉਹ ਉੱਚੀ ਅਵਸਥਾ ਹੈ ਜਦ ਉਹ ਆਪਣੇ ਅਸਲੀ ਸਰੂਪ ਨੂੰ ਪਹਿਚਾਣ ਕੇ ਪਰਮਾਤਮਾ ਵਿਚ ਲੀਨ ਹੋਣ ਦੇ ਕਾਬਲ ਹੁੰਦੀ ਹੈ। ਇਸ ਦਾ ਅਰੰਭ ਪਾਰਬ੍ਰਹਮ ਤੋਂ ਹੁੰਦਾ ਹੈ ਅਤੇ ਅੰਤ ਸੱਚਖੰਡ ਵਿਚ ਹੁੰਦਾ ਹੈ। ਹ. **ਬਿਖੁ**=ਵਿਸ਼ੇ-ਵਾਸਨਾ ਰੂਪੀ ਵਿਸ਼। ਕ. **ਦਾਨੀਆ**= ਇਸ ਲੋਕ ਅਤੇ ਪਰਲੋਕ ਦਾ ਲੇਖਾ ਲੈਣ ਵਾਲੇ ਜਮਦੂਤ; **ਆਲ ਪਤਾਲੁ**=ਉੱਪਰ ਤੋਂ ਥੱਲੇ ਤੱਕ, ਆਦਿ ਤੋਂ ਅੰਤ ਤੱਕ।

ਤਾਕੋ ਜਨਮ ਅਕਾਰਥ ਕਹੀਏ।[ੳ]
ਬਿਸ਼ਿਅਨ ਰਤ ਸੰਸਾ ਭ੍ਰੰਮ ਅਟਕਿਓ, ਭੰਵਰ ਫੰਦ ਮਹੁੰ ਰਹੀਏ।[ਅ]
ਜਗ ਮਹਿ ਰਹਹੁ ਕੰਵਲ ਜਲ ਜਇਸੇ, ਗੁਰ ਚਰਨਾਂ ਚਿਤ ਰਹੀਏ।
ਆਸਨ ਛਾਂਡਿ ਦ੍ਰਿੜ ਆਸਨ ਬੈਇਠਿ, ਰਾਮ ਨਾਂਵ ਲਿਵ ਲਈਏ।
ਪੂਜਾ ਭਜਨ ਕੀਰਤਨ ਸਭ ਕਛੁ, ਦਸਧਾ ਹੁ ਮਹਿ ਸਮਈਏ।[ੲ]
ਨੇਤ ਨੇਤ ਜਿਹਿ ਵੇਦ ਵਖਾਨਹਿ, ਰਾਮ ਰੂਵ ਤੇਹ ਕਹੀਏ।[ਸ]
ਕਹਿ ਰਵਿਦਾਸ ਜਉ ਵਿਆਪਹਿ ਘਟ ਘਟੁ, ਤਿਹਿ ਕਾਂਈ ਵਿਸਰੀਏ।[ਹ] [10]

ਮੂਰਖ ਭੌਰਾ ਫੁੱਲ ਦੀ ਸੁਗੰਧੀ ਉੱਤੇ ਮਸਤ ਹੋ ਕੇ ਫੁੱਲ ਨੂੰ ਨਹੀਂ ਛੱਡਦਾ। ਸੂਰਜ ਡੁੱਬਣ ਸਮੇਂ ਫੁੱਲ ਦਾ ਮੂੰਹ ਬੰਦ ਹੋਣ ਨਾਲ ਭੌਰਾ ਵਿੱਚੇ ਬੰਦ ਹੋ ਕੇ ਜਾਨ ਗੁਆ ਬੈਠਦਾ ਹੈ। ਇਸੇ ਤਰ੍ਹਾਂ ਅਗਿਆਨੀ ਜੀਵ ਵਿਸ਼ੇ-ਵਿਕਾਰਾਂ ਵਿਚ ਫਸ ਕੇ ਮਨੁੱਖ ਜਨਮ ਭੰਗ ਦੇ ਭਾੜੇ ਖੋ ਬੈਠਦਾ ਹੈ। ਜਿਸ ਤਰ੍ਹਾਂ ਕੰਵਲ ਦੀਆਂ ਜੜ੍ਹਾਂ ਚਿੱਕੜ ਵਿਚ ਹੁੰਦੀਆਂ ਹਨ ਪਰ ਫੁੱਲ ਪਾਣੀ ਤੋਂ ਬਾਹਰ ਰਹਿੰਦਾ ਹੈ ਉਸੇ ਤਰ੍ਹਾਂ ਇਨਸਾਨ ਨੂੰ ਚਾਹੀਦਾ ਹੈ ਕਿ ਸੰਸਾਰ ਵਿਚ ਰਹਿੰਦਾ ਹੋਇਆ, ਮੋਹ-ਮਾਇਆ ਦੇ ਬੰਧਨਾਂ ਤੋਂ ਆਜ਼ਾਦ ਰਹੇ। ਸੰਸਾਰ ਦੇ ਸਭ ਕਾਰ-ਵਿਹਾਰ ਕਰਦੇ ਹੋਏ ਵੀ ਧਿਆਨ ਸਦਾ ਸਤਿਗੁਰੂ ਦੇ ਚਰਨ ਕੰਵਲਾਂ ਅਤੇ ਰਾਮ-ਨਾਮ ਦੀ ਕਮਾਈ ਵਿਚ ਲਾਉਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਪੂਜਾ-ਪਾਠ ਦਾ ਫਲ ਇਸ ਗੱਲ ਵਿਚ ਸ਼ਾਮਲ ਹੈ ਕਿ ਸੁਰਤ ਨੂੰ ਨੌ-ਦੁਆਰਿਆਂ ਵਿਚੋਂ ਸਮੇਟ ਕੇ ਅੱਖਾਂ ਪਿੱਛੇ ਦਸਵੇਂ ਦਰਵਾਜ਼ੇ ਵਿਚ ਇਕਾਗਰ ਕਰ ਲਈਏ। ਸੁਰਤ ਨੂੰ ਉਸ ਨੁਕਤੇ ਉੱਤੇ ਇਕਾਗਰ ਕਰਨ ਨਾਲ ਆਪਣੇ ਆਪ ਪਤਾ ਲੱਗ ਜਾਵੇਗਾ ਕਿ ਜਿਸ ਰਾਮ ਜਾਂ ਪਰਮਾਤਮਾ ਨੂੰ ਵੇਦਾਂ ਵਿਚ 'ਨੇਤੀ-ਨੇਤੀ' ਭਾਵ ਅਲਖ, ਅਗੰਮ ਕਿਹਾ ਗਿਆ ਹੈ, ਉਹ ਹਰ ਘਟ ਵਿਚ ਸਮਾਇਆ ਹੋਇਆ ਹੈ ਅਤੇ ਉਸ ਨੂੰ ਕਦੇ ਪਲ ਭਰ ਲਈ ਵੀ ਨਹੀਂ ਵਿਸਾਰਨਾ ਚਾਹੀਦਾ।

ੳ. **ਅਕਾਰਥ**=ਵਿਅਰਥ। ਅ. **ਰਤ**=ਲੀਨ, ਰੁੱਝਿਆ ਹੋਇਆ; **ਸੰਸਾ**=ਸੰਸ਼ੈ। ੲ. **ਦਸਧਾ**=ਦਸਵਾਂ ਦਰਵਾਜ਼ਾ ਜਾਂ ਤੀਸਰਾ ਤਿਲ ਜੋ ਅੱਖਾਂ ਤੋਂ ਉੱਪਰ ਦੋਹਾਂ ਭਰਵੱਟਿਆਂ ਦੇ ਵਿਚਕਾਰ ਹੈ। ਅੱਖਾਂ ਤੋਂ ਹੇਠਾਂ ਨੌ-ਦਰਵਾਜ਼ੇ ਹਨ, ਦੋ ਅੱਖਾਂ, ਦੋ ਕੰਨਾਂ ਦੇ ਸੁਰਾਖ਼, ਦੋ ਨੱਕ ਦੇ, ਇਕ ਮੂੰਹ ਅਤੇ ਦੋ ਇੰਦਰੀਆਂ ਦੇ ਸੁਰਾਖ਼। ਸਾਡਾ ਧਿਆਨ ਇਨ੍ਹਾਂ ਕੇਂਦਰਾਂ ਤੇ ਹੀ ਅਟਕਿਆ ਰਹਿੰਦਾ ਹੈ। ਆਪਣੇ ਧਿਆਨ ਨੂੰ ਇਨ੍ਹਾਂ ਤੋਂ ਹਟਾ ਕੇ ਦਸਵੇਂ ਦਰਵਾਜ਼ੇ ਵਿਚ ਪ੍ਰਵੇਸ਼ ਕਰਨਾ ਚਾਹੀਦਾ ਹੈ। ਸ. **ਨੇਤ ਨੇਤ**=ਜੋ ਬਿਆਨ ਨਾ ਕੀਤਾ ਜਾ ਸਕੇ। ਹ. **ਕਾਂਈ**=ਕਿਉਂ।

ਧ੍ਰਿਗੁ ਧ੍ਰਿਗੁ ਜੀਵਣੁ ਰਾਜੇ ਰਾਮ ਵਿਨਾ।[ੳ]
ਦੇਹਿ ਨੈਨ ਵਿਨੁ, ਚੰਦ ਰੈਨ ਵਿਨੁ, ਜਿਉਂ ਮੀਨਾਂ ਗਹਰੁ ਜਲੇ ਵਿਨਾ।[ਅ]
ਹਸਤੀ ਸੁੰਡ ਵਿਨੁ, ਪੰਖੀ ਪੰਖ ਵਿਨੁ, ਜੈਸਿਓ ਮੰਦਿਰ ਦੀਪ ਵਿਨਾ।[ੲ]
ਜਇਸੇ ਬਾਹਮਨ ਵੇਦ ਵਿਹੂਣਾ, ਤੈਸੋਈ ਪ੍ਰਾਣੀ ਤੁਝ ਨਾਮ ਵਿਨਾ।
ਵੇਸਵਾ ਕੂੰ ਸੁਤ ਕਾਕੌ ਕਹੀਏ, ਤੈਸੋਈ ਭਗਤ ਜਨ ਰਾਮ ਵਿਨਾ।
ਮੰਤਰ ਸੁਰਤਿ ਵਿਨੁ, ਨਾਰੀ ਕੰਤ ਵਿਨੁ, ਜੈਸਿਓ ਧਰਤੀ ਇੰਦਰ ਵਿਨਾ।[ਸ]
ਜਿਉਂ ਵ੍ਰਿੱਛਾ ਫਲਹਿ ਵਿਹੂਣਾ, ਤਿਉਂ ਪ੍ਰਾਣੀ ਤੁਝ ਪ੍ਰੇਮ ਵਿਨਾ।
ਕਾਮ ਕ੍ਰੋਧ ਹੰਕਾਰ ਨਿਵਾਰਉ, ਤ੍ਰਿਸਨਾ ਤਿਆਗਹੁ ਸੰਤ ਜਨਾ।
ਕਹਿ ਰਵਿਦਾਸ ਭਈ ਸੀਤਲ ਕਾਇਆ, ਜਿਉਂ ਹੌਂ ਲਾਗੌਂ ਗੁਰ ਚਰਨਾ।[11]

ਜਿਸ ਤਰ੍ਹਾਂ ਅੱਖਾਂ ਤੋਂ ਬਿਨਾਂ ਸਰੀਰ, ਚੰਦ ਤੋਂ ਬਿਨਾਂ ਰਾਤ: ਡੂੰਘੇ ਪਾਣੀ ਬਿਨਾਂ ਮੱਛੀ, ਸੁੰਡ ਬਿਨਾਂ ਹਾਥੀ, ਖੰਭਾਂ ਬਿਨਾਂ ਪੰਛੀ, ਦੀਵੇ ਬਿਨਾਂ ਮੰਦਰ ਅਤੇ ਗਿਆਨ ਬਿਨਾਂ ਬ੍ਰਾਹਮਣ ਨਕਾਰਾ ਹੈ, ਉਸੇ ਤਰ੍ਹਾਂ ਪਰਮਾਤਮਾ ਦੇ ਨਾਮ ਬਿਨਾਂ ਮਨੁੱਖ ਜਨਮ ਅਕਾਰਥ ਹੈ। ਜਿਸ ਤਰ੍ਹਾਂ ਵੇਸਵਾ ਦਾ ਪੁੱਤਰ ਆਪਣੇ ਬਾਪ ਦਾ ਨਾਂ ਨਹੀਂ ਦੱਸ ਸਕਦਾ, ਉਸੇ ਤਰ੍ਹਾਂ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਜੀਵ ਅਨਾਥ ਹੈ। ਧਿਆਨ ਵਿਹੂਣੇ ਜਾਪ ਦਾ ਕੋਈ ਲਾਭ ਨਹੀਂ, ਪਤੀ ਤੋਂ ਬਿਨਾਂ ਇਸਤਰੀ ਦੀ ਕੋਈ ਕਦਰ ਨਹੀਂ, ਬਰਖਾ ਤੋਂ ਬਿਨਾਂ ਧਰਤੀ ਨਿਹਫਲ ਹੈ ਅਤੇ ਫਲ ਤੋਂ ਬਿਨਾਂ ਬਿਰਛ ਦੀ ਕੋਈ ਕਦਰ ਨਹੀਂ ਪੈਂਦੀ, ਉਸੇ ਤਰ੍ਹਾਂ ਬਿਨਾਂ ਪਰਮਾਤਮਾ ਦੀ ਭਗਤੀ ਦੇ ਮਨੁੱਖ ਦਾ ਕੌਡੀ ਮੁੱਲ ਨਹੀਂ। ਰਵਿਦਾਸ ਜੀ ਕਹਿੰਦੇ ਹਨ ਕਿ ਮਨ ਨੂੰ ਵਿਸ਼ੇ-ਵਿਕਾਰਾਂ ਅਤੇ ਆਸ਼ਾ-ਤ੍ਰਿਸ਼ਨਾ ਵਿੱਚੋਂ ਕੱਢ ਕੇ, ਸੰਤ ਸਤਿਗੁਰੂ ਦੇ ਚਰਨਾਂ ਵਿਚ ਲੀਨ ਕਰਨਾ ਚਾਹੀਦਾ ਹੈ, ਜਿਸ ਨਾਲ ਪਰਮਾਤਮਾ ਦੀ ਭਗਤੀ ਦਾ ਫਲ ਮਿਲਦਾ ਹੈ, ਮਨ ਨਿਹਚਲ ਹੋ ਜਾਂਦਾ ਹੈ ਅਤੇ ਮਨੁਖ ਜਨਮ ਸਫਲ ਹੋ ਜਾਂਦਾ ਹੈ।

ਮਨੁੱਖ-ਜੀਵਨ ਨਾਸ਼ਵਾਨ ਹੈ।

ਜ਼ਿੰਦਗੀ ਤੇਜ਼ੀ ਨਾਲ ਅੰਤ ਵੱਲ ਦੌੜੀ ਜਾ ਰਹੀ ਹੈ। ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ ਅਤੇ ਮੌਤ ਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਮਿੱਤਰ ਸੰਬੰਧੀ ਜਿਨ੍ਹਾਂ

ੳ. ਜੀਵਣੁ=ਜੀਵਨ। ਅ. ਦੇਹਿ=ਸਰੀਰ; ਰੈਨ=ਰਾਤ; ਮੀਨਾਂ=ਮੱਛੀ। ੲ. ਹਸਤੀ=ਹਾਥੀ। ਸ. ਸੁਰਤਿ=ਆਤਮਾ ਦੀ ਇਕਾਗਰਤਾ; ਕੰਤ=ਪਤੀ।

ਨੂੰ ਅਸੀਂ ਆਪਣਾ ਸਮਝਦੇ ਹਾਂ, ਸਾਡਾ ਸਾਥ ਛੱਡੀ ਜਾ ਰਹੇ ਹਨ। ਅਗਿਆਨੀ ਜੀਵ ਇਹ ਨਹੀਂ ਸੋਚਦਾ ਕਿ ਜੀਵਨ ਛੋਟਾ ਹੈ ਅਤੇ ਛੇਤੀ ਤੋਂ ਛੇਤੀ ਆਪਣਾ ਅਸਲ ਕਾਰਜ ਪੂਰਾ ਕਰ ਲੈਣਾ ਚਾਹੀਦਾ ਹੈ। ਅਸੀਂ ਸੰਸਾਰ ਦੀ ਮਾਣ-ਵਡਿਆਈ ਨਾਲ, ਜੋ ਅਸਲ ਵਿਚ ਚਾਰ ਦਿਨ ਦੀ ਚਾਨਣੀ ਹੈ, ਪ੍ਰਾਪਤ ਕਰਕੇ ਫੁੱਲੇ ਨਹੀਂ ਸਮਾਉਂਦੇ। ਜਿੰਨੀ ਜਲਦੀ ਇਹ ਅਗਿਆਨਤਾ ਤਜ ਦਈਏ, ਬਿਹਤਰ ਹੈ। ਕਿਸੇ ਪੂਰਨ ਸੰਤ ਦੀ ਸ਼ਰਨ ਪ੍ਰਾਪਤ ਕਰਕੇ ਪਰਮਾਤਮਾ ਦੀ ਭਗਤੀ ਵਿਚ ਨਹੀਂ ਲੱਗਾਂਗੇ ਤਾਂ ਅੰਤ ਸਮੇਂ ਪਛਤਾਉਣਾ ਪਵੇਗਾ ਅਤੇ ਦੁੱਖ ਭੋਗਣੇ ਪੈਣਗੇ। ਉਸ ਸੰਕਟ ਦੀ ਘੜੀ ਵਿਚ ਕੋਈ ਸਾਡੀ ਸਹਾਇਤਾ ਨਹੀਂ ਕਰ ਸਕਦਾ। ਉਸ ਸਮੇਂ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ। ਜੋ ਕੁਝ ਕਰਨਾ ਹੈ, ਹੁਣ ਕਰਨਾ ਚਾਹੀਦਾ ਹੈ।

ਜਨਮ ਅਮੋਲ ਅਕਾਰਥ ਜਾਤ ਰੇ।
ਸੁਮਰਣ ਕਰੌ ਕਭਉਂ ਨਹਿ ਹਰਿ ਕੌ ਜਿਉ ਲੌ ਨਹਿ ਛਰਤ ਗਾਤ ਰੇ।
ਏ ਸਭੁ ਸੰਗੀ ਦਿਵਸ ਚਯਾਰ ਕੇ, ਧਨ ਦਾਰਾ ਸੁਤ ਪਿਤ ਮਾਤ ਰੇ।[ੳ]
ਵਿਛੁਰੇ ਮਿਲਨ ਬਹੁਰਿ ਨਹ ਹਵੈ ਹੋ, ਜਿਉਂ ਤਰਵਰ ਛਿਨ ਪਾਤ ਰੇ।[ਅ]
ਤੋ ਕੈਸੇ ਹਰਿ ਨਾਮ ਲਹੁਗੇ, ਗਰ ਅਟਕੈ ਕਫ ਪਿਤ ਵਾਤ ਰੇ।[ੲ]
ਕਾਲ ਕਰਾਲ ਭ੍ਰਮਤ ਫੰਦਕ ਜਿਉਂ, ਕਰਤ ਅਚਾਨੌ ਘਾਤ ਰੇ।[ਸ]
ਚੇਤੈ ਨਹਿ ਅਲਪੁ ਮਤਿ ਮੂਰਖਿ, ਛਾਂਡਿ ਅੰਮ੍ਰਿਤ ਬਿਖੁ ਖਾਤ ਰੇ।
ਕਹਿ 'ਰਵਿਦਾਸ' ਆਸ ਤਜ ਔਰੇ, ਸ੍ਰੀ ਗੋਪਾਲਹ ਰੰਗ ਰਾਚ ਰੇ।[12]

ਹੇ ਪ੍ਰਾਣੀ! ਤੇਰਾ ਜੀਵਨ ਅਕਾਰਥ ਜਾ ਰਿਹਾ ਹੈ। ਇੱਕ ਦਿਨ ਸਰੀਰ ਜਵਾਬ ਦੇ ਜਾਵੇਗਾ, ਪਰ ਤੂੰ ਕਦੇ ਪਰਮਾਤਮਾ ਦੇ ਨਾਮ ਦਾ ਸਿਮਰਨ ਨਹੀਂ ਕੀਤਾ। ਮਾਤਾ-ਪਿਤਾ, ਯਾਰ-ਦੋਸਤ, ਪੁੱਤਰ-ਧੀਆਂ, ਇਸਤਰੀ ਅਤੇ ਦੂਸਰੇ ਸਭ ਰਿਸ਼ਤੇਦਾਰ ਚਾਰ ਦਿਨਾਂ ਦੇ ਸੰਗੀ-ਸਾਥੀ ਹਨ। ਡਾਲੀ ਤੋਂ ਟੁੱਟਾ ਪੱਤਾ ਦੋਬਾਰਾ ਬਿਰਛ ਨਾਲ ਨਹੀਂ ਜੁੜ ਸਕਦਾ, ਇਸੇ ਤਰ੍ਹਾਂ ਮੌਤ ਤੋਂ ਬਾਦ ਇਨ੍ਹਾਂ ਸਭ ਨਾਲੋਂ ਸਦਾ ਲਈ ਸੰਬੰਧ ਟੁੱਟ ਜਾਵੇਗਾ। ਬੁਢਾਪੇ ਵਿਚ ਹੱਡ-ਗੋਡੇ ਜਵਾਬ ਦੇ ਜਾਣਗੇ।

ੳ. **ਚਯਾਰ**=ਚਾਰ; **ਦਾਰਾ**=ਇਸਤਰੀ; **ਸੁਤ**=ਪੁੱਤਰ। ਅ. **ਤਰਵਰ**=ਰੁੱਖ; **ਛਿਨ**=ਝੱਟ-ਪੱਟ ਨਾਸ਼ ਹੋ ਜਾਣਾ। ੲ. **ਲਹੁਗੇ**=ਲਵੋਗੇ। ਸ. **ਕਰਾਲ**=ਭਿਅੰਕਰ, ਵਿਕਰਾਲ; **ਫੰਦਕ**=ਸ਼ਿਕਾਰੀ, ਜਾਲ ਲਾਉਣ ਵਾਲਾ।

ਉਸ ਸਮੇਂ ਕਿਵੇਂ ਪਰਮਾਤਮਾ ਦਾ ਨਾਮ ਜਪ ਸਕੇਂਗਾ? ਕਾਲ ਬਹੁਤ ਨਿਰਦਈ ਹੈ। ਉਹ ਬਾਜ ਵਾਂਗ ਸਦਾ ਸਿਰ ਉੱਤੇ ਮੰਡਲਾ ਰਿਹਾ ਹੈ, ਪਤਾ ਨਹੀ ਉਹਨੇ ਕਦ ਆਪਣੇ ਸ਼ਿਕਾਰ ਨੂੰ ਝਪਟ ਲੈਣਾ ਹੈ। ਜੀਵ ਐਸਾ ਮੂਰਖ ਹੈ ਕਿ ਪਰਮਾਤਮਾ ਦੀ ਭਗਤੀ ਦੇ ਅੰਮ੍ਰਿਤ ਨੂੰ ਛੱਡ ਕੇ ਵਿਸ਼ੇ-ਵਿਕਾਰਾਂ ਦੇ ਜ਼ਹਿਰ ਵੱਲ ਦੌੜਦਾ ਹੈ। ਇਹ ਮਾਇਆ ਦੇ ਰੰਗਾਂ ਨੂੰ ਤਿਆਗ ਕੇ ਰਾਮ ਨਾਮ ਦੇ ਰੰਗ ਵਿੱਚ ਰੰਗਿਆ ਜਾਵੇ ਤਾਂ ਮਨੁੱਖ ਜਨਮ ਸਫਲ ਹੋ ਜਾਵੇ।

ਰੇ ਮਨ! ਚੇਤ ਮੀਚੁ ਦਿਨ ਆਇਆ, ਤੌ ਜਗ ਜਾਲ ਨ ਭਇਆ ਪਰਾਇਆ [ੳ]
ਕਾਨਿ ਸੁਨੈ ਨ ਨਜਰਿ ਦੀਸੈ, ਜੀਹਾ ਥਿਰੁ ਨ ਰਹਾਈ।[ਅ]
ਮੂੰਡ ਰੁ ਤਨ ਥਰ ਥਰ ਕੰਪਈ, ਅੰਤਹੁ ਬਿਰੀਆਂ ਪਹੁੰਤੌ ਆਈ।[ੲ]
ਕੇਸੌ ਸੇਤਹ ਪਿੰਕੁ ਭਏ ਸਬੁ, ਤਨ ਮਨੁ ਬਲ ਬਿਲਮਾਇਆ।[ਸ]
ਮਧਿਯਾਂਨ ਗਇਔ ਤੁਰਾ ਚਲਿ ਆਈ, ਅਜਹੂੰ ਜਗ ਰਹਿਔ ਭਰਮਾਇਆ।[ਹ]
ਪਾਨੀ ਗਇਓ ਪਲੁ ਛੀਜੈ ਕਾਇਆ। ਯਹੁ ਤਨ ਜਰਾ ਜਰਾਨਾ।[ਕ]
ਪਾਂਚੋ ਥਾਕੇ ਜਰਾ ਜਰੁ ਸਾਨੈ, ਤੌ ਰਾਮਹ ਮਰਮੁ ਨ ਜਾਨਾ।
ਹੰਸ ਪੰਖੇਰੂ ਚੰਚਲੁ ਭਾਈ, ਸਮੁਝਿ ਪੇਖਿ ਮਨ ਮਾਂਹਿ।[ਖ]
ਪ੍ਰਤੀ ਪਲ ਮੀਚੁ ਗਰਾਸੈ ਦੇਹੀ। ਫੁਨਿ ਰੈਦਾਸ ਚੇਤਹੁ ਨਾਂਹਿ।[13]

ਆਪ ਜੀਵ ਨੂੰ ਸਾਵਧਾਨ ਕਰਦੇ ਹਨ ਕਿ ਮੌਤ ਦਾ ਦਿਨ ਨੇੜੇ ਆ ਗਿਆ ਹੈ ਪਰ ਤੂੰ ਹਾਲੇ ਵੀ ਸੰਸਾਰ ਨੂੰ ਆਪਣਾ ਸਮਝਣ ਦੀ ਅਗਿਆਨਤਾ ਤੋਂ ਨਹੀਂ ਜਾਗਿਆ। ਕੰਨ, ਅੱਖਾਂ ਅਤੇ ਜੀਭ ਆਦਿ ਅੰਗ ਜੁਆਬ ਦੇ ਗਏ ਹਨ, ਸਰੀਰ ਕੰਬ ਰਿਹਾ ਹੈ, ਵਾਲ ਚਿੱਟੇ ਹੋ ਗਏ ਹਨ ਅਤੇ ਸੋਚ ਕੰਮ ਨਹੀਂ ਕਰਦੀ। ਜਵਾਨੀ ਢਲ ਗਈ ਹੈ, ਬੁਢਾਪਾ ਆ ਪਹੁੰਚਿਆ ਹੈ। ਇੰਦਰੀਆਂ ਕਮਜ਼ੋਰ ਪੈ ਗਈਆਂ ਹਨ ਅਤੇ ਮੌਤ ਪਲ-ਪਲ ਨੇੜੇ ਆ ਰਹੀ ਹੈ। ਆਤਮਾ ਰੂਪੀ ਪੰਛੀ ਛੇਤੀ ਹੀ ਸਰੀਰ ਰੂਪੀ ਆਲ੍ਹਣੇ ਵਿਚੋਂ ਉਡਾਰੀ ਮਾਰ ਜਾਵੇਗਾ। ਰਵਿਦਾਸ ਜੀ ਕਹਿੰਦੇ ਹਨ ਕਿ ਗ਼ਫ਼ਲਤ ਤਜ ਕੇ ਛੇਤੀ ਤੋਂ ਛੇਤੀ ਪਰਮਾਤਮਾ ਦੀ ਭਗਤੀ ਵਿਚ ਲੱਗਣਾ ਚਾਹੀਦਾ ਹੈ।

ੳ. **ਮੀਚੁ**=ਮੌਤ। ਅ. **ਨਜਰਿ**=ਅੱਖਾਂ; **ਦੀਸੈ**=ਵੇਖਣਾ। ੲ. **ਬਿਰੀਆਂ**=ਸਮਾਂ। ਸ. **ਸੇਤਹ**=ਚਿੱਟਾ; **ਪਿੰਕੁ**=ਪੀਲਾ। ਹ. **ਤੁਰਾ**=ਚੌਥਾਪਨ, ਬੁਢਾਪਾ। ਕ. **ਪਾਨੀ**=ਓਜ, ਤੇਜ; **ਛੀਜੈ**=ਨਿਰਬਲ ਜਾਂ ਕਮਜ਼ੋਰ ਹੋਣਾ; **ਜਰਾ**=ਬੁਢਾਪਾ। ਖ. **ਪੰਖੇਰੂ**=ਪੰਛੀ; **ਪੇਖਿ**=ਵੇਖਣਾ।

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥[ੳ]
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ। ਜੈਸੇ ਤਰਵਰ ਪੰਖਿ ਬਸੇਰਾ॥
ਰਾਖਹੁ ਕੰਧ ਉਸਾਰਹੁ ਨੀਵਾਂ। ਸਾਢੇ ਤੀਨਿ ਹਾਥ ਤੇਰੀ ਸੀਵਾਂ॥[ਅ]
ਬੰਕੇ ਬਾਲ ਪਾਗ ਸਿਰਿ ਡੇਰੀ। ਇਹੁ ਤਨੁ ਹੋਇਗੋ ਭਸਮ ਕੀ ਢੇਰੀ॥[ੲ]
ਊਚੇ ਮੰਦਰ ਸੁੰਦਰ ਨਾਰੀ। ਰਾਮ ਨਾਮ ਬਿਨੁ ਬਾਜੀ ਹਾਰੀ॥
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥[ਸ]
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥[14]

ਮਨੁੱਖਾ ਸਰੀਰ ਦੀ ਅਸਲੀਅਤ ਕੀ ਹੈ? ਪਿਤਾ ਦੇ ਵੀਰਜ ਅਤੇ ਮਾਤਾ ਦੇ ਲਹੂ ਨਾਲ ਬਣਿਆ ਸਰੀਰ ਪਾਣੀ ਦੀ ਕੰਧ ਅਤੇ ਪੌਣ ਦੇ ਥਮਲੇ ਸਮਾਨ ਹੈ। ਹੱਡ, ਮਾਸ ਅਤੇ ਨਾੜੀਆਂ ਦੇ ਇਸ ਪਿੰਜਰੇ ਵਿਚ ਆਤਮਾ ਰੂਪੀ ਪੰਛੀ ਕੈਦ ਹੈ। ਜਿਸ ਤਰ੍ਹਾਂ ਪੰਛੀ ਪਲ ਭਰ ਲਈ ਬਿਰਛ ਉੱਤੇ ਬਸੇਰਾ ਕਰਦੇ ਹਨ ਅਤੇ ਫੇਰ ਉੱਡ ਜਾਂਦੇ ਹਨ, ਉਸੇ ਤਰ੍ਹਾਂ ਆਤਮਾ ਨੇ ਇੱਕ ਦਿਨ ਸਰੀਰ ਰੂਪੀ ਪਿੰਜਰੇ ਵਿੱਚੋਂ ਉਡਾਰੀ ਮਾਰ ਜਾਣੀ ਹੈ। ਇਥੇ ਨਾ ਕੋਈ ਆਪਣਾ ਹੈ, ਨਾ ਪਰਾਇਆ। ਮੇਰ-ਤੇਰ ਵਿਚ ਪੈਣਾ ਵਿਅਰਥ ਹੈ। ਅਸੀਂ ਬੜੇ-ਬੜੇ ਮਹੱਲ ਉਸਾਰਦੇ ਹਾਂ ਅਤੇ ਉਨ੍ਹਾਂ ਦੀਆਂ ਡੂੰਘੀਆਂ ਨੀਹਾਂ ਖੋਦਦੇ ਹਾਂ ਤਾਂ ਜੋ ਇਨ੍ਹਾਂ ਦੀ ਮਿਆਦ ਵੱਧ ਜਾਵੇ। ਅਸੀਂ ਇਹ ਨਹੀਂ ਸੋਚਦੇ ਕਿ ਜਿਸ ਮਨੁੱਖ ਨੇ ਇਨ੍ਹਾਂ ਮਹੱਲਾਂ ਵਿਚ ਰਹਿਣਾ ਹੈ, ਉਹਦੇ ਸਰੀਰ ਦੀ ਕੋਈ ਮਿਆਦ ਨਹੀਂ ਹੈ ਅਤੇ ਇਹਦੇ ਹਿੱਸੇ ਸਿਰਫ਼ ਸਾਢੇ ਤਿੰਨ ਹੱਥ ਜਗ੍ਹਾ ਆਉਣੀ ਹੈ। ਅਸੀਂ ਵਾਲ ਸੁਆਰ ਕੇ ਟੇਢੀ ਪੱਗ ਬੰਨ੍ਹਦੇ ਹਾਂ, ਪਰ ਅੰਤ ਸਮੇਂ ਸਾਰਾ ਸਰੀਰ ਸੜ ਕੇ ਸੁਆਹ ਹੋ ਜਾਂਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਸੁੰਦਰ ਇਸਤਰੀ ਅਤੇ ਉੱਚੇ ਮਹੱਲ ਕਿਸੇ ਲੇਖੇ ਨਹੀਂ ਹਨ। ਸੰਸਾਰ ਨੂੰ ਜਿੱਤਣ ਵਾਲਾ ਅਤੇ ਪ੍ਰਭੂ ਨੂੰ ਵਿਸਾਰਨ ਵਾਲਾ ਜੀਵ, ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ। ਇਸ ਤੋਂ ਉਲਟ ਛੋਟੀ ਤੋਂ ਛੋਟੀ ਜਾਤੀ ਅਤੇ ਨੀਵੇਂ ਤੋਂ ਨੀਵੇਂ ਕਿੱਤੇ ਵਾਲਾ ਜੀਵ ਵੀ

ੳ. **ਭੀਤਿ**=ਕੰਧ; **ਥੰਭਾ**=ਖੰਬਾ; **ਗਾਰਾ**=ਭਿੱਜੀ ਮਿੱਟੀ ਜਾਂ ਸੁਰਖੀ, ਚੂਨੇ ਆਦਿ ਦਾ ਪਾਣੀ ਵਿਚ ਮਿਲਿਆ ਹੋਇਆ ਮਸਾਲਾ ਜੋ ਇੱਟਾਂ ਦੀ ਚਿਨਾਈ ਦੇ ਕੰਮ ਆਉਂਦਾ ਹੈ। ਅ. **ਉਸਾਰਹੁ**=ਖੋਦਨਾ; **ਸੀਵਾਂ**=ਸੀਮਾ। ੲ. **ਡੇਰੀ**=ਟੇਢੀ। ਸ. **ਕਮੀਨੀ**=ਨੀਚੀ।

ਪਰਮਾਤਮਾ ਦੀ ਸ਼ਰਨ ਅਤੇ ਰਾਮ ਨਾਮ ਦੀ ਭਗਤੀ ਦੁਆਰਾ ਪਰਮ ਪਦ ਪ੍ਰਾਪਤ ਕਰ ਲੈਂਦਾ ਹੈ।

ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥
ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥[ੳ]
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥ ਸਭ ਘਟ ਭੀਤਰਿ ਹਾਟੁ ਚਲਾਵੈ॥[ਅ]
ਕਰਿ ਬੰਦਿਗੀ ਛਾਡਿ ਮੈ ਮੇਰਾ॥ ਹਿਰਦੈ ਨਾਮੁ ਸਮ੍ਾਰਿ ਸਵੇਰਾ॥[ੲ]
ਜਨਮੁ ਸਿਰਾਨੋ ਪੰਥੁ ਨ ਸਵਾਰਾ॥ ਸਾਂਝ ਪਰੀ ਦਹ ਦਿਸ ਅੰਧਿਆਰਾ॥
ਕਹਿ ਰਵਿਦਾਸ ਨਿਦਾਨਿ ਦਿਵਾਨੇ॥ ਚੇਤਸਿ ਨਾਹੀ ਦੁਨੀਆ ਫਨ ਖਾਨੇ॥[ਸ] [15]

ਜੋ ਦਿਨ ਆਉਂਦਾ ਹੈ, ਉਹ ਬੀਤ ਜਾਂਦਾ ਹੈ। ਹਰ ਕਿਸੇ ਨੇ ਇੱਕ ਦਿਨ ਏਥੋਂ ਕੂਚ ਕਰ ਜਾਣਾ ਹੈ। ਸਾਡੇ ਸਾਥੀ ਚਲੇ ਗਏ ਹਨ ਅਤੇ ਅਸੀਂ ਵੀ ਚਲੇ ਜਾਣਾ ਹੈ। ਮੰਜ਼ਿਲ ਬਹੁਤ ਦੂਰ ਹੈ ਅਤੇ ਮੌਤ ਸਿਰ ਉੱਤੇ ਮੰਡਲਾ ਰਹੀ ਹੈ। ਹੇ ਅਗਿਆਨੀ! ਤੂੰ ਗ਼ਫ਼ਲਤ ਦੀ ਨੀਂਦ ਵਿਚ ਸੁੱਤਾ ਹੋਇਆ ਹੈਂ। ਤੂੰ ਨਾਸ਼ਵਾਨ ਸੰਸਾਰ ਨੂੰ ਸੱਚਾ ਸਮਝ ਰਿਹਾ ਹੈਂ। ਜਿਹੜਾ ਪਰਮਾਤਮਾ ਜਗਤ ਦਾ ਕਰਤਾ ਹੈ, ਉਹੀ ਇਸ ਦਾ ਰਾਜ਼ਕ ਜਾਂ ਪਾਲਣਹਾਰ ਹੈ। ਜਿਸ ਨੇ ਤੈਨੂੰ ਸੰਸਾਰ ਵਿਚ ਭੇਜਿਆ ਹੈ, ਉਹਨੇ ਤੇਰਾ ਰਿਜ਼ਕ ਵੀ ਨਾਲ ਭੇਜ ਦਿੱਤਾ ਹੈ। ਘਟ-ਘਟ ਵਿਚ ਰਮਿਆ ਹੋਇਆ ਉਹ ਪ੍ਰਭੂ ਸਭ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਹੇ ਗਾਫਲ! ਹਰ ਤਰ੍ਹਾਂ ਦੇ ਵਹਿਮ, ਭਰਮ ਅਤੇ ਡਰ ਤਜ ਕੇ ਪਰਮਾਤਮਾ ਦੀ ਭਗਤੀ ਅਤੇ ਉਸ ਦੇ ਨਾਮ ਦੀ ਕਮਾਈ ਵੱਲ ਧਿਆਨ ਦੇ। ਤੇਰਾ ਜੀਵਨ ਬੀਤ ਚਲਿਆ ਹੈ ਪਰ ਤੂੰ ਆਪਣਾ ਅੱਗਾ ਨਹੀਂ ਸੁਆਰਿਆ। ਅੰਤ ਸਮੇਂ ਹਰ ਪਾਸੇ ਹਨੇਰਾ ਫੈਲ ਜਾਵੇਗਾ ਅਤੇ ਤੈਨੂੰ ਘਰ ਦਾ ਰਾਹ ਦਿਖਾਈ ਨਹੀਂ ਦੇਵੇਗਾ। ਹੇ ਅਗਿਆਨੀ! ਤੂੰ ਹਾਲੇ ਵੀ ਇਹ ਗੱਲ ਸਮਝ ਲੈ ਕਿ ਸੰਸਾਰ ਝੂਠਾ ਹੈ ਅਤੇ ਰੱਬ ਦਾ ਨਾਮ ਸੱਚਾ ਹੈ। ਇਸ ਲਈ ਤੂੰ ਪਰਮਾਤਮਾ ਦੀ ਭਗਤੀ ਵੱਲ ਧਿਆਨ ਲਾ।

ੳ. **ਇਆਨਾ**=ਅਗਿਆਨੀ, ਮੂਰਖ। ਅ. **ਰਿਜਕੁ**=ਰੋਜ਼ੀ, ਜੀਵਿਕਾ; **ਅੰਬਰਾਵੈ**=ਉਮੜਾਵੇ, ਪੂਰਾ ਕਰੇ; **ਹਾਟੁ**=ਬਾਜ਼ਾਰ। ੲ. **ਹਿਰਦੈ**=ਹਿਰਦਾ। ਸ. **ਨਿਦਾਨਿ**=ਅੰਤ ਵਿਚ; **ਫਨ ਖਾਨੇ**=ਫਨਾਹ ਜਾਂ ਨਾਸ਼ ਹੋ ਜਾਣ ਵਾਲੀ ਥਾਂ।

ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥[ੳ]
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ॥[ਅ]
ਭਾਈ ਬੰਧ ਕੁਟੰਬ ਸਹੇਰਾ॥ ਓਇ ਭੀ ਲਾਗੇ ਕਾਢੁ ਸਵੇਰਾ॥[ੲ]
ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ ਭੂਤੁ ਭੂਤੁ ਕਰਿ ਭਾਗੀ॥[ਸ]
ਕਹਿ ਰਵਿਦਾਸ ਸਭੈ ਜਗੁ ਲੂਟਿਆ॥ ਹਮ ਤਉ ਏਕ ਰਾਮੁ ਕਹਿ ਛੂਟਿਆ॥[16]

ਆਲੀਸ਼ਾਨ ਮਹੱਲਾਂ ਵਿਚ ਰਹਿਣ ਅਤੇ ਅੱਛੇ-ਅੱਛੇ ਭੋਜਨ ਖਾਣ ਵਾਲੇ ਲੋਕ ਮੌਤ ਦੇ ਪੰਜੇ ਤੋਂ ਤਾਂ ਨਹੀਂ ਬਚ ਸਕਦੇ। ਸਰੀਰ ਪਲ ਭਰ ਵਿਚ ਛਿਜ ਜਾਣ ਵਾਲੀ ਚਾਦਰ ਸਮਾਨ ਹੈ ਜੋ ਅੰਤ ਸਮੇਂ ਸੜ ਕੇ ਸੁਆਹ ਹੋ ਜਾਂਦੀ ਹੈ। ਸੁਆਸ ਪਿੱਛੋਂ ਨਿਕਲਦੇ ਹਨ ਅਤੇ ਰਿਸ਼ਤੇਦਾਰ ਮਿਰਤਕ ਸਰੀਰ ਨੂੰ ਸ਼ਮਸ਼ਾਨ ਭੂਮੀ ਪੁਚਾਉਣ ਲਈ ਪਹਿਲੋਂ ਕਾਹਲੇ ਪੈ ਜਾਂਦੇ ਹਨ। ਜਿਹੜੀ ਇਸਤਰੀ ਪਲ ਭਰ ਲਈ ਜੁਦਾ ਨਹੀਂ ਸੀ ਹੁੰਦੀ, ਉਹ ਪਤੀ ਦੇ ਮੁਰਦਾ ਸਰੀਰ ਨੂੰ ਭੂਤ ਸਮਝ ਕੇ ਉਹਦੇ ਨੇੜੇ ਨਹੀਂ ਢੁਕਦੀ। ਰਵਿਦਾਸ ਜੀ ਕਹਿੰਦੇ ਹਨ ਕਿ ਸਾਰਾ ਸੰਸਾਰ ਮੋਹ-ਮਾਇਆ ਅਤੇ ਕਾਲ ਦੁਆਰਾ ਲੁਟਿਆ ਜਾ ਰਿਹਾ ਹੈ, ਮੈਂ ਤਾਂ ਪਰਮਾਤਮਾ ਦੇ ਨਾਮ ਦੇ ਸਿਮਰਨ ਦੁਆਰਾ ਜੰਮਣ-ਮਰਨ ਦੇ ਬੰਧਨ ਤੋਂ ਛੁੱਟਣ ਵਿਚ ਸਫਲ ਹੋ ਗਿਆ ਹਾਂ।

ਪਹਿਲੇ ਪਹਿਰੈ ਰੈਣਿ ਦੈ ਵਣਿਜਾਰਿਆ, ਤੈਂ ਜਨਮ ਲੀਆ ਸੰਸਾਰ ਬੇ।[ਹ]
ਸੇਵਾ ਚੂਕੋਂ ਰਾਮ ਕੀ ਵਣਿਜਾਰਿਆ, ਤੇਰੀ ਬਾਲਕ ਬੁੱਧਿ ਗੰਵਾਰ ਬੇ॥
ਬਾਲਕ ਬੁਧਿ ਗੰਵਾਰ ਨ ਚੇਤਿਓ, ਭੂਲਾ ਮਾਇਆ ਜਾਲ ਬੇ।
ਕਹਾ ਹੋਈ ਪੀਛੈਂ ਪਛਿਤਾਇ, ਜਲ ਪਹਿਲੀ ਨ ਬਾਂਧੀ ਪਾਲ ਬੇ॥
ਬੀਸ ਬਰਸ ਕਾ ਭਇਆ ਅਯਾਂਨਾ, ਥੰਭਿ ਨ ਸਕਿਆ ਭਾਰ ਬੇ।[ਕ]
ਜਨ 'ਰਵਿਦਾਸ' ਕਹੈ ਵਣਿਜਾਰਿਆ, ਤੈਂ ਜਨਮ ਲੀਆ ਸੰਸਾਰ ਬੇ॥
ਦੂਜੇ ਪਹਿਰੈ ਰੈਣਿ ਦੈ ਵਣਿਜਾਰਿਆ, ਤੂੰ ਨਿਰਖਤ ਚਾਲਿਆ ਛਾਂਹ ਬੇ।[ਖ]
ਹਰਿ ਨ ਦਾਮੋਦਰ ਧਿਆਇਆ ਵਣਿਜਾਰਿਆ, ਤੈਂ ਲੇਇ ਨ ਸਕਿਆ ਨਾਂਵ ਬੇ॥
ਨਾਂਵ ਨ ਲੀਆ ਔਗੁਨ ਕੀਆ, ਇਸ ਜੋਬਨ ਕੈ ਤਾਂਣ ਬੇ।[ਗ]
ਅਪਨੀ ਪਰਾਈ ਗਿਨਿ ਨ ਕਾਈ, ਮੰਦੇ ਕਰਮ ਕਮਾਂਣ ਬੇ॥

ੳ. **ਸਾਲ**=ਉੱਤਮ, ਸ਼ਾਨਦਾਰ, ਆਲੀਸ਼ਾਨ; **ਫੁਨਿ**=ਪੁਨਿ, ਫਿਰ। ਅ. **ਰਲਿ**=ਮਿਲ ਜਾਣਾ। ੲ. **ਸਹੇਰਾ**=ਸਾਥੀ। ਸ. **ਉਰਹਿ**=ਛਾਤੀ ਨਾਲ। ਹ. **ਰੈਣਿ**=ਰਾਤ। ਕ. **ਅਯਾਂਨਾ**=ਮੂਰਖ਼, ਅਗਿਆਨੀ। ਖ. **ਨਿਰਖਤ**=ਦੇਖਣਾ। ਗ. **ਤਾਂਣ**=ਤਾਨ, ਖਿੱਚ, ਤਰੰਗ।

ਸਾਹਿਬ ਲੇਖਾ ਲੇਸੀ, ਤੂੰ ਭਰਿ ਦੇਸੀ, ਭੀਰ ਪਰੈ ਤੁਝ ਤਾਂਹ ਬੇ।
ਜਨ 'ਰਵਿਦਾਸ' ਕਹੈ ਵਣਿਜਾਰਿਆ, ਤੂੰ ਨਿਰਖ਼ਤ ਚਾਲਿਆ ਛਾਂਹ ਬੇ॥
ਤੀਜੈ ਪਹਰੈ ਰੈਣਿ ਦੈ ਵਣਿਜਾਰਿਆ, ਤੇਰੇ ਢਿਲਰੈ ਪਰੈ ਪਿਰਾਂਨ ਬੇ।
ਕਾਇਆ ਰੂ ਵਾਨੀ ਕਾ ਕਰੈ ਵਣਿਜਾਰਿਆ, ਘਟ ਭੀਤਰਿ ਬਸੈ ਕੁਜਾਂਣ ਬੇ।[ੳ]
ਏਕ ਬਸੈ ਕੁਜਾਨ ਕਾਇਆ ਗੜ ਭੀਤਰਿ, ਪਹਲਾ ਜਨਮ ਗੰਵਾਇ ਬੇ।
ਅਬਕੀ ਬੇਰ ਨ ਸੁਕ੍ਰਿਤ ਕੀਓ, ਬਹੁਰਿ ਨ ਯਹੁ ਗੜ ਪਾਇ ਬੇ।[ਅ]
ਕੰਪੀ ਦੇਹ ਕਾਇਆ ਗੜ ਛੀਨਾ, ਫਿਰਿ ਲਾਗਾ ਪਛਿਤਾਂਣ ਬੇ।
ਜਨ 'ਰਵਿਦਾਸ' ਕਹੈ ਵਣਿਜਾਰਿਆ, ਤੇਰੇ ਢਿਲਰੈ ਪਰੈ ਪਿਰਾਨ ਬੇ॥
ਚੌਥੇ ਪਹਰੈ ਰੈਣਿ ਦੈ ਵਣਿਜਾਰਿਆ, ਤੇਰੀ ਕੰਪਨ ਲਾਗੀ ਦੇਹ ਬੇ।
ਸਾਹਿਬ ਲੇਖਾ ਮਾਂਗਿਯਾ ਵਣਿਜਾਰਿਆ, ਤੂੰ ਛਾਂਡਿ ਪੁਰਾਨੀ ਥੇਹ ਬੇ।[ੲ]
ਛਾਂਡਿ ਪੁਰਾਨੀ ਜਿੰਦ ਅਯਾਂਨਾ, ਬਾਲਦਿ ਲਦਿ ਸਬੇਰਿਆਂ ਬੇ।[ਸ]
ਜਮ ਕੈ ਆਏ ਬਾਂਧਿ ਚਲਾਏ, ਬਾਰੀ ਪੂਗੀ ਤੇਰੀਆਂ ਬੇ।[ਹ]
ਪੰਥਿ ਚਲੈ ਅਕੇਲਾ ਹੋਇ ਦੁਹੇਲਾ, ਕਾ ਸਿਉਂ ਕਰੈ ਸਨੇਹ ਬੇ।[ਕ]
ਜਨ 'ਰਵਿਦਾਸ' ਕਹੈ ਵਣਿਜਾਰਿਆ, ਤੇਰੀ ਕੰਪਨ ਲਾਗੀ ਦੇਹ ਬੇ॥[17]

ਗੁਰੂ ਰਵਿਦਾਸ ਜੀ ਅਗਿਆਨੀ ਜੀਵ ਦੀ ਵਣਜਾਰੇ ਜਾਂ ਵਪਾਰੀ ਨਾਲ ਅਤੇ ਜੀਵਨ ਦੀਆਂ ਚਾਰ ਅਵਸਥਾਵਾਂ—ਬਚਪਨ, ਜਵਾਨੀ, ਅਧਖੜ ਅਤੇ ਬੁਢਾਪੇ ਦੀ, ਰਾਤ ਦੇ ਚਾਰ ਪਹਿਰਾਂ ਨਾਲ ਤੁਲਨਾ ਕਰਦੇ ਹਨ। ਜੀਵ ਸੰਸਾਰ ਵਿਚ ਰਾਮ ਨਾਮ ਦਾ ਵਣਜ ਕਰਨ ਲਈ ਆਉਂਦਾ ਹੈ, ਪਰ ਮੋਹ-ਮਾਇਆ ਅਤੇ ਅਗਿਆਨਤਾ ਵੱਸ ਜੀਵਨ ਦੀ ਅਮੋਲਕ ਪੂੰਜੀ ਵਿਸ਼ੇ-ਵਿਕਾਰਾਂ ਦੇ ਜੂਏ ਵਿਚ ਹਾਰ ਕੇ ਖਾਲੀ ਹੱਥ ਸੰਸਾਰ ਤੋਂ ਚਲਾ ਜਾਂਦਾ ਹੈ।

ਗੁਰੂ ਰਵਿਦਾਸ ਜੀ ਕਹਿੰਦੇ ਹਨ, ਹੇ ਵਣਜਾਰੇ, ਤੂੰ ਸੰਸਾਰ ਵਿਚ ਵਡਮੁੱਲਾ ਵਣਜ ਕਰਨ ਲਈ ਜਨਮ ਲਿਆ ਸੀ ਪਰ ਤੇਰੇ ਉੱਤੇ ਮਾਇਆ ਦਾ ਜਾਦੂ ਚੱਲ ਗਿਆ। ਤੂੰ ਪਰਮਾਤਮਾ ਦੀ ਸੇਵਾ ਨਾ ਕੀਤੀ ਅਤੇ ਬਚਪਨ ਦੀ ਅਵਸਥਾ ਗ਼ਫ਼ਲਤ ਅਤੇ ਅਗਿਆਨਤਾ ਵਿਚ ਬਰਬਾਦ ਕਰ ਦਿੱਤੀ। ਤੂੰ ਸਮੇਂ ਸਿਰ ਜ਼ਿੰਦਗੀ ਦਾ ਬੇੜਾ ਨਾ ਬੰਨ੍ਹਿਆ। ਜਿਸ ਕਾਰਨ ਤੇਰੀ ਬੇੜੀ ਸੰਸਾਰ ਸਾਗਰ ਦੀਆਂ ਲਹਿਰਾਂ

ੳ. **ਕੁਜਾਂਣ**=ਦੁਰਵਿਚਾਰ। ਅ. **ਸੁਕ੍ਰਿਤ**=ਸਤ-ਕਰਮ। ੲ. **ਥੇਹ**=ਡਹ, ਟੀਲਾ, ਸਥਾਨ। ਸ. **ਪੁਰਾਨੀ ਜਿੰਦ**=ਬੁੱਢਾ ਸਰੀਰ; **ਬਾਲਦਿ**=ਬੈਲ। ਹ. **ਪੂਗੀ**=ਪੂਰੀ ਹੋ ਗਈ। ਕ. **ਦੁਹੇਲਾ**=ਦੁਖਦਾਈ, ਕਠਨ।

ਦੀ ਮਾਰ ਹੇਠ ਆ ਗਈ। ਜਦ ਸਮੇਂ ਸਿਰ ਭਵਸਾਗਰ ਨੂੰ ਤਰਨ ਦਾ ਉਪਰਾਲਾ ਨਾ ਕੀਤਾ ਤਾਂ ਬਾਦ ਵਿਚ ਪਛਤਾਉਣ ਦਾ ਕੀ ਲਾਭ ਹੈ? ਜਦ ਤੂੰ ਵੀਹ ਸਾਲ ਦਾ ਹੋਇਆ ਤਾਂ ਜਵਾਨੀ ਦਾ ਭਾਰ ਨਾ ਸੰਭਾਲ ਸਕਿਆ (ਤੂੰ ਬੁਰੇ ਕਰਮਾਂ ਵਿਚ ਪੈ ਗਿਆ)

ਰਾਤ ਦੇ ਦੂਜੇ ਪਹਿਰ (ਜਵਾਨੀ) ਵਿਚ ਤੂੰ ਜੀਵਨ ਦੀ ਔੜ ਜਾਂ ਮਾਰ ਤੋਂ ਬਚਣ ਲਈ ਕਿਸੇ ਛਾਂ ਜਾਂ ਸਹਾਰੇ ਦੀ ਤਲਾਸ਼ ਕੀਤੀ। ਤੂੰ ਨਾਮ ਦੀ ਪੱਕੀ, ਸੱਚੀ ਅਤੇ ਅਨੰਦਮਈ ਛਾਂ ਨੂੰ ਛੱਡ ਕੇ ਵਿਸ਼ੇ-ਵਿਕਾਰਾਂ ਵਿਚ ਬਹਿ ਗਿਆ। ਆਸ਼ਾ-ਤ੍ਰਿਸ਼ਨਾ ਅਤੇ ਕਾਮ ਵੱਸ ਹੋ ਕੇ ਤੂੰ ਪਰ-ਤਨ ਅਤੇ ਪਰ-ਧਨ ਦੇ ਮੋਹ ਦਾ ਸ਼ਿਕਾਰ ਹੋ ਗਿਆ। ਤੂੰ ਆਪਣੇ ਵੱਲੋਂ ਤਾਂ ਧਨ-ਦੌਲਤ ਅਤੇ ਇਸਤਰੀ ਦੀ ਛਾਂ ਢੂੰਡਣ ਦਾ ਜਤਨ ਕੀਤਾ, ਪਰ ਇਹ ਨਾ ਸੋਚਿਆ ਕਿ ਨਾਮ ਨੂੰ ਵਿਸਾਰ ਕੇ ਅਤੇ ਵਿਸ਼ਿਆਂ ਵਿਚ ਪੈ ਕੇ ਜੋ-ਜੋ ਮੰਦੇ ਕਰਮ ਤੂੰ ਕੀਤੇ ਹਨ, ਉਨ੍ਹਾਂ ਸਾਰਿਆਂ ਦਾ ਤੈਨੂੰ ਲੇਖਾ ਦੇਣਾ ਪਵੇਗਾ। ਰਾਮ-ਨਾਮ ਦੀ ਸੱਚੀ ਛਾਂ ਛੱਡ ਕੇ ਮਾਇਆ ਦੀ ਝੂਠੀ ਛਾਂ ਦਾ ਆਸਰਾ ਲੈਣ ਦਾ ਇਹੋ ਨਤੀਜਾ ਹੁੰਦਾ ਹੈ।

ਰਾਤ ਦੇ ਤੀਜੇ ਪਹਿਰ (ਅਧਖੜ ਉਮਰ) ਵਿੱਚ ਤੇਰੇ ਹੱਡਾਂ-ਪੈਰਾਂ ਨੇ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਪਰ ਤੇਰੇ ਮਨ ਵਿੱਚ ਵੱਸੇ ਵਿਕਾਰਾਂ ਨੇ ਹਾਰ ਨਾ ਮੰਨੀ। ਸਰੀਰ ਰੂਪੀ ਕਿਲ੍ਹੇ ਨੂੰ ਵਿਸ਼ੇ-ਵਿਕਾਰਾਂ ਨੇ ਢਾਹ ਲਾ ਦਿੱਤੀ। ਤੂੰ ਇਹ ਵੀ ਸੋਚਣ ਦਾ ਜਤਨ ਨਾ ਕੀਤਾ ਕਿ ਪਰਮਾਤਮਾ ਦੀ ਭਗਤੀ ਲਈ ਮਿਲਿਆ ਅਮੋਲਕ ਜਨਮ ਦੋਬਾਰਾ ਨਹੀਂ ਮਿਲੇਗਾ। ਜਦ ਸਰੀਰ ਰੂਪੀ ਕਿਲ੍ਹਾ ਵਿਸ਼ੇ-ਵਿਕਾਰਾਂ ਨਾਲ ਭਰਨਾ ਸ਼ੁਰੂ ਹੋ ਜਾਵੇਗਾ ਅਤੇ ਕਾਇਆ ਨਿਰਬਲ ਹੋ ਕੇ ਕੰਬਣ ਲਗ ਜਾਵੇਗੀ ਤਾਂ ਉਸ ਸਮੇਂ ਪਛਤਾਵਾ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ। ਉਸ ਸਮੇਂ ਰਾਮ-ਨਾਮ ਦੀ ਕਮਾਈ ਨਹੀਂ ਕੀਤੀ ਜਾ ਸਕਦੀ।

ਚੌਥੇ ਪਹਿਰ (ਬੁਢਾਪੇ) ਦੇ ਅੰਤ ਵਿਚ ਸਰੀਰ ਦੀ ਪੁਰਾਣੀ ਕੰਧ ਢਹਿ ਕੇ ਢੇਰੀ ਹੋ ਗਈ ਅਤੇ ਤੈਨੂੰ ਬਲਦ ਵਾਂਗ ਕਰਮਾਂ ਦਾ ਭਾਰਾ ਬੋਝਾ ਢੋਣਾ ਪਿਆ। ਜਮਦੂਤਾਂ ਨੇ ਤੈਨੂੰ ਬੰਨ੍ਹ ਕੇ ਅੱਗੇ ਤੋਰ ਲਿਆ ਅਤੇ ਤੈਨੂੰ ਇਕੱਲੇ ਨੂੰ ਜਮਦੂਤਾਂ ਨਾਲ ਜਾਣਾ ਪਿਆ। ਉੱਥੇ ਕਿਸੇ ਨੇ ਤੇਰੀ ਸਹਾਇਤਾ ਨਾ ਕੀਤੀ ਅਤੇ ਤੈਨੂੰ ਧਰਮਰਾਜ ਦੇ ਦਰਬਾਰ ਵਿਚ ਕੀਤੇ ਹੋਏ ਕਰਮਾਂ ਦਾ ਲੇਖਾ ਦੇਣਾ ਪਿਆ।

ਰਵਿਦਾਸ ਜੀ ਜੀਵ ਨੂੰ ਸਾਵਧਾਨ ਕਰਨਾ ਚਾਹੁੰਦੇ ਹਨ ਕਿ ਮਨੁੱਖ-ਜਨਮ ਨੂੰ ਇੰਦਰੀਆਂ ਦੇ ਭੋਗਾਂ ਅਤੇ ਦੁਨੀਆ ਦੇ ਧੰਦਿਆਂ ਵਿੱਚ ਨਹੀਂ ਬਰਬਾਦ ਕਰ ਲੈਣਾ ਚਾਹੀਦਾ ਸਗੋਂ ਰਾਮ-ਨਾਮ ਦਾ ਧਨ ਇਕੱਠਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ, ਜਿਹੜਾ ਲੋਕ ਅਤੇ ਪਰਲੋਕ ਦੋਹਾਂ ਵਿਚ ਸਹਾਈ ਹੁੰਦਾ ਹੈ।

ਬੀਤੀ ਆਯੂ ਭਜਨ ਨਹੀਂ ਕੀਨਾ॥ ਟੇਕ॥
ਸੇਤ ਭਇਓ ਤਨ ਥਰ ਥਰ ਕੰਪਹਿ, ਹਰਿ ਸਿਮਰਨੁ ਨਹੀਂ ਕੀਨ੍ਹਾ[ੳ]
ਸਤ ਸੰਗਤ ਨਹਿੰ ਗੁਰੂ ਪਦ ਸੇਓ, ਪ੍ਰਭੂ ਕੀਰਤਿ ਨਹਿੰ ਗਾਈ।
ਨਹਿੰ ਮਨੁ ਰਮਿਓ ਪ੍ਰਭ ਚਰਨਨ ਮਹਿੰ, ਤਨ ਸਿਉਂ ਪ੍ਰੀਤ ਦ੍ਰਿੜਾਈ।
ਕਹਿ ਰਵਿਦਾਸ ਚਲਨ ਕੀ ਬਿਰੀਆਂ, ਕੋਊ ਨ ਹੋਹੁ ਸੁਹਾਈ।[18]

ਗੁਰੂ ਰਵਿਦਾਸ ਜੀਵ ਨੂੰ ਚੇਤਾਵਨੀ ਦਿੰਦੇ ਹਨ ਕਿ ਤੇਰੀ ਉਮਰ ਫ਼ਜ਼ੂਲ ਬੀਤ ਗਈ ਹੈ ਅਤੇ ਤੂੰ ਪ੍ਰਭੂ ਦਾ ਭਜਨ ਨਹੀਂ ਕੀਤਾ। ਤੇਰੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ ਅਤੇ ਨਿਰਬਲ ਸਰੀਰ ਕੰਬ ਰਿਹਾ ਹੈ। ਤੂੰ ਹਾਲੇ ਵੀ ਪਰਮਾਤਮਾ ਦੇ ਨਾਮ ਦੇ ਸਿਮਰਨ ਵੱਲ ਧਿਆਨ ਨਹੀਂ ਦਿੰਦਾ। ਨਾ ਤੂੰ ਪੂਰਨ ਸੰਤਾਂ ਦੀ ਸੰਗਤ ਕੀਤੀ, ਨਾ ਤੂੰ ਸਤਿਗੁਰੂ ਦੇ ਨਾਮ ਦਾ ਸਿਮਰਨ ਕੀਤਾ, ਫਿਰ ਅੰਤ ਸਮੇਂ ਤੇਰੀ ਸਹਾਇਤਾ ਕੌਣ ਕਰੇਗਾ?

ਸੰਸਾਰ ਦਾ ਮਾਇਆ-ਜਾਲ

ਇਹ ਸੰਸਾਰ ਇੱਕ ਸੁਪਨਾ ਹੈ, ਨਿਰਾ ਭਰਮ ਹੈ। ਇਸ ਸੁਪਨੇ ਜਾਂ ਭਰਮ ਵਿੱਚ ਫਸੇ ਪ੍ਰਾਣੀ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਦਾ ਕਿ ਜਿਸ ਸਰੀਰ ਨੂੰ ਏਨਾ ਸੁਆਰ-ਸੁਆਰ ਕੇ ਰੱਖਦੇ ਹਾਂ, ਇਹ ਪੰਜਾਂ ਤੱਤਾਂ ਦਾ ਬਣਿਆ ਹੋਇਆ ਪਿੰਜਰਾ ਹੈ, ਜਿਸ ਵਿੱਚ ਆਤਮਾ ਰੂਪੀ ਪੰਛੀ ਕੈਦ ਹੈ। ਆਤਮਾ ਰੂਪੀ ਹੰਸ ਉਡਾਰੀ ਮਾਰ ਜਾਂਦਾ ਹੈ ਤਾਂ ਹੱਡ, ਮਾਸ, ਚੰਮ, ਲਹੂ ਅਤੇ ਮਿੱਝ ਦੀ ਬਣੀ ਦੇਹੀ ਮਿੱਟੀ ਵਿੱਚ ਮਿਲ ਕੇ ਮਿੱਟੀ ਹੋ ਜਾਂਦੀ ਹੈ।

ਅਗਿਆਨਤਾ ਦੇ ਹਨੇਰੇ ਵਿਚ ਭਟਕ ਰਿਹਾ ਜੀਵ ਭਰਮ ਨੂੰ ਅਸਲੀਅਤ ਸਮਝਣ ਦੀ ਭੁੱਲ ਕਰਦਾ ਹੈ। ਖੂਹ ਦੇ ਡੱਡੂ ਵਾਂਗ ਉਹਨੂੰ ਆਪਣੀ ਭਰਮ ਦੀ ਦੁਨੀਆ ਤੋਂ ਪਰੇ ਹੋਰ ਕੁਝ ਨਹੀਂ ਸੁੱਝਦਾ। ਅਜਿਹੇ ਅਭਾਗੇ ਪ੍ਰਾਣੀ ਨੂੰ ਅੰਤ ਸਮੇਂ ਸੰਸਾਰ ਵਿੱਚੋਂ ਖਾਲੀ ਹੱਥ ਜਾਣਾ ਪੈਂਦਾ ਹੈ।

ਸਿਰਫ਼ ਪਰਮਾਤਮਾ ਦੀ ਦਇਆ-ਮਿਹਰ ਨਾਲ ਜੀਵ ਨੂੰ ਸਤਿਗੁਰੂ ਦੀ ਸ਼ਰਨ ਪ੍ਰਾਪਤ ਹੁੰਦੀ ਹੈ ਅਤੇ ਉਹ ਸਤਿਗੁਰੂ ਦੇ ਹੁਕਮ ਅਨੁਸਾਰ ਪ੍ਰੇਮ-ਪੂਰਵਕ ਅਤੇ ਭਗਤੀ-ਭਾਵ ਨਾਲ ਨਾਮ ਦੀ ਕਮਾਈ ਕਰ ਸਕਦਾ ਹੈ। ਮਾਇਆ ਦੇ ਕਰੜੇ ਬੰਧਨਾਂ ਤੋਂ ਆਜ਼ਾਦ ਹੋਣ ਦਾ ਇਹੋ ਅਸਲ ਰਸਤਾ ਹੈ।

ੳ. ਸੇਤ=ਸ਼ਵੇਤ, ਚਿੱਟਾ।

ਗੁਰੂ ਰਵਿਦਾਸ ਜੀ ਕਹਿੰਦੇ ਹਨ :

ਮਾਧੌ, ਕਾ ਕਹੀਐ ਭ੍ਰਮ ਐਸਾ, ਤੁਮ ਕਹੀਅਤ ਹੋਹੁ ਨ ਜੈਸਾ॥
ਨ੍ਰਿਪਤਿ ਏਕ ਸੇਜ ਸੁਖ ਸੂਤਾ, ਸੁਪਿਨੈਂ ਭਇਆ ਭਿਖਾਰੀ[ੳ]
ਅਛਿਤ ਰਾਜ ਬਹੋਤ ਦੁਖ ਪਾਇਓ, ਸੋ ਗਤਿ ਭਈ ਹਮਾਰੀ॥
ਜਬ ਹਮ ਹੁਤੇ ਤਬ ਤੁਮ ਨਾਂਹੀ, ਅਬ ਤੁਮ ਹੌ ਹਮ ਨਾਂਹੀ।
ਸਲਿਤਾ ਗਵਨ ਕੀਓ ਮਹੋਦਧਿ, ਜਲ ਕੇਵਲ ਜਲ ਮਾਂਹੀ॥[ਅ]
ਰਜੁ ਭੁਵੰਗ ਰਜਨੀ ਪਰਗਾਸਾ, ਅਸ ਕਛੁ ਮਰਮ ਜਨਾਵਾ[ੲ]
ਸਮਝਿ ਪਰੀ ਮੋਹਿਂ ਕਨਕ ਅਲੰਕ੍ਰਿਤ ਜਿਉਂ, ਅਬ ਕਛੁ ਕਹਿਤ ਨ ਆਵਾ॥[ਸ]
ਕਰਤਾ ਏਕ ਭਾਈ ਜਗ ਭੁਗਤਾ, ਸਬ ਘਟਿ ਸਬ ਵਿਧਿ ਸੋਈ[ਹ]
ਕਹੈ 'ਰਵਿਦਾਸ' ਭਗਤਿ ਇਕ ਉਪਜੀ, ਸਹਜੈ ਹੋਈ ਸੂ ਹੋਈ॥[19]

ਹੇ ਪ੍ਰਭੂ! ਸੰਸਾਰ-ਰੂਪੀ ਭਰਮ ਨੂੰ ਬਿਆਨ ਕਰ ਸਕਣਾ ਅਸੰਭਵ ਹੈ। ਜੋ ਇਸ ਸੰਸਾਰ ਨੂੰ ਆਮ ਤੌਰ ਤੇ ਸਮਝਿਆ ਜਾਂਦਾ ਹੈ, ਉਹ ਅਸਲ ਵਿਚ ਇਹ ਹੈ ਨਹੀਂ। ਮੰਨ ਲਉ, ਆਪਣੀ ਸੇਜ ਉੱਤੇ ਖ਼ੁਸ਼ੀ-ਖ਼ੁਸ਼ੀ ਸੁੱਤਾ ਰਾਜਾ ਸੁਪਨੇ ਵਿਚ ਭਿਖਾਰੀ ਬਣ ਜਾਂਦਾ ਹੈ। ਉਹ ਆਪਣੇ ਰਾਜ-ਪਾਟ ਦੇ ਹੁੰਦੇ ਹੋਏ ਵੀ ਇਸ ਤੋਂ ਹੱਥ ਧੋ ਬੈਠਦਾ ਹੈ ਅਤੇ ਅਕਹਿ ਦੁੱਖ ਸਹਿੰਦਾ ਹੈ। ਇਹੋ ਹਾਲਤ ਸਾਡੀ ਹੈ। ਅਸੀਂ ਅਸਲ ਵਿਚ ਉਸ ਅਨੰਤ, ਅਸਗਾਹ ਅਤੇ ਅਨੰਦ-ਸਰੂਪ ਪ੍ਰਭੂ ਦੀ ਅੰਸ਼ ਹਾਂ, ਪਰ ਮਾਇਆ ਦੇ ਭਰਮ ਵਿਚ ਫਸ ਕੇ ਅਤੀ ਦੁੱਖੀ ਹੋ ਰਹੇ ਹਾਂ। ਜਦ ਤੱਕ ਸਾਡੇ ਵਿਚ ਹਉਮੈਂ ਕਾਇਮ ਰਹਿੰਦੀ ਹੈ, ਪਰਮਾਤਮਾ ਪਰਗਟ ਨਹੀਂ ਹੁੰਦਾ। ਜਦ ਪਰਮਾਤਮਾ ਪਰਗਟ ਹੋ ਜਾਂਦਾ ਹੈ ਤਾਂ ਹਉਮੈਂ ਦਾ ਨਾਸ਼ ਹੋ ਜਾਂਦਾ ਹੈ। ਜਿਵੇਂ ਨਦੀ ਸਮੁੰਦਰ ਦਾ ਰੂਪ ਹੋ ਗਈ ਹੋਵੇ। ਹਉਮੈਂ ਦਾ ਨਾਸ਼ ਹੋ ਜਾਣ ਤੇ ਹਰ ਪਾਸੇ ਪ੍ਰਭੂ ਹੀ ਪ੍ਰਭੂ ਦਿਖਾਈ ਦਿੰਦਾ ਹੈ।

ਰਾਤ ਦੇ ਹਨੇਰੇ ਵਿਚ ਭਰਮ-ਵੱਸ ਰੱਸੀ ਸੱਪ ਭਾਸਦੀ ਹੈ। ਇਸੇ ਤਰ੍ਹਾਂ ਝੂਠਾ ਸੰਸਾਰ ਸੱਚ ਹੋਣ ਦਾ ਭੁਲੇਖਾ ਪਾਉਂਦਾ ਹੈ। ਇਹ ਭੇਦ ਛੇਤੀ ਕੀਤੇ ਸਮਝ ਨਹੀਂ ਆਉਂਦਾ। ਅਸਲ ਵਿਚ ਸੰਸਾਰ ਉਸ ਕਰਤਾ-ਪੁਰਖ ਦੀ ਖੇਡ ਹੈ। ਸੰਸਾਰ ਦਾ ਕਰਤਾ ਉਹ ਇੱਕ ਸੁਆਮੀ ਹੈ ਜੋ ਹਰ ਜੀਵ ਦੇ ਅੰਦਰ ਸਮਾਇਆ ਹੋਇਆ ਹੈ। ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਮਨ ਵਿਚ ਸੱਚੀ ਭਗਤੀ ਜਾਗ ਪਵੇ ਤਾਂ ਬਾਕੀ ਸਭ ਗੁਣ ਆਪਣੇ ਆਪ ਪੈਦਾ ਹੋ ਜਾਂਦੇ ਹਨ।

ੳ. **ਨ੍ਰਿਪਤਿ**=ਰਾਜਾ। ਅ. **ਸਲਿਤਾ**=ਨਦੀ; **ਮਹੋਦਧਿ**=ਸਮੁੰਦਰ। ੲ. **ਰਜੁ**=ਰੱਸੀ; **ਭੁਵੰਗ**=ਸੱਪ; **ਰਜਨੀ**=ਰਾਤ। ਸ. **ਕਨਕ**=ਸੋਨਾ। ਹ. **ਭੁਗਤਾ**=ਭਗਤ।

ਕਿਹਿੰ ਮਨ ਟੇਢੋ ਟੇਢੋ ਜਾਤ॥ ਟੇਕ॥
ਜਾਕੂੰ ਪੇਖਿ ਬਹੁ ਗਰਿਵਾਨੋ, ਹਾਡ ਮਾਂਸੁ ਕੌ ਗਾਤ[ੳ]
ਥੂਕ ਲਾਰ ਬਿਸਟਾ ਕੋ ਬੇੜੌ, ਅੰਤ ਛਾਰ ਹਵੇ ਜਾਤ॥[ਅ]
ਰਾਮ ਨਾਮ ਇਕ ਛਿਨੁ ਨ ਸੁਮਰਿਓ, ਵਿਸ਼ਿਅਨ ਸੂੰ ਬਹੁ ਘਾਤ।
ਜਿਉਂ ਖਗ ਪੇਖਿ ਦਰਪਨ ਮਹਿੰ ਤਨ ਕੂੰ, ਬੇਰਿ ਬੇਰਿ ਚੂੰਝਿਆਤ॥[ੲ]
ਅਜਹੂੰ ਚੇਤਿ ਗਹੁ ਸਿਖ ਮੂਰਿਖ, ਜਨਮ ਅਕਾਰਥ ਜਾਤ।
ਜਲ-ਥਲ, ਬਾਓ-ਅਗਨ ਕੌ ਪੁਤਰਾ, ਛਿਨ ਮਹਿੰ ਹੋਹਿ ਭਸਮਾਤ॥
ਕੋਟਿ ਜਤਨ ਕਰਿ ਜੋਗਿ ਤਪਿ ਹਾਰੈ, ਨਿਹਚੈ ਹੰਸਾ ਉੜਿ ਜਾਤ।
ਕਹਿ ਰਵਿਦਾਸ ਰਾਮ ਭਜਿ ਬਾਵਰੇ, ਬਅ ਬੀਤੇ ਪਛਿਤਾਤ॥[ਸ][20]

ਸਾਡੇ ਮਨ ਦੀ ਕੈਸੀ ਉਲਟੀ ਚਾਲ ਹੈ। ਜਿਸ ਸਰੀਰ ਨੂੰ ਦੇਖ ਕੇ ਇਹ ਫੁਲਿਆ ਨਹੀਂ ਸਮਾਉਂਦਾ, ਉਹ ਸਰੀਰ ਹੱਡ-ਮਾਸ ਦੇ ਪੁਤਲੇ ਤੋਂ ਵੱਧ ਹੈਸੀਅਤ ਨਹੀਂ ਰੱਖਦਾ। ਇਹ ਸਰੀਰ ਥੁੱਕ, ਲਾਰ ਅਤੇ ਗੰਦ ਦੇ ਭਰੇ ਕੁੱਜੇ ਤੋਂ ਵੱਧ ਕੁਝ ਨਹੀਂ ਹੈ। ਮਨ ਛਿਨ-ਛਿਨ ਇੰਦਰੀਆਂ ਦੇ ਭੋਗਾਂ ਵੱਲ ਦੌੜਦਾ ਹੈ ਅਤੇ ਪਲ ਭਰ ਲਈ ਵੀ ਪਰਮਾਤਮਾ ਦੇ ਨਾਮ ਦੇ ਸਿਮਰਨ ਵਿੱਚ ਨਹੀਂ ਲੱਗਦਾ। ਪੰਛੀ ਸ਼ੀਸ਼ੇ ਵਿੱਚ ਆਪਣੀ ਸ਼ਕਲ ਨੂੰ ਦੇਖ ਕੇ ਉਹਨੂੰ ਦੂਸਰਾ ਪੰਛੀ ਸਮਝ ਕੇ ਉਹਦੇ ਉੱਤੇ ਹਮਲਾ ਬੋਲ ਦਿੰਦਾ ਹੈ ਅਤੇ ਆਪਣੀ ਚੁੰਝ ਤੁੜਵਾ ਲੈਂਦਾ ਹੈ। ਇਸੇ ਤਰ੍ਹਾਂ ਮਨ, ਮਾਇਆ ਦੇ ਜਗਤ ਨੂੰ ਅਸਲੀ ਸਮਝ ਕੇ ਇਸ ਨੂੰ ਵੱਸ ਵਿੱਚ ਕਰਨ ਦੇ ਜਤਨ ਵਿੱਚ ਆਪਣਾ ਹੀ ਨੁਕਸਾਨ ਕਰ ਬੈਠਦਾ ਹੈ। ਹੇ ਮੂਰਖ ਮਨ! ਹਾਲੇ ਵੀ ਸਮਝ ਤੋਂ ਕੰਮ ਲੈ। ਤੂੰ ਮੇਰੀ ਗੱਲ ਮੰਨ ਕੇ ਇਹ ਸਮਝਣ ਦਾ ਜਤਨ ਕਰ ਕਿ ਤੇਰਾ ਮਨੁੱਖ-ਜਨਮ ਵਿਅਰਥ ਬਰਬਾਦ ਹੋ ਰਿਹਾ ਹੈ। ਪੰਜਾਂ ਤੱਤਾਂ ਦਾ ਪੁਤਲਾ ਤੇਰਾ ਸਰੀਰ ਪਲ-ਭਰ ਵਿਚ ਸੜ ਕੇ ਸੁਆਹ ਹੋ ਜਾਵੇਗਾ। ਜੋਗੀਆਂ ਅਤੇ ਤਪੀਆਂ ਨੇ ਕਰੋੜਾਂ ਜਤਨ ਕੀਤੇ ਪਰ ਮੌਤ ਉੱਤੇ ਕੋਈ ਜਿੱਤ ਨਹੀਂ ਪਾ ਸਕਿਆ। ਇੱਕ ਦਿਨ ਆਤਮਾ ਨੇ ਸਰੀਰ ਵਿੱਚੋਂ ਅਵੱਸ਼ ਉਡਾਰੀ ਮਾਰ ਜਾਣੀ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਅਗਿਆਨੀ! ਤੂੰ ਰਾਮ-ਨਾਮ ਦਾ ਸਿਮਰਨ ਕਰ, ਨਹੀਂ ਤਾਂ ਉਮਰ ਬੀਤ ਜਾਣ ਪਿੱਛੋਂ ਅਫ਼ਸੋਸ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ :

ੳ. ਪੇਖਿ=ਦੇਖ ਕੇ। ਅ. ਬੇੜੌ=ਬੇੜੀ, ਪਿਟਾਰੀ; ਛਾਰ=ਰਾਖ, ਸੁਆਹ। ੲ. ਚੂੰਝਿਆਤ=ਚੁੰਝ ਮਾਰਨਾ। ਸ. ਬਅ=ਉਮਰ।

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥ ਮਾਇਆ ਗਈ ਤਬ ਰੋਵਨੁ ਲਗਤੁ ਹੈ॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥ ਬਿਨਸਿ ਗਇਆ ਜਾਇ ਕਹੂੰ ਸਮਾਨਾ॥
ਕਹਿ ਰਵਿਦਾਸ ਬਾਜੀ ਜਗੁ ਭਾਈ॥ ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ॥[21]

ਇਹ ਮਿੱਟੀ ਦਾ ਪੁਤਲਾ ਮਨੁੱਖ ਕਿਸ ਤਰ੍ਹਾਂ ਸੰਸਾਰ ਦੇ ਅਨੇਕ ਕੰਮਾਂ-ਕਾਜਾਂ ਵਿਚ ਨੱਚਦਾ ਫਿਰਦਾ ਹੈ। ਦੇਖੋ, ਇਹ ਕਿਸ ਤਰ੍ਹਾਂ ਦੇਖਦਾ, ਸੁਣਦਾ, ਬੋਲਦਾ ਅਤੇ ਭੱਜਾ ਫਿਰਦਾ ਹੈ। ਧਨ-ਦੌਲਤ, ਮਾਣ-ਵਡਿਆਈ ਸਭ ਕੁਝ ਮਿਲ ਜਾਂਦਾ ਹੈ ਤਾਂ ਇਹ ਫੁਲਿਆ ਨਹੀਂ ਸਮਾਉਂਦਾ। ਜਦੋਂ ਕੋਈ ਚੀਜ਼ ਖੁੱਸ ਜਾਂਦੀ ਹੈ ਤਾਂ ਇਹ ਰੋਂਦਾ ਸਾਹ ਨਹੀਂ ਲੈਂਦਾ। ਇਹ ਦੁਨੀਆ ਦੇ ਭੋਗਾਂ ਅਤੇ ਵਿਸ਼ਿਆਂ-ਵਿਕਾਰਾਂ ਵਿਚ ਬੁਰੀ ਤਰ੍ਹਾਂ ਲਿਪਤ ਹੋ ਜਾਂਦਾ ਹੈ। 'ਜਹਾਂ ਆਸਾ ਤਹਾਂ ਬਾਸਾ।' ਮੌਤ ਤੋਂ ਬਾਦ ਇਹ ਉਸੇ ਜੂਨੀ ਵਿਚ ਪਹੁੰਚ ਜਾਂਦਾ ਹੈ ਜਿਸ ਪ੍ਰਕਾਰ ਦੀ ਇਹਦੀ ਉਮਰ ਭਰ ਬਿਰਤੀ ਰਹੀ ਹੁੰਦੀ ਹੈ। ਇਸ ਤਰ੍ਹਾਂ ਇਹ ਸਦਾ ਆਵਾਗਵਨ ਦੇ ਚੱਕਰ ਨਾਲ ਬੱਝਾ ਰਹਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ; ਭਰਾਵਾ, ਇਹ ਸੰਸਾਰ ਜਾਦੂ ਦਾ ਤਮਾਸ਼ਾ ਹੈ, ਮੈਂ ਇਸ ਤਮਾਸ਼ੇ 'ਚੋਂ ਮਨ ਕੱਢ ਕੇ ਇਸ ਦੇ ਕਰਤਾ ਉਸ ਪਰਮੇਸ਼ਰ ਨਾਲ ਪ੍ਰੀਤ ਪਾ ਲਈ ਹੈ, ਇਸ ਲਈ ਮੇਰਾ ਇਸ ਸੰਸਾਰ-ਚੱਕਰ ਤੋਂ ਸਦਾ ਲਈ ਛੁਟਕਾਰਾ ਹੋ ਗਿਆ ਹੈ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥[ੳ]
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥[ਅ]
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥
ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥[22]

ੳ. **ਬਿਖਿਆ**=ਵਿਸ਼ੇ (ਜੋ ਜ਼ਹਿਰ ਦੇ ਸਮਾਨ ਹਨ)। ਅ. **ਨਾਇਕਾ**=ਨਾਇਕ, ਮਾਲਿਕ।

ਖੂਹ ਦੇ ਡੱਡੂ ਨੂੰ ਖੂਹ ਤੋਂ ਬਾਹਰਲੀ ਦੁਨੀਆ ਦਾ ਕੁਝ ਥਹੁ-ਪਤਾ ਨਹੀਂ ਹੁੰਦਾ। ਵਿਸ਼ੇ-ਵਿਕਾਰਾਂ ਦੇ ਡੂੰਘੇ ਖੂਹ ਵਿਚ ਡਿੱਗੇ ਮਨ ਨੂੰ ਵੀ ਲੋਕ-ਪਰਲੋਕ ਦੀ ਸੁੱਧ-ਬੁੱਧ ਨਹੀਂ ਹੁੰਦੀ। ਹੇ ਜਗਤ-ਪਿਤਾ! ਮੈਂ ਇਸ ਤਰ੍ਹਾਂ ਦੀ ਦਰਦਨਾਕ ਹਾਲਤ ਵਿਚ ਫਸਿਆ ਹੋਇਆ ਹਾਂ। ਤੂੰ ਕਿਰਪਾ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਮੈਨੂੰ ਆਪਣੇ ਦਰਸ਼ਨ ਦੇ। ਮੈਂ ਆਪਣੀ ਮਲੀਨ ਬੁੱਧੀ ਨਾਲ ਤੁਹਾਡੀ ਅਪਰ-ਅਪਾਰ ਗਤੀ ਨੂੰ ਕਦੇ ਨਹੀਂ ਸਮਝ ਸਕਦਾ। ਮੈਂ ਭੁੱਲਣਹਾਰ ਹਾਂ, ਤੁਸੀਂ ਬਖ਼ਸ਼ਣਹਾਰ ਹੋ। ਤੁਸੀਂ ਮੈਨੂੰ ਉਹ ਸੱਚੀ ਬੁੱਧੀ ਬਖ਼ਸ਼ੋ ਜਿਸ ਨਾਲ ਮੈਂ ਤੁਹਾਡਾ ਜੱਸ ਗਾਵਾਂ। ਹੇ ਪ੍ਰਭੂ! ਬੜੇ-ਬੜੇ ਰਿਸ਼ੀ-ਮੁਨੀ ਅਤੇ ਜੋਗੀਸ਼ਵਰ ਵੀ ਤੁਹਾਡੀ ਗੰਮਤਾ ਨਾ ਪਾ ਸਕੇ। ਨੀਵੀਂ ਜਾਤੀ ਦਾ ਮੈਂ ਨਿਮਾਣਾ ਦਾਸ ਸਿਰਫ਼ ਪ੍ਰੇਮ ਅਤੇ ਭਗਤੀ ਦੁਆਰਾ ਤੁਹਾਡੇ ਗੁਣ ਗਾਉਂਦਾ ਹਾਂ।

ਬਰਜਿ ਹੋ ਬਰਜਿ ਬੀਠੁਲੇ, ਮਾਇਆ ਜਗ ਖਾਇਆ[ੳ]
ਮਹਾ ਪ੍ਰਬਲ ਸਬ ਹੀ ਬਸਿ ਕੀਏ, ਸੁਰਨਰ ਮੁਨਿ ਭਰਮਾਇਆ॥
ਬਾਲਕ ਬਿਰਧ ਤਰੁਨ ਅਤਿ ਸੁੰਦਰਿ, ਨਾਨਾ ਭੇਖ ਬਣਾਇਆ।[ਅ]
ਜੋਗੀ ਜਤੀ ਤਪੀ ਸੰਨਿਆਸੀ, ਪੰਡਿਤ ਰਹਿਆ ਨ ਪਾਇਆ॥[ੲ]
ਬਾਜੀਗਰ ਕੀ ਬਾਜੀ ਕਾਰਨਿ, ਸਬ ਕੋ ਕੌਤਿਗ ਆਵੈ।[ਸ]
ਜੋ ਦੇਖੇ ਸੋ ਭੂਲਿ ਰਹੇ, ਵਾਕਾ ਚੇਲਾ ਮਰਮ ਜੁ ਪਾਵੈ॥
ਖੰ ਬ੍ਰਹਿਮੰਡ ਲੋਕ ਸਬ ਜੀਤੈ, ਇਹਿ ਵਿਧਿ ਤੇਜ ਜਨਾਵੈ।[ਹ]
ਸਯੂੰਭੂ ਕੌ ਚਿਤ ਚੋਰਿ ਲੀਓ ਹੈ, ਵਾਕੈ ਪਾਛੈ ਲਾਗਾ ਧਾਵੈ॥[ਕ]
ਇਨ ਬਾਤਨਿ ਸੁਖ ਚੈਨੁ ਮਰੀਅਤੁ ਹੈ, ਸਬ ਕੌ ਰਹੈ ਉਝਾਰੀ।[ਖ]
ਨੇਕੁ ਦ੍ਰਿਸ਼ਟਿ ਕਿਨ ਰਾਖਹੁ ਕੇਸੋ, ਮੇਟਹੁ ਬਿਪਤਿ ਹਮਾਰੀ॥
ਕਹੈ 'ਰਵਿਦਾਸ' ਉਦਾਸ ਭਇਓ ਮਨ, ਭਾਜਿ ਕਹਾਂ ਅਬ ਜਈਐ।[ਗ]
ਇਤ ਉਤ ਤੁਮ ਗੋਬਿੰਦ ਗੁਸਾਈ, ਤੁਮ ਹੀ ਮਾਂਹਿ ਸਮਈਐ॥[23]

ੳ. **ਬੀਠੁਲੇ**=ਪ੍ਰਭੂ ਦਾ ਇੱਕ ਨਾਮ। ਅ. **ਬਿਰਧ**=ਬੁਢਾਪਾ, ਬੁੱਢਾ। ੲ. **ਜਤੀ**=ਤਿਆਗੀ, ਸਨਿਆਸੀ। ਸ. **ਕੌਤਿਗ**=ਕੌਤਕ, ਅਚੰਭਾ, ਛਲਨਾ। ਹ. **ਖੰ**=ਆਸਮਾਨ, ਸਵਰਗ ਲੋਕ। ਕ. **ਸਯੂੰਭੂ**=ਵਿਸ਼ਨੂੰ। ਖ. **ਉਝਾਰੀ**=ਉਲਝਣਾ। ਗ. **ਭਾਜਿ**=ਭੱਜ ਕੇ।

ਹੇ ਪ੍ਰਭੂ! ਮਾਇਆ ਨੇ ਸਾਰੇ ਸੰਸਾਰ ਨੂੰ ਖਾ ਲਿਆ ਹੈ, ਤੁਸੀਂ ਕਿਰਪਾ ਕਰਕੇ ਮੈਨੂੰ ਇਸ ਤੋਂ ਬਚਾ ਲਵੋ। ਮਾਇਆ ਬਹੁਤ ਜ਼ੋਰਾਵਰ ਹੈ। ਇਹਨੇ ਸਭ ਨੂੰ ਵੱਸ ਵਿਚ ਕੀਤਾ ਹੋਇਆ ਹੈ। ਰਿਸ਼ੀ-ਮੁਨੀ ਅਤੇ ਦੇਵੀ-ਦੇਵਤਾ, ਸਭ ਨੂੰ ਮਾਇਆ ਨੇ ਭਰਮਾਇਆ ਹੋਇਆ ਹੈ। ਮਾਇਆ-ਰੂਪੀ ਠਗਣੀ ਕਦੇ ਬਾਲਕ ਦਾ, ਕਦੇ ਬਿਰਧ ਦਾ ਅਤੇ ਕਦੇ ਸੁੰਦਰ ਨਾਰੀ ਦਾ ਰੂਪ ਧਾਰ ਲੈਂਦੀ ਹੈ। ਜੋਗੀ, ਤਪੱਸਵੀ ਅਤੇ ਸਨਿਆਸੀ ਵੀ ਇਹਦੇ ਹੱਥੋਂ ਨਹੀਂ ਬਚੇ। ਇਸ ਜਾਦੂਗਰ ਦੀ ਜਾਦੂਗਰੀ ਨੇ ਸਭ ਨੂੰ ਛਲਿਆ ਹੋਇਆ ਹੈ। ਜਿਹੜਾ ਵੀ ਇਹਨੂੰ ਦੇਖਦਾ ਹੈ, ਉਸੇ ਦੀ ਮੱਤ ਮਾਰੀ ਜਾਂਦੀ ਹੈ। ਕੇਵਲ ਕੋਈ ਸੱਚਾ ਗੁਰੂ-ਭਗਤ ਹੀ ਇਸ ਦੀਆਂ ਚਾਲਾਂ ਸਮਝ ਸਕਦਾ ਹੈ। ਮਾਤਲੋਕ ਨਹੀਂ, ਸਵਰਗ-ਪੁਰੀ ਅਤੇ ਬ੍ਰਹਮ-ਪੁਰੀ ਉੱਤੇ ਵੀ ਮਾਇਆ ਦਾ ਡੰਕਾ ਵੱਜਦਾ ਹੈ। ਮਾਇਆ ਨੇ ਤਾਂ ਵਿਸ਼ਨੂੰ ਤੱਕ ਨੂੰ ਭਰਮਾਇਆ ਹੈ। ਕਿਹਾ ਜਾਂਦਾ ਹੈ ਕਿ ਭਗਵਾਨ ਰਾਮ, ਜੋ ਵਿਸ਼ਨੂੰ ਦੇ ਅਵਤਾਰ ਸਨ, ਮਾਇਆ ਦੇ ਹਿਰਨ ਪਿੱਛੇ ਦੌੜੇ ਜਿਸ ਕਾਰਨ ਰਾਵਣ ਉਨ੍ਹਾਂ ਦੀ ਪਤਨੀ ਸੀਤਾ ਨੂੰ ਚੁਰਾ ਕੇ ਲੈ ਗਿਆ ਅਤੇ ਰਾਵਣ ਨਾਲ ਉਨ੍ਹਾਂ ਦਾ ਭਿਅੰਕਰ ਯੁੱਧ ਹੋਇਆ। ਮਤਲਬ ਇਹ ਕਿ ਦੇਵੀ-ਦੇਵਤਾ ਅਤੇ ਅਵਤਾਰ ਵੀ ਮਾਇਆ ਦੇ ਪ੍ਰਭਾਵ ਤੋਂ ਨਾ ਬਚ ਸਕੇ। ਸਭ ਲੋਕ ਮਾਇਆ ਵਿਚ ਉਲਝ ਕੇ ਦੁੱਖ ਉਠਾ ਰਹੇ ਹਨ। ਹੇ ਪ੍ਰਭੂ! ਤੁਸੀਂ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਮੇਰਾ ਦੁੱਖ ਦੂਰ ਕਰੋ ਅਤੇ ਮੈਨੂੰ ਮਾਇਆ ਦੇ ਪੰਜੇ ਤੋਂ ਆਜ਼ਾਦ ਕਰ ਦੇਵੋ। ਰਵਿਦਾਸ ਜੀ ਕਹਿੰਦੇ ਹਨ ਕਿ ਮੇਰਾ ਮਨ ਇਹ ਸੋਚ ਕੇ ਉਦਾਸ ਹੋ ਰਿਹਾ ਹੈ ਕਿ ਤ੍ਰਿਲੋਕੀ ਵਿਚ ਕੋਈ ਅਜਿਹੀ ਥਾਂ ਨਹੀਂ ਹੈ, ਜਿੱਥੇ ਮਾਇਆ ਦਾ ਅਸਰ ਨਾ ਹੋਵੇ। ਮੈਂ ਜਾਵਾਂ ਤੇ ਕਿੱਥੇ ਜਾਵਾਂ? ਮੇਰੇ ਬਚਾਅ ਦਾ ਇੱਕੋ ਤਰੀਕਾ ਇਹ ਹੈ ਕਿ ਮੈਂ ਤੇਰੇ ਵਿਚ ਸਮਾ ਜਾਵਾਂ। ਤੂੰ ਸਰਬ-ਵਿਆਪਕ ਹੈਂ ਅਤੇ ਕੇਵਲ ਤੂੰ ਹੀ ਮੈਨੂੰ ਮਾਇਆ ਤੋਂ ਮੁਕਤ ਕਰਕੇ ਆਪਣੇ ਨਾਲ ਮਿਲਾ ਸਕਦਾ ਹੈਂ।

ਰੇ ਮਨ ਰਾਮ ਨਾਮ ਸੰਭਾਰਿ।
ਮਾਇਆ ਕੈ ਭ੍ਰਮਿ ਕਹਾਂ ਭੂਲਿਓ, ਜਾਹਿਗੋ ਕਰ ਝਾਰਿ॥
ਦੇਖਿ ਧੌਂ ਇਹਾਂ ਕੌਨ ਤੇਰੌ, ਸਗੌ ਸੁਤ ਨਹੀਂ ਸਾਰਿ।[ੳ]
ਤੋਰਿ ਸੰਗ ਸਬ ਦੂਰਿ ਕਰਿ ਹੈਂ, ਦੈਹਿੰਗੇ ਤਨੁ ਜਾਰਿ॥
ਪ੍ਰਾਂਨ ਗਏਂ ਕਹੁ ਕੌਨ ਤੇਰੌ, ਦੇਖਿ ਸੋਚਿ ਵਿਚਾਰਿ।

ੳ. ਧੌਂ=ਜ਼ੋਰ ਦੇਣ ਦੇ ਲਈ 'ਤੇ' ਜਾਂ 'ਭਲਾ' ਦੇ ਅਰਥ ਵਿਚ ਆਉਣ ਵਾਲਾ ਸ਼ਬਦ।

ਬਹੋਰਿ ਇਹਿ ਕਲਿਕਾਲ ਮਾਂਹੀ, ਜੀਤਿ ਭਾਵੈਂ ਹਾਰਿ।[ੳ]
ਯਹੁ ਮਾਇਆ ਸਬ ਥੋਥਰੀ ਰੇ, ਭਗਤਿ ਕੌ ਪ੍ਰਤਿਪਾਰਿ।[ਅ]
ਕਹੈ 'ਰਵਿਦਾਸ' ਸਤਿ ਵਚਨ ਗੁਰੂ ਕੈ, ਸੋ ਨ ਜੀਅ ਤੈਂ ਟਾਰਿ।।[24]

ਹੇ ਮੇਰੇ ਮਨ! ਤੂੰ ਰਾਮ ਨਾਮ ਨਾਲ ਜੁੜ ਜਾ। ਤੂੰ ਮਾਇਆ ਦੇ ਭਰਮ ਵਿਚ ਫਸ ਕੇ ਕਿਉਂ ਖਪਦਾ ਹੈਂ? ਤੈਨੂੰ ਇੱਕ ਦਿਨ ਇਸ ਸੰਸਾਰ ਵਿੱਚੋਂ ਖਾਲੀ ਹੱਥ ਜਾਣਾ ਪੈਣਾ ਹੈ। ਤੂੰ ਸੋਚ ਕੇ ਦੇਖ ਕਿ ਪੁੱਤਰ-ਧੀਆਂ ਅਤੇ ਸਾਕ-ਸੰਬੰਧੀਆਂ ਆਦਿ ਵਿੱਚੋਂ ਕੌਣ ਤੇਰਾ ਹੈ? ਅੰਤ ਸਮੇਂ ਸਭ ਨੇ ਤੇਰਾ ਸਾਥ ਛੱਡ ਜਾਣਾ ਹੈ? ਤੂੰ ਸੋਚ ਕੇ ਦੇਖ ਲੈ ਕਿ ਮੌਤ ਤੋਂ ਬਾਦ ਕੌਣ ਤੇਰੇ ਨਾਲ ਜਾ ਸਕਦਾ ਹੈ? ਇਹ ਤੇਰੀ ਆਪਣੀ ਮਰਜ਼ੀ ਹੈ ਕਿ ਤੂੰ ਮਨੁੱਖ-ਜਨਮ ਦੇ ਸੁਨਹਿਰੀ ਮੌਕੇ ਨੂੰ ਜ਼ਿੰਦਗੀ ਦੀ ਬਾਜ਼ੀ ਜਿੱਤਣ ਲਈ ਵਰਤਦਾ ਹੈਂ ਕਿ ਹਾਰਨ ਲਈ। ਮਾਇਆ ਦੀ ਦੁਨੀਆ ਬਾਹਰੋਂ ਦੇਖਣ ਨੂੰ ਠੋਸ ਅਤੇ ਅਸਲੀ ਲੱਗਦੀ ਹੈ ਪਰ ਅੰਦਰੋਂ ਪੋਲੀ ਅਤੇ ਕੱਚੀ ਹੈ। ਮਾਇਆ ਤੋਂ ਬਚ ਸਕਦਾ ਹੈ ਤਾਂ ਕੇਵਲ ਪਰਮਾਤਮਾ ਦਾ ਸੱਚਾ ਭਗਤ। ਰਵਿਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਦੇ ਬਚਨ ਸੱਚੇ ਅਤੇ ਪੱਕੇ ਹਨ। ਤੂੰ ਇਨ੍ਹਾਂ ਬਚਨਾਂ ਨੂੰ ਘੁੱਟ ਕੇ ਪੱਲੇ ਬੰਨ੍ਹ ਲੈ ਅਤੇ ਸਤਿਗੁਰੂ ਦੀ ਸਿੱਖਿਆ ਮੁਤਾਬਿਕ ਪਰਮਾਤਮਾ ਨਾਲ ਪ੍ਰੇਮ ਕਰਕੇ ਮਨੁੱਖ-ਜਨਮ ਨੂੰ ਸਫਲਾ ਕਰ ਲੈ।

ਮਨੁੱਖ-ਜਨਮ ਧੰਨ ਹੈ

ਉਸ ਪ੍ਰਾਣੀ ਦਾ ਜੀਵਨ ਧੰਨ ਹੈ, ਜਿਹੜਾ ਮਨੁੱਖ-ਜਨਮ ਪਾ ਕੇ, ਪਰਮਾਤਮਾ ਦੇ ਪ੍ਰੇਮ ਦਾ ਅੰਮ੍ਰਿਤ ਪੀਂਦਾ ਹੈ। ਉਹ ਪਰਮੇਸ਼ਰ ਅਨੰਦ-ਸਰੂਪ ਹੈ, ਇਸ ਲਈ ਉਹਦਾ ਭਗਤ ਵੀ ਅਨੰਦ-ਰੂਪ ਹੋ ਜਾਂਦਾ ਹੈ। ਉਹਦੇ ਸੱਚੇ ਭਗਤ ਨੂੰ ਲੋਕ ਅਤੇ ਪਰਲੋਕ ਦੋਹਾਂ ਵਿਚ ਸੱਚੀ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦੀ ਦਇਆ, ਖਿਮਾ ਅਤੇ ਰਖਿਆ-ਰਿਆਇਤ ਦਾ ਕੋਈ ਪਾਰਾ-ਵਾਰ ਨਹੀਂ। ਉਸ ਦੀ ਅਪਰ-ਅਪਾਰ ਦਇਆ-ਮਿਹਰ ਦਾ ਕਿਸੇ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਉਹ ਭਗਵਾਨ ਆਪਣੇ ਭਗਤ ਦੀ ਸੰਭਾਲ ਕਰਦਾ ਹੈ, ਕੋਈ ਦੂਸਰਾ ਨਹੀਂ ਕਰ

ੳ. **ਬਹੋਰਿ**=ਬਹੁਰਿ, ਫਿਰ। ਅ. **ਥੋਥਰੀ**=ਨਿਸਸਾਰ, ਖੋਖਲੀ; **ਪ੍ਰਤਿਪਾਰਿ**=ਰਖਵਾਲੀ ਕਰਨਾ, ਪਾਲਣ-ਪੋਸ਼ਣ ਜਾਂ ਸੰਭਾਲ ਕਰਨਾ।

ਸਕਦਾ। ਉਹ ਤੁੱਛ ਤੋਂ ਤੁੱਛ, ਹੀਣ ਤੋਂ ਹੀਣ ਉੱਤੇ ਵੀ ਆਪਣੀ ਦਇਆ-ਦ੍ਰਿਸ਼ਟੀ ਕਰਦਾ ਹੈ। ਉਹਦੀ ਕਿਰਪਾ ਨਾਲ ਨੀਚ ਉੱਚੇ ਹੋ ਜਾਂਦੇ ਹਨ ਅਤੇ ਬੜੇ-ਬੜੇ ਪਾਪੀ ਧਰਮਾਤਮਾ ਬਣ ਜਾਂਦੇ ਹਨ। ਉਸ ਸਰਬ-ਸ਼ਕਤੀਮਾਨ ਪ੍ਰਭੂ ਦੀ ਸ਼ਰਨ ਵਿਚ ਆ ਕੇ ਉਸ ਦਾ ਭਗਤ ਨਿਰਭਉ ਹੋ ਜਾਂਦਾ ਹੈ ਅਤੇ ਉਹਦੇ ਸਰੀਰਿਕ, ਮਾਨਸਿਕ ਅਤੇ ਆਤਮਿਕ ਤਿੰਨੇ ਤਰ੍ਹਾਂ ਦੇ ਦੁੱਖ[ੳ] ਦੂਰ ਹੋ ਜਾਂਦੇ ਹਨ।

ਕੋਟਿ ਕਲਪ ਜੀਵਨ ਅਲਪ, ਵਿਚ ਹਰਿ ਭਗਤੀ ਵਿਲਾਸ।[ਅ]
ਹਰਿ ਸਿਮਰਣ ਸਫਲ ਜਨਮ, ਦੂਹ ਫਲ ਲਹਿ ਰਵਿਦਾਸ।[ੲ][25]

ਪਰਮਾਤਮਾ ਦੀ ਭਗਤੀ ਦੇ ਅਨੰਦ ਵਿਚ ਡੁੱਬੇ ਵਿਅਕਤੀ ਨੂੰ ਕਰੋੜਾਂ ਕਲਪਾਂ ਦੇ ਬੀਤਣ ਦਾ ਪਤਾ ਨਹੀਂ ਲੱਗਦਾ। ਉਸ ਪਰਮੇਸ਼ਰ ਦੇ ਨਾਮ ਦਾ ਸਿਮਰਨ ਕਰਨ ਨਾਲ ਜੀਵਨ ਸਫਲ ਹੋ ਜਾਂਦਾ ਹੈ। ਪਰਮਾਤਮਾ ਦੇ ਸੱਚੇ ਭਗਤ ਨੂੰ ਲੋਕ ਅਤੇ ਪਰਲੋਕ ਦੋਹਾਂ ਵਿਚ ਸੱਚੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਆਨੰਦ ਮੂਰਤ ਮਿੰਤ ਕੀ, ਰਹੀ ਸਦਾ ਚਿਤ ਪੂਰੀ।
ਨੈਨਨ ਹੀ ਸਮੁਹੇ ਰਹਿਤ, ਰਵਿਦਾਸ ਨਿਯਰੇ ਕਾ ਦੂਰੀ।[ਸ][26]

ਰਵਿਦਾਸ ਜੀ ਕਹਿੰਦੇ ਹਨ ਕਿ ਮੇਰਾ ਹਿਰਦਾ ਸਦਾ ਆਪਣੇ ਪ੍ਰੀਤਮ ਦੇ ਪ੍ਰੇਮ ਦੇ ਸੱਚੇ ਸੁਖ ਨਾਲ ਭਰਪੂਰ ਰਹਿੰਦਾ ਹੈ। ਮੇਰੀਆਂ ਅੱਖਾਂ ਵਿਚ ਸਦਾ ਉਹਦਾ ਸੁੰਦਰ ਸਰੂਪ ਸਮਾਇਆ ਰਹਿੰਦਾ ਹੈ। ਇਸ ਵਿਚ ਦੂਰ ਜਾਂ ਨੇੜੇ ਦਾ ਪ੍ਰਸ਼ਨ ਹੀ ਨਹੀਂ ਉਠਦਾ।

ੳ. **ਤਿੰਨ ਦੁੱਖ**=ਤਿੰਨ ਪ੍ਰਕਾਰ ਦੇ ਦੁੱਖ ਇਸ ਪ੍ਰਕਾਰ ਹਨ; **ਅਧਿਆਤਮਿਕ**: ਦੇਹ ਅਤੇ ਮਨ ਦੇ ਰੋਗ ਜਿਵੇਂ, ਬੁਖ਼ਾਰ, ਕ੍ਰੋਧ। **ਆਧਿਭੌਤਿਕ**: ਬਾਹਰਲੇ ਕਾਰਨ ਜਿਵੇਂ ਮਨੁੱਖ, ਪਸ਼ੂ-ਪੰਛੀ, ਸਰਦੀ, ਗਰਮੀ, ਭੂਚਾਲ ਆਦਿ ਤੋਂ ਪੈਦਾ ਹੋਣ ਵਾਲੇ ਦੁੱਖ। **ਆਧਿਦੈਵਿਕ**: ਦੈਵੀ ਸ਼ਕਤੀਆਂ ਜਿਵੇਂ ਗ੍ਰਹਿ ਚਾਲ, ਭੂਤ-ਪ੍ਰੇਤ ਤੋਂ ਹੋਣ ਵਾਲੇ ਦੁੱਖ। ਅ. **ਕਲਪ**=ਪੁਰਾਣਾਂ ਵਿਚ ਦਿੱਤੀ ਗਿਣਤੀ ਅਨੁਸਾਰ, ਚੌਦਾਂ ਮੰਨਵੰਤਰ, ਭਾਵ 4,32,0000,000 ਸਾਲਾਂ ਦਾ ਇਕ ਕਲਪ ਮੰਨਿਆ ਜਾਂਦਾ ਹੈ; **ਅਲਪ**=ਥੋੜਾ। ੲ. **ਦੂਹ**=ਦੋਵੇਂ; **ਲਹਿ**=ਪਾਉਣਾ। ਸ. **ਸਮੁਹੇ**=ਸਮਾਏ ਰਹਿਣਾ।

ਰੇ ਪਾਇਓ ਰੇ ਰਾਮ ਅਮੀ ਰਸ॥ ਟੇਕ॥
ਰਸ ਜਿਨਿ ਮਗਨ ਹਵੈ ਰਹਿਆ, ਰਰੰਕਾਰ ਰਾਖੇ ਨਿਤ ਰਸਨਾ।[ੳ]
ਇਹੁ ਰਸ ਪੀਬ ਰਾਮ ਰਸ ਬੂਝੈ, ਅੱਪੁ ਮਗਨ ਰਹਿ ਹਵੈ ਦਿਨ ਰੈਨਾ॥
ਲੋਕ ਰਸ ਲਾਗਿ ਵਿਸ਼ੈ ਬਿਸ਼ ਦੇਹੀ, ਭਣੈਂ ਰਾਮ ਭੌਜਲੁ ਨਹੀ ਬਹਨਾ।
ਅਭਿ ਅੰਤਰ ਭਜੋ ਨਿਤ ਅਵਿਗਤ, ਇਹੀ ਉਪਾਇ ਅਤਿਰੰ ਭੌ ਤਰਨਾ॥[ਅ]
ਚਿੰਤਾਮਣਿ ਲਾਲ ਹਾਥੈ ਜੈ ਚੜਿਓ, ਹੁਵੌ ਉਜਾਸ ਤਿਮਿਰ ਨਹੀ ਰਹਨਾ।[ੲ]
ਭਜੈ ਰਵਿਦਾਸ ਰਾਮ ਨਿਤ ਰਸਨਾ, ਦੁਲਭ ਜਨਮ ਬਿਰਥ ਨਹੀਂ ਗਵਨਾ॥[27]

ਮੈਨੂੰ ਰਾਮ-ਨਾਮ ਦੇ ਅੰਮ੍ਰਿਤ ਦਾ ਉਹ ਰਸ ਮਿਲਿਆ ਹੈ ਜਿਸ ਨੂੰ ਪਾ ਕੇ ਮੇਰੀ ਜੀਭ ਰਾਤ-ਦਿਨ ਉਹਦੇ ਰਸ ਵਿਚ ਮਗਨ ਰਹਿੰਦੀ ਹੈ। ਇੰਦਰੀਆਂ ਦੇ ਭੋਗ ਅਤੇ ਵਿਸ਼ੇ-ਵਿਕਾਰ ਜ਼ਹਿਰ ਸਮਾਨ ਹਨ ਪਰ ਰਾਮ-ਨਾਮ ਦਾ ਸਿਮਰਨ ਭਵ-ਸਾਗਰ ਤੋਂ ਪਾਰ-ਉਤਾਰੇ ਦਾ ਅਸਲ ਸਾਧਨ ਹੈ। ਰਾਮ-ਨਾਮ ਸਭ ਇੱਛਾਵਾਂ ਪੂਰੀਆਂ ਕਰਨ ਵਾਲੀ ਚਿੰਤਾਮਣੀ ਹੈ।

ਇਸ ਦੀ ਪ੍ਰਾਪਤੀ ਨਾਲ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਅਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਇਸ ਤਰ੍ਹਾਂ ਰਾਮ-ਨਾਮ ਦੇ ਸਿਮਰਨ ਨਾਲ ਮਨੁੱਖ-ਜਨਮ ਸਫਲ ਹੋ ਜਾਂਦਾ ਹੈ।

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥
ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ॥
ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥[28]

ੳ. **ਜਿਨਿ**=ਜਿਸ ਵਿਚ; **ਰਸਨਾ**=ਜੀਭ। ਅ. **ਅਵਿਗਤ**=ਜੋ ਵਿਨਾਸ਼ਕਾਰੀ ਨਾ ਹੋਵੇ ਭਾਵ ਅਵਿਨਾਸ਼ੀ; **ਅਤਿਰੰ**=ਜੋ ਤਰਿਆ ਨਾ ਜਾਵੇ, ਭਾਵ ਜਿਸਨੂੰ ਤੈਰ ਕੇ ਪਾਰ ਨਹੀਂ ਕੀਤਾ ਜਾ ਸਕਦਾ, ਅਪਾਰ। ੲ. **ਹੁਵੌ**=ਹੋਇਆ; **ਉਜਾਸ**=ਪ੍ਰਕਾਸ਼; **ਤਿਮਿਰ**=ਅੰਧਕਾਰ।

ਭਾਵ ਲੋਕ ਬਾਹਰਲੀ ਦ੍ਰਿਸ਼ਟੀ ਨਾਲ ਮੇਰੀ ਗ਼ਰੀਬੀ ਦੇਖ ਕੇ ਮੇਰੇ ਉੱਤੇ ਹੱਸਦੇ ਹਨ। ਅੰਦਰੋਂ ਦੇਖਿਆ ਜਾਵੇ ਤਾਂ ਉਸ ਪ੍ਰਭੂ ਦੀ ਕਿਰਪਾ ਨਾਲ ਮੈਂ ਅਠਾਰਾਂ ਸਿੱਧੀਆਂ* ਦਾ ਮਾਲਕ ਹਾਂ। ਹੇ ਪ੍ਰਭੂ! ਮੈਂ ਕੁਝ ਨਹੀਂ ਹਾਂ। ਸਿਰਫ ਤੁਸੀਂ ਆਪਣੀ ਦਇਆ-ਮਿਹਰ ਦੁਆਰਾ ਦੁਨੀਆ ਦੇ ਬੰਧਨ ਕੱਟ ਸਕਦੇ ਹੋ। ਸਭ ਜੀਵ ਤੁਹਾਡੀ ਸ਼ਰਨ ਲੈਂਦੇ ਹਨ ਅਤੇ ਤੁਸੀਂ ਹੀ ਸਭ ਦੇ ਕਾਜ ਸੁਆਰ ਸਕਦੇ ਹੋ। ਤੁਹਾਡੀ ਸ਼ਰਨ ਵਿਚ ਆਉਣ ਵਾਲਾ ਜੀਵ ਕਰਮਾਂ ਦੇ ਬੋਝ ਤੋਂ ਮੁਕਤ ਹੋ ਜਾਂਦਾ ਹੈ। ਇਸ ਬੇ-ਪਤੇ ਸੰਸਾਰ ਵਿਚ ਉੱਚੇ-ਨੀਵੇਂ ਹਰ ਤਰ੍ਹਾਂ ਦੇ ਲੋਕ ਸਿਰਫ਼ ਤੁਹਾਡੀ ਕਿਰਪਾ ਦੁਆਰਾ ਮੁਕਤੀ ਪ੍ਰਾਪਤ ਕਰ ਸਕਦੇ ਹਨ। ਰਵਿਦਾਸ ਜੀ ਕਹਿੰਦੇ ਹਨ ਕਿ ਤੇਰੀ ਕਥਾ ਕਹਿਣ ਸੁਣਨ ਤੋਂ ਪਰੇ ਅਤੇ ਉੱਪਰ ਹੈ। ਹੇ ਪ੍ਰਭੂ! ਕੋਈ ਦੂਸਰਾ ਤੇਰੇ ਜਿਹਾ ਨਹੀਂ ਹੈ, ਆਪਣੇ ਜਿਹਾ ਸਿਰਫ਼ ਤੂੰ ਆਪ ਹੀ ਹੈਂ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥[ੳ]
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥[ਅ 29]

ਪਿੱਛੇ ਦੇਖ ਆਏ ਹਾਂ ਕਿ ਕਾਸ਼ੀ ਦੇ ਪੰਡਿਤਾਂ ਨਾਲ ਹੋਏ ਮੁਕਾਬਲੇ ਵਿਚ ਪੰਡਿਤਾਂ ਦੇ ਯਤਨਾਂ ਨਾਲ ਮੂਰਤੀ ਤਿਲ ਭਰ ਨਾ ਹਿੱਲੀ ਪਰ ਗੁਰੂ ਰਵਿਦਾਸ ਜੀ ਦੁਆਰਾ ਕੀਤੀ ਗਈ ਪਰਮਾਤਮਾ ਅੱਗੇ ਅਰਦਾਸ ਨਾਲ ਮੂਰਤੀ ਉਨ੍ਹਾਂ ਦੀ ਗੋਦ ਵਿਚ ਆ ਗਈ। ਕਿਹਾ ਜਾਂਦਾ ਹੈ ਕਿ ਇਹ ਪਦ ਆਪ ਨੇ ਉਸ ਅਵਸਰ ਦੀ ਯਾਦ ਵਿਚ ਪਰਮਾਤਮਾ ਦੀ ਸਲਾਹੁਤਾ ਵਿਚ ਰਚਿਆ ਹੈ। ਆਪ ਕਹਿੰਦੇ ਹਨ :

---

* ਜ਼ਿਆਦਾ ਸੂਖਮ ਬਣ ਜਾਣ (ਅਣਿਮਾ), ਜ਼ਿਆਦਾ ਹਲਕਾ ਬਨ ਜਾਣ (ਲਘਿਮਾ), ਜ਼ਿਆਦਾ ਭਾਰੀ ਬਣ ਜਾਣ (ਗਰਿਮਾ) ਜ਼ਿਆਦਾ ਵਿਸਤਾਰ ਕਰ ਲੈਣ (ਮਹਿਮਾ) ਆਦਿ ਦੀਆਂ ਅਠਾਰਾਂ ਚਮਤਕਾਰੀ ਸ਼ਕਤੀਆਂ। ਅਠਾਰਾਂ ਸਿੱਧੀਆਂ ਦੀ ਪੂਰੀ ਸੂਚੀ ਦੇ ਲਈ ਪੰ. 155 ਦੀ ਪੱਦ ਟਿਪਣੀ ਦੇਖੋ।

ੳ. **ਗਰੀਬ ਨਿਵਾਜੁ**=ਗਰੀਬਾਂ ਉੱਤੇ ਦਇਆ ਕਰਨ ਵਾਲਾ; **ਛਤ੍ਰੁ**=ਛਾਤਾ। ਅ. **ਸਰੈ**=ਪੂਰਾ ਹੋਣਾ।

ਹੇ ਪ੍ਰਭੂ! ਤੇਰੇ ਬਿਨਾਂ ਕੌਣ ਅਜਿਹਾ ਕਰ ਸਕਦਾ ਹੈ?* ਮੇਰਾ ਪ੍ਰਭੂ ਗ਼ਰੀਬਾਂ ਉਤੇ ਕਿਰਪਾ ਕਰਨ ਵਾਲਾ ਹੈ। ਉਸੇ ਨੇ ਮੇਰੇ ਸਿਰ ਉਤੇ ਜਿੱਤ ਦਾ ਛੱਤਰ ਰਖਿਆ ਹੈ। ਜਿਸ ਨੂੰ ਦੁਨੀਆ ਅਛੂਤ ਸਮਝਦੀ ਹੈ, ਸਿਰਫ਼ ਤੂੰ ਹੀ ਉਹਦੇ ਉਤੇ ਕਿਰਪਾ ਕਰ ਸਕਦਾ ਹੈਂ। ਮੇਰਾ ਪ੍ਰਭੂ ਨਿਰਭਉ ਹੈ। ਉਹ ਜਿਸ ਨੂੰ ਚਾਹੇ, ਨੀਚ ਤੋਂ ਊਚ ਕਰ ਸਕਦਾ ਹੈ। ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਨੁ ਸਭ ਉਹਦੀ ਕਿਰਪਾ ਨਾਲ ਹੀ ਭਵ-ਸਾਗਰ ਤੋਂ ਪਾਰ ਹੋਏ। ਰਵਿਦਾਸ ਜੀ ਕਹਿੰਦੇ ਹਨ ਕਿ ਸਾਰੇ ਕੰਮ ਪੂਰੇ ਕਰਨ ਵਾਲਾ ਮੇਰਾ ਪ੍ਰਭੂ ਹੀ ਹੈ:

> ਜੋ ਜਨ ਊਧੌ! ਮੋਹਿ ਨ ਵਿਸਾਰੇ, ਹੌਂ ਨ ਵਿਸਾਰੌਂ ਆਧ ਘਰੀ।।[ੳ]
> ਜੈਸੇ ਆਂਡੇ ਪੜਿਓ ਭਾਰਥ ਮਹਿੰ, ਲੇ ਗਜ ਘੰਟ ਉਤਾਰ ਧਰੀ।[ਅ]

---

* ਇਸ ਪਦ ਦੇ ਸੰਬੰਧ ਵਿਚ ਇਹ ਕਥਾ ਪ੍ਰਚਲਿਤ ਹੈ: ਕਿਹਾ ਜਾਂਦਾ ਹੈ ਕਿ ਕਾਸ਼ੀ ਦੇ ਬ੍ਰਾਹਮਣਾਂ ਨੇ ਰਵਿਦਾਸ ਜਿਹੇ ਅਛੂਤ ਦੀ ਭਗਵਤ ਅਰਾਧਨਾ ਨੂੰ ਧਰਮ ਦੇ ਵਿਰੁੱਧ ਸਮਝ ਕੇ ਰਾਜੇ ਦੇ ਕੋਲ ਸ਼ਿਕਾਇਤ ਕੀਤੀ। ਰਾਜੇ ਨੇ ਇਸ ਦਾ ਨਿਰਣਾ ਭਗਵਾਨ ਉੱਤੇ ਹੀ ਛੱਡ ਦਿੱਤਾ। ਰਾਜ-ਦਰਬਾਰ ਵਿੱਚ ਇੱਕ ਭਗਵਾਨ ਦੀ ਮੂਰਤੀ ਰੱਖੀ ਗਈ। ਰਾਜੇ ਨੇ ਕਿਹਾ ਕਿ ਜੋ ਆਪਣੀ ਪ੍ਰਾਰਥਨਾ ਨਾਲ ਮੂਰਤੀ ਨੂੰ ਆਪਣੇ ਕੋਲ ਬੁਲਾ ਲਵੇਗਾ, ਉਸੇ ਦੀ ਭਗਤੀ ਸੱਚੀ ਸਮਝੀ ਜਾਵੇਗੀ। ਪੰਡਤਾਂ ਨੇ ਰਵਿਦਾਸ ਜੀ ਨੂੰ ਸਮਾਜ ਵਿਚ ਨੀਵਾਂ ਦਿਖਾਉਣ ਦੇ ਲਈ ਇਹ ਸ਼ਰਤ ਵੀ ਜੋੜ ਦਿੱਤੀ ਕਿ ਇਸ ਪ੍ਰੀਖਿਆ ਵਿਚ ਜਿਸ ਵਰਗ ਦੀ ਹਾਰ ਹੋਵੇਗੀ, ਉਹ ਜਿੱਤੇ ਵਿਅਕਤੀ ਨੂੰ ਪਾਲਕੀ ਵਿਚ ਬਿਠਾ ਕੇ ਆਪਣੇ ਮੋਢਿਆਂ ਤੇ ਰੱਖ ਕੇ ਕਾਸ਼ੀ ਸ਼ਹਿਰ ਵਿਚ ਘੁਮਾਏਗਾ। ਕਿਹਾ ਜਾਂਦਾ ਹੈ ਕਿ ਬ੍ਰਾਹਮਣਾਂ ਨੇ ਵੈਦਿਕ ਵਿਧੀ ਨਾਲ ਜ਼ੋਰਦਾਰ ਪ੍ਰਾਰਥਨਾ ਕੀਤੀ ਪਰ ਮੂਰਤੀ ਹਿਲੀ ਤੱਕ ਨਹੀਂ। ਫਿਰ ਰਵਿਦਾਸ ਜੀ ਨੇ ਭਗਤੀ ਵਿਚ ਮਗਨ ਹੋ ਕੇ ਇਹ ਪ੍ਰਾਰਥਨਾ ਕੀਤੀ ਕਿ :

> ਆਇਓ ਆਇਓ ਹੌਂ ਦੇਵਾਧਿਦੇਵ! ਤੁਮ ਸਰਨ ਆਇਓ।...
> ਰਵਿਦਾਸ ਦਾਸ ਕੀ ਸੇਵਾ ਮਾਨਹੁ ਦੇਵ! ਪਤਿਤ ਪਾਵਨ ਨਾਮ ਪ੍ਰਕਟ ਕਰੀਜੈ।।[30]

ਇਸ ਤੇ ਭਗਵਾਨ ਦੀ ਮੂਰਤੀ ਰਵਿਦਾਸ ਜੀ ਦੀ ਗੋਦੀ ਵਿਚ ਆ ਗਈ। ਕਹਿੰਦੇ ਹਨ ਕਿ ਉਸ ਅਵਸਰ ਤੇ ਰਵਿਦਾਸ ਜੀ ਨੇ ਇਹ ਪਦ ਕਹੇ—'ਐਸੀ ਲਾਲ ਤੁਝ ਬਿਨੁ ਕਉਨੁ ਕਰੈ...।'[31]

ੳ. **ਊਧੌਂ**=ਵਾਸਦੇਵ ਦੇ ਭਰਾ ਦੇਵਨਾਗ ਦਾ ਪੁੱਤਰ ਅਤੇ ਕ੍ਰਿਸ਼ਨ ਦੇ ਚਾਚੇ ਦਾ ਪੁੱਤਰ। ਕ੍ਰਿਸ਼ਨ ਨੇ ਉਸ ਨੂੰ ਗੋਪੀਆਂ ਨੂੰ ਨਿਰਗੁਣ ਬ੍ਰਹਮ ਦਾ ਗਿਆਨ ਸਿਖਾਉਣ ਲਈ ਭੇਜਿਆ ਸੀ ਪਰ ਉਹ ਗੋਪੀਆਂ ਦੀ ਪ੍ਰੇਮਾ-ਭਗਤੀ ਨੂੰ ਵੇਖ ਕੇ ਹੈਰਾਨ ਰਹਿ ਗਿਆ ਅਤੇ ਉਸ ਨੂੰ ਪ੍ਰੇਮਾ-ਭਗਤੀ ਦੀ ਮਹਿਮਾ ਸਵੀਕਾਰ ਕਰਨੀ ਪਈ। ਅ. **ਆਂਡੇ**=ਆਂਡਾ; **ਭਾਰਥ**=ਕਿਹਾ ਜਾਂਦਾ ਹੈ ਕਿ ਮਹਾਂਭਾਰਤ ਦੇ ਯੁੱਧ-ਖੇਤਰ ਵਿਚ ਇਕ ਟਟੀਹਰੀ ਨੇ ਯੁੱਧ ਸ਼ੁਰੂ ਹੋਣ ਤੋਂ ਥੋੜ੍ਹਾ ਚਿਰ ਪਹਿਲਾਂ ਇਕ ਅੰਡਾ ਦਿੱਤਾ। ਆਪਣੇ ਆਂਡੇ ਨੂੰ ਬਚਾਉਣ ਲਈ ਉਸ ਨੇ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ। ਕਿਸੇ ਯੋਧੇ ਦੇ ਤੀਰ ਨਾਲ ਹਾਥੀ ਦਾ ਇਕ ਘੰਟਾ ਟੁਟ ਕੇ ਆਂਡੇ ਦੇ ਉੱਤੇ ਡਿਗ ਪਿਆ। ਆਂਡਾ ਉਸ ਨਾਲ ਢੱਕਿਆ ਗਿਆ ਅਤੇ 18 ਦਿਨ ਲਗਾਤਾਰ ਯੁੱਧ ਹੁੰਦੇ ਰਹਿਣ ਦੇ ਬਾਵਜੂਦ ਵੀ ਆਂਡਾ ਸਹੀ-ਸਲਾਮਤ ਰਿਹਾ।

ਤੈਸੇ ਰਾਖੋਂ ਆਪਨ ਸੇਵਕ ਕੂੰ, ਵਿਸ਼ਿਅਨ ਬਿਆਧਿ ਅਭੈ ਕਰੀ।
ਜੋ ਮੁੰਹਿ ਭਜੈ ਭਜੂੰ ਮੈਂ ਤਾਕੂੰ, ਹਰਿ ਸਿਮਰਨ ਤੈਂ ਪਾਰ ਪਰੀ।
ਕਹੈ ਰਵਿਦਾਸ ਸਾਧ ਸੰਗਤਿ ਮਿਲਿ, ਰਾਮ ਭਜੈ ਤੌ ਵਿਪਤਿ ਟਰੀ।[32]

ਭਗਵਾਨ ਕਹਿੰਦੇ ਹਨ, ਹੇ ਊਧੋ! ਜਿਹੜਾ ਭਗਤ ਮੈਨੂੰ ਨਹੀਂ ਭੁਲਾਉਂਦਾ ਮੈਂ ਵੀ ਪਲ-ਛਿਨ ਲਈ ਉਹਨੂੰ ਨਹੀਂ ਭੁਲਾਉਂਦਾ। ਮੈਂ ਮਹਾਂਭਾਰਤ ਦੇ ਯੁੱਧ ਦੇ ਮੈਦਾਨ ਵਿਚ ਪਏ ਆਂਡੇ ਉਤੇ ਹਾਥੀ ਦਾ ਘੰਟਾ ਰੱਖ ਕੇ ਉਹਦੀ ਰੱਖਿਆ ਕੀਤੀ। ਉਸੇ ਤਰ੍ਹਾਂ ਮੈਂ ਆਪਣੇ ਭਗਤਾਂ ਦੀ ਰੱਖਿਆ ਕਰਦਾ ਹਾਂ ਅਤੇ ਉਨ੍ਹਾਂ ਨੂੰ ਵਿਸ਼ਿਆਂ ਵਿਕਾਰਾਂ ਤੋਂ ਬਚਾਉਂਦਾ ਹਾਂ। ਜਿਹੜਾ ਮੇਰੇ ਸਿਮਰਨ ਵਿਚ ਲੱਗ ਜਾਂਦਾ ਹੈ, ਮੈਂ ਉਹਦੇ ਸਿਮਰਨ ਵਿਚ ਲੱਗ ਜਾਂਦਾ ਹਾਂ, ਜਿਵੇਂ ਇਹ ਮੁਕਾਬਲਾ ਚੱਲ ਰਿਹਾ ਹੋਵੇ ਕਿ ਭਗਤ ਉਹਨੂੰ ਵੱਧ ਯਾਦ ਰੱਖਦਾ ਹੈ ਕਿ ਭਗਵੰਤ ਭਗਤ ਨੂੰ ਵੱਧ ਯਾਦ ਰੱਖਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜੋ ਕੋਈ ਪੂਰਨ ਸੰਤਾਂ ਦੇ ਦਿੱਤੇ ਨਾਮ ਦਾ ਸਿਮਰਨ ਕਰਦਾ ਹੈ ਉਹਦੇ ਦੁੱਖ ਦੂਰ ਹੋ ਜਾਂਦੇ ਹਨ।

ਜਾਕੈ ਰਾਮ ਜੀ ਧਨੀਂ, ਤਾਕੈ ਕਾਹਿੰ ਕੀ ਕਮੀਂ ਹੈ॥
ਮਨਸਾ ਕੋ ਨਾਥ ਮਨੋਰਥ ਪੂਰਵੈ, ਸੁਖ ਨਿਧਾਨ ਕੀ ਕਾਹਾ ਗਿਨੀਂ ਹੈ॥[ੳ]
ਕਵਨ ਕਾਜ ਕਿਰਪਨ ਕੀ ਮਾਇਆ, ਕਰਤ ਫਿਰਤ ਅਪਨੀਂ ਅਪਨੀਂ ਹੈ।
ਖਾਈ ਨ ਸਕੈ ਖਰਚ ਨਹਿ ਜਾਨੈਂ, ਜਿਉਂ ਭਵੰਗ ਸਿਰ ਰਹਤ ਮਨੀਂ ਹੈ॥[ਅ]
ਜਾਕੀ ਰਾਸਿ ਥਾਵਰ ਨਹਿ ਆਵੈ, ਰਾਹਾ ਕੇਤ ਕੀ ਮੁਚਤ ਅਨੀਂ ਹੈ।[ੲ]
ਰਖਵਾਰੇ ਕੌਂ ਚਕਰ ਸੁਦਰਸਨ, ਬਿਘਨ ਨ ਬਿਆਪੈਂ ਰੋਕ ਛਿਨੀਂ ਹੈ॥
ਸਿਵ ਸਨਕਾਦਿਕ ਪਾਰ ਨ ਪਾਵੈਂ, ਮੌਂ ਬਪਰੇ ਕੀ ਕੌਨ ਗਿਨੀਂ ਹੈ।[ਸ]
ਜਾਕੀ ਪ੍ਰੀਤਿ ਨਿਰੰਤਰ ਹਰਿ ਸੌਂ, ਕਹੈ 'ਰਵਿਦਾਸ' ਤਾਕੀ ਸਦਾ ਹੀ ਬਨੀਂ ਹੈ॥[33]

ਉਹ ਪਰਮੇਸ਼ਰ ਸਭ ਕਾਮਨਾਵਾਂ ਪੂਰੀਆਂ ਕਰਨ ਵਾਲਾ ਹੈ। ਜਿਸ ਦਾ ਉਹ ਰਖਵਾਲਾ ਬਣ ਜਾਂਦਾ ਹੈ, ਉਹਨੂੰ ਕਿਸੇ ਚੀਜ਼ ਦੀ ਕਮੀ ਨਹੀਂ ਹੋ ਸਕਦੀ ਅਤੇ ਉਹਦੇ ਸੁੱਖਾਂ ਦੇ ਖ਼ਜ਼ਾਨੇ ਦੀ ਕੌਣ ਗਿਣਤੀ ਕਰ ਸਕਦਾ ਹੈ? ਸੰਸਾਰਿਕ ਧਨ ਵਾਲੇ

ੳ. ਮਨਸਾ=ਇੱਛਾ, ਅਭਿਲਾਸ਼ਾ; ਨਿਧਾਨ=ਖ਼ਜ਼ਾਨਾ। ਅ. ਭਵੰਗ=ਸੱਪ। ੲ. ਰਾਸਿ=ਰਾਸ਼ੀ, ਢੇਰ; **ਥਾਵਰ**=ਸਥਿਰ; **ਰਾਹਾ**=ਰਸਤੇ ਵਿਚ; **ਕੇਤ ਕੀ**=ਕਿੰਨੇ ਹੀ; **ਮੁਚਤ**=ਖੋ ਲੈਣਾ, ਦੂਰ ਕਰਨਾ; **ਅਨੀਂ**=ਸਮੂਹ, ਇਕੱਠ, ਦਲ। ਸ. **ਬਪਰੇ**=ਵਿਚਾਰੇ।

ਕੰਜੂਸ ਦਾ ਧਨ ਕਿਸ ਲੇਖੇ ਹੈ। ਜਿਹੜਾ ਧਨੀ ਧਨ ਨੂੰ ਖਾ, ਖਰਚ ਨਹੀਂ ਸਕਦਾ, ਉਹ ਉਸ ਧਨ ਦਾ ਮਾਣ ਕਾਹਦਾ ਕਰਦਾ ਹੈ? ਜਿਸ ਤਰ੍ਹਾਂ ਸੱਪ ਨੂੰ ਆਪਣੀ ਮਣੀ ਦਾ ਕੋਈ ਲਾਭ ਨਹੀਂ ਹੁੰਦਾ, ਉਸੇ ਤਰ੍ਹਾਂ ਅਜਿਹੇ ਧਨੀਆਂ ਨੂੰ ਆਪਣੇ ਧਨ ਦਾ ਕੋਈ ਲਾਭ ਨਹੀਂ ਪਹੁੰਚਦਾ। ਇਹ ਸੰਸਾਰਿਕ ਧਨ ਹੈ ਵੀ ਨਾਸ਼ਵਾਨ। ਇਸ ਤੋਂ ਉਲਟ ਰਾਮ-ਨਾਮ ਦੇ ਧਨ ਦਾ ਰਖਿਅਕ ਉਹ ਪਰਮੇਸ਼ਰ ਆਪ ਹੈ। ਰਾਮ-ਨਾਮ ਦਾ ਧਨ ਇੱਕਠਾ ਕਰਨ ਵਾਲੇ ਧਨੀ ਦੇ ਰਾਹ ਵਿਚ ਕੋਈ ਵਿਘਨ ਨਹੀਂ ਪੈ ਸਕਦਾ ਕਿਉਂਕਿ ਉਹਦੇ ਵਿਘਨ ਉਹ ਪ੍ਰਭੂ ਖੁਦ ਦੂਰ ਕਰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਰਾਮ-ਨਾਮ ਦੀ ਮਹਿਮਾ ਤਾਂ ਬੜੇ-ਬੜੇ ਰਿਸ਼ੀ-ਮੁਨੀ ਅਤੇ ਸ਼ਿਵ ਜੀ ਆਦਿ ਦੇਵਤਾ ਵੀ ਨਹੀਂ ਕਰ ਸਕਦੇ ਤਾਂ ਫਿਰ ਮੇਰੇ ਜਿਹਾ ਨਿਮਾਣਾ, ਨਿਤਾਣਾ ਕਿਸ ਗਿਣਤੀ ਵਿਚ ਹੈ। ਜਿਹੜਾ ਪ੍ਰਾਣੀ ਸਦਾ ਪਰਮਾਤਮਾ ਦੇ ਪ੍ਰੇਮ ਜਾਂ ਨਾਮ ਵਿਚ ਲੀਨ ਹੈ, ਉਹ ਸਦਾ ਸੁਖੀ ਰਹਿੰਦਾ ਹੈ।

2. ਘਟ-ਘਟ ਵਾਸੀ ਪਰਮਾਤਮਾ

ਬਾਹਰਮੁਖੀ ਸਾਧਨ ਫ਼ਜ਼ੂਲ ਹਨ

ਮਨੁੱਖ ਦਾ ਸਰੀਰ ਪਰਮਾਤਮਾ ਦੇ ਰਹਿਣ ਦਾ ਸੱਚਾ ਹਰਿਮੰਦਰ ਹੈ। ਕਸਤੂਰੀ ਹਿਰਨ ਦੀ ਨਾਭੀ ਵਿਚ ਹੁੰਦੀ ਹੈ ਪਰ ਉਹ ਉਹਦੀ ਖੋਜ ਵਿਚ ਬਾਹਰ ਭਟਕਦਾ ਫਿਰਦਾ ਹੈ। ਪਰਮਾਤਮਾ ਕਿਤੇ ਜੰਗਲਾਂ-ਪਹਾੜਾਂ ਵਿਚ ਨਹੀਂ ਛੁਪਿਆ ਬੈਠਾ। ਇਸ ਲਈ ਜੰਗਲਾਂ, ਪਹਾੜਾਂ, ਤੀਰਥਾਂ, ਗ੍ਰੰਥਾਂ-ਸ਼ਾਸਤਰਾਂ, ਮੰਦਰਾਂ, ਮਸਜਿਦਾਂ ਆਦਿ ਵਿਚ ਉਹਦੀ ਖੋਜ ਕਰਨਾ ਵਿਅਰਥ ਹੈ। ਨਾ ਪਰਮਾਤਮਾ ਕਿਸੇ ਸੂਰਤ ਵਿਚ ਸਰੀਰ ਤੋਂ ਬਾਹਰੋਂ ਮਿਲ ਸਕਦਾ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਬਾਹਰਮੁਖੀ ਪੂਜਾ ਜਾਂ ਭਗਤੀ ਪਰਮਾਤਮਾ ਦੀ ਪ੍ਰਾਪਤੀ ਵਿਚ ਸਹਾਇਤਾ ਕਰ ਸਕਦੀ ਹੈ।

ਮਨੁੱਖ ਸਰੀਰ ਉਹ ਸੱਚਾ ਸਾਗਰ ਹੈ ਜਿਸ ਦੇ ਅੰਦਰੋਂ ਪਰਮਾਤਮਾ ਰੂਪੀ ਸੱਚੇ ਰਤਨ ਦੀ ਪ੍ਰਾਪਤੀ ਹੁੰਦੀ ਹੈ। ਸੁਰਤ ਨੂੰ ਬਾਹਰੋਂ ਅੰਦਰ ਲਿਜਾਣ 'ਤੇ ਅਨਹਦ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਅੰਦਰ ਜਾ ਕੇ ਹੀ ਜੀਵਾਤਮਾ ਵੱਖ-ਵੱਖ ਰੂਹਾਨੀ ਮੰਡਲਾਂ ਨੂੰ ਪਾਰ ਕਰਕੇ ਨਿਜ-ਧਾਮ ਵਾਪਸ ਪਹੁੰਚ ਸਕਦੀ ਹੈ।

> ਕਾਬੇ ਅਰੁ ਕੈਲਾਸ ਮਹਿੰ, ਜਿਹ ਕੂੰ ਢੂੰਢਣ ਜਾਂਹ।[ੳ]
> 'ਰਵਿਦਾਸ' ਪਿਆਰਾ ਰਾਮ ਤਉ, ਬਇਠਹਿੰ ਮਨ ਮਾਂਹ ॥[1]

ੳ. **ਕਾਬੇ**=ਮੱਕੇ ਸ਼ਹਿਰ ਦਾ ਉਹ ਪ੍ਰਸਿੱਧ ਸਥਾਨ ਜਿੱਥੇ ਮੁਸਲਮਾਨ ਲੋਕ ਹੱਜ ਕਰਨ ਜਾਂਦੇ ਹਨ; **ਕੈਲਾਸ**=ਹਿਮਾਲਿਆ ਦੀ ਇੱਕ ਉੱਚੀ ਚੋਟੀ, ਜਿਥੇ ਸ਼ਿਵ ਦਾ ਨਿਵਾਸ-ਸਥਾਨ ਮੰਨਿਆ ਜਾਂਦਾ ਹੈ। ਇਸ ਲਈ ਇਹ ਹਿੰਦੂਆਂ ਦਾ ਇੱਕ ਪ੍ਰਸਿੱਧ ਤੀਰਥ ਹੈ।

ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰੀਤਮ ਦੀ ਤਲਾਸ਼ ਵਿਚ ਮੁਸਲਮਾਨ ਮੱਕੇ ਅਤੇ ਹਿੰਦੂ ਕੈਲਾਸ਼ ਪਰਬਤ ਵਿਚ ਭਟਕਦੇ ਫਿਰਦੇ ਹਨ ਪਰ ਉਹ ਤਾਂ ਹਰ ਇੱਕ ਦੇ ਆਪਣੇ ਅੰਦਰ ਬੈਠਾ ਹੋਇਆ ਹੈ।

ਬਾਹਰ ਖੋਜਤ ਕਾ ਫਿਰਹਿ, ਘਟ ਭੀਤਰ ਹੀ ਖੋਜ।
'ਰਵਿਦਾਸ' ਉਨਮਨਿ ਸਾਧਕਰ, ਦੇਖਹੁ ਪੀਆ ਕੂੰ ਓਜ॥[ੳ] [2]

ਪਰਮਾਤਮਾ ਨੂੰ ਬਾਹਰ ਖੋਜਣ ਦੀ ਬਜਾਏ ਮਨ ਨੂੰ ਬਾਹਰੋਂ ਅੰਦਰ ਅਤੇ ਹੇਠੋਂ ਉੱਪਰ ਲਿਜਾ ਕੇ ਉਨਮਨੀ ਅਵਸਥਾ ਦੁਆਰਾ ਅੰਦਰੋਂ ਪ੍ਰੀਤਮ ਦੇ ਦਰਸ਼ਨ ਕਰਨ ਦਾ ਜਤਨ ਕਰਨਾ ਚਾਹੀਦਾ ਹੈ।

ਬਨ ਖੋਜਨ ਕਾ ਜਾਇ ਰੇ, ਰਾਮ ਤਉ ਅਲੋਪਾ ਨਾਂਹ।[ਅ]
ਸਰਵ ਬਿਆਪੀ ਰਾਮ ਤੌ, 'ਰਵਿਦਾਸ' ਸਭਨ ਕੈ ਮਾਂਹ॥[3]

ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਖੋਜ ਵਿਚ ਜੰਗਲਾਂ ਵਿਚ ਕਿਉਂ ਭਟਕਦੇ ਫਿਰਦੇ ਹੋ? ਜਿਹੜਾ ਸਰਬ-ਵਿਆਪਕ ਪ੍ਰਭੂ ਸ੍ਰਿਸ਼ਟੀ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ, ਉਹ ਇਨਸਾਨ ਦੇ ਆਪਣੇ ਅੰਦਰ ਬਿਰਾਜਮਾਨ ਹੈ।

ਰਾਘੋ ਕ੍ਰਿਸ਼ਨ ਕਰੀਮ ਹਰਿ, ਰਾਮ ਰਹੀਮ ਖੁਦਾਇ।
ਰਵਿਦਾਸ ਮੋਰੇ ਮਨ ਬਸਹਿ, ਕਹੁੰ ਖੋਜਹੂੰ ਬਨ ਜਾਇ॥[4]

ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਪ੍ਰਭੂ ਨੂੰ ਲੋਕ ਰਾਘਵ, ਕ੍ਰਿਸ਼ਨ, ਕਰੀਮ, ਰਾਮ, ਰਹੀਮ ਜਾਂ ਖ਼ੁਦਾ ਆਦਿ ਅਨੇਕ ਨਾਂਵਾਂ ਨਾਲ ਪੁਕਾਰਦੇ ਹਨ, ਉਹ ਮੇਰੇ ਆਪਣੇ ਅੰਦਰ ਹੈ, ਇਸ ਲਈ ਮੈਨੂੰ ਉਹਦੀ ਤਲਾਸ਼ ਵਿਚ ਬਾਹਰ ਜਾਣ ਦੀ ਲੋੜ ਨਹੀਂ ਹੈ।

ਅਬ ਮੈਂ ਹਾਰਿਓ ਰੇ ਭਾਈ।
ਥਕਿਤ ਭਇਓ ਸਭ ਹਾਲ ਚਾਲ ਤੈਂ, ਲੋਗਨਿ ਵੇਦ ਬੜਾਈ।[ੲ]

ੳ. ਸਾਧਕਰ=ਧਿਆਨ ਦੁਆਰਾ ਮਨ ਨੂੰ ਅੰਦਰ ਮੋੜ ਕੇ; ਓਜ=ਤੇਜ਼, ਰੌਸ਼ਨੀ। ਅ. ਅਲੋਪਾ= ਅਲੋਪ, ਗੁਪਤ। ੲ. ਚਾਲ=ਹਿਲਣਾ-ਜੁਲਣਾ, ਆਉਣਾ-ਜਾਣਾ ਜਾਂ ਯਾਤਰਾ ਕਰਨੀ (ਆਵਾਗਵਨ ਦੇ ਕਾਰਣ)

ਥਕਿਤ ਭਇਓ ਗਾਇਨ ਅਰੁ ਨਾਚਨ, ਥਾਕੀ ਸੇਵਾ ਪੂਜਾ।
ਕਾਮ ਕ੍ਰੋਧ ਤੈ ਦੇਹ ਥਕਿਤ ਭਈ, ਕਹੌਂ ਕਹਾਂ ਲੌਂ ਦੂਜਾ॥
ਰਾਮ ਜਨ ਹੋਊਂ ਨ ਭਗਤ ਕਹਾਊਂ, ਚਰਨ ਪਖਾਲੂੰ ਨ ਦੇਵਾ।
ਜੋਈ ਜੋਈ ਕਰੌਂ ਉਲਟਿ ਮੋਹਿ ਬਾਂਧੇ, ਤਾਂਤੈਂ ਨਿਕਟ ਨ ਭੇਵਾ॥
ਪਹਿਲੈ ਗਿਆਨ ਕਾ ਕੀਆ ਚਾਂਦਿਨਾ, ਪੀਛੈ ਦੀਆ ਬੁਝਾਈ।
ਸੂੰਨਿ ਸਹਜ ਮੈਂ ਦੋਊ ਤਿਆਗੈ, ਰਾਮ ਕਹੌਂ ਨ ਖੁਦਾਈ॥
ਦੂਰਿ ਬਸੈ ਖਟ ਕਰਮ ਸਕਲ, ਅਰੁ ਦੂਰਿਓ ਕੀਨਹੈਂ ਸੇਊ।[ੳ]
ਗਿਯਾਂਨ ਧਿਯਾਂਨ ਦੋਊ ਦੂਰਿਓ ਕੀਨ੍ਹੈ, ਦੂਰਿਓ ਛਾਂਡੈ ਤੇਊ॥
ਪਾਂਚੂ ਥਕਿਤ ਭਏ ਜਹਾਂ ਤਹਾਂ, ਜਹਾਂ ਤਹਾਂ ਥਿਤਿ ਪਾਈ।[ਅ]
ਜਾ ਕਾਰਨਿ ਮੈਂ ਦੌਰਿਓ ਫਿਰਤੌ, ਸੋ ਅਬ ਘਟ ਮੈਂ ਆਈ॥
ਪਾਂਚੂ ਮੇਰੀ ਸਖੀ ਸਹੇਲੀ, ਤਿਨ ਨਿਧਿ ਦਈ ਦਿਖਾਈ।[ੲ]
ਅਬ ਮਨ ਫੂਲਿ ਭਇਓ ਜਗ ਮਹੀਆਂ, ਉਲਟਿ ਆਪ ਮਹਿ ਸਮਾਈ॥[ਸ]
ਚਲਤ ਚਲਤ ਮੇਰੋ ਨਿਜ ਮਨ ਥਾਕਿਓ, ਅਬ ਮੋ ਪੈ ਚਲਿਓ ਨ ਜਾਈ।
ਸੋਈ ਸਹਜਿ ਮਿਲਿਓ ਸੋਈ ਸਨਮੁਖ, ਕਹੈ 'ਰਵਿਦਾਸ' ਬਡ਼ਾਈ॥[5]

ਮੈਂ ਆਵਾਗਵਨ ਦੀਆਂ ਦੁੱਖਦਾਈ ਘੁੰਮਣ ਘੇਰੀਆਂ, ਇੰਦਰੀਆਂ ਦੇ ਭੋਗਾਂ ਅਤੇ ਸੰਸਾਰ ਦੀਆਂ ਮਾਣ-ਵਡਿਆਈਆਂ ਤੋਂ ਥੱਕ ਗਿਆ ਹਾਂ। ਮੈਂ ਅਨੇਕ ਤਰ੍ਹਾਂ ਦੇ ਕਰਮ-ਕਾਂਡ ਕਰ-ਕਰ ਕੇ ਵੀ ਥੱਕ ਗਿਆ ਹਾਂ। ਮੈਂ ਗਿਆਨ-ਮਾਰਗ, ਕਰਮ-ਮਾਰਗ ਅਤੇ ਜੋਗ-ਮਾਰਗ ਨੂੰ ਤਜ ਦਿੱਤਾ ਹੈ। ਮੈਂ ਨਾ ਮੂਰਤੀਆਂ ਨੂੰ ਪੂਜਦਾ ਹਾਂ ਅਤੇ ਨਾ ਹੀ ਖਟ ਕਰਮਾਂ ਜਿਹੀ ਕਿਸੇ ਦੂਸਰੀ ਬਾਹਰਮੁਖੀ ਪੂਜਾ ਵਿਚ ਪੈਂਦਾ ਹਾਂ ਕਿਉਂਕਿ ਇਹ ਸਭ ਸਾਧਨ ਜੰਮਣ-ਮਰਨ ਦੇ ਬੰਧਨਾਂ ਨੂੰ ਹੋਰ ਪੀਡਾ ਕਰਨ ਵਾਲੇ ਹਨ। ਮੈਂ ਅੰਦਰੋਂ ਹੀ ਪਰਮਾਤਮਾ ਦੇ ਨਾਮ ਨਾਲ ਲਿਵ ਜੋੜ ਲਈ ਹੈ। ਇਸ ਨਾਲ ਮਨ-ਇੰਦਰੀਆਂ ਨਿਹਚਲ ਹੋ ਗਈਆਂ ਹਨ ਅਤੇ ਮੇਰੇ ਅੰਦਰ ਸ਼ਬਦ ਦੀਆਂ ਪੰਜ

ੳ. **ਦੂਰਿ...ਸੇਊ**=ਵੱਖ-ਵੱਖ ਵਿਸ਼ੇ ਭੇਦ ਕਾਰਨ ਖਟ ਕਰਮ ਇਸ ਤਰ੍ਹਾਂ ਹਨ:

1. ਤਾਂਤ੍ਰਿਕ ਖਟ ਕਰਮ
2. ਯੋਗ ਸੰਬੰਧੀ ਖਟ ਕਰਮ
3. ਸਧਾਰਨ ਕਹੇ ਜਾਣ ਵਾਲੇ ਖਟ ਕਰਮ

ਅ. **ਪਾਂਚੂ**=ਪੰਜ (ਇੰਦਰੀਆਂ)। ੲ. **ਪਾਂਚੂ...ਸਹੇਲੀ**=ਪੰਜ (ਅੰਦਰਲੀਆਂ) ਸ਼ਬਦ-ਧੁਨਾਂ।
ਸ. **ਮਹੀਆਂ**=ਵਿਚ।

ਧੁਨਾਂ ਪ੍ਰਗਟ ਹੋ ਗਈਆਂ ਹਨ, ਜਿਨ੍ਹਾਂ ਦੇ ਸਹਾਰੇ ਮੈਂ ਅੰਦਰਲੇ ਰੂਹਾਨੀ ਮੰਡਲ ਪਾਰ ਕਰਕੇ ਪਰਮਾਤਮਾ ਦੀ ਪ੍ਰਾਪਤੀ ਦੇ ਅਮੋਲਕ ਖ਼ਜ਼ਾਨੇ ਦਾ ਮਾਲਕ ਬਣ ਗਿਆ ਹਾਂ। ਇਸ ਤਰ੍ਹਾਂ ਮਨ ਅਤੇ ਆਤਮਾ ਨੂੰ ਸੱਚੇ ਅਨੰਦ ਦੀ ਪ੍ਰਾਪਤੀ ਹੋ ਗਈ ਹੈ। ਹੁਣ ਹਿਰਦੇ ਕੰਵਲ ਉਲਟ ਕੇ ਸਿੱਧਾ ਹੋ ਗਿਆ ਹੈ, ਮਨ ਦੀ ਬਿਰਤੀ ਹੇਠਾਂ ਅਤੇ ਬਾਹਰ ਜਾਣ ਵਾਲੀ ਨਹੀਂ ਰਹੀ ਅਤੇ ਇਹ ਹਮੇਸ਼ਾਂ ਅੰਦਰ ਅਤੇ ਉੱਪਰ ਜਾਣ ਦੇ ਆਹਰ ਵਿਚ ਲੱਗਾ ਰਹਿੰਦਾ ਹੈ। ਇਸ ਤਰ੍ਹਾਂ ਨਾ ਕੇਵਲ ਪਿੰਡੀ ਮਨ ਅਤੇ ਅੰਡੀ ਮਨ ਹੀ ਵੱਸ ਆ ਗਿਆ ਸਗੋਂ ਬ੍ਰਹਮੰਡੀ ਮਨ ਜਾਂ ਨਿਜ-ਮਨ ਵੀ ਆਪਣੇ ਸਰੋਤ ਤ੍ਰਿਕੁਟੀ ਵਿਚ ਸਮਾ ਗਿਆ। ਇਸ ਤਰ੍ਹਾਂ ਮੇਰੀ ਆਤਮਾ ਮਨ ਦੇ ਪੰਜੇ ਤੋਂ ਆਜ਼ਾਦ ਹੋ ਕੇ ਪਾਰਬ੍ਰਹਮ ਵਿਚ ਪਹੁੰਚ ਗਈ ਅਤੇ ਫਿਰ ਉਸ ਤੋਂ ਉੱਪਰ ਚੌਥੇ ਪਦ ਦੀ ਸਹਿਜ-ਅਵਸਥਾ ਦੀ ਭਾਗੀ ਬਣ ਗਈ। ਜਿਸ ਪਰਮੇਸ਼ਰ ਦੀ ਮੈਨੂੰ ਅਨੰਤ ਜਨਮਾਂ ਤੋਂ ਖੋਜ ਸੀ, ਮੈਨੂੰ ਅੰਦਰ ਉਹਦੇ ਪ੍ਰਤੱਖ ਦਰਸ਼ਨ ਹੋ ਗਏ ਅਤੇ ਹੁਣ ਮੈਂ ਸਦਾ ਉਹਦੇ ਗੁਣਾਂ ਦਾ ਹੀ ਗਾਣ ਕਰਦਾ ਹਾਂ।

ਖੋਜਤ ਕਿਧੂ ਫਿਰੈ, ਤੇਰੇ ਘਟ ਮਹਿ ਸਿਰਜਨਹਾਰ।।[ੳ]
ਕਸਤੂਰੀ ਮਿਰਗ ਪਾਸ ਹੈ ਰੇ, ਢੂੰਢਤ ਘਾਸ ਫਿਰੈ।
ਪਾਛ ਲਾਗੋ ਕਾਲ ਪਾਰਧੀ, ਛਿਨ ਮਹਿੰ ਪ੍ਰਾਂਨ ਹਰੈ।।[ਅ]
ਇਲਾ ਪਿੰਗਲਾ ਸੁਖਮਣ ਨਾਰੀ, ਜਾ ਮੈਂ ਚਿਤ ਨ ਧਰੈ।[ੲ]
ਸਹਸਰਾਰ ਮਹਿੰ ਭੰਵਰ ਗੁਫਾ ਹੈ, ਭੰਵਰਾ ਗੁੰਜ ਕਰੈ।।
ਦਿਲ ਦਰਿਆਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ।[ਸ]
ਮਰਜੀ ਵਾਕੀ ਸੈਨ ਵਿਚਾਰੈ, ਤਉ ਹੀਰਾ ਹਾਥ ਪਰੈ।।[ਹ]
ਕਹਿ ਰਵਿਦਾਸ ਸਮੁਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨ।
ਇਹੁ ਰਹਸਿ ਕੋਉ ਖੋਜੈ ਬੂਝੈ, ਸੋਉ ਹੈ ਸੰਤ ਸੁਜਾਂਨ।।[ਕ][6]

ੳ. **ਕਿਧੂ**=ਕਿੱਧਰ, ਕਿੱਥੇ; **ਘਟ**=ਮਨੁੱਖ ਦਾ ਸਿਰ, ਜੋ ਸਾਰੀਆਂ ਚੇਤਨ ਸ਼ਕਤੀਆਂ ਦਾ ਕੇਂਦਰ ਹੈ। ਜਿਸ ਵਿਚ ਚੇਤਨਾ ਸਰੂਪ ਪਰਮਾਤਮਾ ਨਿਵਾਸ ਕਰਦਾ ਹੈ, ਇੱਕ ਉਲਟੇ ਘੜੇ ਦੀ ਸ਼ਕਲ ਦਾ ਹੋਣ ਦੇ ਕਾਰਨ 'ਘਟ' ਕਿਹਾ ਜਾਂਦਾ ਹੈ। ਅ. **ਪਾਰਧੀ**=ਸ਼ਿਕਾਰੀ। ੲ. **ਇਲਾ...ਨਾਰੀ**=ਮੇਰੂਦੰਡ ਦੇ ਖੱਬੇ, ਸੱਜੇ ਅਤੇ ਵਿਚਕਾਰੋਂ ਹੋ ਕੇ ਚਲਣ ਵਾਲੀਆਂ ਤਿੰਨ ਸੂਖਮ ਨਾੜੀਆਂ ਨੂੰ ਇੜਾ, ਪਿੰਗਲਾ ਅਤੇ ਸੁਖਮਨਾ ਕਿਹਾ ਜਾਂਦਾ ਹੈ। ਸ. **ਦਰਿਆਵ**=ਨਦੀ, ਸਮੁੰਦਰ; **ਗੁਰਮੁਖ**=ਜਿਸ ਦਾ ਮੁੱਖ ਗੁਰੂ ਦੇ ਵੱਲ ਹੋਵੇ, ਭਾਵ ਜਿਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਦੇ ਸਪੁਰਦ ਕਰ ਦਿੱਤਾ ਹੋਵੇ, ਭਾਵ ਜੋ ਸੰਤ ਪਦ ਨੂੰ ਪ੍ਰਾਪਤ ਹੋ ਚੁੱਕਾ ਹੋਵੇ। ਹ. **ਸੈਨ**=ਸੰਕੇਤ। ਕ. **ਰਹਸਿ**=ਰਹੱਸ; **ਸੁਜਾਂਨ**=ਪੂਰਾ ਗਿਆਨੀ।

ਤੂੰ ਪਰਮਾਤਮਾ ਦੀ ਖੋਜ ਵਿਚ ਕਿੱਧਰ ਟੱਕਰਾਂ ਮਾਰਦਾ ਫਿਰਦਾ ਹੈਂ? ਜਿਸ ਪਰਮਾਤਮਾ ਨੇ ਤੇਰੀ ਘਾੜਤ ਘੜੀ ਹੈ, ਉਹ ਤੇਰੇ ਆਪਣੇ ਅੰਦਰ ਬੈਠਾ ਹੈ। ਕਸਤੂਰੀ ਮਿਰਗ ਦੀ ਨਾਭੀ ਵਿਚ ਹੁੰਦੀ ਹੈ, ਪਰ ਉਹ ਉਹਨੂੰ ਬਾਹਰ ਝਾੜੀਆਂ ਅਤੇ ਬੂਟੀਆਂ ਵਿਚ ਭਾਲਦਾ ਫਿਰਦਾ ਹੈ। ਏਨੀ ਦੇਰ ਨੂੰ ਉਹਦੇ ਪਿੱਛੇ ਲੱਗਾ ਸ਼ਿਕਾਰੀ ਉਹਨੂੰ ਮਾਰ ਦਿੰਦਾ ਹੈ। ਇਸੇ ਤਰ੍ਹਾਂ ਮਨੁੱਖ ਰੂਪੀ ਹਿਰਨ ਪ੍ਰਭੂ ਰੂਪੀ ਕਸਤੂਰੀ ਨੂੰ ਬਾਹਰ ਜੰਗਲਾਂ, ਪਹਾੜਾਂ, ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਤੀਰਥਾਂ ਅਤੇ ਗ੍ਰੰਥਾਂ-ਸ਼ਾਸਤਰਾਂ ਵਿਚ ਭਾਲਦਾ ਹੋਇਆ ਆਪਣੀ ਉਮਰ ਵਿਅਰਥ ਗੁਆ ਲੈਂਦਾ ਹੈ ਅਤੇ ਕਾਲ ਰੂਪੀ ਸ਼ਿਕਾਰੀ ਹੱਥੋਂ ਮਾਰਿਆ ਜਾਂਦਾ ਹੈ। ਇਹ ਸਹੰਸਦਲ ਕੰਵਲ ਪਹਿਲੀ ਰੂਹਾਨੀ ਮੰਜ਼ਲ, ਤ੍ਰਿਕੁਟੀ ਰੂਪੀ ਦੂਸਰੀ ਮੰਜ਼ਿਲ ਜਿਸ ਵਿਚ ਹਿਰਦੇ ਦਾ ਨਿਵਾਸ ਹੈ ਅਤੇ ਭੰਵਰ ਗੁਫ਼ਾ ਰੂਪੀ ਚੌਥੀ ਰੂਹਾਨੀ ਮੰਜ਼ਿਲ ਜਿਥੇ ਭੰਵਰੇ ਭਾਵ ਸ਼ਬਦ ਦੀਆਂ ਅਦਭੁਤ ਮਿਠੀਆਂ ਧੁਨੀਆਂ ਹੋ ਰਹੀਆਂ ਹਨ, ਨੂੰ ਪਾਰ ਕਰਨ ਦਾ ਜਤਨ ਨਹੀਂ ਕਰਦਾ। ਮਨੁੱਖ ਦੇ ਅੰਦਰ ਪਰਮਾਤਮਾ ਦੀ ਭਗਤੀ ਅਤੇ ਉਹਦੇ ਸ਼ਬਦ ਦੇ ਹੀਰੇ ਮੋਤੀ ਦੇ ਅਥਾਹ ਭੰਡਾਰ ਭਰੇ ਪਏ ਹਨ ਪਰੰਤੂ ਆਪਣੇ ਅੰਦਰੋਂ ਇਨ੍ਹਾਂ ਦੀ ਪ੍ਰਾਪਤੀ ਦਾ ਸਾਧਨ ਪਰਮਾਤਮਾ ਦੇ ਕਿਸੇ ਸੱਚੇ ਭਗਤ, ਗੁਰਮੁਖ ਜਾਂ ਪੂਰਨ ਸੰਤ-ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਸੱਚੇ ਨਿਰਵਾਨ ਦੀ ਪ੍ਰਾਪਤੀ ਦਾ ਇਹੋ ਮਾਰਗ ਹੈ। ਜਿਹੜਾ ਕੋਈ ਇਸ ਭੇਦ ਨੂੰ ਸਮਝ ਕੇ ਇਹਦੀ ਖੋਜ ਕਰਦਾ ਹੈ, ਉਹੀ ਸੱਚਾ ਗਿਆਨੀ ਜਾਂ ਸੱਚਾ ਸੰਤ ਜਾਂ ਪੂਰਾ ਭਗਤ ਕਹਾ ਸਕਦਾ ਹੈ।

ਗਿਰਿ ਬਨ ਕਾਹੇ ਖੋਜਨ ਜਾਈ, ਘਟ ਅਭਿਅੰਤਰ ਖੋਜਹੁ ਭਾਈ॥
ਪੁਹੁਪ ਮਧੇ ਜਿਉਂ ਬਾਸ ਬਸਤ ਹੈ, ਤਿਉਂ ਸਬ ਘਟ ਰਮਹਿ ਰਘੁਰਾਈ।[ੳ]
ਬਾਹਰਿ ਖੋਜਤ ਜਨਮ ਸਿਰਾਨੋਂ, ਮ੍ਰਿਗ ਤ੍ਰਿਸਨਾ ਰਹਿਓ ਉਰਝਾਈ॥[ਅ]
ਰਾਮ ਚਰਨ ਮਹਿੰ ਥਿਰ ਮਨ ਰਾਖਹੁ, ਰਿਦੈ ਕੰਵਲ ਬਸੈ ਰਘੁਰਾਈ।[ੲ]
ਕਹਿ ਰਵਿਦਾਸ ਸੁਨਹੁ ਰੇ ਸੰਤੋ, ਰਾਮ ਭਜਨ ਬਿਨੁ ਕਿਨ ਗਤਿ ਪਾਈ॥[7]

ਭਰਾਵਾ, ਤੂੰ ਪਰਮਾਤਮਾ ਦੀ ਖੋਜ ਵਿਚ ਜੰਗਲਾਂ, ਪਹਾੜਾਂ ਵਿਚ ਕਿਉਂ ਜਾਂਦਾ ਹੈਂ? ਤੂੰ ਆਪਣੇ ਸਰੀਰ ਅੰਦਰ ਉਹਦੀ ਖੋਜ ਕਰ। ਜਿਸ ਤਰ੍ਹਾਂ ਫੁੱਲ ਦੇ ਅੰਦਰ ਸੁਗੰਧੀ ਹੁੰਦੀ ਹੈ, ਉਸੇ ਤਰ੍ਹਾਂ ਪਰਮਾਤਮਾ ਘਟ-ਘਟ ਵਿਚ ਸਮਾਇਆ

ੳ. **ਪੁਹੁਪ**=ਫੁੱਲ; **ਮਧੇ**=ਅੰਦਰ। ਅ. **ਤ੍ਰਿਸਨਾ**=ਪਿਆਸ। ੲ. **ਰਿਦੈ**=ਹਿਰਦਾ।

ਹੋਇਆ ਹੈ। ਹੇ ਅਗਿਆਨੀ ਪੁਰਸ਼! ਜਿਸ ਪਰਮਾਤਮਾ ਨੂੰ ਬਾਹਰੋਂ ਖੋਜਦੇ ਤੂੰ ਜੀਵਨ ਬਤੀਤ ਕਰ ਦਿੱਤਾ ਹੈ, ਉਹ ਤੇਰੇ ਆਪਣੇ ਅੰਦਰ ਹੈ। ਸਿਖਰ ਦੁਪਹਿਰੇ ਹਿਰਨ ਨੂੰ ਪਿਆਸ ਲੱਗਦੀ ਹੈ ਤਾਂ ਉਹ ਚਾਰੇ ਪਾਸੇ ਦੇਖਦਾ ਹੈ। ਉਹਨੂੰ ਦੂਰ ਧੁੱਪ ਵਿਚ ਚਮਕ ਰਹੀ ਰੇਤ ਪਾਣੀ ਦੇ ਦਰਿਆ ਵਾਂਗ ਦਿਖ਼ਾਈ ਦਿੰਦੀ ਹੈ। ਉਹ ਜਿਉਂ-ਜਿਉਂ ਉਹਦੇ ਪਿੱਛੇ ਦੌੜਦਾ ਹੈ, ਉਹ ਲਿਸ਼ਕ ਦੂਰ ਹੁੰਦੀ ਜਾਂਦੀ ਹੈ। ਅੰਤ ਨੂੰ ਉਹਦੇ ਪਿੱਛੇ ਦੌੜਦਾ ਹੋਇਆ ਹਿਰਨ ਆਪਣੇ ਪ੍ਰਾਣ ਗੁਆ ਬੈਠਦਾ ਹੈ। ਇਸ ਨੂੰ ਮ੍ਰਿਗ-ਤ੍ਰਿਸ਼ਨਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪਰਮਾਤਮਾ ਦੀ ਖੋਜ ਵਿਚ ਜੀਵ ਬਾਹਰ ਹੀ ਬਾਹਰ ਦੌੜਦਾ ਫਿਰਦਾ ਹੈ ਪਰ ਉਹਦੀ ਇਹ ਪਿਆਸ ਕਦੇ ਨਹੀਂ ਬੁਝਦੀ। ਰਵਿਦਾਸ ਜੀ ਸਮਝਾਉਂਦੇ ਹਨ ਕਿ ਪਰਮਾਤਮਾ ਸਾਡੇ ਹਿਰਦੇ ਕਮਲ ਵਿਚ ਹੈ ਅਤੇ ਸਾਨੂੰ ਹਿਰਦੇ ਦੇ ਅੰਦਰੋਂ ਹੀ ਉਹਦੀ ਖੋਜ ਕਰਨੀ ਚਾਹੀਦੀ ਹੈ। ਪਰਮਾਤਮਾ ਦੀ ਅੰਤਰਮੁਖ ਭਗਤੀ ਤੋਂ ਬਿਨਾਂ ਕਦੇ ਕੋਈ ਆਵਾਗਵਨ ਦੇ ਬੰਧਨ ਤੋੜ ਕੇ ਪਰਮਾਤਮਾ ਨਾਲ ਮਿਲਾਪ ਕਰਨ ਵਿਚ ਸਫਲ ਨਹੀਂ ਹੋਇਆ।

ਪਰਮਾਤਮਾ ਦਾ ਸੱਚਾ ਸਰੂਪ

ਪਰਮਾਤਮਾ ਸਰਵ-ਵਿਆਪਕ ਹੈ। ਉਹ ਘਟ-ਘਟ ਵਾਸੀ ਹੈ। ਪਰ ਸਾਡੀਆਂ ਅੱਖਾਂ ਅੱਗੇ ਅਗਿਆਨਤਾ ਦਾ ਹਨੇਰਾ ਪਸਰਿਆ ਹੋਇਆ ਹੈ, ਜਿਸ ਕਾਰਨ ਸਾਨੂੰ ਉਹਦੇ ਅਸਲ ਸਰੂਪ ਦਾ ਗਿਆਨ ਨਹੀਂ ਹੁੰਦਾ। ਅਸੀਂ ਆਮ ਤੌਰ ਤੇ ਕਿਸੇ ਦੇਵੀ-ਦੇਵਤਾ ਜਾਂ ਅਵਤਾਰ ਆਦਿ ਨੂੰ ਪਰਮਾਤਮਾ ਸਮਝ ਕੇ ਉਹਦੀ ਭਗਤੀ ਵਿਚ ਲੱਗ ਜਾਂਦੇ ਹਾਂ। ਉਹ ਪਰਮਾਤਮਾ ਜਿਸ ਨੂੰ ਅਸੀਂ ਗਿਰਧਾਰੀ, ਮੁਰਾਰੀ, ਰਾਮ, ਕ੍ਰਿਸ਼ਨ ਅਤੇ ਕੇਸ਼ੋ ਆਦਿ ਕਹਿ ਕੇ ਪੁਕਾਰਦੇ ਹਾਂ ਅਲਖ, ਅਗੰਮ, ਅਨਾਮੀ ਹੈ। ਉਹ ਸਭ ਦੇਵਤਿਆਂ ਅਤੇ ਅਵਤਾਰਾਂ ਤੋਂ ਪਰੇ ਅਤੇ ਅਪਾਰ ਹੈ।

ਆਤਮਾ ਵੀ ਉਸ ਅਨੰਤ, ਅਸਗਾਹ ਪਰਮੇਸ਼ਰ ਰੂਪੀ ਸਾਗਰ ਦੀ ਬੂੰਦ ਹੈ। ਜਦ ਤੱਕ ਆਤਮਾ ਅੰਤਰਮੁਖ ਰੂਹਾਨੀ ਅਭਿਆਸ ਦੁਆਰਾ ਉਸ ਸਾਗਰ ਵਿਚ ਵਾਪਸ ਨਹੀਂ ਸਮਾਉਂਦੀ, ਜਿਸ ਵਿੱਚੋਂ ਇਹ ਰਚਨਾ ਦੇ ਅਰੰਭ ਵਿਚ ਨਿਕਲੀ ਸੀ, ਇਹਨੂੰ ਆਪਣੇ ਆਪੇ ਅਤੇ ਅਸਲੇ ਦਾ ਗਿਆਨ ਨਹੀਂ ਹੁੰਦਾ। ਜਦ ਇਹ ਅੰਦਰ ਜਾ ਕੇ ਪਰਮਾਤਮਾ ਵਿਚ ਸਮਾ ਜਾਂਦੀ ਹੈ ਤਾਂ ਇਹਨੂੰ ਨਾ ਕੇਵਲ ਅੰਦਰ ਹੀ ਪਰਮਾਤਮਾ ਦਿਖਾਈ ਦਿੰਦਾ ਹੈ, ਸਗੋਂ ਹਰ ਪਾਸੇ ਉਸ ਪ੍ਰਭੂ ਦਾ ਹੀ ਜਲਵਾ ਦਿਖਾਈ ਦਿੰਦਾ ਹੈ।

'ਰਵਿਦਾਸ' ਲੋਰੈ ਜਿਸ ਬੂੰਦ ਕੂੰ, ਸੋਈ ਬੂੰਦ ਹੈ ਸਮੁੰਦ ਸਮਾਨ [ੳ]
ਅੰਤਰ ਖੋਜੀ ਕੂੰ ਮਿਲਇ, ਬ੍ਰਹਮ ਬੂੰਦ ਕੋਂ ਗਿਆਨ ॥[8]

ਬੂੰਦ ਸਾਗਰ ਵਿਚ ਹੈ ਅਤੇ ਸਾਗਰ ਬੂੰਦ ਵਿਚ ਸਮਾਇਆ ਹੋਇਆ ਹੈ। ਆਤਮਾ ਪਰਮਾਤਮਾ ਵਿਚ ਹੈ ਅਤੇ ਪਰਮਾਤਮਾ ਆਤਮਾ ਵਿਚ ਸਮਾਇਆ ਹੋਇਆ ਹੈ। ਇਸ ਦਾ ਗਿਆਨ ਉਹਨੂੰ ਹੋਵੇਗਾ ਜਿਹੜਾ ਪਰਮ-ਸਤਿ ਦੀ ਖੋਜ ਕਰੇਗਾ।

ਕਾ ਮਥੁਰਾ ਕਾ ਦਵਾਰਿਕਾ, ਕਾ ਕਾਸੀ ਹਰਿਦਵਾਰ।
'ਰਵਿਦਾਸ' ਖੋਜਾ ਦਿਲ ਆਪਨਾ, ਤਉ ਮਿਲਿਆ ਦਿਲਦਾਰ ॥[9]

ਮਥੁਰਾ, ਕਾਸ਼ੀ ਅਤੇ ਹਰਿਦੁਆਰ ਆਦਿ ਤੀਰਥ-ਸਥਾਨਾਂ ਉੱਤੇ ਜਾਣ ਦਾ ਕੀ ਲਾਭ ਹੈ? ਉਹ ਪ੍ਰੀਤਮ ਬਾਹਰਲੇ ਤੀਰਥਾਂ ਵਿਚ ਨਹੀਂ ਮਿਲਦਾ। ਜਿਨ੍ਹਾਂ ਨੇ ਹਿਰਦੇ ਰੂਪੀ ਤੀਰਥ ਦੀ ਖੋਜ ਕੀਤੀ, ਉਨ੍ਹਾਂ ਨੂੰ ਅੰਦਰੋਂ ਹੀ ਉਹਦਾ ਦੀਦਾਰ ਹੋ ਗਿਆ।

ਤੁਰਕ ਮਸੀਤਿ ਅੱਲਹ ਢੂੰਡਈ, ਦੇਹਰੇ ਹਿੰਦੂ ਰਾਮ ਗੁਸਾਈਂ [ਅ]
'ਰਵਿਦਾਸ' ਢੂੰਡਿਆ ਰਾਮ ਰਹੀਮ ਕੂੰ, ਜਹਂ ਮਸੀਤ ਦੇਹੁਰਾ ਨਾਹੀਂ ॥[10]

ਮੁਸਲਮਾਨ ਉਸ ਪਰਮਾਤਮਾ ਨੂੰ ਅੱਲਾ ਕਹਿੰਦੇ ਹਨ ਅਤੇ ਮਸੀਤਾਂ ਵਿਚ ਉਹਦੀ ਤਲਾਸ਼ ਕਰਦੇ ਹਨ। ਹਿੰਦੂ ਉਹਨੂੰ ਰਾਮ ਜਾਂ ਗੋਸਾਈਂ ਕਹਿ ਕੇ ਪੁਕਾਰਦੇ ਹਨ ਅਤੇ ਮੰਦਰਾਂ ਵਿਚ ਉਹਨੂੰ ਖੋਜਦੇ ਫਿਰਦੇ ਹਨ। ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਉਹਨੂੰ ਅਜਿਹੇ ਥਾਂ ਭਾਵ ਆਪਣੇ ਸਰੀਰ ਅੰਦਰੋਂ ਲੱਭ ਲਿਆ ਹੈ, ਜੋ ਮਸਜਿਦ ਅਤੇ ਮੰਦਰ ਦੋਹਾਂ ਤੋਂ ਨਿਆਰਾ ਹਰਿਮੰਦਰ ਹੈ।

ਜਉ ਰੇ ਅੱਲਾਹ ਬਸਹਿ ਮਸਜਿਦ ਮਹਿ, ਮੰਦਰਿ ਮਹਂ ਕਾਹੇ ਨਾਹਿ ਭਗਵਾਨ।
'ਰਵਿਦਾਸ' ਖੋਜਿਓ ਜਿਨ ਦਿਲੁ ਅਪਨੋ, ਤਿਨ੍ਹ ਹੀ ਪਾਇਓ ਰਹਿਮਾਨ ॥[ੲ][11]

ੳ. **ਲੋਰੈ**=ਚਾਹ, ਲਾਲਸਾ। ਅ. **ਤੁਰਕ**=ਤੁਰਕ, ਮੁਸਲਮਾਨ; **ਮਸੀਤਿ**=ਮਸਜਿਦ; **ਦੇਹਰੇ**=ਮੰਦਰ।

ੲ. **ਰਹਿਮਾਨ**=ਰਹਿਮ (ਦਇਆ) ਕਰਨਵਾਲਾ, ਦਿਆਲੂ ਪਰਮਾਤਮਾ।

ਦਲੀਲ ਦੀ ਗੱਲ ਹੈ ਕਿ ਜੇ ਮਸਜਿਦ ਵਿਚ ਪਰਮਾਤਮਾ ਵਸਦਾ ਹੈ ਤਾਂ ਫਿਰ ਮੰਦਰ ਵਿਚ ਭਗਵਾਨ ਕਿਉਂ ਨਹੀਂ ਵਸਦਾ? ਪਰ ਸੱਚੀ ਗੱਲ ਤਾਂ ਇਹ ਹੈ ਕਿ ਉਹ ਨਾ ਮੰਦਰ ਵਿਚ ਹੈ ਨਾ ਮਸਜਿਦ ਵਿਚ। ਉਹ ਹਰ ਇਨਸਾਨ ਦੇ ਆਪਣੇ ਅੰਦਰ ਹੈ ਅਤੇ ਅੰਦਰੋਂ ਹੀ ਉਹਦੇ ਨਾਲ ਮਿਲਾਪ ਕੀਤਾ ਜਾ ਸਕਦਾ ਹੈ।

'ਰਵਿਦਾਸ' ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਹਿੰ।
ਰਾਮ ਹਮਉ ਮਹਿ ਰਮਿ ਰਹਿਓ, ਬਿਸਬ ਕੁਟੰਬਹ ਮਾਹਿੰ॥[12]

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਦਸ਼ਰਥ ਦੇ ਸਪੁੱਤਰ ਅਵਤਾਰੀ ਰਾਮ ਦਾ ਪੁਜਾਰੀ ਨਹੀਂ ਹਾਂ। ਮੈਂ ਉਸ ਰਾਮ ਦਾ ਪੁਜਾਰੀ ਹਾਂ ਜਿਹੜਾ ਮੇਰੇ ਅੰਦਰ ਹੀ ਨਹੀਂ ਬਲਕਿ ਸਾਰੇ ਸੰਸਾਰ ਅੰਦਰ ਰਮਿਆ ਹੋਇਆ ਹੈ। ਸਾਰਾ ਸੰਸਾਰ ਉਸ ਇੱਕ ਪਰਮਾਤਮਾ ਦਾ ਪਰਿਵਾਰ ਹੈ, ਅਤੇ ਉਹ ਇਸ ਪਰਿਵਾਰ ਦੇ ਹਰ ਜੀਵ ਵਿਚ ਸਮਾਇਆ ਹੋਇਆ ਹੈ।

ਰਵਿਦਾਸ ਹਮਾਰੋ ਰਾਮ ਤੋ, ਸਕਲ ਰਹਿਓ ਭਰਪੂਰਿ।
ਰੋਮ ਰੋਮ ਮਹਿ ਰਮਿ ਰਹਿਓ, ਰਾਮ ਮਸੂਕ ਨ ਦੂਰਿ॥[ੳ 13]

ਰਵਿਦਾਸ ਜੀ ਕਹਿੰਦੇ ਹਨ ਕਿ ਸਾਡਾ ਰਾਮ-ਰੂਪੀ ਪ੍ਰੀਤਮ ਸਾਥੋਂ ਦੂਰ ਨਹੀਂ ਹੈ। ਉਹ ਸਾਡੇ ਰੋਮ-ਰੋਮ ਵਿਚ ਸਮਾਇਆ ਹੋਇਆ ਹੈ ਅਤੇ ਸਾਰੇ ਸੰਸਾਰ ਵਿਚ ਹੀ ਵਿਆਪਕ ਹੈ।

ਸੱਬ ਬਿਆਪਕ ਰਾਮ ਹਇ, ਨਾਂਹ ਕੋਊ ਇਕ ਠਾਂਵ।[ਅ]
ਸਤਗੁਰੂ ਸਾਹਿਬ ਸਖਾ ਭਇਓ, 'ਰਵਿਦਾਸ' ਹਮਾਰੋ ਰਾਮ॥[ੲ 14]

ਉਹ ਪਰਮਾਤਮਾ ਕਿਸੇ ਇੱਕ ਥਾਂ ਨਹੀਂ, ਹਰ ਥਾਂ ਸਮਾਇਆ ਹੋਇਆ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਦੀ ਕਿਰਪਾ ਨਾਲ ਉਹ ਘਟ-ਘਟ ਦਾ ਸੁਆਮੀ ਸਾਡਾ ਸੱਚਾ ਮਿੱਤਰ ਬਣ ਗਿਆ ਹੈ।

ੳ. **ਮਸੂਕ**=ਪ੍ਰੇਮਿਕਾ। ਅ. **ਠਾਂਵ**=ਥਾਂ, ਜਗ੍ਹਾ। ੲ. **ਸਾਹਿਬ**=ਸੁਆਮੀ, ਮਾਲਿਕ।

ਸਬ ਘਟ ਮੇਰਾ ਸਾਈਆਂ, ਜਲਵਾ ਰਹਿਓ ਦਿਖਾਇ।[ੳ]
'ਰਵਿਦਾਸ' ਨਗਰ ਮਹਿ ਰਮਿ ਰਹਿਓ, ਨੇਕਹੁ ਨ ਇਤ ਉਤ ਜਾਇ॥[15]

ਸਬ ਘਟ ਮਹਿ ਰਮਿ ਰਹਿਓ, ਰਵਿਦਾਸ ਹਮਾਰੋ ਰਾਮ।
ਸੋਈ ਬੂਝਈ ਰਾਮ ਕੂੰ, ਜੋ ਹੋਇ ਰਾਮ ਗੁਲਾਮ॥[16]

ਉਹ ਪ੍ਰੀਤਮ ਹਰ ਘਟ ਵਿਚ ਵਿਆਪਕ ਹੈ, ਪਰ ਦਿਖਾਈ ਕੇਵਲ ਉਨ੍ਹਾਂ ਨੂੰ ਦਿੰਦਾ ਹੈ ਜਿਹੜੇ ਮਾਇਆ ਦੀ ਭਗਤੀ ਛੱਡ ਕੇ ਉਸ ਦੇ ਸੱਚੇ ਭਗਤ ਜਾਂ ਦਾਸ ਬਣ ਜਾਂਦੇ ਹਨ।

ਮੁਕਰ ਮਾਂਹ ਪਰਛਾਂਇ ਜਿਉਂ, ਪੁਹੁਪ ਮਧੇ ਜਿਉਂ ਬਾਸ।[ਅ]
ਤੈਸਉ ਹੀ ਸ਼੍ਰੀਹਰਿ ਬਸੈ, ਹਿਰਦੈ ਮਧੇ 'ਰਵਿਦਾਸ'॥[17]

ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਸ਼ੀਸ਼ੇ ਵਿਚ ਸਰੂਪ ਜਾਂ ਪਰਛਾਵਾਂ ਅਤੇ ਫੁੱਲ ਵਿਚ ਸੁਗੰਧੀ ਵੱਸੀ ਹੁੰਦੀ ਹੈ, ਉਸੇ ਤਰ੍ਹਾਂ ਉਹ ਪਰਮਾਤਮਾ ਹਿਰਦੇ ਵਿਚ ਸਮਾਇਆ ਹੋਇਆ ਹੈ।

ਰਵਿਦਾਸ ਪੀਅ ਬਿਨੁ ਜਗਤ ਮਹਿੰ, ਸੂਨੀ ਸੇਜ ਨ ਕੋਇ।
ਜਿਤ ਦੇਖੂੰ ਤਿਤ ਪੀਅ ਕਰ, ਪ੍ਰਗਟ ਮੋਜਰਾ ਹੋਇ।[ੲ][18]

ਸੰਸਾਰ ਵਿਚ ਕੋਈ ਅਜਿਹੀ ਸੇਜ ਨਹੀਂ, ਜਿਹੜੀ ਉਸ ਪ੍ਰੀਤਮ ਤੋਂ ਸੁੰਨੀ ਹੋਵੇ। ਕੋਈ ਅਜਿਹਾ ਘਟ ਨਹੀਂ ਹੈ, ਜਿਸ ਵਿਚ ਉਸ ਪ੍ਰਭੂ ਦਾ ਨਿਵਾਸ ਨਾ ਹੋਵੇ। ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਜਿੱਧਰ ਵੀ ਦੇਖਦਾ ਹਾਂ, ਮੈਨੂੰ ਉਸੇ ਪਾਸੇ ਉਸ ਪ੍ਰੀਤਮ ਦਾ ਜਲਵਾ ਦਿਖਾਈ ਦਿੰਦਾ ਹੈ।

ਨਰਹਰਿ! ਚੰਚਲ ਹੈ ਮਤਿ ਮੋਰੀ, ਕੈਸੇ ਭਗਤੀ ਕਰੂੰ ਰਾਮ ਤੋਰੀ॥
ਤੂ ਮੋਹਿ ਦੇਖੈ ਹੌ ਤੋਹਿ ਦੇਖੂੰ, ਪ੍ਰੀਤਿ ਪਰਸਪਰ ਹੋਈ।
ਤੂ ਮੋਹਿ ਦੇਖੈ ਹੌਂ ਤੋਹਿ ਨ ਦੇਖੂੰ, ਇਹ ਮਤਿ ਸਬ ਬੁਧਿ ਖੋਈ॥

ੳ. ਜਲਵਾ=ਪ੍ਰਤਾਪ, ਸ਼ੋਭਾ, ਰੌਣਕ। ਅ. ਮੁਕਰ=ਸ਼ੀਸ਼ਾ, ਦਰਪਣ। ੲ. ਮੋਜਰਾ=ਬੈਠ ਕੇ ਗਾਉਣਾ ਜਾਂ ਸੰਗੀਤ ਸੁਣਨਾ।

ਸਬ ਘਟਿ ਅੰਤਰਿ ਰਮਸਿ ਨਿਰੰਤਰਿ, ਹੌਂ ਦੇਖਤ ਹੂੰ ਨਹੀਂ ਜਾਨਾ।[ੳ]
ਗੁਨ ਸਬ ਤੋਰ ਮੋਰ ਸਬ ਔਗੁਨ, ਕ੍ਰਿਤ ਉਪਕਾਰ ਨ ਮਾਨਾ॥
ਮੈਂ, ਤੇਂ, ਤੋਰਿ, ਮੋਰੀ ਅਸਮਝਿ ਸੋਂ, ਕੈਸੇ ਕਰਿ ਨਿਸਤਾਰਾ।[ਅ]
ਕਹੈਂ ਰਵਿਦਾਸ ਕ੍ਰਿਸ਼ਨ ਕਰੁਨਾਮੈ, ਜੈ ਜੈ ਜਗਤ ਅਧਾਰਾ।।[ੲ] [19]

ਹੇ ਪ੍ਰਭੂ! ਮੇਰੀ ਬੁੱਧੀ ਚੰਚਲ ਹੈ, ਇਸ ਲਈ ਮੈਂ ਤੇਰੀ ਭਗਤੀ ਕਿਵੇਂ ਕਰਾਂ? ਜੇ ਤੂੰ ਮੈਨੂੰ ਦੇਖੇਂ ਅਤੇ ਮੈਂ ਵੀ ਤੈਨੂੰ ਦੇਖਾਂ ਤਾਂ ਹੀ ਸਾਡਾ ਆਪਸ ਵਿਚ ਪ੍ਰੇਮ ਹੋ ਸਕਦਾ ਹੈ। ਤੂੰ ਮੈਨੂੰ ਦੇਖਦਾ ਹੈਂ, ਪਰ ਮੈਂ ਤੈਨੂੰ ਨਹੀਂ ਦੇਖ ਸਕਦਾ। ਇਹ ਸੋਚ ਕੇ ਮੇਰੀ ਬੁੱਧੀ ਚਕਰਾ ਜਾਂਦੀ ਹੈ। ਤੂੰ ਹਰ ਘਟ ਵਿਚ ਬੈਠਾ ਹੈਂ, ਪਰ ਮੈਨੂੰ ਦਿਖਾਈ ਨਹੀਂ ਦਿੰਦਾ। ਤੂੰ ਸਭ ਗੁਣਾਂ ਨਾਲ ਭਰਪੂਰ ਹੈਂ, ਪਰ ਮੇਰੇ ਅੰਦਰ ਔਗੁਣ ਭਰੇ ਪਏ ਹਨ। ਮੈਂ ਅਕ੍ਰਿਤਘਣ ਹਾਂ, ਮੈਂ ਤੇਰਾ ਕੀਤਾ ਨਹੀਂ ਜਾਣਿਆਂ। ਅਗਿਆਨਤਾ ਵੱਸ ਮੈਂ ਮੇਰ-ਤੇਰ ਜਾਂ ਹਉਮੈਂ ਦਾ ਸ਼ਿਕਾਰ ਹਾਂ। ਮੇਰੇ ਜਿਹੇ ਅਗਿਆਨੀ ਦਾ ਛੁਟਕਾਰਾ ਅਤੇ ਪਾਰ-ਉਤਾਰਾ ਹੋਵੇ ਤਾਂ ਕਿਸ ਤਰ੍ਹਾਂ? ਹੇ ਸੰਸਾਰ ਦੇ ਕਰਤਾ, ਰੱਖਿਅਕ ਅਤੇ ਪ੍ਰਤਿਪਾਲਕ ਪ੍ਰਭੂ! ਤੂੰ ਦਿਆਲੂ ਹੈਂ। ਸਿਰਫ ਤੇਰੀ ਦਇਆ ਦੁਆਰਾ ਹੀ ਮੇਰਾ ਉੱਧਾਰ ਹੋ ਸਕਦਾ ਹੈ।

ਭਾਈ ਰੇ! ਰਾਮ ਕਹਾਂ ਹੈ ਮੋਹਿ ਬਤਾਵੋ।
ਸਤਿ ਰਾਮ ਤਾਕੇ ਨਿਕਟ ਨ ਆਇਓ॥[ਸ]
ਰਾਮ ਕਹਤ ਸਬ ਜਗਤ ਭੁਲਾਨਾ, ਸੋ ਯਹੁ ਰਾਮ ਨ ਹੋਈ।
ਕਰਮ ਅਕਰਮ ਕਰੁਨਾਮੈਂ ਕੇਸੌ, ਕਰਤਾ ਨਾਂਵ ਸੁ ਕੋਈ॥[ਹ]
ਜਾ ਰਾਮਹਿ ਸਬ ਜਗ ਜਾਨੈ, ਭਰਮ ਭੂਲੇ ਰੇ ਭਾਈ।
ਆਪ ਆਪ ਥੈਂ ਕੋਈ ਨ ਜਾਨੇ, ਕਹੇ ਕੌਨ ਸੂ ਜਾਈ॥
ਸਤਤ ਨ ਲੋਭ ਪਰਸਿ ਜੀਅ ਤਨਮਨ, ਗੁਨ ਪਰਸਤ ਨਹਿੰ ਜਾਈ।[ਕ]
ਅਲਖ ਨਾਂਵ ਜਾਕੌ ਠੌਰ ਨ ਕਤਹੂੰ, ਕਿਉਂ ਨ ਕਹਿਓ ਸਮੁਝਾਈ॥[ਖ]

ੳ. **ਰਮਸਿ**=ਨਿਵਾਸ ਕਰਨਾ; **ਨਿਰੰਤਰਿ**=ਹਮੇਸ਼ਾਂ। ਅ. **ਅਸਮਝਿ**=ਨਾਸਮਝੀ, ਅਗਿਆਨ; **ਨਿਸਤਾਰਾ**=ਛੁਟਕਾਰਾ। ੲ. **ਕ੍ਰਿਸ਼ਨ**=ਪਹਿਲੀ ਅਤੇ ਆਖਰੀ ਪੰਕਤੀ ਵਿਚ 'ਰਾਮ' ਅਤੇ 'ਕ੍ਰਿਸ਼ਨ' ਸ਼ਬਦ ਨਾਲ ਰਵਿਦਾਸ ਜੀ ਦਾ ਮੰਤਵ ਪਰਮਾਤਮਾ ਤੋਂ ਹੈ, ਨਾ ਕਿ ਕਿਸੇ ਅਵਤਾਰ ਵਿਸ਼ੇਸ਼ ਤੋਂ। ਸ. **ਸਤਿ**=ਸੱਚਾ। ਹ. **ਕਰੁਨਾਮੈਂ**=ਦਇਆਮਈ; **ਕੇਸੌ**=ਪਰਮਾਤਮਾ। ਕ. **ਸਤਤ**=ਸਦਾ, ਹਮੇਸ਼ਾਂ; **ਪਰਸਿ**=ਛੂਣਾ। ਖ. **ਠੌਰ**=ਸਥਾਨ।

ਭਣੈ 'ਰਵਿਦਾਸ' ਉਦਾਸ ਤਾਹੀਂ ਥੈਂ, ਕਰਤਾ ਕੋ ਹੈ ਭਾਈ।
ਕੇਵਲ ਕਰਤਾ ਏਕ ਸਹੀ ਕਰਿ, ਸਤਿ ਰਾਮ ਤਿੰਹਿ ਠਾਂਈ।।[ੳ] [20]

ਭਰਾਵਾ, ਇਹ ਤਾਂ ਦੱਸ ਕਿ ਜਿਸ ਨੂੰ ਤੂੰ ਰਾਮ ਕਹਿੰਦਾ ਹੈਂ ਉਹ ਰਾਮ ਹੈ ਕਿਥੇ? ਤੂੰ ਸੱਚੇ ਰਾਮ ਦੇ ਤਾਂ ਕਦੇ ਨੇੜੇ ਵੀ ਨਹੀਂ ਢੁੱਕਾ। ਜੀਭਾ ਦੁਆਰਾ ਤਾਂ ਸਾਰਾ ਸੰਸਾਰ ਰਾਮ-ਰਾਮ ਕਹਿ ਰਿਹਾ ਹੈ, ਪਰ ਉਹ ਅਸਲ ਵਿਚ ਸੱਚਾ ਰਾਮ ਨਹੀਂ ਹੈ। ਚੰਗੇ ਅਤੇ ਮੰਦੇ ਕਰਮਾਂ ਦੇ ਬੰਧਨਾਂ ਵਿਚ ਜਕੜੇ ਜੀਵਾਂ ਉਤੇ ਦਇਆ ਕਰਨ ਵਾਲਾ ਅਤੇ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਨਾਮ ਉਸ ਪ੍ਰਭੂ ਦਾ ਨਿਜ-ਰੂਪ ਹੈ। ਜਿਸ ਅਵਤਾਰੀ ਰਾਮ ਨੂੰ ਲੋਕ ਸੱਚਾ ਰਾਮ ਸਮਝਦੇ ਹਨ ਉਹ ਤਾਂ ਆਪ ਮਾਇਆ ਦੇ ਸੋਨੇ ਦੇ ਹਿਰਨ ਦੇ ਭਰਮ ਦਾ ਸ਼ਿਕਾਰ ਹੋ ਗਿਆ ਸੀ। ਕੋਈ ਜੀਵ ਆਪਣੀ ਬਲ-ਬੁੱਧੀ ਨਾਲ ਇਸ ਸੱਚ ਨੂੰ ਨਹੀਂ ਸਮਝ ਸਕਦਾ ਕਿ ਕਿਹੜਾ ਨਾਮ ਤਿੰਨ ਗੁਣਾਂ, ਪੰਜਾਂ ਤੱਤਾਂ ਅਤੇ ਪੰਜਾਂ ਵਿਕਾਰਾਂ ਤੋਂ ਪਰੇ ਹੈ। ਕੋਈ ਮੈਨੂੰ ਉਸ ਅਲਖ ਅਤੇ ਸਰਵ-ਵਿਆਪਕ ਨਾਮ ਦਾ ਭੇਦ ਕਿਉਂ ਨਹੀਂ ਸਮਝਾਉਂਦਾ? ਰਵਿਦਾਸ ਜੀ ਕਹਿੰਦੇ ਹਨ ਕਿ ਸਾਡੇ ਸਾਰੇ ਦੁੱਖਾਂ, ਕਸ਼ਟਾਂ ਅਤੇ ਨਿਰਾਸ਼ਾਵਾਂ ਦਾ ਅਸਲ ਕਾਰਨ ਇਹ ਹੈ ਕਿ ਸਾਨੂੰ ਇਹ ਗਿਆਨ ਨਹੀਂ ਕਿ ਸ੍ਰਿਸ਼ਟੀ ਦਾ ਕਰਤਾ ਅਤੇ ਜੀਵ ਦਾ ਉੱਧਾਰਕ ਕਿਹੜਾ ਪਰਮਾਤਮਾ ਜਾਂ ਰਾਮ ਹੈ। ਜਦ ਤੱਕ ਇਹ ਸਮਝ ਨਹੀਂ ਲੱਗਦੀ ਕਿ ਕੇਵਲ ਉਹ ਨਿਰਲੇਪ, ਅਲਖ, ਅਗੰਮ, ਸਰਬ-ਵਿਆਪਕ ਪਰਮਾਤਮਾ ਹੀ ਸਭ ਦਾ ਕਰਤਾ ਹੈ ਅਤੇ ਕੇਵਲ ਉਹੀ ਜੀਵ ਦਾ ਅਸਲ ਰੱਖਿਅਕ ਹੈ, ਜੀਵ ਦਾ ਉੱਧਾਰ ਨਹੀਂ ਹੋ ਸਕਦਾ।

ਕਾਲਹੁ ਨਾਇ ਤਾਹਿ ਪਦ ਸੀਸਾ, ਨਹਿੰ ਬਿਸਰਊਂ ਛਿਨ ਏਕਹੁ ਈਸਾ।।
ਜਨਮ ਮਰਨੁ ਅਰੁ ਜਗ ਜਾਲਾ, ਨਾਮ ਪਰਤਾਪ ਨ ਬਿਆਪਹਿ ਬਿਆਲਾ।
ਅਗਤ ਵਿਗਤ ਅਨਾਦਿ ਅਨੂਪਾ, ਵਿਸਵ ਵਿਆਪਕ ਬ੍ਰਹਮ ਅਰੂਪਾ।।
ਘਟ-ਘਟ ਤਿਹ ਪੇਖਿਅਤ ਅਇਸੇ, ਜਲ ਮਹਿ ਲਹਿਰ, ਲਹਿਰ ਜਲ ਜਇਸੇ।
ਕਹਿ ਰਵਿਦਾਸ ਹਰਿ ਸਰਬ ਬਿਆਪਕ, ਸਰਬ ਚਯਤਾਂਮਨਿ ਸਰਬ ਪ੍ਰਤਿਪਾਲਕ।।[21]

ਜਿਹਦੇ ਚਰਨਾਂ ਉੱਤੇ ਕਾਲ ਵੀ ਸਿਰ ਝੁਕਾਉਂਦਾ ਹੈ, ਮੈਂ ਪਲ-ਛਿਨ ਲਈ ਵੀ ਉਸ ਪ੍ਰਭੂ ਨੂੰ ਨਹੀਂ ਭੁੱਲ ਸਕਦਾ। ਉਸ ਪ੍ਰਭੂ ਦੇ ਨਾਮ ਦੇ ਸਦਕਾ ਮੇਰੇ ਉੱਤੇ ਆਵਾਗਵਨ, ਮਾਇਆ ਅਤੇ ਕਾਲ ਦਾ ਡੰਗ ਨਹੀਂ ਚੱਲ ਸਕਦਾ। ਉਹ ਪਰਮੇਸ਼ਰ

ੳ. ਠਾਂਈ=ਜਗ੍ਹਾ, ਥਾਂ।

ਅਮਰ, ਅਵਿਨਾਸ਼ੀ ਹੈ। ਉਹ ਆਦਿ ਜੁਗਾਦੀ ਪਰਮ-ਪਿਤਾ ਹੈ। ਉਹ ਅਪਰ-ਅਪਾਰ ਹੈ ਅਤੇ ਸਾਰੇ ਸੰਸਾਰ ਵਿਚ ਵਿਆਪਕ ਹੋਣ ਦੇ ਬਾਵਜੂਦ ਨਿਰਲੇਪ ਅਤੇ ਨਿਰਾਕਾਰ ਹੈ। ਪਾਣੀ ਲਹਿਰ ਵਿਚ ਅਤੇ ਲਹਿਰ ਪਾਣੀ ਵਿਚ ਹੁੰਦੀ ਹੈ। ਉਸੇ ਤਰ੍ਹਾਂ ਉਹ ਪਰਮਾਤਮਾ ਘਟ-ਘਟ ਵਿਚ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਉਹ ਪਰਮਾਤਮਾ ਸਰਵ-ਵਿਆਪਕ ਹੈ ਅਤੇ ਸਭ ਇੱਛਾਵਾਂ ਪੂਰੀਆਂ ਕਰਨ ਵਾਲਾ ਹੈ। ਉਹੀ ਸਭ ਦਾ ਰੱਖਿਅਕ ਅਤੇ ਪ੍ਰਤਿਪਾਲਕ ਹੈ।

ਪਰਮਾਤਮਾ ਦੀ ਸੱਚੀ ਪੂਜਾ

ਹਰ ਤਰ੍ਹਾਂ ਦੀ ਬਾਹਰਮੁਖੀ ਪੂਜਾ ਵਿਅਰਥ ਹੈ। ਦੇਵੀ-ਦੇਵਤਿਆਂ ਅੱਗੇ ਫਲ-ਫੁੱਲ ਚੜ੍ਹਾਉਣ, ਉਨ੍ਹਾਂ ਦੀ ਆਰਤੀ ਉਤਾਰਨ ਅਤੇ ਹੋਰ ਹੋਰ ਕਰਮ-ਕਾਂਡ ਕਰਨ ਦਾ ਕੋਈ ਲਾਭ ਨਹੀਂ। ਆਪਣੇ ਧਿਆਨ ਨੂੰ ਅੰਦਰ ਅੱਖਾਂ ਪਿੱਛੇ ਇਕਾਗਰ ਕਰਕੇ ਉਸ ਪਰਮਾਤਮਾ ਦੇ ਸ਼ਬਦ ਦੀ ਧੁਨੀ ਅਤੇ ਪ੍ਰਕਾਸ਼ ਵਿਚ ਲੀਨ ਕਰਨਾ ਹੀ ਪਰਮਾਤਮਾ ਦੀ ਇੱਕੋ ਸੱਚੀ ਪੂਜਾ ਹੈ। ਅੰਦਰੋਂ ਪਰਮਾਤਮਾ ਦੇ ਸ਼ਬਦ ਦੀ ਧੁਨੀ ਨੂੰ ਸੁਣ ਕੇ ਆਤਮਾ ਸੱਚੇ ਅਨੰਦ ਵਿਚ ਮਗਨ ਹੋ ਜਾਂਦੀ ਹੈ ਅਤੇ ਉਹਨੂੰ ਪਰਮਾਤਮਾ ਨਾਲ ਮਿਲਾਪ ਦਾ ਅਮਰ ਸੁਖ ਪ੍ਰਾਪਤ ਹੋ ਜਾਂਦਾ ਹੈ।

> ਸੁਰਤ ਸ਼ਬਦ ਜਉ ਏਕ ਹੋਂ, ਤਉ ਪਾਇਹਿਂ ਪਰਮ ਅਨੰਦ।[ੳ]
> 'ਰਵਿਦਾਸ' ਅੰਤਰ ਦੀਪਕ ਜਰਈ, ਘਟ ਉਪਜਈ ਬ੍ਰਹਮ ਅਨੰਦ॥[22]

ਜਦ ਆਤਮਾ ਅੱਖਾਂ ਪਿੱਛੇ ਇਕਾਗਰ ਹੋ ਕੇ ਸ਼ਬਦ ਦੀ ਮਧੁਰ ਧੁਨੀ ਨੂੰ ਸੁਣਦੀ ਹੈ ਅਤੇ ਅੰਦਰ ਸ਼ਬਦ ਦੇ ਦੀਪਕ ਦਾ ਪ੍ਰਕਾਸ਼ ਦੇਖਦੀ ਹੈ ਤਾਂ ਇਹਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਪਰਮ-ਅਨੰਦ ਪ੍ਰਾਪਤ ਹੋ ਜਾਂਦਾ ਹੈ।

> 'ਰਵਿਦਾਸ' ਦੀਆ ਜਗਮਗ ਜਰਈ, ਬਿਨ ਬਾਤੀ ਬਿਨ ਤੇਲ।
> ਸੁਰਤ ਸਾਧਿਕਰ ਹੀਯੇ ਮਹਿਂ, ਦੇਖਿ ਪੀਆ ਕੇ ਖੇਲ॥[ਅ 23]

ੳ. **ਸੁਰਤ**=ਆਤਮਾ ਦੀਆਂ ਦੋ ਅੰਦਰੂਨੀ ਸ਼ਕਤੀਆਂ ਨੂੰ ਜਿਨ੍ਹਾਂ ਰਾਹੀਂ ਇਹ ਅੰਦਰਲੇ ਪ੍ਰਕਾਸ਼ ਨੂੰ ਦੇਖਦੀ ਹੈ ਅਤੇ ਸ਼ਬਦ-ਧੁਨ ਨੂੰ ਸੁਣਦੀ ਹੈ, ਸੰਤਾਂ ਦੀ ਭਾਸ਼ਾ ਵਿਚ ਕ੍ਰਮਵਾਰ 'ਨਿਰਤ' ਅਤੇ 'ਸੁਰਤ' ਕਿਹਾ ਜਾਂਦਾ ਹੈ। ਅ. **ਹੀਯੇ**=ਹਿਰਦਾ (ਅੱਖਾਂ ਤੋਂ ਉੱਪਰ ਦੋਨਾ ਭਰਵੱਟਿਆਂ ਦੇ ਵਿਚਕਾਰ ਅੰਦਰਲੇ ਕੇਂਦਰ ਨੂੰ ਸੰਤਾਂ ਦੀ ਭਾਸ਼ਾ ਵਿਚ 'ਹਿਰਦਾ', 'ਤੀਸਰਾ ਤਿਲ' ਜਾਂ 'ਸ਼ਿਵ ਨੇਤਰ' ਕਿਹਾ ਜਾਂਦਾ ਹੈ)

ਰਵਿਦਾਸ ਜੀ ਕਹਿੰਦੇ ਹਨ ਕਿ ਅੰਦਰਲੇ ਗਿਆਨ ਦਾ ਦੀਵਾ ਬਿਨਾਂ ਤੇਲ ਅਤੇ ਬੱਤੀ ਦੇ ਸਦਾ ਜਗ ਰਿਹਾ ਹੈ। ਜੀਵ ਧਿਆਨ ਨੂੰ ਅੰਦਰ (ਤੀਸਰਾ ਤਿਲ) ਇਕਾਗਰ ਕਰਕੇ ਹੀ ਉਸ ਦੀਪਕ ਦੀ ਸਹਾਇਤਾ ਨਾਲ ਅੰਦਰੋਂ ਪ੍ਰੀਤਮ ਦੇ ਕੌਤਕ ਦੇਖ ਸਕਦਾ ਹੈ।*

'ਰਵਿਦਾਸ' ਸੁਰਤ ਕੂੰ ਸਾਧਿ ਕਰ, ਮੋਹਨ ਸੋਂ ਕਰ ਪਿਆਰ।
ਭੌ-ਜਲ ਕਰ ਸੰਕਟ ਕਟਹਿੰ, ਛੂਟਹਿੰ ਬਿਘਨ ਬਿਕਾਰ॥[24]

ਰਵਿਦਾਸ ਜੀ ਕਹਿੰਦੇ ਹਨ ਕਿ ਧਿਆਨ ਨੂੰ ਅੰਦਰ ਇਕਾਗਰ ਕਰਕੇ ਸ਼ਬਦ ਦੀ ਮਿੱਠੀ, ਪਿਆਰੀ ਧੁਨੀ ਨੂੰ ਸੁਣਨ ਨਾਲ ਅੰਦਰ ਪਰਮਾਤਮਾ ਦੀ ਪ੍ਰੀਤ ਵਧਦੀ ਹੈ। ਇਸ ਨਾਲ ਸੰਸਾਰ-ਸਾਗਰ ਵਿਚ ਗੋਤੇ ਨਹੀਂ ਖਾਣੇ ਪੈਂਦੇ। ਇਸ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਜੀਵਾਤਮਾ ਆਵਾਗਵਨ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦੀ ਹੈ।

ਰਾਮਹਿ ਪੂਜਾ ਕਹਾ ਚੜਾਊਂ, ਫਲ ਅਰੁ ਫੂਲ ਅਨੂਪ ਨ ਪਾਊਂ॥[ੳ]
ਥਨਹਰ ਦੂਧ ਜੁ ਵਛਰੂ ਜੁਠਾਰੁਯੋਂ, ਪਹੁਪ ਭੰਵਰ ਜਲ ਮੀਨ ਵਿਗਰਿਯੋਂ॥[ਅ]
ਮਲਿਯਾਗਰ ਵੇੜ੍ਹਿਯੋ ਭੁਵੰਗਾ, ਵਿਸ਼ ਅੰਮ੍ਰਿਤ ਦੋਊ ਏਕੈ ਸੰਗਾ॥[ੲ]
....
ਮਨ ਹੀ ਪੂਜਾ ਮਨ ਹੀ ਧੂਪ। ਮਨ ਹੀ ਸੇਊਂ ਸਹਜ ਸਰੂਪ॥[ਸ]
ਪੂਜਾ ਅਰਚਾ ਨ ਜਾਨੋਂ ਰਾਮ ਤੇਰੀ। ਕਹੈ 'ਰਵਿਦਾਸ' ਕਵਨ ਗਤਿ ਮੋਰੀ॥[26]

---

* ਰਵਿਦਾਸ ਜੀ ਦਾ ਇਹ ਪਦ ਪਲਟੂ ਸਾਹਿਬ ਦੇ ਹੇਠਾਂ ਲਿਖੇ ਪਦ ਦੀ ਯਾਦ ਦਿਲਾਉਂਦਾ ਹੈ:

ਉਲਟਾ ਕੂਵਾ ਗਗਨ ਮੇਂ ਤਿਸ ਮੇਂ ਜਰੈ ਚਿਰਾਗ॥
ਤਿਸ ਮੇਂ ਜਰੈ ਚਿਰਾਗ ਬਿਨਾ ਰੋਗਨ ਬਿਨ ਬਾਤੀ।
ਛੇ ਰਿਤੁ ਬਾਰਹ ਮਾਸ ਰਹਤ ਜਰਤੈ ਦਿਨ ਰਾਤੀ॥
ਸਤਿਗੁਰੁ ਮਿਲਾ ਜੋ ਹੋਇ ਤਾਹਿ ਕੀ ਨਜਰ ਮੇਂ ਆਵੈ।
ਬਿਨ ਸਤਿਗੁਰੁ ਕੋਉ ਹੋਇ ਨਹੀਂ ਵਾ ਕੋ ਦਰਸਾਵੈ॥
ਨਿਕਸੈ ਏਕ ਆਵਾਜ਼ ਚਿਰਾਗ ਕੀ ਜੋਤਿਹਿੰ ਮਾਹੀਂ।
ਗਿਆਨ ਸਮਾਧੀ ਸੁਨੈ ਔਰ ਕੋਉ ਸੁਨਤਾ ਨਾਹੀਂ॥
ਪਲਟੂ ਜੋ ਕੋਈ ਸੁਨੈ ਤਾ ਕੇ ਪੂਰੇ ਭਾਗ।
ਉਲਟਾ ਕੂਵਾ ਗਗਨ ਮੇਂ ਤਿਸ ਮੇਂ ਜਰੈ ਚਿਰਾਗ॥[25]

ੳ. **ਅਨੂਪ**=ਉਪਮਾ ਰਹਿਤ, ਅਤਿਅੰਤ ਪਵਿੱਤਰ। ਅ. **ਪੁਹੁਪ**=ਫੁੱਲ; **ਮੀਨ**=ਮੱਛੀ। ੲ. **ਮਲਿਆਗਿਰ**=ਚੰਦਨ; **ਭੁਅੰਗਾ**=ਸੱਪ। ਸ. **ਸਹਿਜ**=ਸੰਤਾਂ ਦੇ ਅਨੁਸਾਰ ਸਹਿਜ ਅਵਸਥਾ ਪਾਰਬ੍ਰਹਮ ਵਿਚ ਪਹੁੰਚ ਕੇ ਸ਼ੁਰੂ ਹੁੰਦੀ ਹੈ ਅਤੇ ਸੱਚਖੰਡ ਪਹੁੰਚ ਕੇ ਪੂਰੀ ਹੁੰਦੀ ਹੈ।

ਹੇ ਪ੍ਰਭੂ! ਮੈਂ ਤੇਰੀ ਪੂਜਾ ਵਿਚ ਕੀ ਚੜ੍ਹਾਵਾਂ? ਤੂੰ ਅਵਿਨਾਸ਼ੀ ਹੈਂ ਪਰ ਸੰਸਾਰ ਨਾਸ਼ਵਾਨ ਹੈ। ਸੰਸਾਰ ਦਾ ਕੋਈ ਅਜਿਹਾ ਫਲ, ਫੁੱਲ ਨਹੀਂ, ਜਿਹੜਾ ਤੇਰੇ ਅੱਗੇ ਚੜ੍ਹਾਏ ਜਾਣ ਦੇ ਯੋਗ ਹੋਵੇ। ਵੱਛਾ ਗਾਂ ਦਾ ਦੁੱਧ ਜੂਠਾ ਕਰ ਦਿੰਦਾ ਹੈ, ਭੌਰਾ ਫੁੱਲਾਂ ਨੂੰ ਭਿੱਟ ਦਿੰਦਾ ਹੈ ਅਤੇ ਮੱਛੀ ਜਲ ਨੂੰ ਅਪਵਿੱਤਰ ਕਰ ਦਿੰਦੀ ਹੈ। ਚੰਦਨ ਦੀ ਲੱਕੜੀ ਨੂੰ ਸੱਪਾਂ ਦੀ ਭਿੱਟ ਚੜ੍ਹੀ ਹੋਈ ਹੈ। ਮੈਂ ਸੰਸਾਰ ਦੀਆਂ ਅਪਵਿੱਤਰ ਅਤੇ ਨਾਸ਼ਵਾਨ ਵਸਤਾਂ ਦੁਆਰਾ ਤੇਰੀ ਪੂਜਾ ਕਰਨ ਦੀ ਥਾਂ ਅੰਦਰੋਂ ਮਨ ਨੂੰ ਇਕਾਗਰ ਕਰਕੇ ਸਹਿਜ ਅਵਸਥਾ ਵਿਚ ਆਪਣੀ ਆਤਮਾ ਤੁਹਾਡੇ ਅਰਪਣ ਕਰਕੇ ਤੁਹਾਡੀ ਸੱਚੀ ਪੂਜਾ ਕਰਦਾ ਹਾਂ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਂ ਕਿਸੇ ਤਰ੍ਹਾਂ ਦੀ ਬਾਹਰਮੁਖੀ ਪੂਜਾ ਨਹੀਂ ਜਾਣਦਾ। ਇਹ ਤਾਂ ਤੂੰ ਹੀ ਜਾਣਦਾ ਹੈਂ ਕਿ ਇਸ ਤਰ੍ਹਾਂ ਦੀ ਅੰਤਰਮੁਖ ਪੂਜਾ ਕਰਨ ਵਾਲੇ ਮੇਰੇ ਜਿਹੇ ਨਿਮਾਣੇ ਦੀ ਕੀ ਗਤੀ ਹੋਵੇਗੀ।

ਸੰਤ ਉਤਾਰੈਂ ਆਰਤੀ ਦੇਵ ਸਿਰੋਮਨੀਏ॥[ੳ]
ਉਰ ਅੰਤਰ ਤਹਾਂ ਬੈਸੇ ਬਿਨ ਰਸਨਾ ਭਨੀਏ॥[ਅ]
ਮਨਸਾ ਮੰਦਿਰ ਮਾਹਿੰ ਧੂਪ ਧੁਪਈਏ।
ਪ੍ਰੇਮ ਪ੍ਰੀਤਿ ਕੀ ਮਾਲ ਰਾਮ ਚੜ੍ਹਈਏ॥
ਚਹੁੰ ਦਿਸਿ ਦੀਅਨਾ ਬਾਰਿ ਜਗਮਗ ਹੋ ਰਹੀਏ[ੲ]
ਜੋਤਿ ਜੋਤਿ ਸਮ ਜੋਤੀ ਹਿਲਮਿਲ ਹੋ ਰਹੀਏ॥
ਤਨ ਮਨ ਆਤਮ ਵਾਰਿ ਤਹਾਂ ਹਰਿ ਗਾਈਏ ਗੀ[ਸ]
ਭਨਤ ਜਨ ਰੈਦਾਸ ਤੁਮ ਸਰਨਾ ਆਈਏ ਗੀ॥[27]

ਰਵਿਦਾਸ ਜੀ ਇਸ਼ਾਰਾ ਕਰਦੇ ਹਨ ਕਿ ਸੰਤ-ਜਨ ਕਿਸੇ ਤਰ੍ਹਾਂ ਦੀ ਬਾਹਰਮੁਖੀ ਪੂਜਾ ਵਿਚ ਨਹੀਂ ਫਸਦੇ। ਉਹ ਕੇਵਲ ਸਭ ਦੇਵਾਂ ਦੇ ਦੇਵ ਉਸ ਇੱਕ ਸੱਚੇ ਪਰਮਾਤਮਾ ਦੀ ਆਰਤੀ ਉਤਾਰਦੇ ਹਨ। ਇਸ ਆਰਤੀ ਲਈ ਉਨ੍ਹਾਂ ਨੂੰ ਕੋਈ

ੳ. **ਸਿਰੋਮਨੀਏ**=ਦੇਵ ਸ਼ਿਰੋਮਣੀ ਦੇ ਲਈ, ਦੇਵਾਂ ਦੇ ਦੇਵ ਪਰਮੇਸ਼ਰ ਲਈ। ਅ. **ਉਰ**=ਹਿਰਦਾ (ਤੀਸਰਾ ਤਿਲ, ਸ਼ਿਵ ਨੇਤਰ); **ਬੈਸੇ**=ਬੈਠੇ, ਆਪਣੇ ਆਪ ਨੂੰ ਇਕਾਗਰ ਕਰੇ; **ਰਸਨਾ**=ਜੀਭ; **ਭਨੀਏ**=ਜਾਪ ਕਰਨਾ, ਸਿਮਰਨ ਕਰਨਾ। ੲ. **ਦੀਅਨਾ**=ਦੀਵਾ। ਸ. **ਵਾਰਿ**=ਅਰਪਣ ਕਰਨਾ; **ਗਾਈਏ**=ਗਾਉਣਾ, ਪਰਮਾਤਮਾ ਰੂਪੀ ਸ਼ਬਦ-ਧੁਨ ਵਿਚ ਆਪਣੇ ਆਪ ਨੂੰ ਲੀਨ ਕਰ ਦੇਣਾ, ਅੰਦਰਲੀ ਸ਼ਬਦ-ਧੁਨ ਜਾਂ ਅਨਹਦ-ਨਾਦ ਵਿਚ ਆਤਮ-ਵਿਭੋਰ ਹੋ ਜਾਣਾ।

ਬਾਹਰਮੁਖੀ ਅਡੰਬਰ ਨਹੀਂ ਰਚਨਾ ਪੈਂਦਾ। ਉਹ ਆਪਣਾ ਧਿਆਨ ਅੰਦਰ ਅੱਖਾਂ ਪਿੱਛੇ ਇਕਾਗਰ ਕਰਕੇ ਅੰਦਰ ਪਰਮਾਤਮਾ ਦੇ ਪ੍ਰਕਾਸ਼ ਦੀ ਜੋਤ ਜਗਾਉਂਦੇ ਹਨ। ਉਹ ਆਪਣੀ ਆਤਮਾ ਦੀ ਜੋਤ ਉਸ ਪਰਮ-ਜੋਤ ਵਿਚ ਲੀਨ ਕਰ ਦਿੰਦੇ ਹਨ। ਉਹ ਆਪਣਾ-ਆਪ ਪੂਰੀ ਤਰ੍ਹਾਂ ਉਸ ਪਰਮ-ਜੋਤ ਵਿਚ ਅਭੇਦ ਕਰ ਦਿੰਦੇ ਹਨ ਅਤੇ ਇਸ ਤਰ੍ਹਾਂ ਉਹ ਪਰਮਾਤਮਾ ਦੀ ਸੱਚੀ ਸ਼ਰਨ ਪ੍ਰਾਪਤ ਕਰ ਲੈਂਦੇ ਹਨ।

ਗਗਨ ਮੰਡਲ ਮੈਂ ਆਰਤੀ ਕੀਜੈ, ਨਾਦ ਬਿੰਦ ਇਕ ਮੇਕ ਕਰੀਜੈ[ੳ]
ਸੁਸਮਨ ਇੰਦੂ ਅੰਮ੍ਰਿਤ ਕੁੰਭ ਧਰਾਵੈ, ਮਨਸਾ ਮਾਲਾ ਫੂਲ ਚੜ੍ਹਾਵੈ।।[ਅ]
ਘੀਵ ਅਖੰਡਾ ਸੋਹੈ ਬਾਤੀ, ਤ੍ਰਿਕੁਟੀ ਜੋਤ ਜਲੈ ਦਿਨ ਰਾਤੀ[ੲ]
ਪਵਨ ਸਾਧਨਾ ਥਾਲ ਸਜੀਜੈ, ਤਾਂ ਮੈਂ ਚੌਮੁਖ ਮਨ ਧਰਿ ਲੀਜੈ।।[ਸ]
ਰਵਿ ਸਸਿ ਹਾਥ ਗਹੌਂ ਤਿਹਂ ਮਾਹੀਂ, ਖਿਨ ਦਹਿਨੇ ਖਿਨ ਬਾਵੈਂ ਲਾਹੀਂ[ਹ]
ਸਹਸ ਕੰਵਲ ਸਿੰਘਾਸਨ ਰਾਜੈ, ਅਨਹਦ ਝਾਂਜਨ ਨਿਤ ਹੀ ਬਾਜੈ।।[ਕ]
ਇਹ ਵਿਧ ਆਰਤੀ ਸਾਂਚੀ ਸੇਵਾ, ਪਰਮ ਪੁਰਿਸ਼ ਅਲਖ ਅਭੇਵਾ।[ਖ]
ਕਹੈ 'ਰਵਿਦਾਸ' ਗੁਰਦੇਵ ਬਤਾਵੈ, ਐਸੀ ਆਰਤੀ ਪਾਰ ਲੰਘਾਵੈ।।[28]

ਰਵਿਦਾਸ ਜੀ ਕਹਿੰਦੇ ਹਨ ਕਿ ਸੱਚੀ ਆਰਤੀ ਸੁਰਤ ਨੂੰ ਇੜਾ (ਖੱਬੀ ਨਾੜੀ) ਅਤੇ ਪਿੰਗਲਾ (ਸੱਜੀ ਨਾੜੀ) ਦੇ ਵਿਚਕਾਰ ਸਥਿਤ ਸੁਖਮਨਾ ਨਾੜੀ ਵਿਚ ਪਰਵੇਸ਼ ਕਰਕੇ ਅੰਦਰ ਸ਼ਬਦ ਦੇ ਅੰਮ੍ਰਿਤ-ਮਈ ਨਾਦ ਵਿਚ ਲੀਨ ਕਰਨ ਤੇ ਉਤਾਰੀ ਜਾ ਸਕਦੀ ਹੈ। ਇਹ ਆਰਤੀ ਸਹੰਸਦਲ ਕੰਵਲ ਵਿਚ ਦਿਨ-ਰਾਤ

ੳ. **ਮੰਡਲ**=ਸੰਤਾਂ ਅਨੁਸਾਰ ਦੂਸਰੇ ਅੰਦਰਲੇ ਮੰਡਲ ਨੂੰ 'ਤ੍ਰਿਕੁਟੀ' ਕਹਿੰਦੇ ਹਨ ਅਤੇ ਇਸ ਮੰਡਲ ਦੇ ਅਕਾਸ਼ ਨੂੰ 'ਗਗਨ ਮੰਡਲ' ਕਹਿੰਦੇ ਹਨ; **ਬਿੰਦ**=ਅੰਦਰ ਗਗਨ ਵਿਚ ਗੂੰਜਣ ਵਾਲੇ ਸ਼ਬਦ ਨੂੰ 'ਅਨਹਦ ਨਾਦ' ਜਾਂ 'ਨਾਦ ਬਿੰਦੂ' ਕਹਿੰਦੇ ਹਨ। ਅ. **ਸੁਸਮਨ**=ਸੁਖਮਨਾ ਨਾੜੀ; **ਇੰਦੂ**=ਚੰਦਰਮਾ, ਕਿਹਾ ਜਾਂਦਾ ਹੈ ਕਿ ਚੰਦਰਮਾਂ ਵਿਚ ਅੰਮ੍ਰਿਤ ਦਾ ਵਾਸ ਹੈ। ਸੰਤਾਂ ਦੇ ਅਨੁਸਾਰ ਸੁਖਮਨਾ ਨਾੜੀ ਵਿਚੋਂ ਹੋ ਕੇ ਸਾਧਕ ਜਦੋਂ ਗਗਨ-ਮੰਡਲ ਵਿਚ ਪਹੁੰਚਦਾ ਹੈ ਤਾਂ ਦੇਖਦਾ ਹੈ ਕਿ ਗਗਨ-ਮੰਡਲ ਰੂਪੀ ਸਾਗਰ ਵਿਚ ਅੰਮ੍ਰਿਤ-ਰਸ ਭਰਿਆ ਹੋਇਆ ਹੈ। ਅੰਤ ਸਾਧਕ ਦੇ ਲਈ ਸੁਖਮਨਾ ਹੀ ਉਹ ਚੰਦਰਮਾ ਹੈ ਜਿਸ ਵਿਚ ਅੰਮ੍ਰਿਤ ਬਰਸਦਾ ਹੈ। ੲ. **ਤ੍ਰਿਕੁਟੀ**=ਸੰਤਾਂ ਦਾ ਦੂਸਰਾ ਅੰਦਰੂਨੀ ਮੰਡਲ। ਸ. **ਪਵਨ ਸਾਧਨਾ**=ਸਾਹ ਨੂੰ ਰੋਕਣ ਜਾਂ ਸਥਿਰ ਕਰਨ ਦਾ ਅਭਿਆਸ, ਥਾਲ ਵਿਚ ਜਗਦੇ ਹੋਏ ਦੀਵੇ ਦੀ ਲੌ ਨੂੰ ਵਿਸ਼ੇ-ਵਾਸਨਾ ਦੀ ਹਵਾ ਦੇ ਝਕੋਲੇ ਤੋਂ ਬਚਾ ਕੇ ਸਥਿਰ ਬਣਾਏ ਰੱਖਣ ਦਾ ਅਭਿਆਸ ਹੀ 'ਪਵਨ ਸਾਧਨਾ ਹੈ। ਹ. **ਖਿਨ**=ਪਲ। ਕ. **ਝਾਂਜਨ**=ਮੰਜੀਰੇ ਵਰਗਾ ਵਾਜਾ, ਝਾਂਜਰ। ਖ. **ਅਭੇਵਾ**=ਭੇਦ-ਰਹਿਤ।

ਆਪਣੇ-ਆਪ ਹੋ ਰਹੀ ਹੈ। ਵਿਸ਼ੇ-ਵਾਸਨਾ ਦੀ ਚੰਚਲ ਹਵਾ ਨੂੰ ਰੋਕ ਕੇ ਧਿਆਨ ਨੂੰ ਅੰਦਰ ਅੱਖਾਂ ਪਿੱਛੇ ਥਿਰ ਕਰਨ ਨਾਲ ਅੰਦਰ ਨਿਰੰਤਰ ਜਗ ਰਹੀ ਜੋਤ ਦੇ ਦਰਸ਼ਨ ਹੁੰਦੇ ਹਨ ਅਤੇ ਅਨਹਦ ਨਾਦ ਵੱਜਦਾ ਸੁਣਾਈ ਦਿੰਦਾ ਹੈ। ਇਹੋ ਉਸ ਪਰਮ-ਪੁਰਖ ਦੀ ਸੱਚੀ ਆਰਤੀ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਅੰਦਰ ਦਿਨ-ਰਾਤ ਹੋ ਰਹੀ ਇਸ ਆਰਤੀ ਨੂੰ ਦੇਖਣ ਦਾ ਭੇਦ ਸੰਤ-ਸਤਿਗੁਰੂ ਤੋਂ ਮਿਲਦਾ ਹੈ। ਇਸ ਆਰਤੀ ਨਾਲ ਲਿਵ ਜੋੜਨ ਵਾਲਾ ਪ੍ਰਾਣੀ ਹੀ ਸਦਾ ਲਈ ਭਵ-ਸਾਗਰ ਨੂੰ ਪਾਰ ਕਰ ਸਕਦਾ ਹੈ।

ਆਰਤੀ ਕਰਤ ਹੰਸੈ ਮਨ ਮੇਰੋ, ਆਵਤ ਚਿਤ ਤੁਵ ਰੂਪ ਘਨੇਰੋ॥[ੳ]
ਅਜਰ ਅਮਰ ਅਡੋਲ ਅਭੇਖਾ, ਨਿਰਗੁਨ ਰਹਿਤ ਰੂਪ ਨਹਿੰ ਰੇਖਾ।
ਚੇਤਨ ਸਤ ਚਿਤ ਘਨ ਆਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ॥
ਅਨੂਪ ਅਜਨਮਾ ਸਰਵਗਯ ਅਨੰਤਾ, ਅਭੇਦ ਅਦੈਖ ਅਵਿਗਤ ਸੁਛੰਦਾ[ਅ]
ਨਾਮ ਕੀ ਬਾਤੀ ਘੀਵ ਅਖੰਡਾ, ਇਕ ਹੀਂ ਜੋਤ ਜਲੈ ਬ੍ਰਹਮੰਡਾ॥
ਅਨਤ ਬਾਰ ਤੋਹਿ ਧਿਆਨ ਲਗਾਵਾ, ਮੁਨਿ ਜਨ ਪੈ ਪਾਰ ਨਹਿ ਪਾਵਾ।[ੲ]
ਮਨ ਬਚ ਕਰਮ 'ਰਵਿਦਾਸ' ਧਿਆਵਾ ਘੰਟਾ ਝਾਲਰ ਮਨਹਿੰ ਬਜਾਵਾ॥[29]

ਹੇ ਪ੍ਰਭੂ! ਤੇਰੀ ਆਰਤੀ ਕਰਦੇ ਹੋਏ ਮੇਰਾ ਮਨ ਸੱਚੇ ਅਨੰਦ ਦੇ ਰੰਗ ਵਿਚ ਰੰਗਿਆ ਗਿਆ ਹੈ ਅਤੇ ਮੇਰੇ ਹਿਰਦੇ ਵਿਚ ਤੇਰੀ ਸੁੰਦਰ ਤਸਵੀਰ ਉੱਤਰ ਗਈ ਹੈ। ਹੇ ਪ੍ਰਭੂ! ਤੂੰ ਅਲਖ, ਅਗਮ, ਅਤੇ ਨਿਰਾਕਾਰ ਹੈਂ। ਤੂੰ ਰੂਪ-ਰੇਖਾ ਤੋਂ ਨਿਆਰਾ ਹੈਂ। ਤੂੰ ਅਨੰਤ-ਅਸਗਾਹ, ਅਖੰਡ, ਅਭੇਦ, ਅਨੂਪ ਅਤੇ ਅਜਨਮਾ ਹੈਂ। ਤੂੰ ਆਪਣੇ ਆਪ ਤੋਂ ਆਪ ਹੈਂ। ਤੂੰ ਸਰਵ-ਵਿਆਪਕ ਅਤੇ ਸਰਵ-ਸ਼ਕਤੀਮਾਨ ਹੈਂ। ਤੂੰ ਆਪਣੀ ਰਜ਼ਾ ਦਾ ਮਾਲਕ ਹੈਂ ਅਤੇ ਜੋ ਚਾਹੇਂ ਸੋ ਕਰਦਾ ਹੈਂ। ਤੇਰੇ ਨਾਮ ਦੀ ਅਖੰਡ-ਜੋਤ ਸਾਰੇ ਬ੍ਰਹਿਮੰਡ ਵਿਚ ਜਗ ਰਹੀ ਹੈ। ਰਿਸ਼ੀ-ਮੁਨੀ ਤੇਰਾ ਧਿਆਨ ਕਰਦੇ ਹੋਏ ਥੱਕ ਗਏ ਪਰ ਕੋਈ ਤੇਰਾ ਪਾਰਾਵਾਰ ਨਾ ਪਾ ਸਕਿਆ। ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਮਨ, ਬਚਨ ਅਤੇ ਕਰਮ ਦੁਆਰਾ ਪੂਰੀ ਤਰ੍ਹਾਂ ਆਪਣੇ ਆਪ ਨੂੰ ਤੇਰੇ ਵਿਚ ਅਭੇਦ ਕਰ ਦਿੱਤਾ ਹੈ ਜਿਸ ਨਾਲ ਮੈਨੂੰ ਅੰਦਰੋਂ ਤੇਰੇ ਸ਼ਬਦ ਦੀ ਧੁਨੀ

ੳ. **ਹੰਸੈ**=ਪ੍ਰਸੰਨ ਹੋਣਾ, ਆਨੰਦਿਤ ਹੋਣਾ; **ਤੁਵ**=ਤੁਹਾਡਾ; **ਘਨੇਰੋ**=ਬਹੁਤ, ਅਤਿਅੰਤ ਸਪੱਸ਼ਟ।

ਅ. **ਅਦੈਖ**=ਜੋ ਵੇਖਿਆ ਨਾ ਜਾ ਸਕੇ; **ਅਵਿਗਤ**=ਜੋ ਕਦੇ ਖ਼ਤਮ ਨਾ ਹੋਵੇ; **ਸੁਛੰਦਾ**=ਜੋ ਆਪਣੀ ਮਰਜ਼ੀ ਅਨੁਸਾਰ ਕਾਰਜ ਕਰੇ, ਅਜ਼ਾਦ। ੲ. **ਅਨਤ**=ਅਨੇਕ।

ਸੁਣਾਈ ਦੇਣ ਲੱਗ ਪਈ ਹੈ। ਇਸ ਤਰ੍ਹਾਂ ਮੈਂ ਤੇਰੀ ਸੱਚੀ ਆਰਤੀ ਵਿਚ ਅਨੰਦ-ਮਗਨ ਹੋ ਗਿਆ ਹਾਂ।

ਪਰਮ ਸਤਿ ਦਾ ਅੰਤਰਮੁਖ ਅਨੁਭਵ

ਪਰਮ ਸਤਿ ਦਾ ਅਨੁਭਵ ਕੇਵਲ ਆਪਣੇ ਅੰਦਰ ਹੀ ਹੋ ਸਕਦਾ ਹੈ। ਪਰਮਾਤਮਾ ਰੂਪੀ ਸਤਿ ਅਨੁਭਵ ਦਾ ਵਿਸ਼ਾ ਹੈ, ਗੱਲਾਂ-ਬਾਤਾਂ ਦਾ ਨਹੀਂ। ਆਤਮਾ ਆਪਣੇ ਅੰਦਰ ਉਸ ਸਤਿ ਨੂੰ ਸਾਖਿਆਤ ਦੇਖ ਸਕਦੀ ਹੈ। ਬਾਹਰ ਗ੍ਰੰਥਾਂ-ਸ਼ਾਸਤਰਾਂ ਵਿਚ ਉਸ ਸਤਿ ਦਾ ਪਾਠ-ਵਿਚਾਰ ਕਰਨ ਜਾਂ ਉਸ ਦੇ ਗੁਣਾਂ ਦਾ ਕੀਰਤਨ ਕਰਨ ਵਿਚ ਉਹ ਅਨੰਦ ਨਹੀਂ ਹੈ ਜੋ ਉਸ ਸਤਿ ਦੇ ਪ੍ਰਤੱਖ ਦਰਸ਼ਨ ਵਿਚ ਹੈ। ਜਦੋਂ ਰੂਹਾਨੀ ਅਭਿਆਸ ਦੁਆਰਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਉੱਪਰ ਉੱਠ ਕੇ ਸੁਰਤ ਨੂੰ ਅੰਦਰ ਅਨਹਦ ਸ਼ਬਦ ਵਿਚ ਲੀਨ ਕਰ ਦਿੰਦੇ ਹਾਂ ਤਾਂ ਆਪ ਹੀ ਪਰਮਾਤਮਾ ਅਤੇ ਉਹਦੇ ਸੱਚੇ ਨਾਮ ਦਾ ਸਾਖਿਆਤ ਗਿਆਨ ਹੋ ਜਾਂਦਾ ਹੈ।

> ਅੰਤਹਕਰਨ ਅਨਭਉ ਕਰਹਿ, ਤਉ ਮਾਨਹੁ ਸੱਤ।[ੳ]
> 'ਰਵਿਦਾਸ' ਨਿਜ ਅਨੁਭਉ ਮਹਿੰ, ਸੱਤ ਮਹਿ ਜਾਨਿਹਿੰ ਸੱਤ॥[30]

ਅੰਦਰ ਚਿੱਤ, ਹਿਰਦੇ ਜਾਂ ਅੰਤਹਕਰਨ ਵਿਚ ਹੋਣ ਵਾਲੇ ਸੱਚ ਦਾ ਨਿਜੀ ਅਨੁਭਵ ਹੀ ਸੱਚਾ ਗਿਆਨ ਹੈ।

> ਜਹੰ ਅੰਧ ਬਿਸਵਾਸ ਹੈ, ਸੱਤ ਪਰਖ ਤਹਂ ਨਾਂਹਿ।
> 'ਰਵਿਦਾਸ' ਸੱਤ ਸੋਈ ਜਾਨਿਹੈ, ਜੌ ਅਨਭਉ ਹੋਇ ਮਨ ਮਾਂਹਿ॥[31]

ਜਿੱਥੇ ਅੰਧ-ਵਿਸ਼ਵਾਸ ਹੈ, ਉਥੇ ਸੱਚ ਦੀ ਪਰਖ ਨਹੀਂ ਹੋ ਸਕਦੀ। ਸੱਚ ਦੀ ਪਰਖ ਕੇਵਲ ਅੰਤਰੀ ਅਨੁਭਵ ਦੁਆਰਾ ਹੀ ਹੋ ਸਕਦੀ ਹੈ।

> 'ਰਵਿਦਾਸ' ਸਬਦਹਿ ਸਹ ਜਬਹਿ, ਸੁਖਹ ਇਕਮਿਕ ਹੋਈ।[ਅ]
> ਅਨੁਭੂਤਿ ਸੱਤਨਾਮਹ, ਸਵਯੰ ਦੇਤਹਿੰ ਲੋਈ॥[32]

ੳ. **ਅੰਤਹਕਰਨ**=ਚਿੱਤ, ਹਿਰਦਾ; **ਅਨਭਉ**=ਅਨੁਭਵ। ਅ. **ਸਹ**=ਸਾਥ; **ਇਕਮਿਕ**= ਏਕਾਕਾਰ।

ਰਵਿਦਾਸ ਜੀ ਕਹਿੰਦੇ ਹਨ ਕਿ ਜਦ ਸਾਡਾ ਧਿਆਨ ਅੰਦਰਲੀ ਸ਼ਬਦ-ਧੁਨ ਵਿਚ ਮਿਲ ਕੇ ਸੁਖਪੂਰਵਕ ਇਕਾਗਰ ਹੋ ਜਾਂਦਾ ਹੈ ਤਾਂ ਉਸ ਸਥਿਤੀ ਵਿਚ ਸੱਚੇ ਨਾਮ (ਸਤਿਨਾਮ) ਦਾ ਅਨੁਭਵ ਆਪਣੇ ਆਪ ਪ੍ਰਾਪਤ ਹੋਣ ਲੱਗ ਪੈਂਦਾ ਹੈ। ਭਾਵ ਸੁਰਤ ਦੇ ਸ਼ਬਦ ਵਿਚ ਮਿਲਣ ਦੀ ਸਥਿਤੀ ਆਪ ਹੀ ਸੱਚੇ ਨਾਮ ਦਾ ਅਨੁਭਵ ਪ੍ਰਦਾਨ ਕਰਦੀ ਹੈ।*

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥[ੳ]
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥[ਅ]
ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥[ੲ]
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥[ਸ]
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥[35]

ਪੜ੍ਹਨ, ਲਿਖਣ, ਪਾਠ-ਵਿਚਾਰ ਕਰਨ ਅਤੇ ਬਾਹਰਲਾ ਕੀਰਤਨ ਸੁਣਨ ਨਾਲ ਮਨ ਦੀ ਅਵਸਥਾ ਨਹੀਂ ਬਦਲਦੀ। ਜਦ ਤੱਕ ਅੰਦਰ ਸਤਿ ਦਾ ਸਾਖਿਆਤ ਅਨੁਭਵ ਨਾ ਹੋਵੇ, ਜੀਵ ਦੀ ਕਾਇਆ-ਕਲਪ ਨਹੀਂ ਹੋ ਸਕਦੀ। ਜਦ ਤੱਕ ਲੋਹਾ ਪਾਰਸ ਨਾਲ ਸਪਰਸ਼ ਨਾ ਕਰੇ ਉਹ ਸੋਨਾ ਕਿਵੇਂ ਬਣ ਸਕਦਾ ਹੈ? ਹੇ ਪ੍ਰਭੂ! ਸਾਡੀ ਸੰਸਿਆਂ ਦੀ ਗੱਠ ਨਹੀਂ ਖੁਲ੍ਹਦੀ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਪੰਜੇ

---

* ਇਸ ਅਵਸਥਾ ਵਿਚ ਪ੍ਰਾਪਤ ਹੋਣ ਵਾਲੇ ਅੰਦਰਲੇ ਅਨੰਦ ਅਤੇ ਦੈਵੀ ਪ੍ਰਕਾਸ਼ ਦਾ ਸੰਕੇਤ ਰਵਿਦਾਸ ਜੀ ਨੇ ਇਨ੍ਹਾਂ ਪੰਕਤੀਆਂ ਵਿਚ ਕੀਤਾ ਹੈ:

ਸੁਰਤ ਸ਼ਬਦ ਜਉ ਏਕ ਹੋਂ, ਤਉ ਪਾਇਹਿੰ ਪਰਮ ਅਨੰਦ।
'ਰਵਿਦਾਸ' ਅੰਤਰ ਦੀਪਕ ਜਰਈ, ਘਟ ਉਪਜਈ ਬ੍ਰਹਮ ਅਨੰਦ ॥[33]

ਗੁਰੂ ਨਾਨਕ ਦੇ ਸ਼ਬਦਾਂ ਵਿਚ:

ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥[34]

ੳ. **ਭਾਉ**=ਅਨੁਭਵ ਭਾਵ ਅੰਦਰਲੇ ਅਨੁਭਵ ਦੀ ਅਵਸਥਾ। ਅ. **ਕੰਚਨੁ**=ਨਿਰਮਲ, ਸੋਨਾ; **ਹਿਰਨ**=ਹਿਰਦਾ। ੲ. **ਮਾਇਆ**=ਲੋਭ; **ਮਤਸਰ**=ਈਰਖਾ, ਮੋਹ। ਸ. **ਬਉਰੇ**=ਬਾਵਰੇ, ਪਾਗਲ।

ਲੁਟੇਰੇ ਸਾਨੂੰ ਰਲ ਕੇ ਲੁੱਟੀ ਜਾਂਦੇ ਹਨ। ਅਸੀਂ ਆਪਣੀ ਮਲੀਨ ਬੁੱਧੀ ਕਾਰਨ ਆਪਣੇ-ਆਪ ਨੂੰ ਵੱਡੇ ਕਵੀ, ਉੱਚੀ ਕੁਲ ਦੇ ਰਾਜਕੁਮਾਰ, ਮਹਾਨ ਵਿਦਵਾਨ, ਜੋਗੀ, ਸਨਿਆਸੀ, ਗੁਣੀ-ਗਿਆਨੀ, ਸੂਰਬੀਰ ਅਤੇ ਦਾਨੀ ਕਹਿਣ ਦੀ ਅਗਿਆਨਤਾ ਕਰਦੇ ਹਾਂ। ਜਦ ਤੱਕ ਸਾਡੀ ਇਸ ਭਰਮਾਂ ਨਾਲ ਭਰੀ ਬੁੱਧੀ ਦਾ ਨਾਸ਼ ਨਹੀਂ ਹੁੰਦਾ, ਅਸੀਂ ਮੂਰਖਾਂ ਵਾਂਗ ਸੰਸਾਰ ਵਿਚ ਭਟਕਦੇ ਰਹਾਂਗੇ। ਚਾਹੀਦਾ ਇਹ ਹੈ ਕਿ ਇਸ ਭਰਮ-ਭਰੀ ਚਤੁਰਾਈ ਦਾ ਤਿਆਗ ਕਰਕੇ ਇੱਕ ਨਾਮ ਦਾ ਸਹਾਰਾ ਲੈ ਲਿਆ ਜਾਵੇ ਅਤੇ ਉਸ ਨੂੰ ਹੀ ਜੀਵਨ ਦਾ ਸੱਚਾ ਆਧਾਰ ਬਣਾਇਆ ਜਾਵੇ।

ਜਗ ਮੇਂ ਬੇਦ ਬੈਦ ਮਾਨੀ ਜੈ।
ਇਨ ਮਹਿ ਅਵਰੁ ਅਗਮ ਕਛੁ ਔਰੇ, ਕਹੌ ਕਵਨ ਪਰਿ ਕੀਜੈ॥
ਭੌਜਲ ਬਿਆਧਿ ਅਸਾਧਿ ਪਰਬਲ ਅਤਿ, ਪਰਮ ਪੰਥ ਨ ਗਹੀਜੈ।
ਪੜ੍ਹੈ ਸੁਨੈ ਕਛੂ ਸਮੁਝਿ ਨ ਪਰਈ, ਅਨਭੈ ਪਦੁ ਨ ਲਹੀਜੈ॥
ਚਕਸ਼ੂ ਬਿਹੂਨ ਕਤਾਰ ਚਲਤ ਹੈਂ, ਤਿਨਹੂ ਅੰਸ਼ ਭੁਜ ਦੀਜੈ।
ਕਹੈ 'ਰਵਿਦਾਸ' ਬਮੇਕ ਤਤ ਬਿਨੁ, ਸਬ ਮਿਲਿ ਗਰਤ ਪਰੀਜੈ॥[36]

ਸੰਸਾਰ ਦੇ ਲੋਕ ਵੇਦਾਂ ਨੂੰ ਜੰਮਣ-ਮਰਨ ਦੇ ਰੋਗ ਦਾ ਦਾਰੂ ਮੰਨਦੇ ਹਨ। ਪਰ ਭਗਤ ਜਨ ਅੰਦਰ ਜਾ ਕੇ ਦੇਖਦੇ ਹਨ ਕਿ ਬਿਨਾਂ ਸਭ ਤੋਂ ਉੱਚੇ ਧਾਮ ਸੱਚਖੰਡ ਦਾ ਇਸ਼ਟ ਧਾਰਨ ਦੇ ਭਵ-ਸਾਗਰ ਤੋਂ ਪਾਰ ਹੋ ਸਕਣਾ ਅਸੰਭਵ ਹੈ। ਸਿਰਫ਼ ਬਾਹਰ ਵੇਦਾਂ-ਸ਼ਾਸਤਰਾਂ ਦਾ ਪਾਠ-ਵਿਚਾਰ ਕਰ ਲੈਣ ਨਾਲ ਕੁਝ ਹਾਸਲ ਨਹੀਂ ਹੁੰਦਾ। ਲੋੜ ਅੰਦਰ ਜਾ ਕੇ ਸਤਿ ਦਾ ਨਿਜੀ ਅਨੁਭਵ ਕਰਨ ਦੀ ਹੈ। ਬਿਨਾਂ ਅੰਦਰਲੀ ਅੱਖ ਖੋਲ੍ਹਣ ਦੇ ਕਿਸੇ ਦੇ ਪਿੱਛੇ ਲੱਗਣਾ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਅੰਨ੍ਹਿਆਂ ਦੀ ਕਤਾਰ ਇੱਕ ਅੰਨ੍ਹੇ ਪਿੱਛੇ ਤੁਰੀ ਜਾਂਦੀ ਹੋਵੇ।* ਬਿਨਾਂ ਸਤਿ ਦੇ ਸਾਖਿਆਤ

---

* ਵਿੱਦਿਆ-ਬੁੱਧੀ ਦੇ ਥੋਥੇ ਗਿਆਨ ਵਿਚ ਪਏ ਆਪਣੇ ਆਪ ਨੂੰ ਵਿਦਵਾਨ ਮੰਨਣ ਵਾਲੇ ਸੰਸਾਰੀ ਵਿਅਕਤੀਆਂ ਦੇ ਲਈ ਉਪਨਿਸ਼ਦਾਂ ਵਿਚ ਵੀ ਇਸ ਉਪਮਾ ਦਾ ਪ੍ਰਯੋਗ ਕੀਤਾ ਗਿਆ ਹੈ :

ਅਵਿਦਿਆਯਾਮੰਤਰੇ ਵਰਤਮਾਨਾ: ਸਵਯੰਧੀਰਾ: ਪੰਡਿਤੰ ਮਨਯਮਾਨਾ:।
ਜੜ: ਘਨਯਮਾਨਾ: ਪਰਿਯਨਤਿ ਮੂਢਾ, ਅਨਧੇਨੈਵਨੀਯਮਾਨਾ ਯਥਾਨਧਾ:।[37]

ਅਗਿਆਨ ਵਿਚ ਡੁੱਬੇ ਆਪਣੇ ਆਪ ਬੁੱਧੀਮਾਨ ਬਣਨ ਵਾਲੇ ਅਤੇ ਆਪਣੇ ਆਪ ਨੂੰ ਪੰਡਿਤ ਸਮਝਣ ਵਾਲੇ ਮੂਰਖ਼ ਲੋਕ ਅੰਨ੍ਹੇ ਪਿੱਛੇ ਲੱਗ ਕੇ ਚੱਲਣ ਵਾਲੇ ਅੰਨ੍ਹਿਆਂ ਦੀ ਤਰ੍ਹਾਂ ਸੰਸਾਰ ਵਿਚ ਬਾਰ-ਬਾਰ ਦੁੱਖ ਸਹਿੰਦੇ ਹੋਏ ਭਟਕਦੇ ਰਹਿੰਦੇ ਹਨ।

ਗਿਆਨ ਦੇ ਇੱਕ ਦੂਜੇ ਦੇ ਪਿੱਛੇ ਚੱਲਣ ਵਾਲੇ ਲੋਕ ਅੰਧਕਾਰ ਦੇ ਟੋਏ ਵਿਚ ਜਾ ਡਿਗਦੇ ਹਨ। ਰਵਿਦਾਸ ਜੀ ਕਹਿੰਦੇ ਹਨ ਕਿ ਸੱਚ ਦੀ ਪਰਖ ਤੋਂ ਬਿਨਾਂ ਸਭ ਸੰਸਾਰੀ ਲੋਕ ਹਨੇਰੇ ਖੱਡੇ ਵਿਚ ਡਿਗਦੇ ਹਨ।

ਐਸੋ ਕਛੁ ਅਨਭਉ, ਕਹਿਤ ਨ ਆਵੈ।
ਸਾਹਿਬ ਮੇਰੋ ਮਿਲੈ, ਤਉ ਕੋ ਬਿਲਗਾਵੈ॥
ਸਭ ਮੈਂ ਹਰਿ ਹੈ ਹਰਿ ਮੈਂ ਸਭ ਹੈਂ, ਹਰਿ ਅਪਨੌਂ ਜਨਿ ਜਾਨਾ।[ੳ]
ਆਪਨਿ ਆਪਿ ਸਾਖੀ ਨਹਿੰ ਦੂਸਰ, ਜਾਨਨਹਾਰ ਸਿਆਂਨਾ॥[ਅ]
ਬਾਜੀਗਰ ਸੂੰ ਰਾਂਚਿ ਰਹੀਐ, ਬਾਜੀ ਕੂੰ ਮਰਮ ਇਨਿ ਜਾਨਾ।[ੲ]
ਬਾਜੀ ਝੂੰਠ ਸਾਂਚ ਬਾਜੀਗਰ, ਜਾਨਾ ਮਨ ਪਤਿਆਨਾ॥[ਸ]
ਤਨ ਥਿਰ ਹੋਇ ਤੋ ਕਾਂਇ ਨ ਸੂਝੈ, ਜਾਨੈ ਜਾਨਨਹਾਰਾ।
ਕਹੈ 'ਰਵਿਦਾਸ' ਵਿਮਲ ਬਮੇਕ ਸੁਖ, ਸਹਿਜ ਸਰੂਪ ਸੰਭਾਰਾ॥[ਹ] [38]

ਪਰਮਾਤਮਾ ਨਾਲ ਮਿਲਾਪ ਦਾ ਅੰਤਰਮੁਖ ਅਨੁਭਵ ਬਿਆਨ ਤੋਂ ਬਾਹਰ ਹੈ। ਜਦ ਇੱਕ ਵਾਰ ਆਤਮਾ ਉਸ ਪ੍ਰੀਤਮ ਵਿਚ ਸਮਾ ਜਾਂਦੀ ਹੈ ਤਾਂ ਫਿਰ ਕੋਈ ਉਸ ਨੂੰ ਉਸ ਤੋਂ ਅਲੱਗ ਨਹੀਂ ਕਰ ਸਕਦਾ। ਮਿਲਾਪ ਦੀ ਉਸ ਅਵਸਥਾ ਦਾ ਵਰਨਨ ਕਰ ਸਕਣਾ ਅਸੰਭਵ ਹੈ ਕਿਉਂਕਿ ਵਰਨਨ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਵਰਨਨ ਕਰਨ ਵਾਲਾ ਕਿਸੇ ਦੂਸਰੀ ਚੀਜ਼ ਨੂੰ ਦੇਖ ਕੇ ਬਿਆਨ ਕਰ ਰਿਹਾ ਹੋਵੇ। ਜਦ ਉਹ ਉਸ ਪਰਮ ਸਤਿ ਵਿਚ ਸਮਾ ਕੇ ਉਸ ਦਾ ਰੂਪ ਹੋ ਜਾਂਦਾ ਹੈ ਤਾਂ ਉਸ ਦਾ ਵਰਨਨ ਕਿਵੇਂ ਕਰ ਸਕਦਾ ਹੈ? ਪਰਮਾਤਮਾ ਸਾਡੇ ਸਭ ਦੇ ਅੰਦਰ ਹੈ ਅਤੇ ਅਸੀਂ ਸਭ ਪਰਮਾਤਮਾ ਦੇ ਅੰਦਰ ਹਾਂ। ਪਰਮਾਤਮਾ ਦਾ ਭਗਤ ਪਰਮਾਤਮਾ ਨਾਲ ਮਿਲਾਪ ਦੇ ਅਨੰਦ ਦਾ ਰਸ ਲੈਂਦਾ ਹੈ ਪਰ ਕਿਸੇ ਦੂਸਰੇ ਨੂੰ ਉਸ ਬਾਰੇ ਕੁਝ ਨਹੀਂ ਕਹਿ ਸਕਦਾ। ਪਰਮਾਤਮਾ ਨਾਲ ਮਿਲਾਪ ਕਰਕੇ ਪਰਮਾਤਮਾ ਦਾ ਰੂਪ ਹੋ ਗਿਆ ਵਿਅਕਤੀ ਹੀ ਸੱਚਾ ਗਿਆਨੀ ਹੈ। ਜਿਸ ਜਾਦੂਗਰ ਪ੍ਰਭੂ ਨੇ, ਸੰਸਾਰ ਦਾ ਜਾਦੂ ਦਾ ਖੇਲ ਰਚਾਇਆ ਹੈ ਉਹੀ ਇਸ ਦੀ ਅਸਲੀਅਤ ਜਾਣਦਾ ਹੈ। ਸਾਨੂੰ ਇਹੋ ਸੋਭਦਾ ਹੈ ਕਿ ਅਸੀਂ ਉਸ ਪਿਆਰੇ ਪ੍ਰੀਤਮ ਨਾਲ ਪ੍ਰੇਮ ਕਰੀਏ ਕਿਉਂਕਿ ਜਾਦੂ ਦਾ

ੳ. **ਜਨਿ**=ਜਨ। ਅ. **ਸਾਖੀ**=ਸਾਕਸ਼ੀ, ਆਪਣੀਆਂ ਅੱਖਾਂ ਨਾਲ ਦੇਖਣ ਵਾਲਾ, ਗਵਾਹ; **ਸਿਆਂਨਾ**=ਬੁੱਧੀਮਾਨ, ਗਿਆਨੀ। ੲ. **ਰਾਂਚਿ**=ਪ੍ਰੇਮ ਕਰਨਾ, ਅਨੁਰਕਤ ਹੋਣਾ; **ਬਾਜੀ**=ਖੇਲ; **ਮਰਮ**=ਭੇਦ, ਰਹੱਸ; **ਇਨਿ**=ਇਨ੍ਹਾਂ ਨੇ। ਸ. **ਪਤਿਆਨਾ**=ਵਿਸ਼ਵਾਸ ਕਰਨਾ। ਹ. **ਬਮੇਕ**= ਵਿਵੇਕ; **ਸਹਿਜ**=ਦੇਖੋ: ਪੰ. 83 ਪਦ-ਟਿਪਣੀ ਸ।

ਸੰਸਾਰ ਝੂਠਾ ਹੈ ਪਰ ਇਸ ਦੀ ਰਚਨਾ ਕਰਨ ਵਾਲਾ ਉਹ ਪਰਮਾਤਮਾ ਸੱਚਾ ਹੈ। ਜਦ ਮਨ ਨੂੰ ਅੰਦਰ ਇਕਾਗਰ ਅਤੇ ਥਿਰ ਕਰ ਲੈਂਦੇ ਹਾਂ ਤਾਂ ਆਪਣੇ-ਆਪ ਬਾਹਰਲੇ ਝੂਠੇ ਅਤੇ ਜਾਦੂ ਭਰੇ ਸੰਸਾਰ ਤੋਂ ਉੱਪਰ ਉੱਠ ਕੇ ਅੰਦਰਲੇ ਸੱਚੇ ਜਗਤ ਵਿਚ ਦਾਖ਼ਲ ਹੋ ਜਾਂਦੇ ਹਾਂ। ਰਵਿਦਾਸ ਜੀ ਕਹਿੰਦੇ ਹਨ ਕਿ ਅੰਦਰ ਰੂਹਾਨੀ ਤਰੱਕੀ ਕਰਨ ਨਾਲ ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਸ ਵਿਚ ਪਰਮਾਤਮਾ ਦੇ ਸੱਚੇ ਸਰੂਪ ਦਾ ਗਿਆਨ ਹੋ ਜਾਂਦਾ ਹੈ ਅਤੇ ਪਰਮ-ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

3. ਦੇਹਧਾਰੀ ਸਤਿਗੁਰੂ ਦੀ ਲੋੜ

ਗੁਰੂ ਅਤੇ ਗੋਬਿੰਦ ਇੱਕ ਹਨ

ਪਰਮਾਤਮਾ ਨਾਲ ਮਿਲਾਪ ਕਰਨ ਲਈ ਦੇਹਧਾਰੀ ਗੁਰੂ ਦੀ ਕਿਉਂ ਲੋੜ ਹੈ, ਇਸ ਗੱਲ ਨੂੰ ਸਮਝਣ ਲਈ ਇਹ ਗੱਲ ਮਨ ਵਿਚ ਚੰਗੀ ਤਰ੍ਹਾਂ ਬਿਠਾ ਲੈਣਾ ਜ਼ਰੂਰੀ ਹੈ ਕਿ ਪੂਰਨ ਸੰਤ ਜਾਂ ਸੱਚਾ ਗੁਰੂ ਪਰਮਾਤਮਾ ਦਾ ਹੀ ਸਾਖਿਆਤ ਰੂਪ ਹੁੰਦਾ ਹੈ। ਦੋਹਾਂ ਦੇ ਅੰਦਰ ਕੋਈ ਭਿੰਨ ਭੇਦ ਨਹੀਂ ਹੁੰਦਾ। ਜੀਵਾਤਮਾ ਅਤੇ ਪਰਮਾਤਮਾ ਦੇ ਵਿਚਕਾਰ ਇੱਕੋ ਪਰਦਾ ਮਨ, ਮਾਇਆ ਜਾਂ ਹਉਮੈਂ ਦਾ ਹੈ। ਪੂਰਨ ਸੰਤਾਂ ਨੇ ਇਸ ਪਰਦੇ ਨੂੰ ਪੂਰੀ ਤਰ੍ਹਾਂ ਦੂਰ ਕਰ ਲਿਆ ਹੁੰਦਾ ਹੈ। ਉਹ ਹਉਮੈਂ ਦਾ ਨਾਸ਼ ਕਰਕੇ ਇਸ ਤਰ੍ਹਾਂ ਪਰਮਾਤਮਾ ਵਿਚ ਸਮਾ ਚੁੱਕੇ ਹੁੰਦੇ ਹਨ ਜਿਸ ਤਰ੍ਹਾਂ ਨਦੀ ਸਮੁੰਦਰ ਵਿਚ ਸਮਾ ਕੇ ਸਮੁੰਦਰ ਦਾ ਰੂਪ ਹੋ ਜਾਂਦੀ ਹੈ।

ਸਰੀਰ ਵਿਚ ਕੈਦ ਆਤਮਾ ਆਪਣੇ ਆਪ ਪਰਮਾਤਮਾ ਨਾਲ ਮਿਲਾਪ ਨਹੀਂ ਕਰ ਸਕਦੀ। ਉਹ ਤਾਂ ਹੀ ਪਰਮਾਤਮਾ ਨਾਲ ਮਿਲਾਪ ਕਰ ਸਕਦੀ ਹੈ ਜੇ ਪਰਮਾਤਮਾ ਖ਼ੁਦ ਸਰੀਰ ਦਾ ਚੋਲਾ ਧਾਰ ਕੇ ਉਹਦੀ ਪੱਧਰ ਉਤੇ ਉਹਦੇ ਸਾਹਮਣੇ ਪਰਗਟ ਹੋਵੇ। ਇਸ ਲਈ ਉਹ ਦਇਆਲੂ ਪਿਤਾ ਜੀਵ ਦੇ ਉੱਧਾਰ ਲਈ ਖ਼ੁਦ ਦੇਹ ਦਾ ਚੋਲਾ ਧਾਰ ਕੇ ਸੰਸਾਰ ਵਿਚ ਆਉਂਦਾ ਹੈ। ਪਰਮਾਤਮਾ ਦੇ ਇਸ ਦੇਹਧਾਰੀ ਜਾਂ ਨਰ ਰੂਪ ਨੂੰ ਹੀ 'ਗੁਰੂ' ਕਿਹਾ ਜਾਂਦਾ ਹੈ। ਦੂਜੇ ਲਫ਼ਜ਼ਾਂ ਵਿਚ ਗੁਰੂ ਮਨੁੱਖ ਰੂਪ ਵਿਚ ਪਰਗਟ ਹੋਇਆ ਪਰਮਾਤਮਾ ਹੈ। ਉਹ ਆਪਣੇ ਅਨਾਦੀ ਰੂਪ ਦੀ ਸਹਾਇਤਾ ਨਾਲ ਜੀਵਾਂ ਨੂੰ ਚਿਤਾਉਂਦਾ ਹੈ, ਉਨ੍ਹਾਂ ਨੂੰ ਸਹੀ ਮਾਰਗ ਦਿਖਾਉਂਦਾ ਹੈ ਅਤੇ ਅੰਤ ਨੂੰ ਆਪਣੀ ਦਇਆ-ਮਿਹਰ ਅਤੇ ਨਿੱਜੀ ਸਹਾਇਤਾ ਦੁਆਰਾ ਉਨ੍ਹਾਂ ਨੂੰ ਆਪਣੇ ਸੱਚੇ ਰੂਪ ਦੀ ਲਖਤਾ ਕਰਵਾ ਦਿੰਦਾ ਹੈ।

ਸੰਤ-ਸਤਿਗੁਰੂ ਅਮੀਰੀ-ਗ਼ਰੀਬੀ ਅਤੇ ਊਚ-ਨੀਚ ਦੇ ਹਾਲਾਤ ਤੋਂ ਅਭਿੱਜ ਹੁੰਦੇ ਹਨ। ਬਾਹਰਲੀ ਅਮੀਰੀ-ਗ਼ਰੀਬੀ, ਦੇਸ਼-ਪਰਿਵਾਰ ਆਦਿ ਦਾ ਉਨ੍ਹਾਂ ਦੀ ਅੰਦਰਲੀ ਰੂਹਾਨੀ ਅਵਸਥਾ ਉਤੇ ਕੋਈ ਅਸਰ ਨਹੀਂ ਪੈਂਦਾ।

ਉਨ੍ਹਾਂ ਦੇ ਅੰਦਰ ਪਰਮਾਤਮਾ ਦੇ ਪ੍ਰੇਮ ਦੀ ਨਿਰਮਲ ਅਤੇ ਪਰਬਲ ਧਾਰਾ ਵਗ ਰਹੀ ਹੁੰਦੀ ਹੈ, ਜਿਹੜੀ ਉਨ੍ਹਾਂ ਦੀ ਸ਼ਰਨ ਆਉਣ ਵਾਲੇ ਹਰ ਪ੍ਰਾਣੀ ਉੱਤੇ ਇੱਕੋ ਜਿਹਾ ਅਸਰ ਕਰਦੀ ਹੈ। ਪਾਣੀ ਵਿਚ ਰਹਿੰਦੇ ਹੋਏ ਪਾਣੀ ਤੋਂ ਨਿਰਲੇਪ ਰਹਿਣ ਵਾਲੇ ਕੰਵਲ ਵਾਂਗ ਸੰਤ-ਸਤਿਗੁਰੂ ਸੰਸਾਰ ਵਿਚ ਰਹਿੰਦੇ ਹੋਏ ਇਸ ਤੋਂ ਨਿਆਰੇ ਅਤੇ ਨਿਰਲੇਪ ਰਹਿ ਕੇ ਹਰ ਪਾਸੇ ਆਪਣੀ ਰੂਹਾਨੀ ਸੁਗੰਧੀ ਫੈਲਾਉਂਦੇ ਹਨ।

ਹਰਿ ਗੁਰ ਸਾਧ ਸਮਾਨ ਚਿਤ, ਨਿਤ ਆਗਮ ਤਤ ਮੂਲ ॥[ੳ]
ਇਨ ਬਿਚ ਅੰਤਰ ਜਿਨ ਪਰੌ, ਕਰਵਤ ਸਹਿਨ ਕਬੂਲ ॥[ਅ][1]

ਸਭ ਸ਼ਾਸਤਰਾਂ ਦਾ ਇੱਕੋ ਮਤ ਹੈ ਕਿ ਸੰਤ ਜਨ, ਸਤਿਗੁਰੂ ਅਤੇ ਪਰਮਾਤਮਾ ਇੱਕ ਰੂਪ ਹੁੰਦੇ ਹਨ। ਆਰੇ ਨਾਲ ਚੀਰੇ ਜਾਣ ਦਾ ਤਸੀਹਾ ਸਹਿ ਲੈਣਾ ਚਾਹੀਦਾ ਹੈ ਪਰ ਪੂਰਨ ਸਾਧੂ, ਸੱਚੇ ਗੁਰੂ ਅਤੇ ਪਰਮਾਤਮਾ ਵਿਚ ਕੋਈ ਭਿੰਨ-ਭੇਦ ਸਵੀਕਾਰ ਨਹੀਂ ਕਰਨਾ ਚਾਹੀਦਾ।

'ਰਵਿਦਾਸ' ਕਹੈ ਜਾਕੇ ਰਿਦੈ, ਰਹੈ ਰੈਨ ਦਿਨ ਰਾਮ ॥[ੲ]
ਸੋ ਭਗਤਾ ਭਗਵੰਤ ਸਮ, ਕ੍ਰੋਧ ਨ ਬਿਆਪੈ ਕਾਮ ॥[2]

ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਦੇ ਹਿਰਦੇ ਵਿਚ ਦਿਨ-ਰਾਤ ਪਰਮਾਤਮਾ ਦਾ ਨਿਵਾਸ ਹੈ, ਉਹ ਭਗਤ ਭਗਵਾਨ ਦਾ ਹੀ ਪ੍ਰਤੱਖ ਰੂਪ ਹੈ। ਉਹਦੇ ਉੱਤੇ ਕਦੇ ਵਿਸ਼ੇ-ਵਿਕਾਰਾਂ ਦਾ ਪ੍ਰਭਾਵ ਨਹੀਂ ਹੋ ਸਕਦਾ।

ਸਮਾਧਿ ਥਿਤਿ ਸੰਤ ਜਨ, ਅਪਨਹੁ ਅੱਪ ਮਿਟਾਂਹਿ ॥[ਸ]
ਜਿਮਿ ਗੰਗ ਸਮੁੰਦ ਮਿਲਿ, ਰਵਿਦਾਸ ਸਮੁੰਦਹਿੰ ਵਿਲਾਂਹਿ ॥[3]

ਪੂਰਨ ਇਕਾਗਰਤਾ ਜਾਂ ਸਹਿਜ-ਸਮਾਧੀ ਦੀ ਅਵਸਥਾ ਵਿਚ ਪਹੁੰਚ ਚੁੱਕਾ ਪੂਰਨ ਸੰਤ ਆਪਣੀ ਹਉਮੈਂ ਜਾਂ ਆਪਣੇ ਆਪੇ ਦਾ ਨਾਸ਼ ਕਰ ਚੁੱਕਾ ਹੁੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਗੰਗਾ ਸਮੁੰਦਰ ਵਿਚ ਸਮਾ ਕੇ

ੳ. **ਆਗਮ**=ਸ਼ਾਸਤਰ; **ਤਤ**=ਤੱਤ। ਅ. **ਕਰਵਤ**=ਆਰੇ ਨਾਲ ਚੀਰੇ ਜਾਣ ਵਾਲਾ ਕਸ਼ਟ। ਬਨਾਰਸ ਦੇ ਪੁਜਾਰੀਆਂ ਕੋਲ ਇਕ ਆਰਾ ਸੀ ਜਿਸ ਬਾਰੇ ਇਹ ਅੰਧ ਵਿਸ਼ਵਾਸ ਫੈਲਾਇਆ ਗਿਆ ਸੀ ਕਿ ਜੋ ਉਸ ਨਾਲ ਆਪਣਾ ਸਿਰ ਕਟਾਵੇਗਾ, ਉਹ ਸਵਰਗਾਂ ਵਿਚ ਚਲਿਆ ਜਾਵੇਗਾ। ੲ. **ਰਿਦੈ**=ਹਿਰਦਾ। ਸ. **ਥਿਤਿ**=ਸਥਿਤ; **ਅੱਪ**=ਹੰਕਾਰ; **ਮਿਟਾਂਹਿ**=ਲੀਨ ਹੋ ਚੁੱਕੇ ਹਨ।

ਆਪਣਾ-ਆਪਾ ਪੂਰੀ ਤਰ੍ਹਾਂ ਉਸ ਵਿਚ ਖੋ ਦਿੰਦੀ ਹੈ, ਮੈਂ ਵੀ ਆਪਣੀ ਹਸਤੀ ਪਰਮਾਤਮਾ ਵਿਚ ਪੂਰੀ ਤਰ੍ਹਾਂ ਅਭੇਦ ਕਰ ਦਿੱਤੀ ਹੈ।

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥[ੳ]
ਸੰਤ ਚੀ ਸੰਗਤਿ ਸੰਤ ਕਥਾ ਰਸੁ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥
ਸੰਤ ਆਚਰਣ ਸੰਤ ਚੋ ਮਾਰਗੁ॥ ਸੰਤ ਚ ਓਲ੍ਹਗ ਓਲ੍ਹਗਣੀ॥[ਅ]
ਅਉਰ ਇਕ ਮਾਗਉ ਭਗਤਿ ਚਿੰਤਾਮਣਿ॥ ਜਣੀ ਲਖਾਵਹੁ ਅਸੰਤ ਪਾਪੀ ਸਣਿ॥[ੲ]
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥ ਸੰਤ ਅਨੰਤਹਿ ਅੰਤਰੁ ਨਾਹੀ॥[ਸ 4]

ਹੇ ਨਿਰਾਕਾਰ ਪ੍ਰਭੂ! ਸੰਤ-ਜਨ ਹੀ ਤੇਰਾ ਸਾਕਾਰ ਰੂਪ ਹਨ। ਉਹੀ ਤੇਰੀ ਦੇਹ ਹਨ, ਉਹੀ ਤੇਰੇ ਪ੍ਰਾਣ ਹਨ। ਹੇ ਪ੍ਰਭੂ, ਸੰਤਾਂ ਦੀ ਪਛਾਣ ਵੀ ਸੰਤ-ਸਤਿਗੁਰੂ ਦੇ ਦਿੱਤੇ ਗਿਆਨ ਦੁਆਰਾ ਹੀ ਹੋ ਸਕਦੀ ਹੈ। ਹੇ ਪ੍ਰਭੂ, ਤੂੰ ਕਿਰਪਾ ਕਰਕੇ ਮੈਨੂੰ ਸੰਤਾਂ ਦੀ ਸੰਗਤ, ਸੰਤਾਂ ਦੇ ਸਤਿਸੰਗ ਅਤੇ ਸੰਤਾਂ ਦੇ ਪ੍ਰੇਮ ਦਾ ਅਨੂਠਾ ਰਸ ਬਖਸ਼ ਦੇ। ਤੂੰ ਮੈਨੂੰ ਸੰਤਾਂ ਵਾਲਾ ਆਚਰਣ ਸਿਖਾ, ਮੈਨੂੰ ਸੰਤਾਂ ਵਾਲੇ ਮਾਰਗ ਉਤੇ ਚੱਲਣ ਦਾ ਬਲ ਦੇ ਅਤੇ ਮੈਨੂੰ ਸੰਤਾਂ ਦੇ ਦਾਸਾਂ ਦਾ ਦਾਸ ਬਣਾ ਦੇ। ਹੇ ਪ੍ਰਭੂ! ਤੂੰ ਮੈਨੂੰ ਸੰਤਾਂ ਤੋਂ ਪ੍ਰਾਪਤ ਹੋਣ ਵਾਲੀ ਆਪਣੀ ਸੱਚੀ ਭਗਤੀ ਦੀ ਉਹ ਦਾਤ ਬਖਸ਼ ਜਿਸ ਨਾਲ ਮੇਰੀਆਂ ਸਭ ਇੱਛਾਵਾਂ ਪੂਰੀਆਂ ਹੋ ਜਾਣ। ਤੂੰ ਮੈਨੂੰ ਮਨਮੁਖਾਂ ਅਤੇ ਪਾਪੀਆਂ ਦੀ ਸੰਗਤ ਤੋਂ ਸਦਾ ਦੂਰ ਰੱਖੀਂ। ਹੇ ਪ੍ਰਭੂ! ਸੱਚਾ ਗਿਆਨੀ ਉਹੀ ਹੈ ਜਿਸ ਨੂੰ ਇਹ ਅਨੁਭਵ ਹੋ ਗਿਆ ਹੈ ਕਿ ਸੰਤ ਵਿਚ ਅਤੇ ਅਨੰਤ ਵਿਚ ਅਰਥਾਤ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੈ।

ਜਿਹ ਕੁਲ ਸਾਧੁ ਬੈਸਨੌ ਹੋਇ॥[ਹ]
ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥[ਕ]
ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥

ੳ. ਤਨੁ=ਸਰੀਰ; ਦੇਵਾ ਦੇਵ=ਦੇਵਤਿਆਂ ਦੇ ਵੀ ਦੇਵਤਾ। ਅ. ਓਲ੍ਹਗ=ਸੇਵਕ; ਓਲ੍ਹਗਣੀ=ਸੇਵਕਾਈ, ਸੇਵਾ। ੲ. ਲਖਾਵਹੁ=ਦਿਖਾਉਣਾ; ਸਣਿ=ਸਾਥ, ਸੰਗਤ। ਸ. ਅਨੰਤਹਿ=ਅਨੰਤ ਪਰਮਾਤਮਾ ਵਿਚ। ਹ. ਬੈਸਨੌ=ਪ੍ਰਭੂ-ਭਗਤ। ਕ. ਅਬਰਨ=ਅੱਛੀ ਜਾਂ ਬੁਰੀ ਜਾਤ, ਉੱਚੀ ਜਾਂ ਨੀਵੀਂ ਜਾਤ; ਰੰਕੁ=ਗ਼ਰੀਬ; ਈਸੁਰੁ=ਮਾਲਕ, ਰਾਜਾ।

ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥[ੳ]
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥[ਅ]
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥[ੲ ੮੫]

ਜਿਸ ਕੁਲ ਵਿਚ ਪਰਮਾਤਮਾ ਦਾ ਸੱਚਾ ਭਗਤ ਪੈਦਾ ਹੋ ਜਾਂਦਾ ਹੈ, ਉਹ ਕੁਲ ਨੀਚ ਹੋਵੇ ਜਾਂ ਉੱਚੀ, ਉਹਦੀ ਪਵਿੱਤਰ ਸੁਗੰਧੀ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ। ਚਾਹੇ ਕੋਈ ਬ੍ਰਾਹਮਣ ਜਾਂ ਖੱਤਰੀ ਹੋਵੇ ਅਤੇ ਚਾਹੇ ਕੋਈ ਵੈਸ਼; ਸ਼ੂਦਰ, ਡੂਮ ਜਾਂ ਚੰਡਾਲ ਜਾਂ ਮਲੇਛ ਹੀ ਕਿਉਂ ਨਾ ਹੋਵੇ, ਪਰਮਾਤਮਾ ਦੀ ਭਗਤੀ ਨਾਲ ਹਰ ਪ੍ਰਾਣੀ ਨਿਰਮਲ ਅਤੇ ਪਵਿੱਤਰ ਹੋ ਜਾਂਦਾ ਹੈ। ਉਹ ਨਾ ਕੇਵਲ ਆਪ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਸਗੋਂ ਆਪਣੇ ਮਾਤਾ-ਪਿਤਾ ਦੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ। ਉਹ ਪਰਿਵਾਰ ਧੰਨ ਹੈ, ਉਹ ਪਿੰਡ, ਸ਼ਹਿਰ ਅਤੇ ਦੇਸ ਧੰਨ ਹੈ, ਜਿਸ ਵਿਚ ਪੈਦਾ ਹੋਇਆ ਕੋਈ ਸੱਚਾ ਪ੍ਰਭੂ-ਭਗਤ ਸੰਸਾਰ ਦੇ ਰਸਾਂ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਉੱਪਰ ਉਠ ਕੇ ਪਰਮਾਤਮਾ ਦੇ ਸੱਚੇ ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਕੋਈ ਪੰਡਿਤ, ਕੋਈ ਸੂਰਬੀਰ ਅਤੇ ਕੋਈ ਰਾਜਾ-ਮਹਾਰਾਜਾ ਐਸੇ ਸੱਚੇ ਪ੍ਰਭੂ-ਭਗਤ ਦੀ ਬਰਾਬਰੀ ਨਹੀਂ ਕਰ ਸਕਦਾ। ਕੰਵਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੋਇਆ ਵੀ ਅਭਿੱਜ ਰਹਿੰਦਾ ਹੈ। ਉਸੇ ਤਰ੍ਹਾਂ ਪਰਮਾਤਮਾ ਦੇ ਭਗਤ ਸੰਸਾਰ ਵਿਚ ਰਹਿੰਦੇ ਹੋਏ ਵੀ ਇਸ ਤੋਂ ਨਿਰਲੇਪ ਰਹਿੰਦੇ ਹਨ। ਸਿਰਫ਼ ਅਜਿਹੇ ਭਗਤਾਂ ਦਾ ਜਨਮ ਹੀ ਸਫਲ ਹੈ।

ਪਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਦੀ ਲੋੜ

ਦੇਹ ਦੇ ਬੰਧਨਾਂ ਵਿਚ ਜਕੜਿਆ ਜੀਵ ਬਿਦੇਹ ਪਰਮਾਤਮਾ ਨਾਲ ਮਿਲਾਪ ਕਰ ਸਕਣ ਦੇ ਅਸਮਰਥ ਹੈ। ਪੂਰਾ ਗੁਰੂ ਨਿਰਾਕਾਰ ਪਰਮਾਤਮਾ ਦਾ ਸਾਕਾਰ ਰੂਪ ਹੁੰਦਾ ਹੈ। ਜਦ ਜੀਵ ਅਜਿਹੇ ਗੁਰੂ ਦੀ ਸੰਗਤ ਵਿਚ ਆ ਜਾਂਦਾ ਹੈ ਤਾਂ ਉਹ ਗੁਰੂ ਦੇ ਰਾਹੀਂ ਪਰਮਾਤਮਾ ਨਾਲ ਸੰਬੰਧ ਜੋੜ ਲੈਂਦਾ ਹੈ ਅਤੇ ਗੁਰੂ ਦੀ ਕਿਰਪਾ ਦੁਆਰਾ

ੳ. ਲੋਇ=ਲੋਕ। ਅ. ਬਿਖੁ=ਵਿਸ਼, ਜ਼ਹਿਰ, ਕਾਮ, ਕ੍ਰੋਧ ਆਦਿ.....। ੲ. ਪੁਰੈਨ=ਕਮਲ; ਓਇ=ਓਹੀ।

ਉਸ ਨਾਲ ਮਿਲਾਪ ਕਰ ਲੈਂਦਾ ਹੈ। ਸਿਰਫ਼ ਸਤਿਗੁਰੂ ਵਿਚ ਹੀ ਸਾਡੇ ਪਾਪਾਂ ਦਾ ਨਾਸ਼ ਕਰਨ ਦੀ, ਸਾਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸੱਚਾ ਮਾਰਗ ਦਿਖਾਉਣ ਦੀ ਅਤੇ ਅੰਦਰੋਂ ਸ਼ਬਦ-ਧੁਨ ਨਾਲ ਜੋੜ ਕੇ ਸਾਨੂੰ ਅਲਖ, ਅਗੰਮ ਪਰਮਾਤਮਾ ਤੱਕ ਪਹੁੰਚਾਉਣ ਦੀ ਸਮਰੱਥਾ ਹੁੰਦੀ ਹੈ।

ਪਰਮਾਤਮਾ ਦੀ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਨਾਮ ਹੈ। ਬਾਕੀ ਹਰ ਤਰ੍ਹਾਂ ਦੇ ਬਾਹਰਮੁਖੀ ਕਰਮ-ਕਾਂਡ ਨਿਹਫਲ ਹਨ ਅਤੇ ਸਾਨੂੰ ਸਹੀ ਰਸਤੇ ਤੋਂ ਦੂਰ ਲੈ ਜਾਂਦੇ ਹਨ। ਪਰਮਾਤਮਾ ਨਾਲ ਮਿਲਾਉਣ ਵਾਲੇ ਸੱਚੇ ਨਾਮ ਦਾ ਭੇਦ ਪੂਰੇ ਗੁਰੂ ਦੁਆਰਾ ਮਿਲਦਾ ਹੈ।

ਸਤਿਗੁਰੂ ਪਰਮਾਤਮਾ ਦੇ ਪ੍ਰੇਮ ਦਾ ਸਾਗਰ ਹੈ। ਉਹਦੀ ਸ਼ਰਨ ਵਿਚ ਆਉਣ ਨਾਲ ਸਾਡੇ ਅੰਦਰ ਵੀ ਪਰਮੇਸ਼ਰ ਦਾ ਸੁੱਤਾ ਹੋਇਆ ਪ੍ਰੇਮ ਜਾਗ ਪੈਂਦਾ ਹੈ। ਸਤਿਗੁਰੂ ਸਾਨੂੰ ਪਰਮਾਤਮਾ ਦੇ ਸੱਚੇ ਨਾਮ ਅਤੇ ਸੱਚੇ ਪ੍ਰੇਮ ਦੀ ਦੀਖਿਆ ਦਿੰਦਾ ਹੈ। ਉਹ ਸਾਡੇ ਅੰਦਰ ਸੱਚੇ ਗਿਆਨ ਦਾ ਦੀਵਾ ਜਗਾਉਂਦਾ ਹੈ ਜਿਹੜਾ ਸਾਡੀ ਅਗਿਆਨਤਾ ਦੇ ਅੰਧਕਾਰ ਦਾ ਨਾਸ਼ ਕਰ ਦਿੰਦਾ ਹੈ। ਉਹ ਸਾਡੀ ਅੰਦਰਲੀ ਅੱਖ ਖੋਲ੍ਹਦਾ ਹੈ ਜਿਸ ਨਾਲ ਅਸੀਂ ਅੰਦਰਲਾ ਰੂਹਾਨੀ ਸਫ਼ਰ ਤੈ ਕਰ ਸਕਦੇ ਹਾਂ। ਉਹ ਸਾਨੂੰ ਬਾਹਰਲੇ ਮਾਇਆ ਜਾਲ ਤੋਂ ਛੁਡਾ ਕੇ ਭਵ-ਸਾਗਰ ਤੋਂ ਪਾਰ ਕਰਦਾ ਹੈ ਅਤੇ ਸਾਡੇ ਆਵਾਗਵਨ ਦੇ ਬੰਧਨ ਕੱਟ ਕੇ ਸਾਨੂੰ ਸਦਾ ਲਈ ਪਰਮਾਤਮਾ ਨਾਲ ਮਿਲਾ ਦਿੰਦਾ ਹੈ।

ਗੁਰੂ ਗਿਆਂਨ ਦੀਪਕ ਦੀਆ, ਬਾਤੀ ਦਈ ਜਲਾਇ।
ਰਵਿਦਾਸ ਹਰਿ ਭਗਤਿ ਕਾਰਨੈ, ਜਨਮ ਮਰਨ ਵਿਲਮਾਇ।[ੳ] [6]

ਗੁਰੂ ਨੇ ਗਿਆਨ ਦਾ ਦੀਵਾ ਦੇ ਕੇ ਸੇਵਕ ਦੀ ਬੱਤੀ ਜਗਾ ਦਿੱਤੀ। ਰਵਿਦਾਸ ਜੀ ਕਹਿੰਦੇ ਹਨ ਕਿ ਗੁਰੂ ਨੇ ਸਾਥੋਂ ਪਰਮਾਤਮਾ ਦੀ ਭਗਤੀ ਕਰਵਾ ਕੇ ਸਾਡਾ ਆਵਾਗਵਨ ਦਾ ਚੱਕਰ ਸਦਾ ਲਈ ਸਮਾਪਤ ਕਰ ਦਿੱਤਾ।

ਅੰਧਲਾ ਜੌ ਪਾਇਹਿ, ਤੌ ਸਿਸ਼ ਭਇਓ ਨਿਰੰਧ।[ਅ]
ਰਵਿਦਾਸ ਗੁਰੂ ਗਿਆਂਨ ਚਾਸ਼ੂ ਬਿਨਾਂ, ਕਿਮਿ ਮਿਟਈ ਭ੍ਰਮ ਫੰਦ।[ੲ] [7]

ੳ. ਵਿਲਮਾਇ=ਰੋਕ ਦੇਣਾ, ਖ਼ਤਮ ਕਰਨਾ। ਅ. ਨਿਰੰਧ=ਅੰਨ੍ਹੇਪਨ ਤੋਂ ਰਹਿਤ। ੲ. ਚਾਸ਼ੂ=ਅੱਖ।

ਅਗਿਆਨੀ ਅੰਨ੍ਹੇ ਸਮਾਨ ਹੈ। ਜੇ ਇਸ ਅੰਨ੍ਹੇ ਨੂੰ ਪੂਰਾ ਗੁਰੂ ਮਿਲ ਜਾਵੇ ਤਾਂ ਸਮਝੋ ਉਹਦਾ ਅੰਨ੍ਹਾਪਣ ਦੂਰ ਹੋ ਜਾਵੇਗਾ ਅਤੇ ਉਹਨੂੰ ਪਰਮਾਤਮਾ ਰੂਪੀ ਸਤਿ ਦਿਖਾਈ ਦੇਣ ਲੱਗ ਪਵੇਗਾ। ਬਿਨਾਂ ਸਤਿਗੁਰੂ ਦੇ ਗਿਆਨ ਦੀ ਅੱਖ ਦੇ, ਸੰਸਾਰ ਦੇ ਭਰਮਜਾਲ ਨੂੰ ਪਾਰ ਕਰ ਸਕਣਾ ਅਤੇ ਪਰਮ-ਸਤਿ ਦਾ ਦੀਦਾਰ ਕਰ ਸਕਣਾ ਅਸੰਭਵ ਹੈ।

ਮਾਇਆ ਦੀਪਕੁ ਪੇਖਿ ਕਰਿ, ਨਰ ਪਤੰਗ ਅੰਧਿਆਇ[ੳ]
ਰਵਿਦਾਸ ਗੁਰੂ ਰਾ ਗਿਆਂਨ ਬਿਨੁ, ਵਿਰਲਾ ਕੌ ਬਚਿ ਜਾਇ॥[8]

ਮਾਇਆ ਦਾ ਦੀਵਾ ਜਗਦਾ ਵੇਖ ਕੇ ਮਨੁੱਖ ਰੂਪੀ ਪਤੰਗਾ ਅੰਨ੍ਹਾ ਹੋ ਕੇ ਉਹਦੇ ਉੱਤੇ ਸੜ ਮਰਦਾ ਹੈ। ਕੋਈ ਵਿਰਲਾ ਪ੍ਰਾਣੀ ਹੈ ਜਿਹੜਾ ਸਤਿਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਮਾਇਆ ਦੇ ਇਸ ਵਿਨਾਸ਼ਕਾਰੀ ਪ੍ਰਭਾਵ ਤੋਂ ਬਚਦਾ ਹੈ।

ਭੌ ਸਾਗਰ ਦੁਤਰ ਅਤਿ, ਕਿਧੁੰ ਮੂਰਿਖ ਯਹੁ ਜਾਨ[ਅ]
ਰਵਿਦਾਸ ਗੁਰੁ ਪਤਵਾਰ ਹੈ, ਨਾਮ ਨਾਵ ਕਰਿ ਜਾਨ॥[9]

ਹੇ ਮੂਰਖ! ਕੀ ਤੈਨੂੰ ਇਹ ਪਤਾ ਨਹੀਂ ਕਿ ਭਵ-ਸਾਗਰ ਨੂੰ ਪਾਰ ਕਰ ਸਕਣਾ ਅਤੀ ਕਠਨ ਹੈ? ਇਸ ਭਵ-ਸਾਗਰ ਤੋਂ ਪਾਰ ਉਤਾਰੇ ਦਾ ਇੱਕੋ ਸਾਧਨ ਨਾਮ ਦੀ ਬੇੜੀ ਹੈ, ਸਤਿਗੁਰੂ ਜਿਸ ਦੇ ਮਲਾਹ ਹਨ।

ਦਿਲ ਦਰਿਆਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ[ੲ]
ਮਰਜੀ ਵਾ ਕੀ ਸੈਨ ਵਿਚਾਰੈ, ਤਉ ਹੀਰਾ ਹਾਥ ਪਰੈ[ਸ]
ਕਹਿ ਰਵਿਦਾਸ ਸਮੁਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨ।
ਇਹੁ ਰਹਸਿ ਕੋਉ ਖੋਜੈ ਬੂਝੈ, ਸੋਉ ਹੈ ਸੰਤ ਸੁਜਾਨ॥[ਹ][10]

ੳ. **ਮਾਇਆ**=ਮਾਇਆ; **ਪੇਖਿ**=ਵੇਖਣਾ; **ਅੰਧਿਆਇ**=ਅੰਨ੍ਹੇ ਹੋਣਾ। ਅ. **ਦੁਤਰ**=ਜਿਸ ਨੂੰ ਪਾਰ ਕਰਨਾ ਕਠਨ ਹੋਵੇ; **ਕਿਧੁੰ**=ਕੀ, ਜਿਵੇਂ। ੲ. **ਦਿਲ**=ਹਿਰਦਾ, ਜਿਸਨੂੰ ਸੰਤਾਂ ਦੀ ਭਾਸ਼ਾ ਵਿਚ 'ਤੀਸਰਾ ਤਿਲ' ਜਾਂ 'ਸ਼ਿਵ ਨੇਤਰ' ਕਹਿੰਦੇ ਹਨ; **ਦਰਿਆਵ**=ਦਰਿਆ, ਸਮੁੰਦਰ; **ਗੁਰਮੁਖ**=ਉਹ ਜਿਸਦਾ ਮੁਖ ਗੁਰੂ ਵੱਲ ਹੋਵੇ, ਭਾਵ ਜਿਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਦੇ ਹਵਾਲੇ ਕਰ ਦਿੱਤਾ ਹੋਵੇ। ਸੰਤ ਸੱਚੇ ਗੁਰਮੁਖ ਹੁੰਦੇ ਹਨ। ਸ. **ਸੈਨ**=ਸੰਕੇਤ। ਹ. **ਰਹਸਿ**=ਭੇਦ; **ਸੁਜਾਨ**=ਚੰਗਾ ਜਾਣਕਾਰ, ਨਿਪੁੰਨ।

ਦਿਲ ਰੂਪੀ ਦਰਿਆ ਦੇ ਅੰਦਰ ਹੀਰੇ ਅਤੇ ਲਾਲ ਭਰੇ ਪਏ ਹਨ, ਪਰ ਇਨ੍ਹਾਂ ਦੀ ਸੋਝੀ ਕੇਵਲ ਪੂਰੇ ਗੁਰਮੁਖ ਜਾਂ ਪਰਮਾਤਮਾ ਦੇ ਸੱਚੇ ਭਗਤ ਤੋਂ ਹੁੰਦੀ ਹੈ। ਕੇਵਲ ਪੂਰੇ ਗੁਰੂ ਦੇ ਉਪਦੇਸ਼ ਉੱਤੇ ਚੱਲ ਕੇ ਹੀ ਅੰਦਰੋਂ ਇਹ ਅਮੋਲਕ ਹੀਰੇ-ਜਵਾਹਰਾਤ ਪ੍ਰਾਪਤ ਕੀਤੇ ਜਾ ਸਕਦੇ ਹਨ। ਰਵਿਦਾਸ ਜੀ ਕਹਿੰਦੇ ਹਨ ਜਿਸ ਨੇ ਨਿਰਵਾਨ ਪਦ ਪ੍ਰਾਪਤ ਕਰ ਲਿਆ ਹੈ, ਉਹੀ ਸੱਚਾ ਗਿਆਨੀ ਜਾਂ ਸੰਤ ਹੈ ਅਤੇ ਉਸ ਦੀ ਸਹਾਇਤਾ ਨਾਲ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਗੁਰੁ ਸਭੁ ਰਹਸਿ ਅਗਮਹਿ ਜਾਨੈਂ।
ਢੂੰਢੈ ਕੋਊ ਖਟ ਸਾਸਤ੍ਰਨ ਮਹਿਂ, ਕਿਧੂੰ ਕੋਊ ਵੇਦ ਬਖਾਨੈ॥[ੳ]
ਸਾਂਸ ਉਸਾਂਸ ਚੜ੍ਹਾਵੈ ਬਹੁ ਵਿਧ, ਬੈਠਹਿਂ ਸੂੰਨਿ ਸਮਾਧੀ।[ਅ]
ਫਾਂਟਿਓ ਕਾਨੁ ਭਭੂਤ ਤਨੁ ਲਾਈ, ਅਨਿਕ ਭਰਮਤ ਵੈਰਾਗੀ॥
ਤੀਰਥ ਬਰਤੁ ਕਰਈ ਬਹੁਤੇਰੇ, ਕਥਾ ਬਸਤ ਬਹੁ ਸਾਨੈ।
ਕਹਿ 'ਰਵਿਦਾਸ' ਮਿਲਿਓ ਗੁਰ ਪੂਰੌਂ, ਜਿਹਿ ਅੰਤਰ ਹਰਿ ਮਿਲਾਨੈ॥[11]

ਸਤਿਗੁਰੂ ਪਰਮਾਤਮਾ ਤੱਕ ਪਹੁੰਚਣ ਦੇ ਸਭ ਭੇਦ ਜਾਣਦਾ ਹੈ। ਲੋਕ ਐਸੇ ਗੁਰੂ ਦੀ ਸ਼ਰਨ ਧਾਰਨ ਦੀ ਥਾਂ ਵੇਦਾਂ, ਸ਼ਾਸਤਰਾਂ ਅਤੇ ਦਰਸ਼ਨਾਂ ਆਦਿ ਵਿਚ ਲੱਗੇ ਹੋਏ ਹਨ। ਕੁਝ ਲੋਕ ਪ੍ਰਾਣਾਯਾਮ ਅਤੇ ਸੁੰਨ-ਸਮਾਧੀ ਵਿਚ ਖਚਿਤ ਹੋ ਰਹੇ ਹਨ। ਕੁਝ ਲੋਕ ਕੰਨ ਪੜਵਾ ਰਹੇ ਹਨ, ਕੁਝ ਸਰੀਰ ਉੱਤੇ ਭਬੂਤ ਮਲਦੇ ਹਨ ਅਤੇ ਕੁਝ ਘਰ-ਬਾਰ ਦਾ ਤਿਆਗ ਕਰਕੇ ਬੈਰਾਗੀ ਬਣ ਬਹਿੰਦੇ ਹਨ। ਅਨੇਕ ਲੋਕ ਭਗਵੇਂ ਕੱਪੜੇ ਪਾਈ ਫਿਰਦੇ ਹਨ ਅਤੇ ਤੀਰਥਾਂ, ਵਰਤਾਂ ਵਿਚ ਲੱਗੇ ਹੋਏ ਹਨ। ਅਜਿਹੇ ਲੋਕ ਕਦੇ ਮੰਜ਼ਿਲ ਉੱਤੇ ਨਹੀਂ ਪਹੁੰਚਦੇ। ਰਵਿਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਨੇ ਮੈਨੂੰ ਹਰ ਤਰ੍ਹਾਂ ਦੀ ਬਾਹਰਮੁਖੀ ਭਟਕਣਾ ਤੋਂ ਬਚਾ ਕੇ ਅੰਦਰੋਂ ਹੀ ਮੇਰਾ ਪਰਮਾਤਮਾ ਨਾਲ ਮਿਲਾਪ ਕਰਵਾ ਦਿੱਤਾ ਹੈ।

ਸਤਗੁਰ ਹਮਹੁ ਲਖਾਈ ਬਾਟ।[ੲ]
ਜਨਮ ਪਾਛਲੇ ਪਾਪ ਨਸਾਨੇ, ਮਿਟਿਗੋ ਸਭੁ ਸੰਤਾਪ॥

ੳ. **ਸਾਸਤ੍ਰਨ**=ਨਿਆਇ, ਵੈਸ਼ੇਸ਼ਿਕ, ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ—ਛੇ ਦਰਸ਼ਨ ਕਹੇ ਜਾਂਦੇ ਹਨ; **ਬਖਾਨੈ**=ਵਿਆਖਿਆ ਕਰਨਾ, ਸਲਾਹੁਣਾ। ਅ. **ਉਸਾਂਸ**=ਲੰਮਾ ਸਾਹ; **ਸੂੰਨਿ ਸਮਾਧੀ**=ਦਸਵੇਂ-ਦੁਆਰ ਦਾ ਘੁਪ ਹਨੇਰਾ ਜਿਸ ਨੂੰ ਗੁਰੂ ਦੇ ਬਗ਼ੈਰ ਪਾਰ ਨਹੀਂ ਕੀਤਾ ਜਾ ਸਕਦਾ। ਇਸ ਥਾਂ ਵਿਚ ਲਗਾਈ ਗਈ ਸਮਾਧੀ ਨੂੰ ਸੁੰਨ ਸਮਾਧੀ ਕਹਿੰਦੇ ਹਨ। ੲ. **ਲਖਾਈ**=ਵਿਖਾਈ; **ਬਾਟ**=ਰਸਤਾ।

ਬਾਹਰਿ ਖੋਜਤ ਜਨਮ ਗੰਵਾਏ, ਉਨਮਨਿ ਧਿਆਨ ਰਹੇ ਘਟ ਆਪ।[ੳ]
ਸਬਦ ਅਨਾਹਦ ਬਾਜਤ ਘਟ ਮਹਿੰ; ਅਗਮ ਗਿਆਂਨ ਭੌ ਗੁਰ ਪਰਤਾਪ।।[ਅ]
ਧਨ ਦਾਰਾ ਮਹਿੰ ਰਹਿਓ ਮਗਨ ਨਿਤ, ਗੁਨਿਓ ਨ ਮਿਚੁ ਕੌ ਤਾਪ।[ੲ]
ਕਹਿ ਰਵਿਦਾਸ ਗੁਰੁ ਰਾਹ ਦਿਖਾਵਇ, ਤ੍ਰਿਖਾ ਬੁਝਿ ਮਿਟਿ ਮਨ ਸੰਤਾਪ।।[ਸ 12]

ਸਤਿਗੁਰੂ ਨੇ ਮੈਨੂੰ ਸੱਚਾ ਰਾਹ ਦਿਖਾਇਆ ਹੈ। ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰਨ ਨਾਲ ਪੂਰਬਲੇ ਜਨਮਾਂ ਦੇ ਪਾਪਾਂ ਦਾ ਨਾਸ਼ ਹੋ ਗਿਆ ਹੈ ਅਤੇ ਸਭ ਦੁੱਖ ਦੂਰ ਹੋ ਗਏ ਹਨ। ਅਸੀਂ ਬਾਹਰੋਂ ਪਰਮਾਤਮਾ ਦੀ ਖੋਜ ਵਿਚ ਆਪਣਾ ਜਨਮ ਬਰਬਾਦ ਕਰ ਦਿੱਤਾ, ਪਰ ਸਤਿਗੁਰੂ ਨੇ ਇਹ ਗਿਆਨ ਦਿੱਤਾ ਕਿ ਪਰਮਾਤਮਾ ਤਾਂ ਸਾਡੇ ਆਪਣੇ ਅੰਦਰ ਬੈਠਾ ਹੈ। ਸਾਡੇ ਅੰਦਰ ਅਨਹਦ ਸ਼ਬਦ ਧੁਨਕਾਰਾਂ ਦੇ ਰਿਹਾ ਹੈ ਅਤੇ ਅਸੀਂ ਅੰਦਰੋਂ ਸ਼ਬਦ ਰਾਹੀਂ ਪਰਮਾਤਮਾ ਨਾਲ ਮਿਲਾਪ ਕਰ ਸਕਦੇ ਹਾਂ। ਅਸੀਂ ਧਨ-ਦੌਲਤ, ਹਾਟ-ਹਵੇਲੀ ਅਤੇ ਇਸਤਰੀ ਦੇ ਪ੍ਰੇਮ ਵਿਚ ਖੋਏ ਹੋਏ ਸੀ ਅਤੇ ਆਪਣੀ ਮੌਤ ਨੂੰ ਬਿਲਕੁਲ ਭੁੱਲੇ ਬੈਠੇ ਸੀ। ਸਤਿਗੁਰੂ ਨੇ ਸਾਡੀ ਇਹ ਅਗਿਆਨਤਾ ਦੂਰ ਕਰ ਦਿੱਤੀ। ਰਵਿਦਾਸ ਜੀ ਕਹਿੰਦੇ ਹਨ ਕਿ ਜਦੋਂ ਸਤਿਗੁਰੂ ਨੇ ਅੰਦਰਲਾ ਸੱਚਾ ਰਾਹ ਦਿਖਾ ਦਿੱਤਾ ਤਾਂ ਸੰਸਾਰ ਦੇ ਵਿਸ਼ੇ-ਵਿਕਾਰਾਂ ਅਤੇ ਇੰਦਰੀਆਂ ਦੇ ਭੋਗਾਂ ਦੀ ਤ੍ਰਿਸ਼ਨਾ ਮਿਟ ਗਈ ਅਤੇ ਮਨ ਵਿਚ ਪਰਮਾਤਮਾ ਦਾ ਸੱਚਾ ਪ੍ਰੇਮ ਪੈਦਾ ਹੋ ਗਿਆ।

ਸੱਚੇ ਗੁਰੂ ਦੀ ਪਛਾਣ

ਅਸਲ ਵਿਚ ਬਾਹਰੋਂ ਪੂਰੇ ਗੁਰੂ ਦੀ ਪਛਾਣ ਕਰ ਸਕਣਾ ਅਸੰਭਵ ਹੈ। ਸੱਚਾ ਗੁਰੂ ਪਰਮਾਤਮਾ ਦਾ ਰੂਪ ਹੁੰਦਾ ਹੈ, ਅੰਦਰੋਂ ਪਰਮਾਤਮਾ ਨਾਲ ਜੁੜਿਆ ਹੁੰਦਾ ਹੈ ਅਤੇ ਅੰਤਰ-ਆਤਮੇ ਪਰਮਾਤਮਾ ਵਿਚ ਹੀ ਸਮਾਇਆ ਹੁੰਦਾ ਹੈ। ਉਹ ਨਾਮ ਦੇ ਰੰਗ ਵਿਚ ਰੰਗਿਆ ਹੁੰਦਾ ਹੈ ਅਤੇ ਨਾਮ ਹੀ ਉਹਦਾ ਅਸਲ ਆਧਾਰ ਹੁੰਦਾ ਹੈ। ਉਹ ਗ੍ਰਿਸਤ ਜੀਵਨ ਬਤੀਤ ਕਰਦਾ ਹੈ ਅਤੇ ਆਪਣੀ ਹੱਕ-ਹਲਾਲ ਦੀ ਕਮਾਈ ਉੱਤੇ ਗੁਜ਼ਰ ਕਰਦਾ ਹੈ। ਉਹ ਕਦੇ ਵੀ ਕਿਸੇ ਉੱਤੇ ਬੋਝ ਨਹੀਂ ਬਣਦਾ।

ੳ. **ਉਨਮਨਿ**=ਅੰਦਰਲੇ ਧਿਆਨ ਦੀ ਅਵਸਥਾ ਵਿਚ ਜਦ ਮਨ ਅੰਦਰ ਜਾ ਕੇ ਉੱਪਰਲੇ ਮੰਡਲਾਂ ਵਿਚ ਟਿਕ ਜਾਂਦਾ ਹੈ ਤਾਂ ਉਸ ਨੂੰ ਉਨਮਨੀ ਧਿਆਨ ਕਹਿੰਦੇ ਹਨ; **ਆਪ**=ਖ਼ੁਦ ਪਰਮਾਤਮਾ।
ਅ. **ਭੌ**=ਹੋਇਆ। ੲ. **ਗੁਨਿਓ**=ਗੁਨਨਾ, ਵਿਚਾਰ ਕਰਨਾ, ਚਿੰਤਨ ਕਰਨਾ; **ਮਿਚੁ**=ਮੌਤ।
ਸ. **ਤ੍ਰਿਖਾ**=ਤ੍ਰਿਸ਼ਨਾ, ਪਿਆਸ।

ਦੁੱਖ-ਸੁਖ, ਲਾਭ-ਹਾਨੀ, ਜੰਮਣ-ਮਰਨ, ਜਿੱਤ-ਹਾਰ ਵਰਗੇ ਸੰਸਾਰਿਕ ਉਤਰਾਵਾਂ-ਚੜ੍ਹਾਵਾਂ ਦਾ ਉਹਦੇ ਹਿਰਦੇ ਤੇ ਲੇਸ ਮਾਤਰ ਵੀ ਅਸਰ ਨਹੀਂ ਹੁੰਦਾ। ਉਹ ਕਦੇ ਨਿਕੰਮਾ ਨਹੀਂ ਬੈਠਦਾ, ਜਾਂ ਵਿਹਲਾ ਨਹੀਂ ਰਹਿੰਦਾ ਸਗੋਂ ਸਦਾ ਬਿਨਾਂ ਫਲ ਦੀ ਇੱਛਾ ਦੇ ਆਪਣੇ ਕਰਤੱਵ ਦੀ ਪਾਲਣਾ ਕਰਦਾ ਰਹਿੰਦਾ ਹੈ। ਕੰਵਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੋਇਆ ਵੀ ਇਸ ਵਿਚ ਭਿੱਜਦਾ ਨਹੀਂ। ਪੂਰਾ ਗੁਰੂ ਵੀ ਸੰਸਾਰ ਵਿਚ ਰਹਿੰਦਾ ਹੋਇਆ ਇਸ ਦੀਆਂ ਮੈਲਾਂ ਵਿਚ ਨਹੀਂ ਲਿਬੜਦਾ। ਉਹਦੇ ਵਿਚ ਵੈਰ-ਦਵੇਸ਼ ਅਤੇ ਹੰਕਾਰ ਦੀ ਲੇਸ ਨਹੀਂ ਹੁੰਦੀ। ਉਹ ਸਭ ਦਾ ਭਲਾ ਚਾਹੁੰਦਾ ਹੈ ਅਤੇ ਸਭ ਦੇ ਭਲੇ ਲਈ ਤਤਪਰ ਰਹਿੰਦਾ ਹੈ। ਉਹ ਦੂਸਰਿਆਂ ਦਾ ਦੁੱਖ ਨਹੀਂ ਸਹਾਰ ਸਕਦਾ। ਉਹਦੀ ਦਇਆ ਅਤੇ ਖ਼ਿਮਾ ਦਾ ਕੋਈ ਪਾਰਾ-ਵਾਰ ਨਹੀਂ ਹੁੰਦਾ। ਉਹ ਸਦਾ ਪਰਉਪਕਾਰ ਵਿਚ ਲੱਗਾ ਰਹਿੰਦਾ ਹੈ ਪਰ ਕਦੇ ਵੀ ਇਸ ਦਾ ਦਿਖਾਵਾ ਨਹੀਂ ਕਰਦਾ। ਉਹ ਕਦੇ ਵੀ ਗੁਰੂ ਕਹਾਉਣ ਦੀ ਇੱਛਾ ਨਹੀਂ ਕਰਦਾ ਸਗੋਂ ਸਦਾ ਆਪਣੇ ਆਪ ਨੂੰ ਕੁੱਲ-ਮਾਲਕ ਦਾ ਦਾਸ ਕਹਿੰਦਾ ਹੈ।

ਉਹ ਸਤਿਵਾਦੀ ਹੁੰਦਾ ਹੈ ਅਤੇ ਝੂਠ-ਕਪਟ, ਅਤੇ ਪੱਖ-ਪਾਤ ਤੋਂ ਦੂਰ ਰਹਿੰਦਾ ਹੈ। ਉਹ ਮਿਠ-ਬੋਲੜਾ ਹੁੰਦਾ ਹੈ ਅਤੇ ਉਹਦੇ ਬਚਨ ਬਦੋਬਦੀ ਦੂਸਰਿਆਂ ਨੂੰ ਆਪਣੇ ਵੱਲ ਖਿਚ ਲੈਂਦੇ ਹਨ। ਉਹਦੇ ਦਰਸ਼ਨਾਂ ਨਾਲ ਅਦਭੁਤ ਸ਼ਾਂਤੀ ਅਤੇ ਅਨੰਦ ਦੀ ਪ੍ਰਤੀਤੀ ਹੁੰਦੀ ਹੈ। ਉਹ ਅੰਦਰੋਂ ਬਾਹਰੋਂ ਪੂਰੀ ਤਰ੍ਹਾਂ ਨਿਰਮਲ ਹੁੰਦਾ ਹੈ ਅਤੇ ਵਿਸ਼ੇ-ਵਿਕਾਰਾਂ ਤੋਂ ਉੱਪਰ ਉਠ ਚੁੱਕਾ ਹੁੰਦਾ ਹੈ। ਜਿਵੇਂ ਹੰਸ ਦੁੱਧ ਨੂੰ ਪਾਣੀ ਤੋਂ ਵੱਖ ਕਰ ਲੈਂਦਾ ਹੈ ਅਤੇ ਕੇਵਲ ਦੁੱਧ ਪੀਂਦਾ ਹੈ, ਸੱਚਾ ਗੁਰੂ ਵੀ ਵਿਸ਼ਿਆਂ ਦਾ ਪਾਣੀ ਨਹੀਂ ਪੀਂਦਾ ਕੇਵਲ ਪਰਮਾਤਮਾ ਦੀ ਭਗਤੀ ਜਾਂ ਨਾਮ ਦੀ ਧਾਰਾ ਦਾ ਅੰਮ੍ਰਿਤ ਪੀਂਦਾ ਹੈ। ਉਹ ਮਨ ਦੇ ਵਿਕਾਰਾਂ ਅਤੇ ਸੰਸਾਰ ਦੀਆਂ ਖ਼ਾਹਸ਼ਾਂ, ਤ੍ਰਿਸ਼ਨਾਂ ਨੂੰ ਤਿਆਗ ਕੇ, ਆਪਣੀ ਹਸਤੀ ਪਰਮੇਸ਼ਰ ਵਿਚ ਅਭੇਦ ਕਰਕੇ ਉਹਦਾ ਹੀ ਰੂਪ ਹੋ ਚੁੱਕਾ ਹੁੰਦਾ ਹੈ।

'ਰਵਿਦਾਸ' ਸੋਇ ਸਾਧੁ ਭਲੋ, ਜਉ ਜਗ ਮਹਿ ਲਿਪਤ ਨ ਹੋਇ।
ਗੋਬਿੰਦ ਸੌਂ ਰਾਂਚਾ ਰਹਈ, ਅਰੁ ਜਾਨਹਿੰ ਨਹਿ ਕੋਇ।[ੳ] [13]

ੳ. ਰਾਂਚਾ=ਪ੍ਰੇਮ ਕਰਨਾ।

ਰਵਿਦਾਸ ਜੀ ਕਹਿੰਦੇ ਹਨ ਕਿ ਸੱਚਾ ਸਾਧੂ ਕਦੇ ਸੰਸਾਰ ਵਿਚ ਲਿਪਤ ਨਹੀਂ ਹੁੰਦਾ। ਉਹ ਇਸ ਕਦਰ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਹੁੰਦਾ ਹੈ ਕਿ ਉਹਦਾ ਧਿਆਨ ਸੰਸਾਰ ਦੀ ਕਿਸੇ ਦੂਜੀ ਵਸਤੂ ਵੱਲ ਜਾਂਦਾ ਹੀ ਨਹੀਂ।

ਨੇਕ ਕਮਾਈ ਜਉ ਕਰਹਿ, ਗ੍ਰਿਹ ਤਜਿ ਬਨ ਨਹਿੰ ਜਾਇ।[ੳ]
'ਰਵਿਦਾਸ' ਹਮਾਰੋ ਰਾਮ ਰਾਇ, ਗ੍ਰਿਹ ਮਹਿੰ ਮਿਲਿੰਹਿ ਆਇ॥[14]

ਸੱਚਾ ਸੰਤ ਆਪਣੀ ਨੇਕ ਕਮਾਈ ਉੱਤੇ ਗੁਜ਼ਾਰਾ ਕਰਦਾ ਹੈ। ਉਹ ਘਰ-ਗ੍ਰਿਸਤੀ ਨੂੰ ਤਿਆਗ ਕੇ ਜੰਗਲਾਂ-ਪਹਾੜਾਂ ਵਿਚ ਭਟਕਦਾ ਨਹੀਂ ਫਿਰਦਾ। ਉਹ ਘਰ ਬੈਠੇ ਹੀ ਪਰਮਾਤਮਾ ਨਾਲ ਮਿਲਾਪ ਕਰ ਲੈਂਦਾ ਹੈ।

ਗ੍ਰਿਹਹਿੰ ਰਹਹੁ ਸਤਿ ਕਰਮ ਕਰਹੁ, ਹਰਦਮ ਚਿੰਤਹੁ ਓਂਕਾਰ।[ਅ]
'ਰਵਿਦਾਸ' ਹਮਾਰੋ ਬਾਂਧਲਾ, ਹਈ ਕੇਵਲ ਨਾਮ ਅਧਾਰ॥[ੲ][15]

ਰਵਿਦਾਸ ਜੀ ਕਹਿੰਦੇ ਹਨ ਕਿ ਘਰ ਵਿਚ ਰਹਿੰਦੇ ਹੋਏ ਨੇਕ ਕਰਮ ਕਰੋ ਅਤੇ ਸਦਾ ਮਨ ਵਿਚ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਰਹੋ। ਨਾਮ ਹੀ ਸਾਡਾ ਸੱਚਾ ਆਸਰਾ ਅਤੇ ਮਿੱਤਰ-ਸੰਬੰਧੀ ਹੈ ਅਤੇ ਕੇਵਲ ਨਾਮ ਹੀ ਭਵਸਾਗਰ ਤੋਂ ਪਾਰ-ਉਤਾਰੇ ਦਾ ਇੱਕੋ-ਇੱਕ ਸਾਧਨ ਹੈ।

'ਰਵਿਦਾਸ' ਸ੍ਰਮ ਕਰਿ ਖਾਇਹਿ, ਜੌ ਲੌਂ ਪਾਰ ਬਸਾਇ।
ਨੇਕ ਕਮਾਈ ਜਉ ਕਰਇ, ਕਬਹੂੰ ਨ ਨਿਹਫਲ ਜਾਇ॥[ਸ][16]

ਰਵਿਦਾਸ ਜੀ ਕਹਿੰਦੇ ਹਨ ਕਿ ਜਿਵੇਂ ਵੀ ਬਣੇ, ਆਪਣੀ ਕਮਾਈ ਉੱਤੇ ਗੁਜ਼ਾਰਾ ਕਰਨਾ ਚਾਹੀਦਾ ਹੈ। ਨੇਕ ਕਮਾਈ ਜ਼ਰੂਰ ਫਲਦੀ-ਫੁਲਦੀ ਹੈ ਕਦੇ ਅਜਾਈਂ ਨਹੀਂ ਜਾਂਦੀ।

ਸ੍ਰਮ ਕਉ ਈਸਰ ਜਾਨਿ ਕੈ, ਜਉ ਪੂਜਹਿ ਦਿਨ ਰੈਨ।[ਹ]
'ਰਵਿਦਾਸ' ਤਿਨਹਿੰ ਸੰਸਾਰ ਮਹੰ, ਸਦਾ ਮਿਲਹਿ ਸੁਖ ਚੈਨ॥[17]

ੳ. **ਗ੍ਰਿਹ**=ਘਰ। ਅ. **ਓਂਕਾਰ**=ਪਰਮਾਤਮਾ ਦਾ ਧੁਨਾਤਮਿਕ ਨਾਮ। ੲ. **ਬਾਂਧਲਾ**=ਬੰਧਨ। ਸ. **ਨਿਹਫਲ**=ਫਲ ਤੋਂ ਬਿਨਾਂ। ਹ. **ਰੈਨ**=ਰਾਤ।

ਰਵਿਦਾਸ ਜੀ ਕਹਿੰਦੇ ਹਨ ਕਿ ਜੋ ਮਿਹਨਤ ਨੂੰ ਪਰਮਾਤਮਾ ਮੰਨ ਕੇ ਦਿਨ-ਰਾਤ ਕਿਰਤ ਰੂਪੀ ਪਰਮਾਤਮਾ ਦੀ ਪੂਜਾ ਵਿਚ ਲੱਗਿਆ ਰਹਿੰਦਾ ਹੈ, ਭਾਵ ਜੋ ਨਿਰੰਤਰ ਹਿੰਮਤ ਨਾਲ ਆਪਣਾ ਕੰਮ ਕਰਦਾ ਰਹਿੰਦਾ ਹੈ, ਉਸ ਨੂੰ ਸੰਸਾਰ ਵਿਚ ਸਦਾ ਸੁਖ-ਸ਼ਾਂਤੀ ਮਿਲਦੀ ਹੈ।

'ਰਵਿਦਾਸ' ਹੌਂ ਨਿਜ ਹਥਹਿੰ, ਰਾਖੌਂ ਰਾਂਬੀ ਆਰ।
ਸੁਕਿਰਿਤ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ।।[ੳ][18]

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਆਪਣਾ ਹੱਥ ਸਦਾ ਰੰਬੀ ਅਤੇ ਆਰ (ਜੁਤੀਆਂ ਬਣਾਉਣ ਵਾਲੇ ਔਜ਼ਾਰ) ਵਿਚ ਲਗਾਈ ਰੱਖਦਾ ਹਾਂ। ਨੇਕ ਕਰਮ ਕਰਨਾ ਹੀ ਮੇਰਾ ਧਰਮ ਹੈ ਜੋ ਮੈਨੂੰ ਭਵਸਾਗਰ ਤੋਂ ਪਾਰ ਉਤਾਰੇਗਾ।

ਪ੍ਰਭ ਭਗਤਿ ਸ੍ਰਮ ਸਾਧਨਾ, ਜਗ ਮਹਿਂ ਜਿਨਹਹਿਂ ਪਾਸ।
ਤਿਨਹਿ ਜੀਵਨ ਸਫਲ ਭਇਓ, ਸੱਤ ਭਾਖੈ 'ਰਵਿਦਾਸ'।।[19]

ਰਵਿਦਾਸ ਜੀ ਕਹਿੰਦੇ ਹਨ ਕਿ ਮੇਰੇ ਬਚਨ ਨੂੰ ਸੱਚ ਕਰਕੇ ਮੰਨੋ ਕਿ ਸੰਸਾਰ ਵਿਚ ਆਉਣਾ ਸਿਰਫ਼ ਉਨ੍ਹਾਂ ਦਾ ਸਫਲ ਹੈ ਜਿਹੜੇ ਪਰਮਾਤਮਾ ਦੀ ਭਗਤੀ ਅਤੇ ਮਿਹਨਤ ਕਰਦੇ ਹਨ।

'ਰਵਿਦਾਸ' ਜਨਮੇ ਕਉ ਹਰਸ ਕਾ, ਮਰਨੇ ਕਉ ਕਾ ਸੋਕ।[ਅ]
ਬਾਜੀਗਰ ਕੇ ਖੇਲ ਕੂੰ, ਸਮਝਤ ਨਾਂਹੀ ਲੋਕ।।[ੲ][20]

ਰਵਿਦਾਸ ਜੀ ਕਹਿੰਦੇ ਹਨ ਕਿ ਕਿਸੇ ਦੇ ਜਨਮ ਤੇ ਖ਼ੁਸ਼ ਹੋਣ ਅਤੇ ਮਰਨ ਤੇ ਦੁਖੀ ਹੋਣ ਦੀ ਕੀ ਲੋੜ ਹੈ? ਇਹ ਤਾਂ ਸੰਸਾਰ ਦੇ ਬਣਾਉਣ ਵਾਲੇ ਬਾਜ਼ੀਗਰ (ਪਰਮਾਤਮਾ) ਦਾ ਖੇਲ ਹੈ ਜਿਸ ਨੂੰ ਦੁਨੀਆ ਸਮਝਦੀ ਨਹੀਂ।

'ਰਵਿਦਾਸ' ਸੋਇ ਸਾਧੂ ਭਲੋ, ਜਿਹ ਮਨ ਨਾਹਿਂ ਅਭਿਮਾਨ।
ਹਰਸ ਸੋਕ ਜਾਨਇ ਨਹੀਂ, ਸੁਖ ਦੁਖ ਏਕ ਸਮਾਨ।।[21]

ੳ. **ਸੁਕਿਰਿਤ**=ਸਤ ਕਰਮ, ਨੇਕ ਕਰਮ। ਅ. **ਹਰਸ**=ਖ਼ੁਸ਼ੀ। ੲ. **ਲੋਕ**=ਸੰਸਾਰ, ਲੋਕ।

ਸੁਖ ਦੁਖ ਹਾਨਿ ਲਾਭ ਕਉ, ਜਉ ਸਮਝਹਿ ਇਕ ਸਮਾਨ।
'ਰਵਿਦਾਸ' ਤਿਨਹਿੰ ਜਾਨੀਏ, ਜੋਗੀ ਪੁਰਸ਼ ਸੁਜਾਨ॥[ੳ] [22]

ਰਵਿਦਾਸ ਜੀ ਕਹਿੰਦੇ ਹਨ ਕਿ ਉਹੀ ਸੰਤ-ਮਹਾਤਮਾ ਸੱਚਾ ਹੈ ਜਿਸ ਦੇ ਮਨ ਵਿਚ ਹੰਕਾਰ ਦਾ ਨਾਸ਼ ਹੋ ਚੁੱਕਾ ਹੈ ਅਤੇ ਜਿਸ ਦੇ ਮਨ ਉਤੇ ਦੁੱਖ-ਸੁਖ, ਖ਼ੁਸ਼ੀ ਗ਼ਮੀ ਅਤੇ ਲਾਭ-ਹਾਨੀ ਦਾ ਕੋਈ ਅਸਰ ਨਹੀਂ ਹੁੰਦਾ।

ਸੌ ਬਰਸ ਲੌਂ ਜਗਤ ਮਹਿੰ, ਜੀਵਤ ਰਹਿ ਕਰੁ ਕਾਮ।
'ਰਵਿਦਾਸ' ਕਰਮ ਹੀ ਧਰਮ ਹੈ, ਕਰਮ ਕਰਹੁ ਨਿਹਕਾਮ॥[ਅ] [23]

ਕੁਝ ਲੋਕ ਸੰਸਾਰ ਦਾ ਕੰਮ-ਕਾਜ ਛੱਡ ਕੇ ਜੰਗਲ ਵਿਚ ਚਲੇ ਜਾਂਦੇ ਹਨ, ਕੁਝ ਲੋਕ ਥੋੜੇ ਹੀ ਦਿਨਾਂ ਤੱਕ ਕੰਮ ਕਰਨ ਤੋਂ ਬਾਦ ਅੱਕ ਜਾਂਦੇ ਹਨ ਅਤੇ ਕੁਝ ਹੋਰ ਲੋਕ ਥੋੜ੍ਹਾ-ਜਿਹਾ ਕੰਮ ਕਰਕੇ ਹੀ ਆਪਣੇ ਆਪ ਨੂੰ ਕਰਮਯੋਗੀ ਸਮਝਣ ਲੱਗ ਜਾਂਦੇ ਹਨ, ਰਵਿਦਾਸ ਜੀ ਇਹ ਵਿਚਾਰ ਪ੍ਰਗਟ ਕਰਦੇ ਹਨ ਕਿ ਅਸੀਂ ਸੌ ਸਾਲ ਦੀ ਲੰਬੀ ਉਮਰ ਤੱਕ ਸੰਸਾਰ ਵਿਚ ਜਿਉਂਦੇ ਰਹਿ ਕੇ ਕੰਮ ਕਰਦੇ ਰਹੇ। ਕਰਮ ਕਰਨਾ ਹੀ ਸਾਡਾ ਧਰਮ ਹੈ, ਪਰ ਇਹ ਕਿਰਤ ਨਿਸ਼ਕਾਮ ਭਾਵ ਨਾਲ (ਫਲ ਦੀ ਇੱਛਾ ਤਿਆਗ ਕੇ) ਕਰਨੀ ਚਾਹੀਦੀ ਹੈ।

ਪਰਕਿਰਤੀ ਪਰਭਾਉ ਬਸ, ਮਾਨੁਸ਼ ਕਰਤ ਹੈ ਕਾਰ।[ੲ]
ਮਾਨੁਸ਼ ਤਉ ਹੈ ਨਿਮਿਤ ਰੂਪ, ਕਹਿ 'ਰਵਿਦਾਸ' ਬਿਚਾਰ॥[24]

ਮਨੁੱਖ ਪ੍ਰਕ੍ਰਿਤੀ ਜਾਂ ਕੁਦਰਤੀ ਸੁਭਾਅ ਕਾਰਨ ਕਰਮ ਕਰਦਾ ਹੈ। (ਇਸ ਲਈ ਉਸ ਨੂੰ ਕੰਮ ਕਰਨ ਦਾ ਹੰਕਾਰ ਨਹੀਂ ਹੋਣਾ ਚਾਹੀਦਾ)। ਰਵਿਦਾਸ ਜੀ ਸੋਚ-ਵਿਚਾਰ ਕੇ ਕਹਿੰਦੇ ਹਨ ਕਿ ਕਰਮ ਕਰਨ ਲਈ ਮਨੁੱਖ ਕੇਵਲ ਸਾਧਨ ਮਾਤਰ ਹੀ ਹੈ।

ਕਰਮਨ ਹੀ ਪਰਭਾਉ ਤਜਿ, ਨਿਹਕਰਮੀ ਹੋਇ ਕਰ ਕਾਮ।
'ਰਵਿਦਾਸ' ਨਿਹਕਰਮੀ ਕਰਮ ਹੀ, ਮੇਲ ਕਰਾਏ ਰਾਮ॥[25]

ੳ. ਸੁਜਾਨ=ਸੁੰਦਰ ਗਿਆਨ ਵਾਲਾ, ਗਿਆਨੀ। ਅ. ਨਿਹਕਾਮ=ਨਿਸ਼ਕਾਮ। ੲ. ਪਰਕਿਰਤੀ=ਮਾਇਆ।

ਮਨੁੱਖ ਨੂੰ ਕਰਮ ਦੇ ਪ੍ਰਭਾਵ ਤੋਂ ਨਿਰਲੇਪ ਹੋ ਕੇ ਕੰਮ ਕਰਨਾ ਚਾਹੀਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਨਿਰਲੇਪ ਹੋ ਕੇ ਕਰਮ ਕਰਨ ਨਾਲ ਇਸ ਦਾ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ।

ਰਾਗ ਦਵੇਸ਼ ਕੂੰ ਛਾਂੜਿ ਕਰ, ਨਿਹਕਰਮ ਕਰਹੁ ਰੇ ਮੀਤ।
ਸੁਖ ਦੁਖ ਸਭ ਮਹਿੰ ਥਿਰ ਰਹਿੰ, 'ਰਵਿਦਾਸ' ਸਦਾ ਮਨ ਮੀਤ।।[ੳ 26]

ਹੇ ਮੇਰੇ ਮਿੱਤਰ! ਤੂੰ ਮੇਰ-ਤੇਰ ਨੂੰ ਤਿਆਗ ਕੇ ਨਿਸ਼ਕਾਮ-ਭਾਵ ਨਾਲ ਕੰਮ ਕਰ। ਰਵਿਦਾਸ ਜੀ ਕਹਿੰਦੇ ਹਨ, ਹੇ ਮੇਰੇ ਸਾਥੀ ਮਨ! ਤੂੰ ਸੁਖ-ਦੁੱਖ ਆਦਿ ਸਭ ਤਰ੍ਹਾਂ ਦੀ ਹਾਲਤ ਵਿਚ ਸਦਾ ਸ਼ਾਂਤ ਬਣਿਆ ਰਹਿ।

'ਰਵਿਦਾਸ' ਸੋਈ ਸਾਧੂ ਭਲੋ, ਜਉ ਮਨ ਅਭਿਮਾਨ ਨ ਲਾਇ।
ਔਗੁਨ ਛਾਂਡਹਿ ਗੁਨ ਗਹਈ, ਸਿਮਰਈ ਗੋਵਿੰਦ ਰਾਇ।।[27]

ਰਵਿਦਾਸ ਜੀ ਕਹਿੰਦੇ ਹਨ ਕਿ ਉਹੀ ਸਾਧੂ-ਮਹਾਤਮਾ ਭਲਾ ਜਾਂ ਨੇਕ ਹੈ ਜੋ ਆਪਣੇ ਮਨ ਵਿਚ ਕਦੀ ਹੰਕਾਰ ਨਹੀਂ ਲਿਆਉਂਦਾ। ਉਹ ਅਵਗੁਣਾਂ ਨੂੰ ਛੱਡ ਕੇ ਸਦਗੁਣਾਂ ਨੂੰ ਅਪਣਾਉਂਦਾ ਹੈ ਅਤੇ ਸਦਾ ਪਰਮਾਤਮਾ ਦੇ ਨਾਮ-ਸਿਮਰਨ ਵਿਚ ਲੱਗਾ ਰਹਿੰਦਾ ਹੈ।

'ਰਵਿਦਾਸ' ਸੋਈ ਸਾਧੂ ਭਲੋ, ਜਉ ਰਹਈ ਸਦਾ ਨਿਰਬੈਰ।
ਸੁਖਦਾਈ ਸਮਤਾ ਗਹਈ, ਸਭਨਹਿ ਮਾਂਗਹਿ ਖੈਰ।।[ਅ 28]

ਸੱਚਾ ਸੰਤ ਉਹ ਹੈ ਜੋ ਕਿਸੇ ਨਾਲ ਵੈਰ-ਵਿਰੋਧ, ਈਰਖਾ-ਸਾੜਾ ਨਹੀਂ ਕਰਦਾ। ਉਹ ਸਭ ਦਾ ਭਲਾ ਚਾਹੁੰਦਾ ਹੈ, ਸਭ ਨੂੰ ਸੁਖ ਦੇਣਾ ਚਾਹੁੰਦਾ ਹੈ ਅਤੇ ਸਭ ਨਾਲ ਬਰਾਬਰੀ ਦਾ ਸਲੂਕ ਕਰਦਾ ਹੈ।

ਰਵਿਦਾਸ ਸੋਈ ਸਾਧੂ ਭਲੋ, ਜਉ ਅਪਨਹ ਅੱਪੁ ਨ ਜਤਾਇ।[ੲ]
ਸੱਤਵਾਦੀ ਸਾਂਚਾ ਰਹਈ, ਮਨ ਹਰਿ ਚਰਨਨ ਮਹਂ ਲਾਇ।।[29]

ੳ. **ਥਿਰ**=ਸਥਿਰ। ਅ. **ਖੈਰ**=ਕਲਿਆਣ, ਭਲਾਈ, ਕੁਸ਼ਲ-ਭਲਾ। ੲ. **ਜਤਾਇ**=ਪ੍ਰਗਟ ਕਰਨਾ, ਦੱਸਣਾ।

ਰਵਿਦਾਸ ਜੀ ਕਹਿੰਦੇ ਹਨ ਕਿ ਸੱਚਾ ਸਾਧੂ ਕਦੇ ਆਪਣੀ ਵਡਿਆਈ ਦਾ ਦਿਖਾਵਾ ਨਹੀਂ ਕਰਦਾ। ਉਹਦੇ ਅੰਦਰ ਸਤਿ ਦਾ ਵਾਸਾ ਹੁੰਦਾ ਹੈ ਅਤੇ ਉਹ ਆਪਣੀ ਲਿਵ ਸਦਾ ਪਰਮਾਤਮਾ ਦੇ ਚਰਨਾਂ ਵਿਚ ਲੀਨ ਰੱਖਦਾ ਹੈ।

ਰਵਿਦਾਸ ਸੋਈ ਸਾਧੂ ਭਲੋ, ਜਿਹ ਮਨ ਨਿਰਮਲ ਹੋਇ।
ਰਾਮ ਭਜਹਿ ਵਿਸ਼ਿਆ ਤਜਹਿ, ਮਿਥ ਭਾਸ਼ੀ ਨ ਹੋਇ।।[ੳ] 30

ਸੱਚੇ ਸੰਤ ਦਾ ਮਨ ਨਿਰਮਲ ਹੁੰਦਾ ਹੈ। ਉਹ ਵਿਸ਼ੇ-ਵਿਕਾਰਾਂ ਵਿਚ ਲਿਪਤ ਨਹੀਂ ਹੁੰਦਾ। ਉਹ ਕਦੇ ਝੂਠ ਦੇ ਨੇੜੇ ਨਹੀਂ ਢੁੱਕਦਾ ਅਤੇ ਸਦਾ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦਾ ਹੈ।

ਰਵਿਦਾਸ ਸੋਈ ਸਾਧੂ ਭਲੋ, ਜਉ ਜਾਨਹਿ ਪਰ ਪੀਰ।
ਪਰ ਪੀਰਾ ਕਹੁੰ ਪੇਖਿ ਕੇ, ਰਹਵੇ ਸਦਹਿ ਅਧੀਰ।।[ਅ] 31

ਸੱਚਾ ਸਾਧੂ ਦੂਸਰਿਆਂ ਦੇ ਦੁੱਖ ਨੂੰ ਮਹਿਸੂਸ ਕਰਕੇ ਉਸ ਵਿਚ ਭਾਈਵਾਲ ਬਣਦਾ ਹੈ ਅਤੇ ਲੋਕਾਂ ਦਾ ਦੁੱਖ ਦੂਰ ਕਰਨ ਦਾ ਜਤਨ ਕਰਦਾ ਹੈ।

ਰਵਿਦਾਸ ਸੋਈ ਸਾਧੂ ਭਲੋ, ਜੋ ਪਰਉਪਕਾਰ ਕਮਾਇ।
ਜਇਸੋਈ ਕਹਹਿ ਵਇਸੋਇ ਕਰਹਿ, ਆਪਾ ਨਾਂਹਿ ਜਤਾਇ।।[ੲ] 32

ਸੱਚਾ ਸੰਤ ਪਰਉਪਕਾਰੀ ਹੁੰਦਾ ਹੈ। ਉਹਦੀ ਕਥਨੀ ਅਤੇ ਕਰਨੀ ਸਮਾਨ ਹੁੰਦੀ ਹੈ। ਉਹ ਆਪਣੇ ਆਪ ਨੂੰ ਜ਼ਾਹਰ ਨਹੀਂ ਕਰਦਾ ਸਗੋਂ ਛਪਾਉਂਦਾ ਹੈ।

ਰਵਿਦਾਸ ਸੋਈ ਸਾਧੂ ਭਲੋ, ਜੋ ਨਿਹਕਪਟ ਨਿਰਪੱਛ।[ਸ]
ਛਮਾਸੀਲ ਅਰੁ ਸਰਲ ਮਨਹ, ਬਾਹਰ ਭੀਤਰ ਸਵੱਛ।।[ਹ] 33

ਸੱਚੇ ਸੰਤ ਦੇ ਹਿਰਦੇ ਵਿਚ ਕਪਟ ਨਹੀਂ ਹੁੰਦਾ। ਉਹ ਪੱਖਪਾਤ ਨਹੀਂ ਕਰਦਾ। ਉਹ ਖਿਮਾਂ ਦੀ ਮੂਰਤ ਹੁੰਦਾ ਹੈ। ਉਹ ਬਾਲਕ ਵਾਂਗ ਸਰਲ-ਸੁਭਾਅ ਵਾਲਾ ਹੁੰਦਾ ਹੈ ਅਤੇ ਅੰਦਰੋਂ-ਬਾਹਰੋਂ ਨਿਰਮਲ ਹੁੰਦਾ ਹੈ।

ੳ. **ਮਿਥ**=ਮਿਥਿਆ, ਝੂਠ। ਅ. **ਕਹੁੰ**=ਨੂੰ; **ਅਧੀਰ**=ਆਤੁਰ, ਬੇਚੈਨ। ੲ. **ਜਤਾਇ**=ਦੱਸਣਾ। ਸ. **ਨਿਰਪੱਛ**=ਪੱਖਪਾਤ ਰਹਿਤ। ਹ. **ਮਨਹ**=ਸਰਲ ਮਨ ਵਾਲਾ, ਸਰਲ ਚਿੱਤ।

'ਰਵਿਦਾਸ' ਸੋਈ ਸਾਧੂ ਭਲੋ, ਨਿਰਮਲ ਜਾਕੇ ਬੈਨ।[ੳ]
ਜਿਹ ਕਰਿ ਦਰਸ ਔ ਪਰਸ ਸੌਂ, ਮਨ ਉਪਜਹਿ ਸੁਖ ਚੈਨ॥[34]

ਸੱਚੇ ਸਾਧੂ ਦੀ ਬਾਣੀ ਨਿਰਮਲ ਹੁੰਦੀ ਹੈ ਅਤੇ ਉਹਦੇ ਦਰਸ਼ਨਾਂ ਨਾਲ ਮਨ ਨੂੰ ਠੰਡਕ ਅਤੇ ਸ਼ਾਂਤੀ ਮਿਲਦੀ ਹੈ।

'ਰਵਿਦਾਸ' ਸੋਈ ਸਾਧੂ ਭਲੋ, ਜਉ ਹੰਸਾ ਗਤਿ ਹੋਇ।
ਕਾਮ ਕਰਮ ਸਭ ਛਾਂਡਿ ਕਰਿ, ਰਾਮ ਭਜਨ ਮਹਿੰ ਖੋਇ॥[ਅ 35]

ਸੱਚਾ ਸਾਧੂ ਹੰਸ ਸਮਾਨ ਹੁੰਦਾ ਹੈ। ਜਿਸ ਤਰ੍ਹਾਂ ਹੰਸ ਦੁੱਧ ਅਤੇ ਪਾਣੀ ਨੂੰ ਵੱਖਰਾ ਕਰ ਸਕਦਾ ਹੈ, ਪੂਰਨ ਸੰਤ ਵਿਸ਼ੇ-ਵਿਕਾਰਾਂ ਅਤੇ ਇੰਦਰੀਆਂ ਦੇ ਭੋਗਾਂ ਨੂੰ ਤਜ ਕੇ ਪਰਮਾਤਮਾ ਦੇ ਨਾਮ ਦਾ ਅੰਮ੍ਰਿਤ ਪੀਂਦਾ ਹੈ। ਉਹ ਆਸਾ-ਮਨਸਾ ਦਾ ਤਿਆਗ ਕਰਕੇ ਨਿਸ਼ਕਾਮ-ਭਾਵ ਨਾਲ ਪਰਮਾਤਮਾ ਦੀ ਭਗਤੀ ਕਰਦਾ ਹੈ।

'ਰਵਿਦਾਸ' ਸੋਈ ਸਾਧੂ ਭਲੋ, ਜੌ ਮਨਹ ਦੋਸ਼ ਮਿਟਾਇ।
ਉਰ ਮਹਂ ਆਪਾ ਨਾ ਥਾਪਈ, ਤ੍ਰਿਸਨਾ ਆਸ ਜਲਾਇ॥[ੲ 36]

ਸੱਚੇ ਸੰਤ ਨੇ ਮਨੋ-ਵਿਕਾਰਾਂ ਦਾ ਨਾਸ਼ ਕਰ ਲਿਆ ਹੁੰਦਾ ਹੈ। ਉਹ ਆਸ਼ਾ-ਤ੍ਰਿਸ਼ਨਾਂ ਅਤੇ ਵਿਸ਼ੇ-ਵਿਕਾਰਾਂ ਤੋਂ ਉੱਪਰ ਉਠ ਚੁੱਕਾ ਹੁੰਦਾ ਹੈ।

ਰਵਿਦਾਸ ਸੋਈ ਸਾਧੂ ਭਲੋ, ਜੌ ਸਾਹਿਬ ਹੱਥ ਬਿਕਾਇ।
ਸਾਹਿਬ ਭੇਂਟ ਚੜ੍ਹਾਨ ਕਉ, ਅਪਨਹ ਸੀਸ ਕਟਾਇ॥[37]

ਸੱਚਾ ਸਾਧੂ ਪਰਮਾਤਮਾ ਦਾ ਜ਼ਰ-ਖ਼ਰੀਦ ਗੁਲਾਮ ਹੁੰਦਾ ਹੈ। ਉਹ ਪੂਰੀ ਤਰ੍ਹਾਂ ਪਰਮਾਤਮਾ ਦੇ ਹੁਕਮ ਵਿਚ ਆ ਗਿਆ ਹੁੰਦਾ ਹੈ ਅਤੇ ਆਪਣੀ ਰਜ਼ਾ ਪਰਮਾਤਮਾ ਦੀ ਰਜ਼ਾ ਵਿਚ ਅਭੇਦ ਕਰ ਚੁੱਕਾ ਹੁੰਦਾ ਹੈ। ਉਹ ਤਨ, ਮਨ, ਧਨ ਸਭ ਕੁਝ ਪਰਮਾਤਮਾ ਦੇ ਅਰਪਣ ਕਰ ਚੁੱਕਾ ਹੁੰਦਾ ਹੈ ਅਤੇ ਉਸ ਤੋਂ ਸਰਬੰਸ ਵਾਰਨ ਲਈ ਤਿਆਰ ਰਹਿੰਦਾ ਹੈ।

ੳ. **ਬੈਨ**=ਬਾਣੀ, ਬੋਲੀ, ਵਚਨ। ਅ. **ਕਾਮ ਕਰਮ**=ਵਿਸ਼ੇ ਕਰਮ, ਸਕਾਮ ਕਰਮ। ੲ. **ਥਾਪਈ**=ਸਥਾਪਿਤ ਕਰਨਾ, ਟਿਕਾਉਣਾ।

ਹਰਿ ਸੁਮਿਰੇ ਸੋਈ ਸੰਤ ਵਿਚਾਰੌ।
ਅਵਰੁ ਜਨਮ ਬੇਕਾਮ ਰਾਮ ਬਿਨ, ਕੋਟਿ ਜਨਮ ਸੌ ਊਪਰਿ ਬਾਰੌ।।[ੳ]
ਹਰਿ ਪਦ ਵਿਮੁਖ ਕੁਟਿਲ ਮਾਇਆਰਤ, ਰਾਮ ਚਰਣ ਚਿਤਹੁ ਨ ਸਾਨੈ।
ਜਿਨ ਮਨ ਮਾਨੁ ਹਉਮੈਂ ਬਸਹਿ, ਤਿਹ ਜਨ ਸੰਤ ਕਹੌ ਕਿਮ ਮਾਨੈ।।[ਅ]
ਕਪਟ ਡਯੰਭ ਪਰ ਨਿੰਦਾ ਬੂੜੌ, ਸੰਤ ਜਨਮ ਭੌ ਕਿਲਵਿਖ ਕਾਰੀ।[ੲ]
ਜਿਉਂ ਬਰਿਖਾ ਰੁਤ ਬੂੰਦ ਉਦਧਿ ਮਹਿੰ, ਆਈ ਮਿਲੈ ਸੋਈ ਜਲਖਾਰੌ।।[ਸ]
ਤਾ ਪਰਸੰਗਿ ਸੀਪ ਸਵਾਤਿ ਨਛੱਤ੍ਰ, ਮੋਤੀ ਨਿਪਜਤ ਨੀਰ ਤੈ ਨਿਆਰੌ।[ਹ]
ਕਹਿ ਰਵਿਦਾਸ ਮੋਹ ਮਦ ਤਿਆਗੈ, ਰਾਮ ਚਰਣ ਮਨ ਸੰਤ ਵਿਚਾਰੌ।।[38]

ਪੂਰਨ ਸੰਤ ਸਦਾ ਪਰਮਾਤਮਾ ਦੇ ਸਿਮਰਨ ਅਤੇ ਧਿਆਨ ਵਿਚ ਮਗਨ ਰਹਿੰਦਾ ਹੈ। ਅਜਿਹੇ ਸੰਤ ਤੋਂ ਅਨੰਤ ਵਾਰ ਬਲਿਹਾਰ ਜਾਣਾ ਚਾਹੀਦਾ ਹੈ, ਕਿਉਂਕਿ ਬਿਨਾਂ ਪਰਮਾਤਮਾ ਦੀ ਭਗਤੀ ਦੇ ਜਨਮ ਵਿਅਰਥ ਹੈ। ਜਿਸ ਕਪਟੀ ਦੇ ਹਿਰਦੇ ਵਿਚ ਮਾਇਆ ਦੀ ਤ੍ਰਿਸ਼ਨਾ ਸਮਾਈ ਹੋਈ ਹੈ, ਜਿਸ ਦਾ ਮਨ ਪ੍ਰਭੂ-ਚਰਨਾਂ ਵਿਚ ਲੀਨ ਨਹੀਂ ਹੁੰਦਾ, ਜਿਸ ਦੇ ਅੰਦਰ ਮਾਣ-ਵਡਿਆਈ ਅਤੇ ਹੰਕਾਰ ਦਾ ਵਾਸਾ ਹੈ, ਉਹ ਸੰਤ ਕਿਵੇਂ ਅਖਵਾ ਸਕਦਾ ਹੈ? ਬਿਨਾਂ ਸੰਤਾਂ ਵਾਲੇ ਗੁਣ ਹੋਣ ਦੇ, ਸੰਤ ਹੋਣ ਦਾ ਢੋਂਗ ਕਰਨ ਵਾਲੇ ਵਿਅਕਤੀ ਕਈ ਕਿਸਮ ਦੇ ਪਖੰਡ ਕਰਦੇ ਹਨ ਅਤੇ ਪਰਾਈ ਨਿੰਦਿਆ ਦੇ ਪਾਪ ਵਿਚ ਫਸ ਕੇ ਮਨੁੱਖ-ਜਨਮ ਨੂੰ ਭੰਗ ਦੇ ਭਾੜੇ ਖੋ ਜਾਂਦੇ ਹਨ। ਬਰਖਾ ਦੀ ਬੂੰਦ ਸਮੁੰਦਰ ਦੇ ਖਾਰੇ ਪਾਣੀ ਵਿਚ ਡਿੱਗ ਕੇ ਖਾਰੀ ਹੋ ਜਾਂਦੀ ਹੈ, ਪਰ ਸਿੱਪੀ ਦੇ ਮੂੰਹ ਵਿਚ ਪੈ ਕੇ ਸੁੱਚਾ ਮੋਤੀ ਬਣ ਜਾਂਦੀ ਹੈ। ਇਸੇ ਤਰ੍ਹਾਂ ਪਰਮਾਤਮਾ ਦੀ ਸੱਚੀ ਭਗਤੀ ਵਿਚ ਲੱਗਾ ਭਗਤ ਮਨੁੱਖ-ਜਨਮ ਨੂੰ ਅਮੋਲਕ ਮੋਤੀ ਬਣਾ ਲੈਂਦਾ ਹੈ, ਪਰ ਮਾਣ-ਵਡਿਆਈ ਦੀ ਖ਼ਾਤਰ ਪਖੰਡ ਦੀ ਭਗਤੀ ਕਰਨ ਵਾਲਾ ਵਿਅਕਤੀ ਮਨੁੱਖ-ਜਨਮ ਦੇ ਅਮੋਲਕ ਅਵਸਰ ਨੂੰ ਫਜ਼ੂਲ ਵਿਚ ਬਰਬਾਦ ਕਰ ਲੈਂਦਾ ਹੈ। ਸੱਚਾ ਸੰਤ ਉਸੇ ਨੂੰ ਕਿਹਾ ਜਾ ਸਕਦਾ ਹੈ ਜਿਹੜਾ ਮਨ, ਮਾਇਆ, ਮੋਹ ਅਤੇ ਹੰਕਾਰ ਦਾ ਤਿਆਗ ਕਰਕੇ ਆਪਣੇ ਧਿਆਨ ਨੂੰ ਸਦਾ ਪਰਮਾਤਮਾ ਦੇ ਚਰਨਾਂ ਵਿਚ ਲੀਨ ਰੱਖਦਾ ਹੈ।

ੳ. **ਬਾਰੌ**=ਨਿਛਾਵਰ ਕਰਨਾ। ਅ. **ਹਉਮੈਂ**=ਹੰਕਾਰ; **ਮਾਨੈ**=ਅਰਥ। ੲ. **ਡਯੰਭ**=ਪਖੰਡ, ਅਡੰਬਰ, ਦੰਭ; **ਕਿਲਵਿਖ ਕਾਰੀ**=ਪਾਪ ਪੈਦਾ ਕਰਨ ਵਾਲਾ। ਸ. **ਰੁਤ**=ਮੌਸਮ; **ਉਦਧਿ**=ਸਮੁੰਦਰ। ਹ. **ਨਿਪਜਤ**=ਉਪਜਨਾ, ਉਤਪੰਨ ਹੋਣਾ।

ਸੱਚੇ ਗੁਰੂ ਦੇ ਮਿਲਾਪ ਦਾ ਫਲ

ਜਿਸ ਦਿਨ ਜੀਵ ਦਾ ਪਰਮਾਤਮਾ ਦੇ ਸੱਚੇ ਭਗਤ ਜਾਂ ਪੂਰਨ ਸੰਤ ਨਾਲ ਮਿਲਾਪ ਹੋ ਜਾਂਦਾ ਹੈ, ਉਹ ਦਿਨ ਧੰਨ ਹੈ, ਜਿਥੇ ਪੂਰਨ ਸੰਤ ਦੇ ਚਰਨ ਪੈਂਦੇ ਹਨ, ਉਹ ਥਾਂ ਵੀ ਪਵਿੱਤਰ ਹੋ ਜਾਂਦਾ ਹੈ। ਪੂਰਨ ਸੰਤ ਪਰਮ-ਦਇਆਲੂ ਹੁੰਦੇ ਹਨ, ਜੋ ਕੇਵਲ ਪਰਉਪਕਾਰ ਲਈ ਸੰਸਾਰ ਵਿਚ ਆਉਂਦੇ ਹਨ। ਜੋ ਪ੍ਰਾਣੀ ਅਜਿਹੇ ਸੰਤਾਂ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਤੋਂ ਨਾਮ ਦਾ ਭੇਦ ਲੈਂਦੇ ਹਨ, ਸੰਤ-ਜਨ ਉਨ੍ਹਾਂ ਨੂੰ ਭਵ-ਸਾਗਰ ਤੋਂ ਪਾਰ ਲੈ ਜਾਂਦੇ ਹਨ।

ਸੱਚੇ ਸਿੱਖ ਨੂੰ ਸਤਿਗੁਰੂ ਦੇ ਦਰਸ਼ਨ ਤੋਂ ਜੋ ਅਨੰਦ ਪ੍ਰਾਪਤ ਹੁੰਦਾ ਹੈ, ਉਹਦਾ ਵਰਨਨ ਕਰ ਸਕਣਾ ਅਸੰਭਵ ਹੈ। ਮੋਹ, ਮਾਇਆ ਅਤੇ ਵਿਸ਼ੇ-ਵਿਕਾਰਾਂ ਦੇ ਹਨੇਰੇ ਵਿਚ ਭਟਕ ਰਹੇ ਵਿਅਕਤੀ ਉਸ ਅਕੱਥ ਅਨੰਦ ਦਾ ਅਨੁਮਾਨ ਨਹੀਂ ਲਾ ਸਕਦੇ। ਉਹ ਸੱਚੇ ਸੰਤਾਂ ਦੀ ਅਦਭੁਤ ਮਹਿਮਾ ਅਤੇ ਨਿਰਾਲੀ ਸ਼ਾਨ ਦੀ ਕਲਪਨਾ ਨਹੀਂ ਕਰ ਸਕਦੇ।

ਆਜ ਦਿਵਸ ਲੇਊਂ ਬਲਿਹਾਰਾ।
ਮੇਰੇ ਗ੍ਰਿਹ ਆਇਆ ਰਾਜਾ ਰਾਮ ਜੀ ਕਾ ਪਿਆਰਾ॥
ਆਂਗਨ ਬਗੜ ਭੁਵਨ ਭਇਓ ਪਾਵਨ, ਹਰਿਜਨ ਬੈਠੇ ਹਰਿ ਜਸ ਗਾਵਨ[ੳ]
ਕਰੌਂ ਡੰਡੌਤ ਅਰੁ ਚਰਨ ਪਖਾਰੌਂ, ਤਨ ਮਨ ਧਨ ਸੰਤਨ ਪਰ ਵਾਰੌਂ॥
ਕਥਾ ਕਰੈਂ ਅਰੁ ਅਰਥ ਵਿਚਾਰੈਂ, ਆਪ ਤਰੈਂ ਔਰਨਿ ਕੌ ਤਾਰੈਂ।
ਕਹੈ 'ਰਵਿਦਾਸ' ਮਿਲੈਂ ਨਿਜ ਦਾਸ, ਜਨਮ ਜਨਮ ਕੈ ਕਾਟੈਂ ਪਾਸ॥[ਅ 39]

ਅੱਜ ਦਾ ਦਿਨ ਧੰਨ ਹੈ, ਮੈਂ ਇਸ ਦਿਨ ਤੋਂ ਬਲਿਹਾਰ ਜਾਂਦਾ ਹੈਂ ਕਿਉਂਕਿ ਅੱਜ ਮੇਰੇ ਘਰ ਪਰਮਾਤਮਾ ਦੇ ਪਿਆਰੇ ਭਗਤ ਪਧਾਰੇ ਹਨ। ਮੇਰਾ ਸਾਰਾ ਘਰ ਪਵਿੱਤਰ ਹੋ ਗਿਆ ਹੈ ਕਿਉਂਕਿ ਇਸ ਵਿਚ ਬੈਠ ਕੇ ਸੰਤ-ਸਤਿਗੁਰੂ ਪਰਮਾਤਮਾ ਦਾ ਜੱਸ ਗਾ ਰਹੇ ਹਨ। ਮੈਂ ਗੁਰਦੇਵ ਦੇ ਚਰਨਾਂ ਉੱਤੇ ਮੱਥਾ ਟੇਕਦਾ ਹਾਂ, ਇਨ੍ਹਾਂ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ ਅਤੇ ਆਪਣਾ ਸਰਬੰਸ ਇਨ੍ਹਾਂ ਉੱਤੇ ਨਿਛਾਵਰ ਕਰਦਾ ਹਾਂ, ਜੋ ਪਰਮਾਤਮਾ ਦੇ ਘਰ ਦੀਆਂ ਕਥਾ-ਕਹਾਣੀਆਂ ਸੁਣਾਉਂਦੇ ਹਨ ਅਤੇ ਸੰਤਾਂ ਦੀ ਬਾਣੀ ਦਾ ਸਤਿਸੰਗ ਕਰਦੇ ਹਨ। ਉਹ ਆਪ ਮੁਕਤੀ ਪ੍ਰਾਪਤ ਕਰ ਚੁੱਕੇ ਹਨ ਅਤੇ ਆਪਣੀ ਸ਼ਰਨ ਆਉਣ ਵਾਲਿਆਂ ਨੂੰ ਵੀ ਮੁਕਤੀ ਦੀ ਦਾਤ

ੳ. ਬਗੜ=ਵਿਹੜਾ, ਬੈਠਕ, ਕੋਠਰੀ। ਅ. ਪਾਸ=ਪਾਸ਼, ਬੰਧਨ, ਜਾਲ, ਫਾਂਸੀ।

ਬਖਸ਼ਦੇ ਹਨ। ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਨਾਲ ਮਿਲ ਕੇ ਮੁਕਤ ਹੋ ਚੁੱਕੇ ਸੱਚੇ ਸੰਤ ਦੇ ਮਿਲਾਪ ਨਾਲ ਜੀਵ ਦੇ ਕਰਮਾਂ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਉਹ ਆਵਾਗਵਨ ਦੀ ਕੈਦ ਤੋਂ ਸਦਾ ਲਈ ਆਜ਼ਾਦ ਹੋ ਜਾਂਦੇ ਹਨ।

ਜੋ ਸੁਖ ਹੋਤ ਸਾਧ ਕੂੰ ਭੇਂਟੇ, ਗਾਵਤ ਸਿਆਮ ਸਕਲ ਦੁਖ ਮੇਟੇ॥
ਤੇ ਕਿਮ ਜਾਂਨਹਿ ਸੰਤਨ ਮਹਿਮਾ, ਜੌ ਮਾਇਆ ਜੰਜਾਲ ਲਪੇਟੇ।
ਅਠ ਪਹਰਿ ਤਿਨਹਿੰ ਕਛੂ ਨਹਿ ਸੂਝਈ, ਜਿਉਂ ਤੇਲੀ ਕੂੰ ਵ੍ਰਿਸ਼ਭ ਸੰਕੇਟੇ।॥੬
ਜੌ ਜਨ ਰਾਮ ਨਾਮ ਨਹਿੰ ਉਚਰੈ, ਉਦਰ ਭਰਈ ਜਿਉਂ ਗਰਦਭ ਲੇਟੇ।
ਜਨ ਰਵਿਦਾਸ ਰਾਮੁ ਬਲ ਗਰਜਤਿ, ਮਨਹੁੰ ਚਯਾਰਿ ਪਦਾਰਥ ਭੇਟੇ॥[40]

ਪੂਰਨ ਸਾਧੂ ਦੇ ਮਿਲਾਪ ਦੇ ਪਰਮ-ਸੁਖ ਨੂੰ ਕਿਵੇਂ ਬਿਆਨ ਕੀਤਾ ਜਾਵੇ? ਪੂਰਨ ਸਾਧੂ ਦੀ ਸੰਗਤ ਵਿਚ ਪਰਮਾਤਮਾ ਦੇ ਗੁਣ ਗਾਉਣ ਨਾਲ ਜਨਮਾਂ-ਜਨਮਾਂ ਦੇ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ। ਮਾਇਆ ਜਾਲ 'ਚ ਫਸੇ ਜੀਵ ਸੰਤਾਂ ਦੀ ਗਤੀ ਕਿਵੇਂ ਜਾਣ ਸਕਦੇ ਹਨ? ਤੇਲੀ ਦੇ ਬਲਦ ਦੀਆਂ ਅੱਖਾਂ ਉੱਤੇ ਖੋਪੇ ਦਿੱਤੇ ਹੁੰਦੇ ਹਨ, ਉਹ ਬਿਨਾਂ ਕੁਝ ਦੇਖੇ ਦਿਨ-ਰਾਤ ਇੱਕੋ ਚੱਕਰ ਵਿਚ ਪਿਆ ਰਹਿੰਦਾ ਹੈ। ਇਸ ਤਰ੍ਹਾਂ ਜਿਨ੍ਹਾਂ ਲੋਕਾਂ ਦੀਆਂ ਅੱਖਾਂ ਉੱਤੇ ਮੋਹ-ਮਾਇਆ ਦੇ ਖੋਪੇ ਚੜ੍ਹੇ ਹੋਏ ਹਨ, ਉਹ ਸਦਾ ਇਸ ਰਚਨਾ ਦੇ ਹਨੇਰੇ ਵਿਚ ਹੀ ਭਟਕਦੇ ਰਹਿੰਦੇ ਹਨ। ਪਰਮਾਤਮਾ ਦੇ ਨਾਮ ਤੋਂ ਵਿਹੂਣਾ ਪ੍ਰਾਣੀ ਖੋਤੇ ਸਮਾਨ ਹੈ, ਜਿਸ ਨੂੰ ਸਿਵਾਏ ਪੇਟ ਭਰ ਕੇ ਮਿੱਟੀ ਵਿਚ ਲੇਟਣ ਅਤੇ ਬੋਝ ਢੋਣ ਦੇ, ਹੋਰ ਕੁਝ ਪਤਾ ਨਹੀਂ। ਇਸ ਤੋਂ ਉਲਟ ਪਰਮਾਤਮਾ ਦੀ ਭਗਤੀ ਦੇ ਰੰਗ ਵਿਚ ਰੰਗੇ ਹੋਏ ਭਗਤਾਂ ਨੂੰ ਧਰਮ, ਅਰਥ, ਕਾਮ ਅਤੇ ਮੋਕਸ਼ ਚਹੁੰ ਪਦਾਰਥਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਉਨ੍ਹਾਂ ਦੇ ਲੋਕ ਅਤੇ ਪਰਲੋਕ ਦੋਵੇਂ ਸੁਖੀ-ਸੁਹੇਲੇ ਬਣ ਜਾਂਦੇ ਹਨ।

4. ਸਤਿਸੰਗ ਦੀ ਮਹੱਤਤਾ

ਸੰਗਤ ਦਾ ਪ੍ਰਭਾਵ

ਕੁਦਰਤ ਦਾ ਅਸੂਲ ਹੈ ਕਿ ਜਿਸ ਤਰ੍ਹਾਂ ਦੀ ਸੰਗਤ ਵਿਚ ਕੋਈ ਰਹਿੰਦਾ ਹੈ, ਉਸੇ ਦਾ ਉਹ ਰੂਪ ਧਾਰ ਲੈਂਦਾ ਹੈ। ਸੁਭਾਵਿਕ ਹੀ ਚੰਗੀ ਸੰਗਤ ਵਿੱਚੋਂ ਚੰਗੇ ਅਤੇ ਮੰਦੀ ਸੰਗਤ ਵਿੱਚੋਂ ਮੰਦੇ ਗੁਣ ਪ੍ਰਾਪਤ ਹੋ ਜਾਂਦੇ ਹਨ। ਮਨਮੁਖਾਂ ਦੀ ਸੁਹਬਤ ਵਿਚ ਜੀਵ ਵਿਸ਼ੇ-ਵਿਕਾਰਾਂ ਵਿਚ ਫਸ ਕੇ ਆਪਣਾ ਨੁਕਸਾਨ ਕਰ ਲੈਂਦਾ ਹੈ। ਇਸ ਤੋਂ ਉਲਟ ਪਰਮਾਤਮਾ ਦੇ ਸੱਚੇ ਭਗਤਾਂ ਦੀ ਸੰਗਤ ਵਿਚ ਹੌਲੀ-ਹੌਲੀ ਇਹਦੇ ਮਨ ਉੱਤੇ ਰੂਹਾਨੀਅਤ ਦਾ ਰੰਗ ਚੜ੍ਹ ਜਾਂਦਾ ਹੈ ਅਤੇ ਇਹ ਵੀ ਇੱਕ ਦਿਨ ਉਸ ਪਰਮ-ਪਿਤਾ ਨਾਲ ਮਿਲਾਪ ਕਰ ਲੈਂਦਾ ਹੈ।

ਜਿਹੋ ਜਿਹੀ ਸੰਗਤ ਹੁੰਦੀ ਹੈ, ਉਹੋ ਜਿਹੇ ਭਾਵ ਅਤੇ ਸੰਸਕਾਰ ਸਾਡੇ ਅੰਦਰ ਪੈਦਾ ਹੁੰਦੇ ਹਨ। ਬਿਨਾਂ ਸੰਤਾਂ ਦੀ ਸੰਗਤ ਦੇ ਸਾਡੇ ਅੰਦਰ ਪਰਮਾਰਥੀ ਬਿਰਤੀ ਪੈਦਾ ਨਹੀਂ ਹੁੰਦੀ ਅਤੇ ਬਿਨਾਂ ਇਸ ਤਰ੍ਹਾਂ ਦੀ ਬਿਰਤੀ ਦੇ ਸਾਡੇ ਅੰਦਰ ਪਰਮਾਤਮਾ ਦੀ ਭਗਤੀ ਦੇ ਸੰਸਕਾਰ ਨਹੀਂ ਜਾਗਦੇ। ਇਸ ਲਈ ਮਨਮੁਖਾਂ ਦੀ ਸੰਗਤ ਤਿਆਗ ਕੇ ਪਰਮਾਤਮਾ ਦੇ ਸੱਚੇ ਭਗਤਾਂ ਦੀ ਸੰਗਤ ਗ੍ਰਹਿਣ ਕਰਨੀ ਚਾਹੀਦੀ ਹੈ। ਸੰਤ ਨਿਰਾਕਾਰ ਪਰਮਾਤਮਾ ਦਾ ਸਾਕਾਰ ਰੂਪ ਹੁੰਦੇ ਹਨ। ਇਸ ਲਈ ਕੇਵਲ ਸੰਤਾਂ ਦੀ ਦਇਆ-ਮਿਹਰ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਮਨ ਦੇ ਵਿਕਾਰਾਂ ਨੂੰ ਦੂਰ ਕਰਨ ਅਤੇ ਹਿਰਦੇ ਵਿਚ ਪਰਮਾਤਮਾ ਦੀ ਭਗਤੀ, ਪਰਮਾਤਮਾ ਦਾ ਪ੍ਰੇਮ ਪੈਦਾ ਕਰਨ ਦਾ, ਸੰਤਾਂ ਦੇ ਸਤਿਸੰਗ ਤੋਂ ਵਧ ਕੇ ਦੂਜਾ ਕੋਈ ਸਾਧਨ ਨਹੀਂ ਹੈ।

> ਜੋ ਜਨ ਦੁਸ਼ਟ ਕੁਮਾਰਗੀ, ਬਇਠਹਿ ਨਹਿ ਤਿੰਹ ਪਾਸ।
> ਜੋ ਜਨ ਸੰਤ ਸੁਮਾਰਗੀ, ਤਿਨ ਪਾਂਏ ਲਾਗੋ 'ਰਵਿਦਾਸ'॥[1]

ਬੁਰੇ ਰਾਹ ਚੱਲਣ ਵਾਲੇ ਦੁਸ਼ਟ ਦੇ ਨੇੜੇ ਨਹੀਂ ਜਾਣਾ ਚਾਹੀਦਾ, ਪਰ ਪਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਮਾਰਗ ਉੱਤੇ ਚੱਲਣ ਵਾਲੇ ਸੰਤਾਂ ਦੇ ਚਰਨ ਕਦੇ ਨਹੀਂ ਤਿਆਗਣੇ ਚਾਹੀਦੇ।

ਸਾਧ ਸੰਗਤਿ ਪੂੰਜੀ ਭਈ, ਹਉਂ ਵਸਤ ਲਈ ਨਿਰਮੋਲ।
ਸਹਿਜ ਬਲਦਿਆ ਲਾਦਿ ਕਰਿ, ਚਲਿਓਂ ਲਹਿਨ ਪਿਵ ਮੋਲ॥[ੳ] [2]

ਰਵਿਦਾਸ ਜੀ ਕਹਿੰਦੇ ਹਨ ਕਿ ਪੂਰਨ ਸਾਧੂ ਦੀ ਸੰਗਤ ਵਿਚ ਜੋ ਪੂੰਜੀ ਪ੍ਰਾਪਤ ਹੋਈ ਹੈ ਉਸ ਨਾਲ ਮੈਂ ਅਮੋਲਕ ਵਸਤੂ ਖਰੀਦੀ ਹੈ। ਉਸ ਅਨਮੋਲ ਧਨ ਨੂੰ ਸਹਿਜ-ਅਵਸਥਾ ਰੂਪੀ ਬਲਦ ਤੇ ਲੱਦ ਕੇ ਹੁਣ ਮੈਂ ਆਪਣੇ ਪ੍ਰੀਤਮ ਪਿਆਰੇ ਨੂੰ ਮੁਲ ਲੈਣ ਜਾ ਰਿਹਾ ਹਾਂ।

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ।
ਸਾਧਸੰਗਤਿ ਪਾਈ ਪਰਮ ਗਤੇ॥[3]

ਇਸ ਪ੍ਰਸ਼ਨ ਦੇ ਉੱਤਰ ਵਿਚ ਕਿ ਉਸ ਪਿਆਰੇ ਪ੍ਰੀਤਮ ਦੀ ਜੋ ਸਾਡੇ ਪ੍ਰਾਣਾਂ ਦਾ ਆਧਾਰ ਹੈ, ਕਿਵੇਂ ਪ੍ਰਾਪਤੀ ਹੁੰਦੀ ਹੈ, ਰਵਿਦਾਸ ਜੀ ਕਹਿੰਦੇ ਹਨ ਕਿ ਇਹ ਪਰਮ-ਗਤਿ ਪੂਰਨ ਸਾਧੂ ਦੀ ਸੰਗਤ ਵਿਚ ਮਿਲਦੀ ਹੈ।

ਪ੍ਰਭੁ ਜੀ ਸੰਗਤਿ ਸਰਨਿ ਤਿਹਾਰੀ॥ ਜਗ ਜੀਵਨ ਰਾਮ ਮੁਰਾਰੀ॥
ਗਲੀ ਗਲੀ ਕੌ ਨੀਰ ਬਹਿ ਆਇਓ, ਸੁਰਸਰੀ ਜਾਇ ਸਮਾਇਓ।
ਸੰਗਤਿ ਕੈ ਪਰਤਾਪ ਮਹਾਤਮ, ਨਾਂਵ ਗੰਗੋਦਿਕ ਪਾਇਓ॥
ਸਵਾਂਤਿ ਬੂੰਦ ਬਰਸ਼ੈਂ ਫਨਿ ਊਪਰ, ਸੀਸ ਵਿਸ਼ੈ ਵਿਸ਼ ਹੋਈ।[ਅ]
ਵਾਹੀ ਬੂੰਦ ਕੋ ਮੋਤੀ ਨਿਪਜੈ ਸੰਗਤਿ ਕੀ ਅਧਿਕਾਈ॥[ੲ]
ਤੁਮ ਚੰਦਨ ਹਮ ਇਰੰਡ ਬਾਪੁਰੇ, ਨਿਕਟਿ ਤੁਮਹਾਰੇ ਬਾਸਾ।[ਸ]
ਨੀਚ ਬ੍ਰਿਖ ਤੈ ਊਂਚ ਭਏ ਹੈਂ, ਤੁਮ੍ਹਰੀ ਬਾਸ ਸੁਬਾਸਾ॥
ਜਾਤਿ ਭੀ ਓਛੀ ਪਾਂਤਿ ਭੀ ਓਛੀ, ਓਛਾ ਕਸਬ ਹਮਾਰਾ।[ਹ]
ਤੁਮ੍ਹਰੀ ਕ੍ਰਿਪਾ ਤੈਂ ਊਂਚ ਭਏ ਹੈਂ, ਕਹੈ 'ਰਵਿਦਾਸ' ਚਮਾਰਾ॥[4]

ੳ. **ਬਲਦਿਆ**=ਬੈਲ; **ਲਹਿਨ**=ਪ੍ਰਾਪਤ ਕਰਨ। ਅ. **ਫਨਿ**=ਸੱਪ। ੲ. **ਨਿਪਜੈ**=ਉਤਪੰਨ ਹੋਣਾ।
ਸ. **ਇਰੰਡ**=ਅਰਿੰਡ ਦਾ (ਗੰਧਹੀਣ) ਪੌਦਾ। ਹ. **ਕਸਬ**=ਪੇਸ਼ਾ, ਕਿੱਤਾ।

ਹੇ ਪ੍ਰਭੂ! ਤੂੰ ਸਾਰੇ ਸੰਸਾਰ ਦਾ ਜੀਵਨ ਹੈਂ ਅਤੇ ਮੈਂ ਤੇਰੀ ਸੰਗਤ ਦੀ ਸ਼ਰਨ ਲੈ ਲਈ ਹੈ। ਇਹ ਸੰਗਤ ਦੀ ਮਹਿਮਾ ਹੈ ਕਿ ਗਲੀ-ਗਲੀ ਦਾ ਪਾਣੀ ਗੰਗਾ ਵਿਚ ਮਿਲ ਕੇ ਗੰਗਾ ਜਲ ਹੋ ਜਾਂਦਾ ਹੈ। ਬਰਖਾ ਦੀ ਸੁਆਂਤ ਬੂੰਦ ਸੱਪ ਦੇ ਮੂੰਹ ਵਿਚ ਪੈ ਜਾਵੇ ਤਾਂ ਜ਼ਹਿਰ ਬਣ ਜਾਂਦੀ ਹੈ ਅਤੇ ਸਿੱਪੀ ਦੇ ਮੂੰਹ ਵਿਚ ਪੈ ਜਾਵੇ ਤਾਂ ਸੁੱਚੇ ਮੋਤੀ ਦਾ ਰੂਪ ਧਾਰ ਲੈਂਦੀ ਹੈ। ਇਹ ਸਭ ਮੰਦੀ ਜਾਂ ਚੰਗੀ ਸੰਗਤ ਦਾ ਪ੍ਰਭਾਵ ਹੈ। ਹੇ ਪ੍ਰਭੂ ! ਤੁਸੀਂ ਚੰਦਨ ਹੋ, ਅਸੀਂ ਸੁਗੰਧ ਤੋਂ ਖਾਲੀ ਅਰਿੰਡ ਸਮਾਨ ਹਾਂ, ਪਰ ਤੁਹਾਡੀ ਸੰਗਤ ਨਾਲ ਅਸੀਂ ਵੀ ਪ੍ਰਭੂ-ਪ੍ਰੇਮ ਦੀ ਸੁਗੰਧੀ ਨਾਲ ਭਰ ਗਏ ਹਾਂ। ਰਵਿਦਾਸ ਜੀ ਕਹਿੰਦੇ ਹਨ ਕਿ ਦੁਨੀਆ ਦੀ ਦ੍ਰਿਸ਼ਟੀ ਵਿਚ ਮੇਰੀ ਜਾਤ-ਪਾਤ ਵੀ ਨੀਵੀਂ ਹੈ, ਮੇਰਾ ਕਿੱਤਾ ਵੀ ਨੀਵਾਂ ਹੈ, ਪਰ ਮੈਂ ਪੂਰਨ ਸੰਤਾਂ ਦੀ ਉੱਚੀ ਸੰਗਤ ਕਾਰਨ ਨੀਵੇਂ ਤੋਂ ਉੱਚਾ ਹੋ ਗਿਆ ਹਾਂ।

> ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
> ਰਿਦੈ ਰਾਮ ਗੋਬਿੰਦ ਗੁਨ ਸਾਰੰ॥
> ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
> ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥
> ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥[ੳ]
> ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥
> ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
> ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
> ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥[*] [5]

ੳ. ਤਰ=ਤਰੁ, ਦਰਖ਼ਤ; ਤਾਰਿ=ਤਾੜੀ; ਕਾਗਰਾ=ਕਾਗਜ਼।

* ਇਸ ਤਰ੍ਹਾਂ ਦਾ ਕਥਨ ਅਸੀਂ ਹੋਰ ਜਗ੍ਹਾ ਵੀ ਪਾਉਂਦੇ ਹਾਂ :

(ੳ) ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥[6]

(ਅ) ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥[7]

(ੲ) ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥[8]

ਹੇ ਨਗਰ ਨਿਵਾਸੀਓ! ਤੁਹਾਨੂੰ ਪਤਾ ਹੀ ਹੈ ਕਿ ਮੈਂ ਮਸ਼ਹੂਰ ਨੀਵੀਂ ਕਹੀ ਜਾਣ ਵਾਲੀ ਜਾਤੀ ਵਿੱਚੋਂ ਹਾਂ, ਪਰ ਪ੍ਰਭੂ ਪ੍ਰੇਮ ਕਾਰਨ ਮੇਰੇ ਅੰਦਰ ਉੱਤਮ ਗੁਣ ਪੈਦਾ ਹੋ ਗਏ ਹਨ। ਸ਼ਰਾਬ ਏਨੀ ਅਪਵਿੱਤਰ ਵਸਤੂ ਹੈ ਕਿ ਪ੍ਰਭੂ ਦੇ ਭਗਤ ਜਾਂ ਸੰਤ-ਜਨ ਗੰਗਾ ਜਲ ਵਿਚ ਕੱਢੀ ਗਈ ਸ਼ਰਾਬ ਵੀ ਨਹੀਂ ਪੀਂਦੇ, ਪਰ ਅਪਵਿੱਤਰ ਤੋਂ ਅਪਵਿੱਤਰ ਸ਼ਰਾਬ ਵੀ ਗੰਗਾ ਵਿਚ ਮਿਲ ਕੇ ਗੰਗਾ ਦਾ ਰੂਪ ਹੋ ਜਾਂਦੀ ਹੈ। ਤਾੜ ਦੇ ਬਿਰਛ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ, ਪਰ ਉਸੇ ਤਾੜ ਦੇ ਪੱਤੇ ਤੋਂ ਬਣੇ ਕਾਗਜ਼ ਉੱਤੇ ਪਰਮਾਤਮਾ ਦੇ ਪ੍ਰੇਮ ਅਤੇ ਭਗਤੀ ਦੇ ਗੀਤ ਲਿਖੇ ਜਾਂਦੇ ਹਨ ਤਾਂ ਲੋਕ ਉਨ੍ਹਾਂ ਦਾ ਸਤਿਕਾਰ ਕਰਦੇ ਹਨ, ਉਨ੍ਹਾਂ ਨੂੰ ਮੱਥਾ ਟੇਕਦੇ ਹਨ। ਮੈਂ ਕੁਟਬਾਂਢਲਾ ਨੀਚੀ ਜਾਤੀ ਵਿਚੋਂ ਹਾਂ। ਮੇਰੀ ਜਾਤੀ ਦੇ ਲੋਕ ਰੋਜ਼ ਬਨਾਰਸ ਦੇ ਆਸ-ਪਾਸ ਮਰੇ ਹੋਏ ਢੋਰ ਜਾਂ ਪਸ਼ੂ ਢੋਂਦੇ ਹਨ। ਹੇ ਪ੍ਰਭੂ! ਇਹ ਤੇਰੇ ਨਾਮ ਦੀ ਵਡਿਆਈ ਹੈ ਕਿ ਤੇਰੇ ਨਾਮ ਨਾਲ ਜੁੜ ਕੇ ਮੈਨੂੰ ਏਨਾ ਸਤਿਕਾਰ ਮਿਲ ਗਿਆ ਹੈ ਕਿ ਬਨਾਰਸ ਸ਼ਹਿਰ ਦੇ ਵੱਡੇ-ਵੱਡੇ ਪੰਡਤ ਅਤੇ ਵਿਦਵਾਨ ਵੀ ਮੈਨੂੰ ਡੰਡੌਤ ਕਰਦੇ ਹਨ।

> ਸੰਤ ਤੁਝੀ ਤਨੁ ਸੰਗਤਿ ਪ੍ਰਾਨ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥
> ਸੰਤ ਚੀ ਸੰਗਤਿ ਸੰਤ ਕਥਾ ਰਸੁ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ।[ੳ]
> ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ।[ਅ]
> ਅਉਰ ਇਕ ਮਾਗਉ ਭਗਤਿ ਚਿੰਤਾਮਣਿ॥ ਜਣੀ ਲਖਾਵਹੁ ਅਸੰਤ ਪਾਪੀ ਸਣਿ।[ੲ]
> ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥ ਸੰਤ ਅਨੰਤਹਿ ਅੰਤਰੁ ਨਾਹੀ॥[ਸ]੭

ਹੇ ਪ੍ਰਭੂ! ਸੰਤ-ਜਨ ਤੇਰਾ ਸਰੀਰ ਹਨ ਅਤੇ ਉਹੀ ਤੇਰੇ ਪ੍ਰਾਣ ਹਨ। ਸੰਤਾਂ ਦੀ ਪਛਾਣ ਵੀ ਸੰਤਾਂ ਦੇ ਗਿਆਨ ਦੁਆਰਾ ਹੀ ਹੁੰਦੀ ਹੈ। ਹੇ ਪ੍ਰਭੂ! ਤੂੰ ਮੈਨੂੰ ਸੰਤਾਂ ਦੀ ਸੰਗਤ, ਸਤਿਸੰਗ ਅਤੇ ਪ੍ਰੇਮ ਦੀ ਦਾਤ ਬਖਸ਼ ਦੇ। ਤੂੰ ਮੇਰੀ ਰਹਿਣੀ ਸੰਤਾਂ ਦੀ ਰਹਿਣੀ ਅਨੁਸਾਰ ਬਣਾ ਦੇ, ਤੂੰ ਮੈਨੂੰ ਸੰਤਾਂ ਦੇ ਦੱਸੇ ਮਾਰਗ ਉੱਤੇ ਚੱਲਣ ਦੀ ਸ਼ਕਤੀ ਬਖਸ਼ ਅਤੇ ਸੰਤਾਂ ਦੇ ਦਾਸਾਂ ਦਾ ਦਾਸ ਬਣਾ ਦੇ। ਤੂੰ ਮੈਨੂੰ ਸੰਤਾਂ ਦੀ ਭਗਤੀ ਰੂਪੀ ਚਿੰਤਾਮਣੀ ਦੇ, ਜਿਸ ਨਾਲ ਮੇਰੀਆਂ ਸਭ ਇੱਛਾਵਾਂ ਪੂਰੀਆਂ ਹੋ ਜਾਣ। ਤੂੰ ਕਿਰਪਾ ਕਰਕੇ ਮੈਨੂੰ ਮਨਮੁਖਾਂ ਦੀ ਸੰਗਤ ਤੋਂ ਦੂਰ ਰੱਖ। ਰਵਿਦਾਸ ਜੀ

ੳ. ਚੀ=ਕੀ। ਅ. ਓਲ੍ਹਗ=ਆਸ਼ਰਮ ਜਾਂ ਸ਼ਰਣ ਵਿਚ ਰਹਿਣ ਵਾਲੇ, ਸੇਵਕ; ਓਲ੍ਹਗਣੀ=ਸ਼ਰਣਾਈ, ਸੇਵਕਾਈ। ੲ. ਸਣਿ=ਨਾਲ। ਸ. ਜਾਣੁ=ਜਾਣਕਾਰ, ਗਿਆਨਵਾਨ।

ਕਹਿੰਦੇ ਹਨ ਕਿ ਸੱਚਾ ਗਿਆਨੀ ਉਹ ਹੈ ਜਿਸ ਨੂੰ ਇਹ ਗਿਆਨ ਹੋ ਗਿਆ ਹੈ ਕਿ ਸੰਤ ਅਤੇ ਅਨੰਤ (ਪਰਮਾਤਮਾ) ਵਿਚ ਕੋਈ ਭਿੰਨ-ਭੇਦ ਨਹੀਂ ਹੈ।

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥[ੳ]
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ॥[ਅ]
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ। ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥[ੲ]
ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥[ਸ]
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ॥[ਹ] [10]

ਮੇਰੀ ਇਹੋ ਇੱਛਾ ਅਤੇ ਅਭਿਲਾਸ਼ਾ ਹੈ ਕਿ ਮੇਰਾ ਮਨ ਤੇਰੇ ਸਿਮਰਨ ਵਿਚ ਲੱਗਾ ਰਹੇ, ਮੈਂ ਅੰਦਰਲੇ ਕੰਨਾਂ ਨਾਲ ਤੇਰੀ ਮਿੱਠੀ ਪਿਆਰੀ ਅਨਹਦ ਬਾਣੀ ਨੂੰ ਸੁਣਦਾ ਰਹਾਂ ਅਤੇ ਅੰਦਰਲੀ ਅੱਖ ਦੁਆਰਾ ਤੇਰੇ ਪਿਆਰੇ ਰੂਪ ਦਾ ਦੀਦਾਰ ਕਰਦਾ ਰਹਾਂ। ਹੇ ਪ੍ਰਭੂ! ਮੇਰੀ ਇੱਛਾ ਹੈ ਕਿ ਮੈਂ ਤੇਰੇ ਸੁੰਦਰ, ਪਿਆਰੇ ਤੇ ਸੁਗੰਧਿਤ ਚਰਨ ਕੰਵਲਾਂ ਦਾ ਭੌਰਾ ਬਣ ਜਾਵਾਂ। ਮੈਨੂੰ ਪਲ-ਭਰ ਲਈ ਤੇਰੇ ਚਰਨ ਕੰਵਲ ਨਾ ਵਿਸਰਣ ਅਤੇ ਮੇਰੇ ਅੰਦਰ ਪ੍ਰੇਮ ਦਾ ਅੰਮ੍ਰਿਤ ਭਰ ਜਾਵੇ। ਹੇ ਪ੍ਰਭੂ! ਮੈਂ ਚਾਹੁੰਦਾ ਹਾਂ ਕਿ ਮੇਰੇ ਅੰਦਰ ਤੇਰੀ ਪ੍ਰੀਤ ਸਦਾ ਵਧਦੀ ਜਾਵੇ, ਕਦੇ ਘਟੇ ਨਾ। ਮੈਨੂੰ ਇਹ ਪ੍ਰੀਤ ਬਹੁਤ ਮਹਿੰਗੇ ਮੁੱਲ ਮਿਲੀ ਹੈ। ਮੈਂ ਆਪਣਾ ਆਪਾ ਵਾਰ ਕੇ ਇਹ ਅਮੋਲਕ ਵਸਤੂ ਪ੍ਰਾਪਤ ਕੀਤੀ ਹੈ। ਬਿਨਾਂ ਸੰਤਾਂ ਦੀ ਸੰਗਤ ਦੇ, ਮਨ ਵਿਚ ਪਰਮਾਤਮਾ ਦੇ ਪ੍ਰੇਮ ਦਾ ਭਾਵ ਨਹੀਂ ਉਗਮਦਾ। ਬਿਨਾਂ ਇਸ ਪ੍ਰੇਮ ਦੇ ਭਾਵ ਦੇ, ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਰਵਿਦਾਸ ਜੀ ਕਹਿੰਦੇ ਹਨ ਕਿ ਮੇਰੀ ਇਹੋ ਬੇਨਤੀ ਹੈ ਕਿ ਤੂੰ ਮੇਰੀ ਸ਼ਰਨ ਆਏ ਦੀ ਲਾਜ ਰੱਖ ਲੈ।

ੳ. **ਸੁਜਸੁ**=ਸੁਯਸ਼, ਗੁਣਗਾਣ। ਅ. **ਮਧੁਕਰੁ**= ਭੌਰਾ ; **ਰਸਨ**=ਜੀਭ। ੲ. **ਸਿਉ**=ਤੋਂ; **ਸਟੈ**=ਜੀਵਨ ਦੇ ਬਦਲੇ, ਪ੍ਰਾਣ ਦੇ ਕੇ। ਸ. **ਭਾਉ**=ਭਾਵ। ਹ. **ਪੈਜ**=ਟੇਕ, ਸ਼ਰਮ, ਬਿਰਦ ਦੀ ਲਾਜ।

5. ਨਾਮ-ਭਗਤੀ

ਨਾਮ ਸਭ ਤੋਂ ਉੱਚਾ ਹੈ

ਨਾਮ ਆਦਿ ਤੋਂ ਅੰਤ ਤੱਕ ਕਾਇਮ ਰਹਿਣ ਵਾਲਾ ਪਰਮ ਸਤਿ ਹੈ। ਉਹ ਨਿਰਾਕਾਰ ਅਤੇ ਨਿਰਲੇਪ ਪ੍ਰਭੂ ਨਾਮ ਦੁਆਰਾ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਬੇਸ਼ੱਕ ਪਰਮਾਤਮਾ ਸਭ ਦੇ ਅੰਦਰ ਹੈ, ਪਰ ਬਿਨਾਂ ਨਾਮ-ਭਗਤੀ ਦੇ ਉਹ ਕਦੇ ਪ੍ਰਗਟ ਨਹੀਂ ਹੁੰਦਾ। ਪਰਮਾਤਮਾ ਨੇ ਆਪ ਆਪਣੇ ਨਾਲ ਮਿਲਣ ਦਾ ਇਹ ਮਾਰਗ ਬਣਾਇਆ ਹੈ। ਨਾਮ-ਭਗਤੀ ਦੇ ਟਾਕਰੇ ਤੇ ਬਾਕੀ ਸਭ ਸਾਧਨ ਫਿੱਕੇ ਹਨ। ਕਲਿਜੁਗ ਵਿਚ ਤਾਂ ਵਿਸ਼ੇਸ਼ ਤੌਰ ਤੇ ਬਿਨਾਂ ਨਾਮ-ਭਗਤੀ ਦੇ, ਪਰਮਾਤਮਾ ਨਾਲ ਮਿਲਾਪ ਦਾ ਕੋਈ ਦੂਜਾ ਸਾਧਨ ਹੀ ਨਹੀਂ ਹੈ। ਗੁਰੂ ਰਵਿਦਾਸ ਜੀ ਨੇ ਬਹੁਤ ਸਾਫ਼ ਲਫ਼ਜ਼ਾਂ ਵਿਚ ਕਿਹਾ ਹੈ ਕਿ ਸੰਸਾਰ ਰੂਪੀ ਦੁਤਰ ਸਮੁੰਦਰ ਨੂੰ ਤਰਨ ਦਾ ਇੱਕੋ-ਇੱਕ ਸਾਧਨ, ਨਾਮ-ਰੂਪੀ ਬੇੜੀ ਹੈ। ਜਿਹੜਾ ਪ੍ਰਾਣੀ ਨਾਮ-ਰੂਪੀ ਸ਼ਕਤੀਸ਼ਾਲੀ ਸਹਾਰੇ ਨੂੰ ਤਜ ਕੇ ਦੂਸਰੇ ਕਿਸੇ ਸਾਧਨ ਦਾ ਸਹਾਰਾ ਲੈਂਦਾ ਹੈ, ਉਹ ਭਵ-ਸਾਗਰ ਵਿਚ ਹੀ ਗੋਤੇ ਖਾਂਦਾ ਰਹਿੰਦਾ ਹੈ। ਨਾਮ ਦੀ ਛੋਟੀ ਜਿਹੀ ਚਿਣਗ ਵਿਚ ਕਰਮਾਂ ਦੇ ਅਥਾਹ ਭੰਡਾਰ ਭਸਮ ਕਰ ਦੇਣ ਦੀ ਸ਼ਕਤੀ ਹੈ। ਨਾਮ-ਰੂਪੀ ਅੰਮ੍ਰਿਤ ਦੀ ਇੱਕ ਬੂੰਦ ਆਤਮਾ ਦੀ ਜਨਮਾਂ-ਜਨਮਾਂ ਦੀ ਪਿਆਸ ਬੁਝਾ ਦਿੰਦੀ ਹੈ। ਨਾਮ ਹੀ ਪੂਰਨ ਗਿਆਨ ਅਤੇ ਅਨੰਦ ਦਾ ਸੱਚਾ ਭੰਡਾਰ ਹੈ ਅਤੇ ਨਾਮ ਹੀ ਮੁਕਤੀ ਦਾ ਇੱਕੋ-ਇੱਕ ਸੱਚਾ ਸਾਧਨ ਹੈ।

> 'ਰਵਿਦਾਸ' ਸੱਤ ਇਕ ਨਾਮ ਹੈ, ਆਦਿ ਅੰਤ ਸਚੁ ਨਾਮ।
> ਹਨਨ ਕਰੇਇ ਸਭ ਪਾਪ ਤਾਪ, ਸੱਤ ਸੁਖਨ ਕਰਿ ਖਾਨ।[ੳ][1]

ੳ. ਤਾਪ=ਦੁੱਖ--ਸਰੀਰਿਕ, ਮਾਨਸਿਕ ਅਤੇ ਆਧਿਭੌਤਿਕ ਜਾਂ ਆਤਮਿਕ—ਇਹ ਤਿੰਨ ਤਾਪ ਜਾਂ ਦੁੱਖ ਕਹੇ ਜਾਂਦੇ ਹਨ। ਇਨ੍ਹਾਂ ਦੇ ਸਪੱਸ਼ਟੀਕਰਨ ਦੇ ਲਈ ਪੰ. 100 ਦੀ ਪਾਦ-ਟਿੱਪਣੀ ਦੇਖੋ।

ਆਦਿ ਤੋਂ ਅੰਤ ਤੱਕ ਕਾਇਮ ਰਹਿਣ ਵਾਲਾ ਇੱਕੋ ਸਤਿਨਾਮ ਹੈ। ਨਾਮ ਹੀ ਸਭ ਦੁੱਖਾਂ ਦਾ ਹਰਤਾ ਅਤੇ ਸਭ ਸੁੱਖਾਂ ਦਾ ਦਾਤਾ ਹੈ।

ਸੱਤ ਸਕਤਿ ਸੋਂ ਹੋਤ ਹੈ, ਸਭ ਪਾਪਨ ਕਰ ਨਾਸ।
ਬਧਿਰਾ ਸੱਤ ਸੋਂ ਬੋਧ ਲੇਇ, ਸੱਤ ਭਾਖੈ 'ਰਵਿਦਾਸ'॥[2]

ਇਸ ਸੱਚ ਦੀ ਸ਼ਕਤੀ ਨਾਲ ਸਭ ਪਾਪਾਂ ਦਾ ਨਾਸ਼ ਹੁੰਦਾ ਹੈ। ਪਾਪਾਂ ਦੇ ਨਾਸ਼ ਹੋਣ ਨਾਲ ਸਾਡਾ ਅੰਦਰਲਾ ਬੋਲਾਪਨ ਦੂਰ ਹੋ ਜਾਂਦਾ ਹੈ ਅਤੇ ਸਾਨੂੰ ਨਾਮ ਰੂਪੀ ਸੱਚ ਦਾ ਬੋਧ ਹੁੰਦਾ ਹੈ, ਭਾਵ ਅਸੀਂ ਅੰਦਰ ਨਾਮ ਜਾਂ ਅਨਹਦ ਨਾਦ ਸੁਣਨ ਲੱਗ ਜਾਂਦੇ ਹਾਂ। ਇਹ ਰਵਿਦਾਸ ਜੀ ਦਾ ਸੱਚਾ ਵਚਨ ਹੈ।

ਜੌ ਲੌਂ ਘਟ ਮੰਹਿ ਪਰਾਨ ਹੈਂ, ਤੌ ਲੌਂ ਜਪਓ ਸੱਤ ਨਾਮ।
'ਰਵਿਦਾਸ' ਪਰਮ ਪਦ ਪਾਇਹਿਂ, ਜਿਨ੍ਹ ਘਟਿ ਬਸਿਓ ਰਾਮ॥[ੳ 3]

ਜਦ ਤੱਕ ਸੁਆਸ ਚੱਲਦੇ ਹਨ, ਸੱਚੇ ਨਾਮ ਦਾ ਜਾਪ ਕਰਦੇ ਜਾਣਾ ਚਾਹੀਦਾ ਹੈ ਕਿਉਂਕਿ ਜਦ ਅੰਦਰ ਨਾਮ ਦਾ ਨਿਵਾਸ ਹੋ ਜਾਂਦਾ ਹੈ ਤਾਂ ਪਰਮ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਸੱਤ ਈਸ਼ ਕਹੁੰ ਰੂਪ ਹੈ, ਸੱਤ ਸਕਤੀ ਅਤ ਅਪਾਰ।
'ਰਵਿਦਾਸ' ਸੱਤ ਕੂੰ ਧਾਰਣਾ ਦੇਇਹਿਂ ਪਾਪ ਨਿਬਾਰ॥[4]

ਇਹ ਨਾਮ-ਰੂਪੀ ਸਤਿ ਹੀ ਪਰਮਾਤਮਾ ਦਾ ਨਿਜ-ਰੂਪ ਹੈ ਅਤੇ ਇਹ ਪਰਮਾਤਮਾ ਦੀ ਅਪਾਰ ਸ਼ਕਤੀ ਨਾਲ ਭਰਪੂਰ ਹੈ। ਇਹ ਜੀਵ ਦੇ ਸਭ ਪਾਪਾਂ ਦਾ ਨਾਸ਼ ਕਰਕੇ, ਉਹਨੂੰ ਪਰਮਾਤਮਾ ਨਾਲ ਮਿਲਣ ਦੇ ਯੋਗ ਬਣਾ ਦਿੰਦਾ ਹੈ।

ਸੱਬ ਨਿਵਾਸੀ ਰਾਮ ਜੂ, ਸਬ ਘਟ ਰਹਿਓ ਸਮਾਇ।
'ਰਵਿਦਾਸ' ਨਾਮ ਚਕਮਕ ਬਿਨਾ, ਹਕ ਨੂਰ ਅਦ੍ਰਿਸਟਾਇ॥[ਅ 5]

ੳ. ਪਰਮ ਪਦ=ਆਖਰੀ ਆਧਿਆਤਮਿਕ ਸਥਾਨ, ਸੱਚਖੰਡ। ਅ. ਹਕ=ਸੱਚ, ਪਰਮਾਤਮਾ; ਨੂਰ=ਪ੍ਰਕਾਸ਼; ਅਦ੍ਰਿਸਟਾਇ=ਦਿਖਾਈ ਨਾ ਦੇਣਾ।

ਉਹ ਸਰਬ-ਨਿਵਾਸੀ ਪ੍ਰਭੂ ਹਰ ਘਟ ਅੰਦਰ ਬਿਰਾਜਮਾਨ ਹੈ। ਪਰ ਬਿਨਾਂ ਨਾਮ-ਰੂਪੀ ਚੁੰਬਕ ਦੀ ਛੋਹ ਤੋਂ ਜੀਵਾਤਮਾ ਆਪਣੇ ਅੰਦਰ ਪਸਰਿਆ ਪਰਮਾਤਮਾ ਦੇ ਨਾਮ ਦਾ ਪ੍ਰਕਾਸ਼ ਨਹੀਂ ਦੇਖ ਸਕਦੀ।

ਇੜਾ ਪਿੰਗਲਾ ਸੁਸੁਮਣਾ, ਬਿਧ ਚਕਰ ਪ੍ਰਾਣਾਯਾਮ।[ੳ]
'ਰਵਿਦਾਸ' ਹੌਂ ਸਬਹਿ ਛਾਂਡਿਓ, ਜਬਹਿ ਪਾਇਹੁ ਸੱਤਨਾਮ।।[ਅ 6]

ਰਵਿਦਾਸ ਜੀ ਕਹਿੰਦੇ ਹਨ ਕਿ ਜਦੋਂ ਸੱਚੇ ਨਾਮ ਦਾ ਭੇਦ ਮਿਲ ਗਿਆ ਤਾਂ ਮੈਂ ਇੜਾ, ਪਿੰਗਲਾ ਅਤੇ ਸੁਖਮਨਾ ਦੀ ਸਾਧਨਾ, ਪਿੰਡ ਦੇ ਛੇ ਚੱਕਰਾਂ ਦੀ ਸਾਧਨਾ ਅਤੇ ਪ੍ਰਾਣਾਯਾਮ ਦਾ ਅਭਿਆਸ ਆਦਿ ਸਭ ਸਾਧਨ ਤਜ ਦਿੱਤੇ। ਆਪ ਦਾ ਭਾਵ ਹੈ ਕਿ ਸੰਸਾਰ ਦਾ ਦੂਜਾ ਕੋਈ ਸਾਧਨ ਨਾਮ-ਭਗਤੀ ਦਾ ਮੁਕਾਬਲਾ ਨਹੀਂ ਕਰ ਸਕਦਾ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।।[7]

ਮੇਰਾ ਕੁਟਬਾਂਢਲਾ ਨਾਮੀ ਨੀਵੀਂ ਜਾਤੀ ਵਿਚ ਜਨਮ ਹੋਇਆ ਅਤੇ ਮੇਰੀ ਕੁਲ ਦੇ ਲੋਕ ਰੋਜ਼ ਬਨਾਰਸ ਦੇ ਆਸ-ਪਾਸ ਮਰੇ ਹੋਏ ਪਸ਼ੂ ਢੋਂਦੇ ਹਨ। ਪਰਮਾਤਮਾ ਦੇ ਨਾਮ ਦੀ ਸ਼ਰਨ ਲੈਣ ਨਾਲ ਮੈਨੂੰ ਉਹ ਅਵਸਥਾ ਪ੍ਰਾਪਤ ਹੋ ਗਈ ਹੈ ਕਿ ਸ਼ਹਿਰ ਦੇ ਵੱਡੇ-ਵੱਡੇ ਪੰਡਿਤ ਮੈਨੂੰ ਡੰਡੌਤ ਕਰਦੇ ਹਨ।

ਤਾ ਥੈਂ ਪਤਿਤ ਨਹੀਂ ਕੋ ਪਾਵਨ, ਹਰਿ ਤਜ ਆਨ ਨ ਧਿਆਇਆ ਰੇ।[ੲ]
ਹਮ ਅਪੂਜਿ ਪੂਜਿ ਭਏਂ ਹਰਿ ਥੈਂ, ਨਾਂਵ ਅਨੂਪਮ ਗਾਇਆ ਰੇ।।[8]

ਹੇ ਪ੍ਰਭੂ! ਤੇਰੇ ਤੋਂ ਵਧ ਕੇ ਕੋਈ ਦੂਸਰਾ, ਪਾਪੀਆਂ ਦਾ ਉੱਧਾਰ ਕਰਨ ਵਾਲਾ ਨਹੀਂ। ਮੈਂ ਤੇਰੇ ਤੋਂ ਬਿਨਾਂ ਕਿਸੇ ਦੂਜੇ ਦੀ ਪਰਵਾਹ ਨਹੀਂ ਕੀਤੀ। ਮੈਂ ਕਿਸੇ ਤਰ੍ਹਾਂ

ੳ. **ਇੜਾ... ਸੁਸੁਮਣਾ**=ਮੂਲਾਧਾਰ ਤੋਂ ਸ਼ੁਰੂ ਹੋ ਕੇ ਮੇਰੂਦੰਡ (ਰੀੜ੍ਹ ਦੀ ਹੱਡੀ) ਦੇ ਖੱਬੇ, ਸੱਜੇ ਅਤੇ ਵਿਚਕਾਰ ਹੋ ਕੇ ਮੱਥੇ ਵਿਚ ਬ੍ਰਹਮਰੰਧ (ਇਕ ਰੂਹਾਨੀ ਪੜਾਅ) ਤੱਕ ਜਾਣਵਾਲੀ ਤਿੰਨ ਪ੍ਰਮੁੱਖ ਨਾੜੀਆਂ ਨੂੰ ਇੜਾ, ਪਿੰਗਲਾ ਅਤੇ ਸੁਖਮਨਾ ਕਿਹਾ ਜਾਂਦਾ ਹੈ। ਅ. **ਹੌਂ**=ਵਿਚ। ੲ. **ਆਨ**= ਹੋਰ, ਦੂਸਰਾ।

ਵੀ ਪੂਜਣ-ਯੋਗ ਨਹੀਂ ਸੀ, ਪਰ ਤੇਰੇ ਨਾਮ ਨਾਲ ਜੁੜਨ ਕਾਰਨ ਮੇਰੀ ਪੂਜਾ ਸ਼ੁਰੂ ਹੋ ਗਈ ਹੈ।

ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ।
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ॥[9]

ਰਵਿਦਾਸ ਜੀ ਕਹਿੰਦੇ ਹਨ ਕਿ ਲੋਕਾਂ ਦੀ ਮੱਤ ਮਾਰੀ ਗਈ ਹੈ। ਉਹ ਇਹ ਸਮਝਣ ਦੀ ਕੋਸ਼ਸ਼ ਨਹੀਂ ਕਰਦੇ ਕਿ ਮੇਰੇ ਪ੍ਰਾਣ, ਮੇਰੇ ਧਨ ਅਤੇ ਮੇਰੇ ਜੀਵਨ ਦਾ ਆਧਾਰ ਕੇਵਲ ਪਰਮਾਤਮਾ ਦਾ ਨਾਮ ਹੈ।

ਅਮਰਿਤ ਰਸ ਕਇ ਬੂੰਦ ਕੂੰ, ਤਲਫਤ ਹੌਂ ਦਿਨ ਰੈਨ।
'ਰਵਿਦਾਸ' ਅਮੀਰਸ ਬਿਨ ਪੀਐ, ਜੀਅਰਾ ਨ ਪਾਵੈ ਚੈਨ॥[10]

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਨਾਮ ਰੂਪੀ ਅੰਮ੍ਰਿਤ ਦੀ ਬੂੰਦ ਲਈ ਦਿਨ ਰਾਤ ਤੜਫ ਰਿਹਾ ਹਾਂ। ਬਿਨਾਂ ਇਸ ਅੰਮ੍ਰਿਤ-ਰਸ ਪੀਣ ਦੇ ਮੇਰੇ ਹਿਰਦੇ ਦੀ ਪਿਆਸ ਨਹੀਂ ਬੁਝ ਸਕਦੀ।

ਇਕ ਬੂੰਦ ਸੌਂ ਬੁਝਿ ਗਈ, ਜਨਮ ਜਨਮ ਕੀ ਪਿਆਸ।
ਜਨਮ ਮਰਨ ਬੰਧਨ ਟੂਟਈ, ਭਏ 'ਰਵਿਦਾਸ' ਖਲਾਸ॥[ੳ] [11]

ਰਵਿਦਾਸ ਜੀ ਕਹਿੰਦੇ ਹਨ ਕਿ ਨਾਮ-ਰੂਪੀ ਅੰਮ੍ਰਿਤ ਦੀ ਇੱਕ ਬੂੰਦ ਨਾਲ ਮੇਰੀ ਅਨੰਤ ਜਨਮਾਂ ਦੀ ਪਿਆਸ ਬੁਝ ਗਈ। ਇਸ ਅੰਮ੍ਰਿਤ ਨੂੰ ਪੀ ਕੇ ਮੇਰੇ ਜੰਮਣ-ਮਰਨ ਦੇ ਬੰਧਨ ਕੱਟੇ ਗਏ ਅਤੇ ਮੈਨੂੰ ਅਮਰ-ਪਦ ਦੀ ਪ੍ਰਾਪਤੀ ਹੋ ਗਈ।

'ਰਵਿਦਾਸ' ਮਦੁਰਾ ਕਾ ਪੀਜੀਐ, ਜੌ ਚੜ੍ਹੈ ਚੜ੍ਹੈ ਉਤਰਾਇ।[ਅ]
ਨਾਂਵ ਮਹਾਰਸ ਪੀਜੀਐ, ਜੋ ਚੜ੍ਹੈ ਨਾਹਿੰ ਉਤਰਾਇ॥[12]

ਰਵਿਦਾਸ ਜੀ ਕਹਿੰਦੇ ਹਨ ਕਿ ਸ਼ਰਾਬ ਦਾ ਨਸ਼ਾ ਝੂਠਾ ਹੈ ਜਿਹੜਾ ਚੜ੍ਹਦਾ ਪਿੱਛੋਂ ਹੈ ਅਤੇ ਉਤਰ ਪਹਿਲੋਂ ਜਾਂਦਾ ਹੈ। ਨਾਮ ਉਹ ਮਹਾਂਰਸ ਹੈ ਜਿਸ ਦਾ ਸਰੂਰ ਇੱਕ ਵਾਰ ਚੜ੍ਹ ਜਾਵੇ ਤਾਂ ਕਦੇ ਉਤਰਦਾ ਨਹੀਂ।

ੳ. ਖਲਾਸ=ਮੁਕਤ। ਅ. ਮਦੁਰਾ=ਨਸ਼ਾ, ਸ਼ਰਾਬ।

ਇਕ ਚਿੰਤਾ ਸੱਤ ਨਾਮ ਕੀ, ਦਰਸਾਇਹੁ ਪਰਮ ਤੱਤ।
ਸਹਿਜ ਪਰਮ ਭਗਤੀ ਭਈ, 'ਰਵਿਦਾਸ' ਪਾਇਹਿ ਬ੍ਰਹਮ ਸੱਤ॥[13]

ਰਵਿਦਾਸ ਜੀ ਕਹਿੰਦੇ ਹਨ ਕਿ ਮੈਨੂੰ ਸਿਵਾਏ ਸੱਚੇ ਨਾਮ ਦੇ ਜਾਪ ਦੇ ਦੂਸਰੀ ਕਿਸੇ ਚੀਜ਼ ਦੀ ਚਿੰਤਾ ਨਹੀਂ। ਇਸ ਨਾਮ ਨਾਲ ਲਿਵ ਜੋੜਨ ਤੇ ਹੀ ਮੈਨੂੰ ਉਸ ਪਰਮ-ਸਤਿ ਦੇ ਦਰਸ਼ਨ ਹੋਏ ਹਨ। ਨਾਮ ਨਾਲ ਜੁੜਿਆਂ ਮੈਨੂੰ ਸਹਿਜੇ ਹੀ ਸਭ ਤੋਂ ਉੱਤਮ ਭਗਤੀ ਦੀ ਜੁਗਤੀ ਮਿਲ ਗਈ ਹੈ ਅਤੇ ਇਸ ਦੁਆਰਾ ਹੀ ਮੇਰਾ ਸੱਚੇ ਪਰਮਾਤਮਾ ਨਾਲ ਮਿਲਾਪ ਹੋ ਗਿਆ ਹੈ।

ਕਾਲਹੁ ਨਾਇ ਤਾਹਿ ਪਦ ਸੀਸਾ, ਨਹਿੰ ਬਿਸਰਊਂ ਖਿਨ ਏਕਹੁ ਈਸਾ।[ੳ]
ਜਨਮ ਮਰਨੁ ਅਰੁ ਜਗ ਜਾਲਾ, ਨਾਮ ਪਰਤਾਪ ਨ ਬਿਆਪਹਿ ਵਿਆਲਾ॥[ਅ 14]

ਜਿਸ ਪਰਮੇਸ਼ਰ ਅੱਗੇ ਕਾਲ ਵੀ ਮੱਥਾ ਟੇਕਦਾ ਹੈ, ਮੈਂ ਉਸ ਨੂੰ ਪਲ-ਛਿਨ ਲਈ ਨਹੀਂ ਵਿਸਾਰ ਸਕਦਾ। ਇਹ ਉਸ ਪ੍ਰਭੂ ਦੇ ਨਾਮ ਦਾ ਹੀ ਪਰਤਾਪ ਹੈ ਕਿ ਮੇਰਾ ਆਵਾਗਵਨ ਦਾ ਚੱਕਰ ਟੁੱਟ ਗਿਆ ਹੈ ਅਤੇ ਮੇਰੇ ਉੱਤੇ ਮਾਇਆ ਰੂਪੀ ਸੱਪ ਦਾ ਡੰਗ ਨਹੀਂ ਚੱਲ ਸਕਦਾ।

ਅਨਿਕ ਬਾਰੁ ਜੰਮੇ ਅਰੁ ਮਰੀਏ, ਫੁਨਿ ਹੌਂ ਭਮਰਿ ਨ ਪਰਿ ਹੈਂ।[ੲ]
ਪਤਰਿ ਨਾਵ ਖੇਵਟਿਆ ਗੁਰੁ ਰਾਮਾ, ਨਾਮ ਲੇਤ ਹੀ ਤਰਿ ਹੈਂ॥[15]

ਮੈਨੂੰ ਅਨੇਕ ਵਾਰ ਜੰਮਣਾ ਅਤੇ ਮਰਨਾ ਪਿਆ ਹੈ ਪਰ ਹੁਣ ਮੈਂ ਕਦੇ ਭਵ-ਸਾਗਰ ਦੇ ਭੰਵਰ ਵਿਚ ਨਹੀਂ ਪਵਾਂਗਾ। ਮੇਰੇ ਜੀਵਨ ਦੀ ਬੇੜੀ ਕਮਜ਼ੋਰ ਸੀ ਪਰ ਮੈਨੂੰ ਐਸੇ ਮਲਾਹ ਦਾ ਸਹਾਰਾ ਮਿਲ ਗਿਆ ਹੈ ਜੋ ਪਰਮੇਸ਼ਰ ਦਾ ਸਾਖਿਆਤ ਰੂਪ ਹੈ। ਉਹਨੇ ਮੈਨੂੰ ਪਰਮਾਤਮਾ ਦੇ ਨਾਮ ਦਾ ਉਹ ਸਹਾਰਾ ਦੇ ਦਿੱਤਾ ਹੈ ਕਿ ਮੈਂ ਇਕਦਮ ਭਵ-ਸਾਗਰ ਤੋਂ ਪਾਰ ਹੋ ਜਾਵਾਂਗਾ।

ਭੌ ਸਾਗਰ ਰਾ ਤਰਨ ਕੂੰ, ਏਕੋ ਨਾਮ ਅਧਾਰ।
'ਰਵਿਦਾਸ' ਕਬਊਂ ਨਹਿੰ ਛਾਂਡੀਏ, ਰਾਮ ਨਾਮ ਪਤਵਾਰ॥[16]

ੳ. **ਨਾਇ**=ਝੁਕਨਾ; **ਖਿਨ**=ਪਲ। ਅ. **ਵਿਆਲਾ**=ਸੱਪ। ੲ. **ਫੁਨਿ**=ਫਿਰ; **ਹੌਂ**=ਮੈਂ; **ਭਮਰਿ**=ਭੰਵਰ, ਘੁਮਣਘੇਰੀ।

ਸੰਸਾਰ-ਸਾਗਰ ਨੂੰ ਤਰਨ ਦਾ ਇੱਕੋ ਸਾਧਨ ਪਰਮਾਤਮਾ ਦਾ ਸੱਚਾ ਨਾਮ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਭਵਸਾਗਰ ਵਿਚ ਬਹਿ ਰਹੀ ਜੀਵਨ ਦੀ ਬੇੜੀ ਨੂੰ ਪਾਰ ਲਿਜਾਣ ਲਈ ਨਾਮ ਰੂਪੀ ਚੱਪੂ ਦਾ ਆਸਰਾ ਕਦੇ ਨਹੀਂ ਛੱਡਣਾ ਚਾਹੀਦਾ।

> ਸੋਇ ਤਨ ਕੰਚਨ ਜਾਨਈ, ਜਿਹ ਤਨ ਨਾਮ ਪਰਗਾਸ।
> 'ਰਵਿਦਾਸ' ਰਾਮ ਚਖੰਤਾਮਣਿ, ਚਹੁੰ ਦਿਸ ਓਜ ਉਜਾਸ।।[ੳ][17]

ਜਿਸ ਕਾਇਆ ਅੰਦਰ ਪਰਮਾਤਮਾ ਦਾ ਸੱਚਾ ਨਾਮ ਪ੍ਰਗਟ ਹੋ ਜਾਂਦਾ ਹੈ, ਉਹ ਸੋਨੇ ਦੀ ਬਣ ਜਾਂਦੀ ਹੈ, ਭਾਵ ਜਿਸ ਪ੍ਰਾਣੀ ਦੀ ਲਿਵ ਅੰਦਰ ਨਾਮ ਨਾਲ ਜੁੜ ਜਾਂਦੀ ਹੈ, ਉਹਦਾ ਮਨੁੱਖ-ਜਨਮ ਸਫਲ ਹੋ ਜਾਂਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਦੋਂ ਅੰਦਰ ਸਭ ਇੱਛਾਵਾਂ ਪੂਰੀਆਂ ਕਰਨ ਵਾਲੀ ਨਾਮ-ਰੂਪੀ ਚਿੰਤਾਮਣੀ ਪ੍ਰਗਟ ਹੋ ਜਾਂਦੀ ਹੈ ਤਾਂ ਸਾਰੇ ਸੰਸਾਰ ਵਿਚ ਹਰ ਪਾਸੇ ਪਰਮਾਤਮਾ ਦਾ ਪ੍ਰਕਾਸ਼ ਦਿਖਾਈ ਦੇਣ ਲੱਗ ਪੈਂਦਾ ਹੈ।

> ਨਾਮ ਮੂਲ ਹੈ ਗਿਆਨ ਕੌ, ਨਾਮ ਮੁਕਤਿ ਕੌ ਦਬਾਰ।[ਅ]
> ਜਾ ਹਿਰਦੈ ਹਰਿ ਬਸੈ, ਪਰਹਿੰ ਨ ਜਗ ਬੌਪਾਰ।।[ੲ][18]

ਨਾਮ ਹੀ ਗਿਆਨ ਦਾ ਸ੍ਰੋਤ ਹੈ ਅਤੇ ਨਾਮ ਹੀ ਮੁਕਤੀ ਦਾ ਦਰਵਾਜ਼ਾ ਹੈ। ਜਿਸ ਦੇ ਹਿਰਦੇ ਵਿਚ ਨਾਮ ਦੁਆਰਾ ਪਰਮਾਤਮਾ ਦਾ ਵਾਸਾ ਹੋ ਜਾਂਦਾ ਹੈ, ਉਹ ਦੋਬਾਰਾ ਜੰਮਣ-ਮਰਨ ਦੇ ਮਾਇਆ-ਜਾਲ ਵਿਚ ਨਹੀਂ ਫਸਦਾ।

> ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ।।[ਸ]
> ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ।।[ਹ]

ੳ. **ਓਜ**=ਕਾਂਤੀ, ਦਮਕ; **ਉਜਾਸ**=ਉਜਾਲਾ, ਪ੍ਰਕਾਸ਼। ਅ. **ਦਬਾਰ**=ਦੁਆਰ, ਦਰਵਾਜ਼ਾ। ੲ. **ਬੌਪਾਰ**=ਵਿਉਪਾਰ, ਪ੍ਰਪੰਚ, ਝਮੇਲਾ। ਸ. **ਸੁਰਤਰ**=ਕਲਪ-ਬਿਰਛ ਜੋ ਮੂੰਹ-ਮੰਗੀ ਚੀਜ਼ ਦਿੰਦਾ ਹੈ; **ਚਿੰਤਾਮਨਿ**=ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਰਤਨ; **ਕਾਮਧੇਨੁ**=ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਾਲੀ ਸਵਰਗ ਦੀ ਗਾਂ। ਹ. **ਸਿਧਿ**=ਅਠਾਰਾਂ ਸਿੱਧੀਆਂ: ਅਣਿਮਾ, ਮਹਿਮਾ, ਗਰਿਮਾ, ਲਘਿਮਾ, ਪ੍ਰਾਪਤੀ, ਪ੍ਰਾਕਾਮਯ, ਈਸ਼ਿਤਵ, ਵਸ਼ਿਤਵ, ਅਨੂਰਮੀ, ਦੂਰ-ਸ਼ਰਵਨ, ਦੂਰ-ਦਰਸ਼ਨ, ਮਨੋਵੇਗ, ਕਾਮਰੂਪ, ਦੂਸਰੇ ਦੀ ਕਾਇਆ ਵਿਚ ਪ੍ਰਵੇਸ਼, ਸਵੈੱਛਾ ਮ੍ਰਿਤੂ, ਸੁਰਕ੍ਰੀੜਾ, ਸੰਕਲਪ-ਸਿੱਧੀ ਅਤੇ ਅਪ੍ਰਤਿਹਤ ਗਤਿ; **ਨਵ ਨਿਧਿ**=ਨੌਂ ਨਿੱਧੀਆਂ: ਪਦਮ, ਮਹਾਪਦਮ, ਸ਼ੰਖ, ਮਕਰ, ਕਛਿਅੱਪ, ਮੁਕੰਦ, ਕੁੰਦ, ਨੀਲ ਅਤੇ ਖਰਵ।

ਹਰਿ ਹਰਿ ਹਰਿ ਨ ਜਪਹਿ ਰਸਨਾ। ਅਵਰ ਸਭ ਤਿਆਗਿ ਬਚਨ ਰਚਨਾ।।[ੳ]
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ।।[ਅ]
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ।।[ੲ]
ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ।।[ਸ]
ਕਹਿ 'ਰਵਿਦਾਸ' ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ।।[ਹ][19]

ਹੇ ਜੀਵ! ਤੂੰ ਉਸ ਪਰਮਾਤਮਾ ਦਾ ਨਾਮ ਕਿਉਂ ਨਹੀਂ ਜਪਦਾ ਜਿਹੜਾ ਸਭ ਸੁੱਖਾਂ ਦਾ ਸਾਗਰ ਹੈ, ਜਿਸ ਦੇ ਵੱਸ ਵਿਚ ਕਲਪ-ਬਿਰਛ, ਕਾਮਧੇਨ ਗਊ, ਧਰਮ, ਅਰਥ, ਕਾਮ, ਮੋਕਸ਼ ਰੂਪੀ ਚਾਰ ਪਦਾਰਥ ਅਤੇ ਨੌਂ ਨਿਧੀਆਂ ਅਤੇ ਅਠਾਰਾਂ ਸਿੱਧੀਆਂ ਹਨ? ਤੂੰ ਪਰਮਾਤਮਾ ਦੇ ਨਾਮ ਤੋਂ ਬਿਨਾਂ ਬਾਕੀ ਹਰ ਵਸਤੂ ਨੂੰ ਛੱਡ ਦੇ। ਵੇਦਾਂ-ਪੁਰਾਣਾਂ ਵਿਚ ਬਿਆਨ ਕੀਤਾ ਗਿਆ ਸਾਰਾ ਗਿਆਨ ਭਾਸ਼ਾ ਦੀ ਕੈਦ ਵਿਚ ਹੈ। ਵੇਦਾਂ ਦੇ ਰਚਨਹਾਰ ਅਤੇ ਇਨ੍ਹਾਂ ਦੇ ਸਾਰ-ਤੱਤ ਦੇ ਗਿਆਤਾ ਵੇਦ-ਵਿਆਸ ਨੇ ਖ਼ੁਦ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਚਾਰੇ ਵੇਦਾਂ ਵਿਚ ਪ੍ਰਗਟ ਗਿਆਨ ਪਰਮਾਤਮਾ ਦੇ ਸੱਚੇ ਨਾਮ ਦਾ ਮੁਕਾਬਲਾ ਨਹੀਂ ਕਰ ਸਕਦਾ। ਇਹ ਸੱਚਾ ਨਾਮ ਕਹਿਣ-ਸੁਣਨ ਦਾ ਵਿਸ਼ਾ ਨਹੀਂ ਹੈ। ਬੜੇ ਉੱਚੇ ਭਾਗ ਹੋਣ ਤਾਂ ਜੀਵ ਦਾ ਧਿਆਨ ਨਾਸ਼ਵਾਨ ਸੰਸਾਰ ਦੇ ਵਸਤਾਂ-ਪਦਾਰਥਾਂ ਵਿੱਚੋਂ ਨਿਕਲ ਕੇ ਪੂਰਨ ਇਕਾਗਰਤਾ ਅਤੇ ਸਹਿਜ-ਸਮਾਧੀ ਦੀ ਅਵਸਥਾ ਵਿਚ ਅੰਦਰ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਦਾ ਹੈ। ਉਸ ਅਵਸਥਾ ਦੇ ਪ੍ਰਕਾਸ਼ ਦੀ ਪ੍ਰਾਪਤੀ ਨਾਲ ਮਨ ਵਿੱਚੋਂ ਜੰਮਣ-ਮਰਨ ਦਾ ਭੈ ਸਦਾ ਲਈ ਦੂਰ ਹੋ ਜਾਂਦਾ ਹੈ।

ਥੋਥੋ ਜਿਨਿ ਪਛੋਰੋ ਰੇ ਕੋਈ, ਪਛੋਰੋ ਜਾ ਮੇਂ ਨਿਜ ਕਨ ਹੋਈ।।[ਕ]
ਥੋਥੀ ਕਾਇਆ ਥੋਥੀ ਮਾਇਆ, ਥੋਥਾ ਹਰਿ ਬਿਨ ਜਨਮ ਗੰਵਾਇਆ।।
ਥੋਥਾ ਪੰਡਿਤ ਥੋਥੀ ਬਾਨੀ, ਥੋਥੀ ਹਰਿ ਬਿਨ ਸਬੈ ਕਹਾਨੀ।।
ਥੋਥਾ ਮੰਦਿਰ ਭੋਗ ਬਿਲਾਸਾ, ਥੋਥੀ ਆਨ ਦੇਵ ਕੀ ਆਸਾ।।
ਸਾਚਾ ਸੁਮਿਰਨ ਨਾਂਵ ਬਿਸਾਸਾ, ਮਨ ਬਚ ਕਰਮ ਕਹੈ 'ਰਵਿਦਾਸਾ'।।[20]

ੳ. **ਰਚਨਾ**=ਬਨਾਉਟੀ। ਅ. **ਖਿਆਨ**=ਕਥਾ-ਕਹਾਣੀਆਂ; **ਚਉਤੀਸ**=ਚੌਂਤੀ ਅੱਖਰ, ਵੇਰਵੇ ਸਹਿਤ ਜਾਣਨ ਲਈ ਦੇਖੋ ਪੁਸਤਕ ਦਾ ਪੰ. 61। ੲ. **ਸਰਿ**=ਬਰਾਬਰ। ਸ. **ਫੁਨਿ**=ਫਿਰ; **ਲਿਵ**=ਲਗਨ, ਧਿਆਨ। ਹ. **ਰਿਦੈ**=ਹਿਰਦਾ; **ਭੈ**=ਡਰ। ਕ. **ਥੋਥੋ**=ਫ਼ਜ਼ੂਲ; **ਪਛੋਰੋ**=ਫੱਕ ਦਾ ਕੁੱਟਣਾ; **ਕਨ**=ਅੰਨ ਦਾ ਦਾਣਾ, ਸਾਰ ਤੱਤ।

ਰਵਿਦਾਸ ਜੀ ਸਾਵਧਾਨ ਕਰਦੇ ਹਨ ਕਿ ਪਰਮਾਤਮਾ ਦੀ ਭਗਤੀ ਨੂੰ ਛੱਡ ਕੇ ਇੰਦਰੀਆਂ ਦੇ ਭੋਗਾਂ ਅਤੇ ਸੰਸਾਰ ਦੇ ਵਿਸ਼ੇ-ਵਿਕਾਰਾਂ ਵਿਚੋਂ ਸੁੱਖ ਢੂੰਡਣ ਦੀ ਕੋਸ਼ਿਸ਼ ਕਰਨਾ, ਫ਼ੱਕ ਜਾਂ ਤੂੜੀ ਕੁੱਟਣ ਸਮਾਨ ਹੈ ਜਿਸ ਵਿੱਚੋਂ ਕਦੇ ਪਰਮਾਤਮਾ ਦੀ ਭਗਤੀ ਦੇ ਸਾਰ ਪਦਾਰਥ ਵਾਲਾ ਅਨੰਦ ਨਹੀਂ ਪ੍ਰਾਪਤ ਹੋ ਸਕਦਾ। ਬਿਨਾਂ ਅੰਦਰੋਂ ਪਰਮਾਤਮਾ ਨਾਲ ਮਿਲਾਪ ਕਰਨ ਦੇ ਗ੍ਰੰਥਾਂ-ਸ਼ਾਸਤਰਾਂ ਦੇ ਪਾਠ-ਵਿਚਾਰ ਦੇ ਆਧਾਰ ਤੇ ਪੰਡਤ ਅਤੇ ਗਿਆਨੀ ਬਣਨ ਦਾ ਦਾਅਵਾ ਕਰਨਾ ਵਿਅਰਥ ਹੈ। ਹਰ ਦੇਵੀ-ਦੇਵਤੇ ਦੀ ਭਗਤੀ ਝੂਠੀ ਹੈ। ਇਹ ਭਗਤੀ ਕਰਨ ਵਾਲੇ ਮੰਦਰ ਅਤੇ ਮੂਰਤੀਆਂ ਆਦਿ ਝੂਠੇ ਹਨ। ਰਵਿਦਾਸ ਜੀ ਜ਼ੋਰ ਦੇ ਕੇ ਕਹਿੰਦੇ ਹਨ ਕਿ ਮਨ, ਬਚਨ ਅਤੇ ਕਰਮ ਦੁਆਰਾ ਕੇਵਲ ਪਰਮਾਤਮਾ ਦੇ ਨਾਮ ਦਾ ਭਰੋਸਾ ਰੱਖਣਾ ਚਾਹੀਦਾ ਹੈ ਕਿਉਂਕਿ ਨਾਮ ਅਤੇ ਨਾਮ ਦਾ ਸਿਮਰਨ ਹੀ ਸੱਚਾ ਹੈ ਅਤੇ ਬਾਕੀ ਸਭ ਕੁਝ ਝੂਠਾ ਹੈ।

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥[ੳ]
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥
ਪਾਰੁ ਕੈਸੇ ਪਾਇਬੋ ਰੇ ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥[ਅ]
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥[ੲ]
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥[ਸ]
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥[ਹ]
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥[ਕ]
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥[ਖ]

ੳ. **ਜਗੀ**=ਯੱਗ। ਅ. **ਦੀਸੈ**=ਦਿਖਾਈ ਦਿੱਤੇ, ਦਿਖੇ। ੲ. **ਸਦ**=ਸਦਾ। ਸ. **ਸੁਚ**=ਪਵਿੱਤਰ; **ਕੁੰਚਰ**=ਹਾਥੀ। ਹ. **ਬਾਰ**=ਵਿਲੰਬ, ਦੇਰ। ਕ. **ਉਨਮਨ**=ਅੰਤਰਮੁਖੀ। ਖ. **ਜੁਗਤਿ**=ਜੁਗਤੀ, ਸਾਧਨ।

ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥[ੳ]
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ॥[21]

ਸਤਿਜੁਗ ਵਿਚ ਸੱਚ ਜਾਂ ਦਾਨ-ਪੁੰਨ ਉੱਤੇ, ਤ੍ਰੇਤਾ ਵਿਚ ਹਵਨ-ਯੱਗ ਕਰਨ ਉੱਤੇ ਅਤੇ ਦੁਆਪਰ ਵਿਚ ਨੇਕ ਰਹਿਣੀ ਉੱਤੇ ਜ਼ੋਰ ਦਿੱਤਾ ਜਾਂਦਾ ਸੀ ਪਰ ਕਲਜੁਗ ਵਿਚ ਕੇਵਲ ਨਾਮ ਹੀ ਜੀਵ ਦਾ ਇੱਕੋ-ਇੱਕ ਸਹਾਰਾ ਬਣ ਸਕਦਾ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸੰਸਾਰ-ਸਾਗਰ ਤੋਂ ਕਿਸ ਤਰ੍ਹਾਂ ਪਾਰ-ਉਤਾਰਾ ਹੋਵੇ। ਰਵਿਦਾਸ ਜੀ ਕਹਿੰਦੇ ਹਨ ਕਿ ਕੋਈ ਮੈਨੂੰ ਉਹ ਸਾਧਨ ਨਹੀਂ ਸਮਝਾਉਂਦਾ, ਜਿਸ ਦੁਆਰਾ ਆਵਾਗਵਨ ਦੇ ਚੱਕਰ ਤੋਂ ਛੁਟਕਾਰਾ ਹਾਸਲ ਹੋਵੇ। ਵੱਖ-ਵੱਖ ਧਰਮ-ਗ੍ਰੰਥਾਂ ਵਿਚ ਧਰਮ ਦਾ ਸਰੂਪ ਵੱਖ-ਵੱਖ ਦੱਸਿਆ ਗਿਆ ਹੈ ਅਤੇ ਲੋਕ ਅਨੇਕ ਤਰ੍ਹਾਂ ਦੇ ਕਰਮ-ਕਾਂਡ ਕਰਦੇ ਦਿਖਾਈ ਦਿੰਦੇ ਹਨ। ਪਰ ਇਹ ਪਤਾ ਨਹੀਂ ਲੱਗਦਾ ਕਿ ਕਿਹੜੇ ਕਰਮ ਦੁਆਰਾ ਸੰਸਾਰ-ਸਾਗਰ ਤੋਂ ਛੁਟਕਾਰਾ ਮਿਲ ਸਕਦਾ ਹੈ ਅਤੇ ਕਿਸ ਦੀ ਸਾਧਨਾ ਦੁਆਰਾ ਸਾਰੇ ਕਾਰਜ ਸਿੱਧ ਹੋ ਸਕਦੇ ਹਨ। ਵੇਦਾਂ-ਪੁਰਾਣਾਂ ਵਿਚ ਕਰਮ ਅਤੇ ਅਕਰਮ ਦਾ ਅਨੇਕ ਤਰ੍ਹਾਂ ਨਿਖੇੜਾ ਕੀਤਾ ਗਿਆ ਹੈ, ਪਰ ਇਸ ਤੋਂ ਇਹ ਸ਼ੰਕਾ ਦੂਰ ਨਹੀਂ ਹੁੰਦਾ ਕਿ ਮਨ ਦਾ ਹੰਕਾਰ ਦੂਰ ਕਰਨ ਦਾ ਅਸਲ ਸਾਧਨ ਕਿਹੜਾ ਹੈ। ਤੀਰਥਾਂ ਵਿਚ ਇਸ਼ਨਾਨ ਕਰਨ ਨਾਲ ਸਰੀਰ ਦੀਆਂ ਮੈਲਾਂ ਉਤਰ ਜਾਂਦੀਆਂ ਹਨ ਪਰ ਮਨ ਨੂੰ ਲੱਗੀਆਂ ਵਿਸ਼ੇ-ਵਿਕਾਰਾਂ ਦੀਆਂ ਮੈਲਾਂ ਨਹੀਂ ਉਤਰਦੀਆਂ। ਹਾਥੀ ਨੂੰ ਪਾਣੀ ਵਿਚ ਨੁਹਾਇਆ ਜਾਵੇ ਤਾਂ ਉਹ ਪਾਣੀ ਵਿੱਚੋਂ ਬਾਹਰ ਨਿਕਲਦੇ ਹੀ ਸਰੀਰ ਉੱਤੇ ਮਿੱਟੀ ਪਾ ਲੈਂਦਾ ਹੈ ਅਤੇ ਪਹਿਲਾਂ ਤੋਂ ਵੀ ਗੰਦਾ ਹੋ ਜਾਂਦਾ ਹੈ। ਉਹੋ ਹਾਲ ਸਾਡੇ ਤੀਰਥਾਂ 'ਤੇ ਇਸ਼ਨਾਨ ਦਾ ਹੈ। ਇਸ ਨਾਲ ਮਨ ਦੀਆਂ ਮੈਲਾਂ ਦੂਰ ਨਹੀਂ ਹੁੰਦੀਆਂ, ਇਨ੍ਹਾਂ ਵਿਚ ਹੰਕਾਰ ਦੀ ਮੈਲ ਦਾ ਹੋਰ ਵਾਧਾ ਹੋ ਜਾਂਦਾ ਹੈ। ਤਾਂ ਫਿਰ ਮਨ ਨਿਰਮਲ ਹੋਵੇ ਤਾਂ ਕਿਸ ਤਰ੍ਹਾਂ?

ਉਪਰੋਕਤ ਸੰਕਟ ਦਾ ਹੱਲ ਦੱਸਦੇ ਹੋਏ ਆਪ ਕਹਿੰਦੇ ਹਨ ਕਿ ਸਾਰਾ ਸੰਸਾਰ ਜਾਣਦਾ ਹੈ ਕਿ ਸੂਰਜ ਨਿਕਲਦੇ ਸਾਰ ਰਾਤ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਪਾਰਸ ਦੀ ਛੋਹ ਪ੍ਰਾਪਤ ਹੁੰਦੇ ਹੀ ਤਾਂਬਾ ਸੋਨਾ ਬਣ ਜਾਂਦਾ ਹੈ। ਇਸੇ ਤਰ੍ਹਾਂ ਜਦ ਮਸਤਕ ਦੇ ਭਾਗ ਜਾਗਦੇ ਹਨ ਤਾਂ ਪੂਰੇ ਸਤਿਗੁਰੂ ਨਾਲ ਮਿਲਾਪ ਹੋ ਜਾਂਦਾ ਹੈ ਜਿਹੜਾ ਜੀਵ ਨੂੰ ਹਰ ਤਰ੍ਹਾਂ ਦੀ ਬਾਹਰਮੁਖੀ ਭਗਤੀ ਤੋਂ ਛੁਡਾ ਕੇ ਅੰਦਰਲੇ

ੳ. ਨਿਗ੍ਰਹ=ਰੋਕਣਾ, ਦਮਨ ਕਰਨਾ, ਵੱਸ ਵਿਚ ਕਰ ਲੈਣਾ।

ਬਜਰ-ਕਪਾਟ ਖੋਲ੍ਹ ਦਿੰਦਾ ਹੈ ਅਤੇ ਅੰਦਰੋਂ ਪਰਮਾਤਮਾ ਨਾਲ ਮਿਲਾਪ ਕਰਵਾ ਦਿੰਦਾ ਹੈ। ਪੂਰੇ ਸਤਿਗੁਰੂ ਦੀ ਦੱਸੀ ਭਗਤੀ ਦੁਆਰਾ ਬੁੱਧੀ ਨਿਰਮਲ ਹੋ ਜਾਂਦੀ ਹੈ ਅਤੇ ਮਨ ਦੇ ਸਭ ਭਰਮ ਅਤੇ ਵਿਕਾਰ ਦੂਰ ਹੋ ਜਾਂਦੇ ਹਨ। ਉਸ ਭਗਤੀ ਦੇ ਰਸ ਵਿਚ ਮਗਨ ਮਨ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਉਸ ਨਿਰਗੁਣ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਹੋ ਜਾਂਦਾ ਹੈ।

ਆਪ ਦਾ ਭਾਵ ਹੈ ਕਿ ਸਤਿਗੁਰੂ ਤੋਂ ਮਿਲਣ ਵਾਲੀ ਨਾਮ ਦੀ ਅਰਾਧਨਾ ਦੀ ਅੰਤਰਮੁਖ ਭਗਤੀ ਦੀ ਜੁਗਤੀ ਦੁਆਰਾ ਹੀ ਮਨ ਦੇ ਵਿਕਾਰ ਦੂਰ ਹੋ ਸਕਦੇ ਹਨ ਅਤੇ ਜੀਵ ਪ੍ਰਭੂ ਨਾਲ ਮਿਲ ਸਕਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਦ ਤੱਕ ਸਤਿਗੁਰੂ ਦੀ ਕਿਰਪਾ ਨਾਲ ਮਨ ਵਿਚ ਨਾਮ-ਭਗਤੀ ਦਾ ਅੰਮ੍ਰਿਤ ਰਸ ਪੈਦਾ ਨਹੀਂ ਹੁੰਦਾ, ਮਨ ਕਦੇ ਸ਼ਾਂਤ ਨਹੀਂ ਹੋ ਸਕਦਾ।

ਬਾਪੁਰੋਂ ਸਤਿ ਰੈਦਾਸ ਕਹੈਂ ਰੇ।[ੳ]
ਗਿਆਂਨ ਬਿਚਾਰਿ ਚਰਨ ਚਿਤ ਲਾਵੈ, ਹਰਿ ਕੈ ਸਰਨਿ ਰਹੈ ਰੇ॥
ਪਾਤੀ ਤੋੜੈਂ ਪੂਜਿ ਰਚਾਵੈਂ, ਤਾਰਨ ਤਿਰਨ ਕਹੈਂ ਰੇ।
ਮੂਰਤਿ ਮਾਂਹਿ ਬਸੈ ਪਰਮੇਸੁਰ, ਤੌ ਪਾਨੀ ਮਾਂਹਿ ਤਿਰੈ ਰੇ॥
ਤ੍ਰਿਬਿਧ ਸੰਸਾਰ ਕਵਨ ਬਿਧਿ ਤਿਰਬੌ, ਜੇ ਦ੍ਰਿੜ ਨਾਂਵ ਨ ਗਹੈਂ ਰੇ।
ਨਾਵ ਛਾਂਡਿਜੇ ਡਾਂਡੈ ਬੈਸੇ, ਤੌ ਦੂਣਾ ਦੁਖ ਸਹੈਂ ਰੇ॥[ਅ]
ਗੁਰੁ ਕੋ ਸਬਦ ਅਰੁ ਸੁਰਤਿ ਕੁਦਾਲੀ, ਖੋਦਤ ਕੋਉ ਲਹੈ ਰੇ।[ੲ]
ਰਾਮ ਕਾਹੁ ਕੇ ਬਾਂਟੇ ਨ ਆਇਓ, ਸੋ ਨੇਕੁ ਲਭਹੈ ਰੇ॥[ਸ]
ਝੂਠੀ ਮਾਇਆ ਜਗ ਡਹਿਕਾਇਆ, ਤੌ ਤੀਨਿ ਤਾਪ ਦਹੈ, ਰੇ।[ਹ]
ਕਹੈ 'ਰੈਦਾਸ' ਰਾਮ ਜਪਿ ਰਸਨਾ, ਮਾਇਆ ਕਾਹੂ ਕੈ ਸੰਗ ਨ ਰਹੈ ਰੇ॥[22]

ਨਿਮਾਣਾ ਰਵਿਦਾਸ ਸੱਚ ਕਹਿੰਦਾ ਹੈ ਕਿ ਸੱਚਾ ਗਿਆਨ ਇਹ ਹੈ ਕਿ ਪਰਮਾਤਮਾ ਦੇ ਚਰਨ ਕੰਵਲਾਂ ਨਾਲ ਚਿੱਤ ਲਾਉਣਾ ਚਾਹੀਦਾ ਹੈ ਅਤੇ ਪਰਮਾਤਮਾ ਦੀ ਹੀ ਸ਼ਰਨ ਪ੍ਰਾਪਤ ਕਰਨੀ ਚਾਹੀਦੀ ਹੈ। ਮੂਰਤੀ-ਪੂਜਾ ਕਰਨ

ੳ. ਬਾਪੁਰੋਂ=ਵਿਚਾਰੇ। ਅ. ਡਾਂਡੈ=ਛੋਟੀ ਬੇੜੀ। ੲ. ਸੁਰਤਿ=ਆਤਮਾ ਵਿਚ ਧੁਨੀ ਨੂੰ ਸੁਣਨ ਅਤੇ ਪ੍ਰਕਾਸ਼ ਨੂੰ ਵੇਖਣ ਦੀਆਂ ਸ਼ਕਤੀਆਂ ਹਨ, ਪਹਿਲੀ ਨੂੰ 'ਸੁਰਤ' ਅਤੇ ਦੂਸਰੀ ਨੂੰ 'ਨਿਰਤ' ਕਹਿੰਦੇ ਹਨ। ਸ. ਬਾਂਟੇ ਨ ਆਇਓ=ਕਿਸੇ ਦੇ ਹੱਥ ਨਾ ਲੱਗਣਾ, ਕਿਸੇ ਦੇ ਹਿੱਸੇ ਵਿਚ ਨਾ ਆਉਣਾ, ਪ੍ਰਾਪਤ ਨਾ ਹੋਣਾ; ਨੇਕੁ=ਥੋੜੇ ਵਿਚ, ਸਹਿਜ ਵਿਚ; ਲਭਹੈ=ਪ੍ਰਾਪਤ ਕਰਨਾ। ਹ. ਡਹਿਕਾਇਆ=ਧੋਖਾ ਦੇਣਾ, ਠੱਗ ਲੈਣਾ, ਬਰਬਾਦ ਕਰਨਾ।

ਵਾਲੇ ਲੋਕ ਤੁਲਸੀ ਦੇ ਪੱਤੇ ਨੂੰ ਤੋੜ ਕੇ ਸ਼ਿਵ ਜੀ, ਸਾਲਿਗਰਾਮ ਜਾਂ ਕਿਸੇ ਹੋਰ ਦੇਵਤਾ ਦੀ ਮੂਰਤੀ ਉੱਤੇ ਚੜ੍ਹਾਉਂਦੇ ਹਨ। ਉਹ ਸਮਝਦੇ ਹਨ ਕਿ ਇਸ ਪੂਜਾ ਨਾਲ ਹੀ ਉਨ੍ਹਾਂ ਦਾ ਭਵ-ਸਾਗਰ ਤੋਂ ਪਾਰ-ਉਤਾਰਾ ਹੋ ਜਾਵੇਗਾ। ਜੇ ਮੂਰਤੀ ਸਾਨੂੰ ਸੰਸਾਰ-ਸਾਗਰ ਤੋਂ ਤਾਰਨ ਦੇ ਸਮਰੱਥ ਹੋਵੇ ਤਾਂ ਉਹਨੂੰ ਆਪ ਵੀ ਪਾਣੀ ਵਿਚ ਤਰਨਾ ਚਾਹੀਦਾ ਹੈ। ਸਰੀਰਿਕ, ਮਾਨਸਿਕ ਅਤੇ ਆਤਮਿਕ ਦੁੱਖਾਂ ਦੇ ਭਰੇ ਸੰਸਾਰ-ਸਾਗਰ ਨੂੰ ਮੂਰਤੀਆਂ ਦੇ ਆਸਰੇ ਕਿਵੇਂ ਤਰ ਸਕਦੇ ਹਾਂ? ਇਸ ਦੁਤਰ ਸੰਸਾਰ ਨੂੰ ਤਰਨ ਲਈ ਕਿਸੇ ਹੋਰ ਸ਼ਕਤੀਸ਼ਾਲੀ ਸਹਾਰੇ ਦੀ ਲੋੜ ਹੈ। ਜੋ ਲੋਕ ਨਾਮ-ਰੂਪੀ ਬੇੜੀ ਨੂੰ ਛੱਡ ਕੇ ਕਿਸੇ ਦੂਸਰੀ ਵਸਤੂ ਦੇ ਸਹਾਰੇ ਭਵ-ਸਾਗਰ ਨੂੰ ਤਰਨ ਦਾ ਜਤਨ ਕਰਦੇ ਹਨ ਉਹ ਇਹਦੇ ਵਿਚ ਡੁੱਬ ਕੇ ਮਰ ਜਾਂਦੇ ਹਨ। ਸਤਿਗੁਰੂ ਤੋਂ ਸ਼ਬਦ ਜਾਂ ਨਾਮ ਦਾ ਭੇਦ ਪ੍ਰਾਪਤ ਕਰਕੇ ਸੁਰਤ ਦੀ ਕੁਦਾਲੀ ਨਾਲ ਮਨ ਦੀ ਜ਼ਮੀਨ ਖੋਦਣ ਨਾਲ (ਭਾਵ ਸੁਰਤ-ਸ਼ਬਦ ਦਾ ਨਿਰੰਤਰ ਅਭਿਆਸ ਕਰਨ ਨਾਲ) ਹੀ ਪਰਮਾਤਮਾ ਦੀ ਪ੍ਰਾਪਤੀ ਦਾ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ। ਉਹ ਦੁਰਲਭ ਪਰਮੇਸ਼ਰ ਨਾਮ ਦੀ ਕਮਾਈ ਦੁਆਰਾ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਮਾਇਆ ਦਾ ਭਰਮਾਇਆ ਹੋਇਆ ਸੰਸਾਰ ਤਿੰਨਾਂ ਤਾਪਾਂ ਵਿਚ ਜਲ ਰਿਹਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਮਾਇਆ ਨਾਸ਼ਵਾਨ ਹੈ। ਇਹ ਕਦੇ ਕਿਸੇ ਦਾ ਸਾਥ ਨਹੀਂ ਦਿੰਦੀ। ਉਹ ਪ੍ਰਭੂ ਅਤੇ ਉਹਦਾ ਨਾਮ ਅਵਿਨਾਸ਼ੀ ਹੈ, ਇਸ ਲਈ ਸੁਰਤ ਨੂੰ ਸਦਾ ਉਹਦੇ ਨਾਮ ਦੇ ਸਿਮਰਨ ਵਿਚ ਮਗਨ ਰੱਖਣਾ ਚਾਹੀਦਾ ਹੈ।

ਪਾਵਨ ਜਸ ਮਾਧੋ ਤੇਰਾ, ਤੁਮ ਦਾਰੁਨ ਅਘਮੋਚਨ ਮੇਰਾ॥[ੳ]
ਕੀਰਤਿ ਤੇਰੀ ਪਾਪ ਬਿਨਾਸੈ, ਲੋਕ ਬੇਦ ਯੂੰ ਗਾਵੈ॥
ਜੌਂ ਹਮ ਪਾਪ ਕਰਤ ਨਹਿੰ ਭੂਧਰ, ਤੌ ਤੂ ਕਹਾ ਨਸਾਵੈ॥[ਅ]
ਜਬ ਲਗ ਅੰਗ ਪੰਕ ਨਹਿੰ ਪਰਸੈ, ਤੌ ਜਲ ਕਹਾ ਪਖਾਲੈ॥[ੲ]
ਮਨ ਮਲੀਨ ਬਿਸ਼ਿਆ ਰਸ ਲੰਪਟ, ਤੌ ਹਰਿ ਨਾਂਲ ਸੰਭਾਲੈ॥[ਸ]
ਜੋ ਹਮ ਬਿਮਲ ਰਿਦੈ ਚਿਤ ਅੰਤਰ, ਦੋਸ਼ ਕਵਨ ਪਰ ਧਰਿਹੌ॥[ਹ]
ਕਹੈ ਰਵਿਦਾਸ ਪ੍ਰਭੂ ਤੁਮ ਦਿਆਲ ਹੌ, ਅਬੰਧ ਮੁਕਤਿ ਕਾ ਕਰਿਹੌ॥[ਕ][23]

ੳ. **ਪਾਵਨ**=ਪਵਿੱਤਰ ਕਰਨ ਵਾਲਾ; **ਜਸ**=ਯਸ਼, ਪ੍ਰਸਿੱਧੀ; **ਦਾਰੁਨ**=ਕਠਨ, ਘੋਰ; **ਅਘਮੋਚਨ**=ਪਾਪ ਤੋਂ ਛੁਡਾਉਣ ਵਾਲਾ। ਅ. **ਭੂਧਰ**=ਪਹਾੜ। ੲ. **ਪੰਕ**=ਚਿੱਕੜ। ਸ. **ਲੰਪਟ**=ਲਿਬੜਿਆ ਹੋਇਆ, ਵਿਸ਼ਈ। ਹ. **ਧਰਿਹੌ**=ਦੋਸ਼ਾਂ ਜਾਂ ਵਿਕਾਰਾਂ ਦਾ ਆਧਾਰ ਕੌਣ ਹੋ ਸਕਦਾ ਹੈ? ਕਿਸ ਨੂੰ ਇਸ ਦਾ ਦੋਸ਼ੀ ਠਹਿਰਾਇਆ ਜਾ ਸਕਦਾ ਹੈ? ਕ. **ਅਬੰਧ**=ਬੰਧਨ-ਰਹਿਤ, ਮੁਕਤ ਵਿਅਕਤੀ।

ਹੇ ਪ੍ਰਭੂ! ਸੰਸਾਰ ਤੈਨੂੰ ਪਾਪੀਆਂ ਨੂੰ ਪਾਰ ਕਰਨ ਵਾਲਾ ਕਹਿ ਕੇ ਤੇਰਾ ਜੱਸ ਗਾਉਂਦਾ ਹੈ। ਇਸ ਲਈ ਤੂੰ ਆਪਣੇ ਬਿਰਦ ਦੀ ਲਾਜ ਰੱਖ ਕੇ ਮੈਨੂੰ ਵੀ ਮੇਰੇ ਘੋਰ ਪਾਪਾਂ ਤੋਂ ਛੁਡਾ ਲੈ। ਹੇ ਪ੍ਰਭੂ! ਤੈਨੂੰ 'ਪਾਪਾਂ ਦਾ ਨਾਸ਼ ਕਰਤਾ' ਕਹਿ ਕੇ ਤੇਰੀ ਉਸਤਤੀ ਕੀਤੀ ਜਾਂਦੀ ਹੈ। ਜੇ ਅਸੀਂ ਪਾਪਾਂ ਦੇ ਪਹਾੜ ਇਕੱਠੇ ਨਾ ਕਰੀਏ ਤਾਂ ਤੂੰ ਪਾਪਾਂ ਦਾ ਨਾਸ਼-ਕਰਤਾ ਕਿਵੇਂ ਅਖਵਾ ਸਕਦਾ ਹੈਂ? ਅਸੀਂ ਤੇਰੀ ਕੀਰਤੀ ਕਾਇਮ ਰੱਖਣ ਲਈ ਹੀ ਇਹ ਪਾਪਾਂ ਦੇ ਭੰਡਾਰ ਇਕੱਠੇ ਕੀਤੇ ਹਨ। ਗੰਦਗੀ ਦੀ ਸਫ਼ਾਈ ਜਲ ਦੁਆਰਾ ਹੁੰਦੀ ਹੈ। ਇਸੇ ਤਰ੍ਹਾਂ ਵਿਸ਼ੇ-ਵਿਕਾਰਾਂ ਵਿਚ ਗੰਦੇ ਹੋਏ ਮਨ ਦੀ ਸਫਾਈ ਪਰਮਾਤਮਾ ਦਾ ਨਾਮ ਕਰਦਾ ਹੈ। ਜੇ ਹਿਰਦਾ ਆਪਣੇ ਆਪ ਨਿਰਮਲ ਹੋਵੇ ਤਾਂ ਨਾਮ ਨਿਰਮਲ ਕਿਸ ਨੂੰ ਕਰੇਗਾ? ਰਵਿਦਾਸ ਜੀ ਕਹਿੰਦੇ ਹਨ, ਹੇ ਦਇਆਲੂ ਪਰਮੇਸ਼ਰ! ਬੰਧਨ-ਰਹਿਤ ਪ੍ਰਾਣੀ ਨੂੰ ਮੁਕਤ ਹੋਣ ਦੀ ਲੋੜ ਨਹੀਂ ਹੁੰਦੀ। ਮੈਂ ਬੰਧਨਾਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹਾਂ। ਇਸ ਲਈ ਤੂੰ ਮੇਰੇ ਬੰਧਨ ਕੱਟ ਦੇ ਤਾਂ ਜੋ ਸੰਸਾਰ ਵਿਚ ਤੇਰਾ ਜੱਸ ਹੋ ਜਾਵੇ ਕਿ ਤੂੰ ਸੱਚਮੁੱਚ ਹੀ ਬੰਧਨ-ਹਰਤਾ ਹੈਂ।

ਆਇਓ ਆਇਓ ਹੌਂ ਦੇਵਾਧਿਦੇਵ! ਤੁਮ ਸਰਨ ਆਇਔ,*
ਜਾਨਿ ਕਿਰਪਾ ਕੀਜੈ ਅਪਨੌ ਜਨਾ॥
ਸਕਲ ਸੁਖ ਕੀ ਮੂਲ ਜਾਕੀ ਨਾਹੀਂ ਸਮਤੂਲ, ਸੋ ਚਰਨ ਮੂਲ ਪਾਇਔ।[ੳ]
ਲਿਓ ਵਿਵਿਧ ਜੋਨਿ ਬਾਸ, ਜਮ ਕੀ ਅਗਮ ਤਰਾਸ।
ਤੁਮਰੇ ਭਜਨ ਬਿਨ ਭ੍ਰਮਤ ਫਿਰਿਔ॥
ਮਮਤਾ ਅਹੰ ਵਿਸ਼ੈ ਮਦ ਮਾਤੋ, ਇਸ ਦੁਖ ਕਬਹੂੰ ਨ ਦੁਤਰ ਤਿਰਿਔ॥[ਅ]
ਤੁਮ੍ਹਰੇ ਨਾਂਵ ਬਿਸਾਸ ਛਾਂਡਿ ਆਨ ਆਸ, ਸੰਸਾਰੀ ਧਰਮ ਮੇਰੋ ਮਨ ਨ ਧਰੀਜੈ।[ੲ]
'ਰਵਿਦਾਸ' ਦਾਸ ਕੀ ਸੇਵਾ ਮਾਨਹੁ ਦੇਵਾ, ਪਤਿਤ ਪਾਵਨ ਨਾਮ ਪਰਗਟ ਕਰੀਜੈ॥[24]

ਪਿੱਛੇ ਕਹਿ ਆਏ ਹਾਂ ਕਿ ਬਨਾਰਸ ਦੇ ਬ੍ਰਾਹਮਣਾਂ ਨੇ ਰਾਜੇ ਕੋਲ ਰਵਿਦਾਸ ਜੀ ਵਿਰੁੱਧ ਸ਼ਕਾਇਤ ਕੀਤੀ ਕਿ ਇਹ ਨੀਵੀਂ ਜਾਤੀ ਵਿਚ ਪੈਦਾ ਹੋਣ ਦੇ ਬਾਵਜੂਦ ਪਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਧਰਮ ਦਾ ਉਪਦੇਸ਼ ਦਿੰਦਾ ਹੈ। ਰਾਜੇ ਨੇ ਦਰਬਾਰ ਵਿਚ ਇੱਕ ਮੂਰਤੀ ਰੱਖ ਦਿੱਤੀ ਅਤੇ ਇਹ ਸ਼ਰਤ ਰੱਖ ਦਿੱਤੀ

---

* ਇਸ ਪਦ ਨਾਲ ਸੰਬੰਧਤ ਕਥਾ 'ਮਨੁੱਖਾ-ਜੀਵਨ ਦਾ ਉਦੇਸ਼' ਨਾਮਕ ਅਧਿਆਇ ਦਾ ਪੰ. 103 ਦੀ ਪਾਦ ਟਿਪਣੀ ਵਿਚ ਦਿੱਤੀ ਜਾ ਚੁੱਕੀ ਹੈ।

ੳ. **ਸਮਤੂਲ**=ਬਰਾਬਰੀ ਕਰਨਾ। ਅ. **ਮਮਤਾ**=ਆਪਣੇ-ਪਨ ਦਾ ਮੋਹ; **ਵਿਸ਼ੈ**=ਵਿਸ਼ੇ-ਵਿਕਾਰ; **ਦੁਤਰ ਤਿਰਿਔ**=ਜਿਸ ਨੂੰ ਪਾਰ ਕਰਨਾ ਔਖਾ ਹੋਵੇ, ਉਸਨੂੰ ਪਾਰ ਕਰਨਾ। ੲ. **ਆਨ**=ਦੂਸਰਾ।

ਕਿ ਜਿਹੜਾ ਆਪਣੀ ਪ੍ਰਾਰਥਨਾ ਜਾਂ ਅਰਦਾਸ ਦੁਆਰਾ ਇਸ ਮੂਰਤੀ ਨੂੰ ਆਪਣੇ ਕੋਲ ਬੁਲਾ ਲਵੇਗਾ, ਉਹੀ ਸੱਚਾ ਭਗਤ ਹੈ ਅਤੇ ਉਸੇ ਦੀ ਭਗਤੀ ਸੱਚੀ ਹੈ। ਬ੍ਰਾਹਮਣਾਂ ਦੀ ਪ੍ਰਾਰਥਨਾ ਦੁਆਰਾ ਮੂਰਤੀ ਆਪਣੀ ਥਾਂ ਤੋਂ ਨਾ ਹਿੱਲੀ, ਪਰ ਗੁਰੂ ਰਵਿਦਾਸ ਜੀ ਦੀ ਪ੍ਰਾਰਥਨਾ ਤੇ ਮੂਰਤੀ ਉਨ੍ਹਾਂ ਦੀ ਗੋਦ ਵਿਚ ਆ ਗਈ। ਕਿਹਾ ਜਾਂਦਾ ਹੈ ਕਿ ਇਹ ਪਦ ਗੁਰੂ ਜੀ ਨੇ ਇਸ ਪਰਥਾਇ ਉਚਾਰਿਆ ਹੈ।

ਆਪ ਕਹਿੰਦੇ ਹਨ, ਹੇ ਦੇਵਤਿਆਂ ਦੇ ਦੇਵਤੇ! ਪਰਮ-ਪਿਤਾ-ਪਰਮੇਸ਼ਰ ਮੈਂ ਤੇਰੀ ਸ਼ਰਨ ਵਿਚ ਆਇਆ ਹਾਂ। ਮੈਂ ਤੇਰਾ ਨਿਮਾਣਾ ਸੇਵਕ ਹਾਂ। ਤੂੰ ਮੇਰੀ ਸ਼ਰਨ ਆਏ ਦੀ ਲਾਜ ਰੱਖ ਲੈ। ਮੇਰੇ ਲਈ ਤੇਰੇ ਚਰਨ ਸਭ ਸੁੱਖਾਂ ਦੇ ਦਾਤਾ ਹਨ। ਕੋਈ ਦੂਸਰੀ ਵਸਤੂ ਤੇਰੇ ਚਰਨ-ਕੰਵਲਾਂ ਦਾ ਟਾਕਰਾ ਨਹੀਂ ਕਰ ਸਕਦੀ। ਪਹਿਲੋਂ ਮੈਂ ਅਨੇਕ ਜੂਨਾਂ ਵਿਚ ਭਟਕਿਆ ਹਾਂ ਅਤੇ ਹਰ ਵਾਰ ਧਰਮਰਾਜ ਦੇ ਵਿਕਰਾਲ ਭਉ ਦਾ ਸ਼ਿਕਾਰ ਰਿਹਾ ਹਾਂ। ਮੈਂ ਤੇਰੀ ਭਗਤੀ ਨਾ ਕਰਨ ਕਾਰਨ ਸਦਾ ਜਨਮ-ਮਰਨ ਦੇ ਚੱਕਰ ਵਿਚ ਭਟਕਦਾ ਰਿਹਾ ਹਾਂ। ਮੋਹ-ਮਾਇਆ, ਆਸ਼ਾ-ਤ੍ਰਿਸ਼ਨਾ ਅਤੇ ਹਉਮੈਂ ਦੇ ਨਸ਼ੇ ਦਾ ਮਾਰਿਆ ਮੈਂ ਦੁੱਖਾਂ ਦੀ ਮਾਰ ਖਾਂਦਾ ਰਿਹਾ ਹਾਂ ਅਤੇ ਦੁਤਰ ਸੰਸਾਰ-ਸਾਗਰ ਵਿਚ ਗੋਤੇ ਖਾਂਦਾ ਰਿਹਾ ਹਾਂ। ਹੁਣ ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ। ਮੈਂ ਸਭ ਆਸਰੇ ਛੱਡ ਦਿੱਤੇ ਹਨ ਅਤੇ ਕੇਵਲ ਤੇਰੇ ਨਾਮ ਦਾ ਆਸਰਾ ਲੈ ਲਿਆ ਹੈ। ਮੈਂ ਹਰ ਤਰ੍ਹਾਂ ਦੇ ਕਰਮ-ਧਰਮ, ਪੂਜਾ-ਪਾਠ ਆਦਿ ਦਾ ਤਿਆਗ ਕਰਕੇ ਕੇਵਲ ਤੇਰੇ ਨਾਮ ਦੀ ਸ਼ਰਨ ਲੈ ਲਈ ਹੈ। ਹੇ ਪ੍ਰਭੂ! ਤੂੰ ਆਪਣੇ ਸੇਵਕ ਰਵਿਦਾਸ ਦੀ ਸੇਵਾ ਕਬੂਲ ਕਰਕੇ ਉਹਦੇ ਅੰਦਰ ਪਾਪੀਆਂ ਨੂੰ ਪਵਿੱਤਰ ਬਣਾਉਣ ਵਾਲਾ ਆਪਣਾ ਨਾਮ ਪਰਗਟ ਕਰ ਦੇ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।[ੳ]
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥[ਅ]
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।[ੲ]
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ।[ਸ]

ੳ. **ਮਜਨੁ**=ਤੀਰਥ-ਇਸ਼ਨਾਨ। ਅ. **ਉਰਸਾ**=ਕੇਸਰ ਜਾਂ ਚੰਦਨ ਰਗੜਨ ਵਾਲਾ ਪੱਥਰ। ੲ. **ਅੰਭੁਲਾ**=ਪਾਣੀ; **ਚਾਰੇ**=ਤੈਨੂੰ ਹੀ ਲਗਾਉਂਦਾ ਹਾਂ। ਸ. **ਅਠਾਰਹ**=ਹਰ ਕਿਸਮ ਦੀ ਬਨਸਪਤੀ ਦਾ ਇੱਕ-ਇੱਕ ਪੱਤਾ ਇਕੱਠਾ ਕਰਨ ਤੇ ਅਠਾਰਹ ਭਾਰ (ਇੱਕ ਭਾਰ ਪੰਜ ਮਣ ਦੇ ਬਰਾਬਰ ਮੰਨਿਆ ਜਾਂਦਾ ਹੈ) ਬਣਦਾ ਹੈ, ਜਿਸਨੂੰ ਦੇਵ-ਮੂਰਤੀ ਤੇ ਚੜ੍ਹਾਉਣ ਦੀ ਪ੍ਰਥਾ ਪ੍ਰਚਲਿਤ ਸੀ।

ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥[ੳ]
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥[25]

ਹੇ ਪ੍ਰਭੂ! ਮੇਰੇ ਲਈ ਜੋ ਕੁਝ ਹੈ ਤੇਰਾ ਨਾਮ ਹੈ। ਤੇਰਾ ਨਾਮ ਹੀ ਮੇਰੀ ਆਰਤੀ ਅਤੇ ਤੀਰਥ-ਇਸ਼ਨਾਨ ਹੈ। ਤੇਰੇ ਨਾਮ ਤੋਂ ਬਿਨਾਂ ਹਰ ਤਰ੍ਹਾਂ ਦਾ ਪੂਜਾ-ਪਾਠ ਵਿਅਰਥ ਹੈ। ਮੇਰੇ ਲਈ ਤੇਰਾ ਨਾਮ ਹੀ ਆਸਨ ਹੈ, ਨਾਮ ਹੀ ਕੇਸਰ ਰਗੜਨ ਵਾਲੀ ਸਿੱਲ ਹੈ ਅਤੇ ਨਾਮ ਹੀ ਉਹ ਕੇਸਰ ਹੈ ਜਿਹੜਾ ਮੈਂ ਤੇਰੇ ਉਤੇ ਛਿੜਕਦਾ ਹਾਂ। ਤੇਰਾ ਨਾਮ ਹੀ ਪਾਣੀ ਹੈ ਅਤੇ ਨਾਮ ਹੀ ਚੰਦਨ ਹੈ ਜਿਸ ਨੂੰ ਘਿਸਾ ਕੇ ਮੈਂ ਤੇਰੇ ਉਤੇ ਲਾਉਂਦਾ ਹਾਂ। ਤੇਰਾ ਨਾਮ ਹੀ ਦੀਵਾ, ਨਾਮ ਹੀ ਬੱਤੀ ਅਤੇ ਨਾਮ ਹੀ ਉਹ ਤੇਲ ਹੈ ਜਿਸ ਨੂੰ ਮੈਂ ਦੀਵੇ ਵਿਚ ਪਾਉਂਦਾ ਹਾਂ। ਮੈਂ ਤੇਰੇ ਨਾਮ ਦੀ ਹੀ ਜੋਤ ਜਗਾਉਂਦਾ ਹਾਂ ਜਿਸ ਨਾਲ ਸਾਰੇ ਖੰਡਾਂ-ਬ੍ਰਹਿਮੰਡਾਂ ਵਿਚ ਉਜਾਲਾ ਹੋ ਰਿਹਾ ਹੈ। ਮੈਂ ਤੇਰੇ ਨਾਮ ਦੇ ਧਾਗੇ ਨਾਲ ਨਾਮ ਦੇ ਹੀ ਫੁੱਲਾਂ ਦਾ ਹਾਰ ਗੁੰਦਿਆ ਹੈ। ਤੇਰੇ ਨਾਮ ਤੋਂ ਬਿਨਾਂ ਅਠਾਰਾਂ ਭਾਰ ਬਨਸਪਤੀ ਵੀ ਇਸ਼ਟ ਅੱਗੇ ਭੇਟ ਚੜ੍ਹਾਉਣਾ ਵਿਅਰਥ ਹੈ। ਤੇਰੀ ਸਿਰਜੀ ਹੋਈ ਨਾਸ਼ਵਾਨ ਕਾਇਨਾਤ ਵਿਚੋਂ ਕੋਈ ਚੀਜ਼ ਤੇਰੇ ਅਰਪਣ ਕਰਨ ਯੋਗ ਨਹੀਂ ਹੈ। ਤੇਰੇ ਅਰਪਣ ਕਰਨ ਲਈ ਕੋਈ ਚੀਜ਼ ਹੈ ਤਾਂ ਤੇਰਾ ਨਾਮ ਹੈ। ਮੈਂ ਤੇਰੇ ਉਤੇ ਨਾਮ ਦਾ ਚਵਰ ਝੁਲਾਉਂਦਾ ਹਾਂ। ਅਠਾਰਾਂ ਪੁਰਾਣਾਂ ਅਤੇ ਅਠਾਹਠ ਤੀਰਥਾਂ ਵਿਚ ਉਲਝਿਆ ਹੋਇਆ ਸੰਸਾਰ ਚਾਰ ਖਾਣੀਆਂ ਵਿਚ ਹੀ ਭਰਮਦਾ ਰਹਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਇਸ ਆਵਾਗਵਨ ਤੋਂ ਛੁਟਕਾਰੇ ਦਾ ਇੱਕੋ ਸਾਧਨ ਤੇਰਾ ਨਾਮ ਹੈ। ਇਸ ਲਈ ਤੇਰਾ ਨਾਮ ਹੀ ਮੇਰੀ ਆਰਤੀ ਹੈ ਅਤੇ ਮੈਂ ਤੈਨੂੰ ਤੇਰੇ ਸੱਚੇ ਨਾਮ ਦਾ ਹੀ ਭੋਗ ਲਵਾਉਂਦਾ ਹਾਂ।

ੳ. **ਦਸ ਅਠਾ**=ਅਠਾਰਾਂ ਪੁਰਾਣ; **ਅਠਸਠੇ**=(8+60) ਅਠਾਹਠ ਤੀਰਥ-ਸਥਾਨ; **ਚਾਰੇ ਖਾਣੀ**=ਚਾਰ ਪ੍ਰਕਾਰ ਦੀਆਂ ਖਾਣੀਆਂ: (1) ਜੇਰਜ, (ਜਿਵੇਂ, ਮਨੁੱਖ ਜਾਂ ਪਸ਼ੂ ਜੋ ਝਿੱਲੀ ਵਿਚ ਲਿਪਟੇ ਹੋਏ ਪੈਦਾ ਹੁੰਦੇ ਹਨ), (2) ਅੰਡਜ, (ਜਿਵੇਂ, ਪੰਛੀ ਜਾਂ ਸੱਪ ਜੋ ਆਂਡੇ ਵਿੱਚੋਂ ਪੈਦਾ ਹੁੰਦੇ ਹਨ), (3) ਸੇਤਜ (ਜਿਵੇਂ, ਮੱਛਰ ਜਾਂ ਖਟਮਲ ਜੋ ਗਰਮੀ ਦੇ ਕਾਰਣ ਪਸੀਨੇ ਜਾਂ ਭੜਾਸ ਨਾਲ ਪੈਦਾ ਹੁੰਦੇ ਹਨ) ਅਤੇ (4) ਉਤਭਜ (ਜਿਵੇਂ ਪੌਦੇ ਜਾਂ ਬਿਰਛ ਜੋ ਜ਼ਮੀਨ ਦੇ ਅੰਦਰ ਬਨਸਪਤੀ ਦੇ ਰੂਪ ਵਿਚ ਉਤਪੰਨ ਹੁੰਦੇ ਹਨ)। ਗੋਸੁਆਮੀ ਤੁਲਸੀ ਦਾਸ ਜੀ ਨੇ ਵੀ ਚਾਰ ਖਾਣੀਆਂ ਵਿਚ ਜਗਤ ਦੀ ਰਚਨਾ ਮੰਨੀ ਹੈ: 'ਚਾਰਿ ਖਾਨਿ ਜਗ ਜੀਵ ਅਪਾਰਾ।'[26]

ਨਾਮ ਦਾ ਸਿਮਰਨ

ਨਾਮ ਦੇ ਸਿਮਰਨ ਸੰਬੰਧੀ ਮਨ ਵਿਚ ਪ੍ਰਸ਼ਨ ਉੱਠਦੇ ਹਨ ਕਿ ਕਿਸ ਤਰ੍ਹਾਂ ਦੇ ਨਾਮ ਦਾ ਸਿਮਰਨ ਕੀਤਾ ਜਾਵੇ, ਉਹ ਨਾਮ ਕਿੱਥੋਂ ਪ੍ਰਾਪਤ ਹੁੰਦਾ ਹੈ, ਨਾਮ ਦਾ ਸਿਮਰਨ ਕਦੋਂ ਅਤੇ ਕਿਵੇਂ ਕੀਤਾ ਜਾਵੇ ਅਤੇ ਇਸ ਸਿਮਰਨ ਦਾ ਕੀ ਲਾਭ ਹੋਵੇਗਾ?

ਸਿਮਰਨ ਵਰਨਾਤਮਿਕ ਨਾਮ ਦਾ ਕੀਤਾ ਜਾਂਦਾ ਹੈ। ਉਹ ਵਰਨਾਤਮਿਕ ਨਾਮ ਸੇਵਕ ਨੂੰ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। ਇਸ ਨਾਮ ਵਿਚ ਸਤਿਗੁਰੂ ਦੀ ਸ਼ਕਤੀ ਸਮਾਈ ਹੁੰਦੀ ਹੈ ਜਿਸ ਦੁਆਰਾ ਸ਼ਿਸ਼ ਸੱਚੇ ਨਾਮ, ਅਨਹਦ ਨਾਮ ਜਾਂ ਧੁਨਾਤਮਿਕ ਨਾਮ ਨਾਲ ਜੁੜ ਜਾਂਦਾ ਹੈ।

ਜਿੱਥੋਂ ਤੱਕ ਸੰਭਵ ਹੋਵੇ ਸਤਿਗੁਰੂ ਦੇ ਦਿੱਤੇ ਨਾਮ ਦਾ ਸਿਮਰਨ ਸੁਆਸ-ਸੁਆਸ ਕਰਦੇ ਰਹਿਣਾ ਚਾਹੀਦਾ ਹੈ। ਰੋਜ਼ਾਨਾ ਅਭਿਆਸ ਲਈ ਰਾਖਵੇਂ ਰੱਖੇ ਗਏ ਸਮੇਂ ਤੋਂ ਬਿਨਾਂ ਵੀ ਚਲਦੇ-ਫਿਰਦੇ ਅਤੇ ਤਰ੍ਹਾਂ-ਤਰ੍ਹਾਂ ਦੇ ਸਰੀਰਿਕ ਕਾਰਜ ਕਰਦੇ ਹੋਏ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਮਨ ਕਦੇ ਖਾਲੀ ਨਾ ਰਹੇ। ਜਦ ਸਿਮਰਨ ਦਾ ਅਭਿਆਸ ਪੱਕ ਜਾਂਦਾ ਹੈ ਤਾਂ ਬਿਨਾਂ ਜਤਨ ਦੇ ਆਪਣੇ ਆਪ ਅੰਦਰ ਸਿਮਰਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਸਿਮਰਨ ਦਾ ਅਭਿਆਸ ਇਕਾਗਰ-ਚਿੱਤ ਹੋ ਕੇ ਕਰਨਾ ਚਾਹੀਦਾ ਹੈ। ਸਿਮਰਨ ਹੀ ਮਨ ਨੂੰ ਇਕਾਗਰ ਅਤੇ ਨਿਰਮਲ ਬਣਾਉਣ ਦਾ ਸਭ ਤੋਂ ਸੁਖਾਲਾ ਅਤੇ ਪ੍ਰਭਾਵਸ਼ਾਲੀ ਸਾਧਨ ਹੈ। ਜਦ ਮਨ ਇਕਾਗਰ ਅਤੇ ਨਿਰਮਲ ਹੋ ਜਾਂਦਾ ਹੈ ਤਾਂ ਸ਼ਬਦ ਦਾ ਪ੍ਰਕਾਸ਼ ਅਤੇ ਸ਼ਬਦ ਦੀ ਧੁਨੀ ਪ੍ਰਗਟ ਹੋ ਜਾਂਦੀ ਹੈ ਅਤੇ ਸ਼ਬਦ ਦੀ ਧੁਨੀ ਅਤੇ ਪ੍ਰਕਾਸ਼ ਦੇ ਸਹਾਰੇ ਸਾਧਕ ਇਨ੍ਹਾਂ ਦੇ ਸਰੋਤ ਉਸ ਪਰਮ-ਪਿਤਾ ਪਰਮੇਸ਼ਰ ਤੱਕ ਜਾ ਪਹੁੰਚਦਾ ਹੈ।

ਕਹੈ 'ਰਵਿਦਾਸ' ਸਾਧ ਸੰਗਤਿ ਮਿਲਿ, ਰਾਮ ਭਜੈ ਤੌ ਵਿਪਤਿ ਟਰੀ।[27]

ਰਵਿਦਾਸ ਜੀ ਕਹਿੰਦੇ ਹਨ ਕਿ ਜਿਹੜਾ ਪੂਰਨ ਸਾਧੂ ਦੀ ਸੰਗਤ ਤੋਂ ਪ੍ਰਾਪਤ ਹੋਣ ਵਾਲੇ ਨਾਮ ਦਾ ਜਾਪ ਕਰਦਾ ਹੈ, ਉਹਦਾ ਜੰਮਣ-ਮਰਨ ਦਾ ਦੁੱਖ ਸਦਾ ਲਈ ਦੂਰ ਹੋ ਜਾਂਦਾ ਹੈ।

ਸਾਧੂ ਕੀ ਜਉ ਲੇਹਿ ਓਟ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥
ਕਹਿ 'ਰਵਿਦਾਸ' ਜੋ ਜਪੈ ਨਾਮੁ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥[28]

ਸਤਿਗੁਰੂ ਦੀ ਸ਼ਰਨ ਲੈਣ ਨਾਲ ਕਰੋੜਾਂ ਪਾਪ ਨਾਸ਼ ਹੋ ਜਾਂਦੇ ਹਨ। ਰਵਿਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਤੋਂ ਨਾਮ ਦਾ ਭੇਦ ਲੈ ਕੇ ਨਾਮ ਦਾ ਜਾਪ ਕਰਨ ਨਾਲ ਜਾਤ-ਪਾਤ ਦਾ ਭੇਦ ਮਿਟ ਜਾਂਦਾ ਹੈ ਅਤੇ ਚੌਰਾਸੀ ਦਾ ਚੱਕਰ ਸਦਾ ਲਈ ਕੱਟਿਆ ਜਾਂਦਾ ਹੈ।

ਬਰਨ ਸਹਿਤ ਜੋ ਜਾਪੈ ਨਾਮੁ॥ ਸੋ ਜੋਗੀ ਕੇਵਲ ਨਿਹਕਾਮੁ॥[ੳ]
ਪਰਚੈ ਰਾਮੁ ਰਵੈ ਜਉ ਕੋਈ॥ ਪਾਰਸੁ ਪਰਸੈ ਦੁਬਿਧਾ ਨ ਹੋਈ॥[ਅ]
ਸੋ ਮੁਨਿ ਮਨ ਕੀ ਦੁਬਿਧਾ ਖਾਇ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ॥[ੲ]
. . . .
ਕਹਿ 'ਰਵਿਦਾਸ' ਪਰਮ ਬੈਰਾਗ॥ ਰਿਦੈ ਰਾਮੁ ਕੀ ਨ ਜਪਸਿ ਅਭਾਗ॥[29]

ਪਰਮਾਤਮਾ ਦੇ ਵਰਨਾਤਮਿਕ ਨਾਮ ਦੇ ਸਿਮਰਨ ਦੁਆਰਾ ਉਹਦੇ ਧੁਨਾਤਮਿਕ ਜਾਂ ਸੱਚੇ ਨਾਮ ਨਾਲ ਜੁੜਨ ਵਾਲਾ ਵਿਅਕਤੀ ਹੀ ਸੱਚਾ ਜੋਗੀ ਹੈ ਅਤੇ ਕੇਵਲ ਉਹਨੂੰ ਹੀ ਨਿਸ਼ਕਾਮ ਕਰਮ ਦੁਆਰਾ ਸੱਚੀ ਮੁਕਤੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਦੀ ਪਾਰਸ ਛੋਹ ਜੀਵ ਦੀ ਕਾਇਆ-ਕਲਪ ਕਰ ਦਿੰਦੀ ਹੈ। ਸਤਿਗੁਰੂ ਦੇ ਉਪਦੇਸ਼ ਅਨੁਸਾਰ ਸਰੀਰ ਦੇ ਨੌਂ-ਦੁਆਰੇ ਬੰਦ ਕਰਕੇ ਇੱਕ-ਮਨ, ਇੱਕ-ਚਿਤ ਹੋ ਕੇ ਨਾਮ ਦਾ ਸਿਮਰਨ ਕਰਨ ਵਾਲਾ ਸਾਧਕ ਹਰ ਤਰ੍ਹਾਂ ਦੀ ਦੁਬਿਧਾ ਤੋਂ ਮੁਕਤ ਹੋ ਕੇ ਅੰਦਰਲੇ ਰੂਹਾਨੀ ਮੰਡਲਾਂ ਵਿਚ ਦਾਖ਼ਲ ਹੋ ਜਾਂਦਾ ਹੈ। ਇਸ ਤਰ੍ਹਾਂ ਉਹਦੇ ਅੰਦਰ ਪਰਮਾਤਮਾ ਦਾ ਸੱਚਾ ਪ੍ਰੇਮ ਅਤੇ ਵੈਰਾਗ ਪੈਦਾ ਹੋ ਜਾਂਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਅਭਾਗੇ ਪ੍ਰਾਣੀ! ਇਸ ਤਰ੍ਹਾਂ ਦਾ ਫਲ ਦੇਣ ਵਾਲੇ ਨਾਮ ਦੇ ਸਿਮਰਨ ਨਾਲ ਲਿਵ ਜੋੜਨ ਵਿਚ ਢਿਲ ਨਹੀਂ ਕਰਨੀ ਚਾਹੀਦੀ।

'ਰਵਿਦਾਸ' ਰਾਤਿ ਨ ਸੋਵੀਐ, ਦਿਵਸ ਨ ਕਰੀਐ ਸੁਆਦ॥[ਸ]
ਅਹਿਨਿਸਿ ਹਰਿ ਜੀ ਸਿਮਰੀਐ, ਛਾਂਡਿ ਸਕਲ ਪ੍ਰਤਿਵਾਦ॥[ਹ 30]

ੳ. **ਕੇਵਲ**=ਪ੍ਰਕਿਰਤੀ ਦੇ ਬੰਧਨਾਂ ਤੋਂ ਮੁਕਤ ਹੋ ਕੇ ਜਿਸ ਨੇ 'ਕੇਵਲਯ' ਪ੍ਰਾਪਤ ਕਰ ਲਿਆ ਹੋਵੇ; **ਨਿਹਕਾਮੁ**=ਨਿਸ਼ਕਾਮ, ਕਾਮਨਾ-ਰਹਿਤ। ਅ. **ਰਵੈ**=ਰਮ ਜਾਣਾ। ੲ. **ਬਿਨੁ ਦੁਆਰੇ**=ਸਰੀਰ ਦੇ ਨੌਂ ਦਰਵਾਜ਼ੇ (ਦੋ ਅੱਖਾਂ, ਦੋ ਕੰਨ, ਦੋ ਨਾਸਾਂ ਦੇ ਸੁਰਾਖ਼, ਇਕ ਮੂੰਹ ਅਤੇ ਦੋ ਮਲ-ਮੂਤਰ ਦੇ ਸੁਰਾਖ਼) ਨੂੰ ਬੰਦ ਕਰਕੇ ਜੋ ਅੰਤਰਮੁਖੀ ਹੋ ਗਿਆ, ਉਹੀ ਬਿਨਾਂ ਦੁਆਰ ਦੇ ਹੋ ਗਿਆ। ਸ. **ਸੁਆਦ**= ਸਵਾਦ। ਹ. **ਪ੍ਰਤਿਵਾਦ**=ਝਗੜਾ, ਪ੍ਰਪੰਚ।

ਰਵਿਦਾਸ ਜੀ ਕਹਿੰਦੇ ਹਨ ਕਿ ਦਿਨ ਨੂੰ ਵਿਸ਼ੇ-ਵਿਕਾਰਾਂ ਦੀ ਪੂਰਤੀ ਅਤੇ ਰਾਤ ਨੂੰ ਨੀਂਦ ਦੀ ਪੂਰਤੀ ਵਿਚ ਹੀ ਨਸ਼ਟ ਨਾ ਕਰ ਦਿਓ, ਸੰਸਾਰ ਦੇ ਸਭ ਅਡੰਬਰ ਛੱਡ ਕੇ ਦਿਨ-ਰਾਤ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਰਹੋ।

ਪਲੁ ਪਲੁ ਛਿਨੁ ਛਿਨੁ ਸਿਮਰੀਏ, ਜੌ ਲੋਰੈ ਹਰਿ ਦੁਆਰ।[ਓ]
ਹਰਿ ਭਜਨੁ ਵਿਨ ਸਿਵ ਨਹੀਂ, ਭਣੈ 'ਰਵਿਦਾਸ' ਚਮਾਰ॥[ਅ 31]

ਜੇ ਮਨ ਵਿਚ ਪਰਮਾਤਮਾ ਦੇ ਘਰ ਪਹੁੰਚਣ ਦੀ ਲਾਲਸਾ ਹੈ ਤਾਂ ਸੁਆਸ-ਸੁਆਸ ਉਸ ਪ੍ਰੀਤਮ ਦੇ ਨਾਮ ਦਾ ਸਿਮਰਨ ਕਰੋ। ਬਿਨਾਂ ਉਹਦੇ ਨਾਮ ਦੇ ਸਿਮਰਨ ਦੇ ਜੀਵ ਦਾ ਕਦੇ ਉੱਧਾਰ ਨਹੀਂ ਹੋ ਸਕਦਾ।

ਨਿਸ ਦਿਨ ਹਰਿ ਜੁ ਸਿਮਰੀਏ, ਤਿਆਗਿ ਜਗਤ ਕਰਿ ਧੰਦ।[ੲ]
'ਰਵਿਦਾਸ' ਸੰਤ ਸਹੇਲੜਾ, ਵਿਚਰਤ ਹਵੈ ਨਿਰਦੰਦ॥[ਸ 32]

ਸੰਸਾਰ ਦੇ ਪ੍ਰਪੰਚ ਤਿਆਗ ਕੇ ਰਾਤ-ਦਿਨ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਸੰਤਾਂ ਦੀ ਸੰਗਤ ਵਿਚ ਪਰਮਾਤਮਾ ਦੇ ਨਾਮ ਵਿਚ ਲੱਗਾ ਪ੍ਰਾਣੀ ਹਰ ਤਰ੍ਹਾਂ ਦੀ ਦੁਬਿਧਾ ਤੋਂ ਮੁਕਤ ਹੋ ਜਾਂਦਾ ਹੈ।

ਜਿਹਬਾ ਭਜੈ ਹਰਿ ਨਾਮ ਨਿਤ, ਹੱਥ ਕਰਹਿ ਨਿਤ ਕਾਮ।
'ਰਵਿਦਾਸ' ਭਏ ਨਿਹਚਿੰਤ ਹਮ, ਮਮ ਚਿੰਤ ਕਰੈਂਗੇ ਰਾਮ॥[33]

ਮੇਰੇ ਹੱਥ-ਪੈਰ ਸੰਸਾਰ ਦੀ ਕਾਰ ਵਿਚ ਲੱਗੇ ਰਹਿੰਦੇ ਹਨ ਪਰ ਮੇਰੀ ਸੁਰਤ ਦੀ ਜੀਭਾ ਉੱਤੇ ਸਦਾ ਪਰਮਾਤਮਾ ਦੇ ਨਾਮ ਦਾ ਸਿਮਰਨ ਚੜ੍ਹਿਆ ਰਹਿੰਦਾ ਹੈ। ਹੁਣ ਮੇਰੀ ਚਿੰਤਾ ਪਰਮਾਤਮਾ ਨੂੰ ਹੋ ਗਈ ਹੈ ਅਤੇ ਮੈਂ ਪੂਰੀ ਤਰ੍ਹਾਂ ਨਿਸ਼ਚਿੰਤ ਹੋ ਗਿਆ ਹਾਂ।

ਅੰਤਰਮੁਖੀ ਭਇ ਜਉ ਕਰਹਿੰ, ਸੱਤਨਾਮ ਕਰਿ ਜਾਪ।
'ਰਵਿਦਾਸ' ਤਿਨਹ ਸੌ ਭਜਹੁਹਿੰ ਜਗਤਹ ਤੀਨ੍ਹਹੁ ਤਾਪ॥[ਹ 34]

ਓ. **ਹਰਿ ਦੁਆਰ**=ਸਰੀਰ ਦੇ ਨੌ ਦਰਵਾਜ਼ੇ ਬੰਦ ਕਰਕੇ ਤੀਸਰੇ ਤਿਲ ਵਿਚ ਪਹੁੰਚਣ ਨਾਲ ਪਰਮਾਤਮਾ ਦੇ ਕੋਲ ਜਾਣ ਦਾ ਰਸਤਾ ਖੁੱਲ੍ਹ ਜਾਂਦਾ ਹੈ। ਇਸ ਲਈ ਤੀਸਰੇ ਤਿਲ ਨੂੰ ਹਰਿ ਦੁਆਰ ਕਹਿੰਦੇ ਹਨ। ਅ. **ਸਿਵ**=ਕਲਿਆਣ। ੲ. **ਧੰਦ**=ਦਵੰਦ। ਸ. **ਨਿਰਦੰਦ**=ਦਵੰਦ-ਰਹਿਤ ਅਵਸਥਾ। ਹ. **ਭਜਹੁਹਿੰ**=ਭੱਜਣਾ।

ਰਵਿਦਾਸ ਜੀ ਕਹਿੰਦੇ ਹਨ ਕਿ ਧਿਆਨ ਨੂੰ ਅੰਦਰ ਇਕਾਗਰ ਕਰਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਵਾਲੇ ਪ੍ਰਾਣੀ ਜਗਤ ਦੇ ਤਿੰਨਾਂ ਤਾਪਾਂ ਤੋਂ ਸਦਾ ਲਈ ਮੁਕਤ ਹੋ ਜਾਂਦੇ ਹਨ।

'ਰਵਿਦਾਸ' ਅਰਾਧਹੁ ਦੇਵਕੂੰ, ਇਕਮਨ ਹੁਈ ਧਰਿ ਧਿਆਨ।[ੳ]
ਅਜਪਾ ਜਾਪ ਜਪਤ ਰਹਹੁ, ਸੱਤਨਾਮ ਸੱਤਨਾਮ॥[ਅ 35]

ਰਵਿਦਾਸ ਜੀ ਕਹਿੰਦੇ ਹਨ ਕਿ ਇਕਾਗਰ ਚਿਤ ਹੋ ਕੇ ਪਰਮੇਸ਼ਰ ਦੀ ਅਰਾਧਨਾ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਲਿਵ ਅੰਦਰ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜ ਜਾਂਦੀ ਹੈ, ਜਿਸ ਨੂੰ ਅਜਪਾ-ਜਾਪ ਵੀ ਕਿਹਾ ਜਾਂਦਾ ਹੈ।

ਸੁਰਤ ਸ਼ਬਦ ਜਉ ਏਕ ਹੋਂ, ਤਉ ਪਾਇਹਿੰ ਪਰਮ ਅਨੰਦ।
'ਰਵਿਦਾਸ' ਅੰਤਰ ਦੀਪਕ ਜਰਈ, ਘਟ ਉਪਜਈ ਬ੍ਰਹਮ ਅਨੰਦ॥[36]

ਜਦ ਸੁਰਤ ਸ਼ਬਦ ਜਾਂ ਨਾਮ ਵਿਚ ਅਭੇਦ ਹੋ ਜਾਂਦੀ ਹੈ ਤਾਂ ਅੰਦਰ ਉੱਚਤਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਉਸ ਸਮੇਂ ਸੱਚੇ ਗਿਆਨ ਦਾ ਦੀਵਾ ਜਗ ਪੈਂਦਾ ਹੈ ਅਤੇ ਅੰਦਰ ਪਰਮ-ਅਨੰਦ ਦੀ ਪ੍ਰਾਪਤੀ ਹੁੰਦੀ ਹੈ।

'ਰਵਿਦਾਸ' ਦੀਆ ਜਗਮਗ ਜਰਈ, ਬਿਨ ਬਾਤੀ ਬਿਨ ਤੇਲ।
ਸੁਰਤ ਸਾਧਿਕਰ ਹੀਏ ਮਹਿੰ, ਦੇਖ ਪੀਆ ਕੇ ਖੇਲ॥[ੲ 37]

ਰਵਿਦਾਸ ਜੀ ਕਹਿੰਦੇ ਹਨ ਕਿ ਅੰਦਰ ਤੇਲ ਅਤੇ ਬੱਤੀ ਦੇ ਬਗ਼ੈਰ ਦੀਵਾ ਜਗ-ਮਗ ਜਲ ਰਿਹਾ ਹੈ। ਸੁਰਤ ਨੂੰ ਅੰਦਰ ਇਕਾਗਰ ਕਰਕੇ ਅੰਦਰ ਪ੍ਰੀਤਮ ਦੀ ਅਦਭੁਤ ਖੇਡ ਨੂੰ ਦੇਖਣਾ ਚਾਹੀਦਾ ਹੈ।

ਸੁਮਿਰਨ ਕੋਟਿ ਅਘਨ ਕੋ, ਹਵੈਹਿ ਸਮਨ 'ਰਵਿਦਾਸ'।[ਸ]
ਜਿਉਂ ਹੀ ਅਘ ਨਿਰਮੂਲੀਏ, ਪਰਮ ਜੋਤ ਪਰਗਾਸ॥[38]

ੳ. **ਇਕਮਨ**=ਇਕਾਗਰ ਮਨ। ਅ. **ਅਜਪਾ ਜਾਪ**=ਆਪਣੇ ਆਪ ਚੱਲਣ ਵਾਲਾ ਜਾਪ।
ੲ. **ਸਾਧਿਕਰ**=ਇਕਾਗਰ ਕਰਕੇ। ਸ. **ਅਘਨ**=ਪਾਪ; **ਸਮਨ**=ਸ਼ਾਂਤ ਕਰਨਾ, ਦਬਾਉਣਾ।

ਸਿਮਰਨ ਕਰੋੜਾਂ ਪਾਪਾਂ ਦਾ ਨਾਸ਼ ਕਰ ਦਿੰਦਾ ਹੈ। ਜਿਉਂ-ਜਿਉਂ ਸਿਮਰਨ ਦੁਆਰਾ ਪਾਪਾਂ ਦੀ ਜੜ੍ਹ ਕੱਟਦੀ ਜਾਂਦੀ ਹੈ ਅੰਦਰ ਪਰਮਾਤਮਾ ਦੇ ਪ੍ਰਕਾਸ਼ ਨਾਲ ਭਰਦਾ ਜਾਂਦਾ ਹੈ।

ਰਾਮ ਨਾਮ ਜਿਹ ਤਨ ਰਮਿਓ, ਸੋਈ ਤਨੁ ਆਪੁ ਉਜਾਸੁ[ੳ]
ਅੰਤ ਛਾਰ ਹਵੈ ਜਾਇਹੀ, ਵੇਗਿ ਚੇਤੁ 'ਰਵਿਦਾਸ'॥[ਅ 39]

ਜਿਸ ਦੇ ਅੰਦਰ ਰਾਮ-ਨਾਮ ਆ ਜਾਂਦਾ ਹੈ, ਉਹਦੇ ਅੰਦਰ ਆਪਣੇ ਆਪ ਉਜਾਲਾ ਹੋ ਜਾਂਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਦ ਤੱਕ ਇਸ ਨਾਸ਼ਵਾਨ ਸਰੀਰ ਦਾ ਸਾਥ ਹੈ ਪਲ-ਪਲ ਪਰਮਾਤਮਾ ਦੇ ਨਾਮ ਵਿਚ ਲੱਗੇ ਰਹੋ।

ਨਿਹਚਲ ਆਨੰਦ ਨਿਧਿ ਮਿਲਿ, ਵਿਲਗੌ ਆਧਿ ਅਪਾਰ[ੲ]
'ਰਵਿਦਾਸ' ਰਾਮ ਸੁਮਿਰਣ ਸਾਰ ਸੌਂ, ਪਾਇਓ ਦਰਸ ਮੁਰਾਰ॥[40]

ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਦੇ ਸਿਮਰਨ ਦੇ ਲਾਭ ਦਾ ਇਹ ਸਾਰ ਹੈ ਕਿ ਮੇਰੇ ਸਭ ਦੁੱਖ ਦੂਰ ਹੋ ਗਏ ਹਨ, ਮੈਨੂੰ ਪਰਮ-ਸੁਖ ਦੀ ਪ੍ਰਾਪਤੀ ਹੋ ਗਈ ਹੈ ਅਤੇ ਮੇਰਾ ਪਰਮਾਤਮਾ ਰੂਪੀ ਪ੍ਰੀਤਮ ਨਾਲ ਮਿਲਾਪ ਹੋ ਗਿਆ ਹੈ।

ਅਬ ਕੈਸੇ ਛੂਟੈ ਨਾਮ ਰਟ ਲਾਗੀ॥
ਪ੍ਰਭੁਜੀ ਤੁਮ ਚੰਦਨ ਹਮ ਪਾਨੀ। ਜਾਕੀ ਅੰਗ ਅੰਗ ਬਾਸ ਸਮਾਨੀ॥
ਪ੍ਰਭੁਜੀ ਤੁਮ ਘਨ ਬਨ ਹਮ ਮੋਰਾ। ਜੈਸੇ ਚਿਤਵਤ ਚੰਦ ਚਕੋਰਾ॥
ਪ੍ਰਭੁਜੀ ਤੁਮ ਦੀਪਕ ਹਮ ਬਾਤੀ। ਜਾ ਕੀ ਜੋਤਿ ਬਰੈ ਦਿਨ ਰਾਤੀ॥
ਪ੍ਰਭੁਜੀ ਤੁਮ ਮੋਤੀ ਹਮ ਧਾਗਾ। ਜੈਸੇ ਸੋਨਹਿੰ ਮਿਲਤ ਸੁਹਾਗਾ॥
ਪ੍ਰਭੁਜੀ ਤੁਮ ਸਵਾਮੀ ਹਮ ਦਾਸਾ। ਐਸੀ ਭਗਤਿ ਕਰੈ ਰੈਦਾਸਾ॥[41]

ਸਿਮਰਨ ਦਾ ਅਭਿਆਸ ਪੱਕ ਜਾਣ ਤੇ ਸਿਮਰਨ ਦੀ ਗੂੜ੍ਹ ਅਵਸਥਾ ਪੈਦਾ ਹੋ ਜਾਂਦੀ ਹੈ ਜਿਸ ਵਿਚ ਸਿਮਰਨ ਆਪਣੇ ਆਪ ਨਿਰੰਤਰ ਚਲਦਾ ਰਹਿੰਦਾ ਹੈ। ਰਵਿਦਾਸ ਜੀ ਇਸ ਅਵਸਥਾ ਦਾ ਵਰਨਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ! ਹੁਣ ਮੇਰੀ ਨਾਮ ਨਾਲ ਇਸ ਤਰ੍ਹਾਂ ਲਿਵ ਜੁੜ ਗਈ ਹੈ ਕਿ ਕਦੇ ਛੁੱਟ ਨਹੀਂ ਸਕਦੀ। ਹੇ ਪ੍ਰਭੂ, ਤੂੰ ਚੰਦਨ ਹੈਂ ਤਾਂ ਮੈਂ ਪਾਣੀ ਹਾਂ, ਜਿਸ ਦੇ ਅੰਗ-ਅੰਗ ਵਿਚ

ੳ. **ਉਜਾਸੁ**=ਉਜਾਲਾ, ਪ੍ਰਕਾਸ਼। ਅ. **ਛਾਰ**=ਰਾਖ, ਭਸਮ; **ਵੇਗਿ**=ਛੇਤੀ। ੲ. **ਨਿਧਿ**=ਖਜ਼ਾਨਾ; **ਵਿਲਗੌ**=ਵੱਖਰੇ ਹੋਣਾ, ਦੂਰ ਹੋਣਾ; **ਆਧਿ**=ਦੁੱਖ।

ਚੰਦਨ ਦੀ ਸੁਗੰਧੀ ਸਮਾਈ ਹੋਈ ਹੈ। ਜੇ ਤੂੰ ਬੱਦਲ ਹੈਂ ਤਾਂ ਮੈਂ ਉਸ ਦਾ ਪ੍ਰੇਮੀ ਮੋਰ ਹਾਂ। ਜੇ ਤੂੰ ਚੰਦਰਮਾ ਹੈਂ ਤਾਂ ਮੈਂ ਉਹ ਚਕੋਰ ਹਾਂ ਜਿਹੜਾ ਪਲ ਭਰ ਲਈ ਚੰਦਰਮਾ ਤੋਂ ਧਿਆਨ ਪਰੇ ਨਹੀਂ ਕਰਦਾ। ਹੇ ਪ੍ਰਭੂ! ਤੂੰ ਦੀਵਾ ਹੈਂ ਤਾਂ ਮੈਂ ਤੇਰੀ ਬੱਤੀ ਹਾਂ, ਜਿਸ ਦੀ ਜੋਤ ਦਿਨ-ਰਾਤ ਜਗਦੀ ਰਹਿੰਦੀ ਹੈ। ਹੇ ਪ੍ਰਭੂ, ਤੂੰ ਮੋਤੀ ਹੈਂ ਤਾਂ ਮੈਂ ਉਹਨੂੰ ਆਪਣੇ ਵਿਚ ਪਰੋਣ ਵਾਲਾ ਧਾਗਾ ਹਾਂ ਅਤੇ ਜੇ ਤੂੰ ਸੋਨਾ ਹੈਂ ਤਾਂ ਮੈਂ ਉਹਦੇ ਅੰਗ ਲੱਗਣ ਵਾਲਾ ਸੁਹਾਗਾ ਹਾਂ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਜੇ ਤੂੰ ਸੁਆਮੀ ਹੈਂ ਤਾਂ ਮੈਂ ਤੇਰਾ ਦਾਸ ਹਾਂ। ਮੈਂ ਇਸ ਤਰ੍ਹਾਂ ਤੇਰੀ ਭਗਤੀ ਵਿਚ ਖੋ ਗਿਆ ਹਾਂ ਕਿ ਕਦੇ ਤੇਰੇ ਤੋਂ ਜਾਂ ਤੇਰੀ ਭਗਤੀ ਤੋਂ ਜੁਦਾ ਨਹੀਂ ਹੋ ਸਕਦਾ।

ਜਬ ਰਾਮ ਨਾਮ ਕਹਿ ਗਾਵੈਗਾ, ਤਬ ਭੇਦ ਅਭੇਦ ਸਮਾਵੈਗਾ॥[ੳ]
ਜੇ ਸੁਖ ਹਵੈ ਯਾ ਰਸ ਕੇ ਪਰਸੇ, ਸੋ ਸੁਖ ਕਾ ਕਹਿ ਗਾਵੈਗਾ॥
ਗੁਰੁ ਪਰਸਾਦ ਭਈ ਅਨੁਭੌ ਮਤਿ, ਬਿਸ਼ ਅੰਮ੍ਰਿਤ ਸਮ ਧਾਵੈਗਾ॥[ਅ]
ਕਹਿ ਰੈਦਾਸ ਮੇਟਿ ਆਪਾ ਪਰ, ਤਬ ਵਾ ਠੌਰਹਿ ਪਾਵੈਗਾ॥[42]

ਜਦ ਨਾਮ ਦੇ ਸਿਮਰਨ ਨਾਲ ਅੰਦਰ ਸ਼ਬਦ ਧੁਨ ਦਾ ਮਧੁਰ ਸੰਗੀਤ ਪ੍ਰਗਟ ਹੋ ਜਾਵੇਗਾ ਤਾਂ ਆਤਮਾ ਅਤੇ ਪਰਮਾਤਮਾ ਦਾ ਭੇਦ ਮਿਟ ਜਾਵੇਗਾ ਅਤੇ ਆਤਮਾ ਪਰਮਾਤਮਾ ਵਿਚ ਸਮਾ ਕੇ ਉਹਦਾ ਰੂਪ ਹੋ ਜਾਵੇਗੀ। ਇਸ ਮਿਲਾਪ ਵਿਚ ਜੋ ਰਸ ਅਤੇ ਸੁਖ ਹੈ ਉਹ ਕਹਿਣ-ਸੁਣਨ ਵਿਚ ਕਿਸ ਤਰ੍ਹਾਂ ਆ ਸਕਦਾ ਹੈ? ਸਤਿਗੁਰੂ ਦੀ ਕਿਰਪਾ ਦੁਆਰਾ ਜਦੋਂ ਅੰਦਰੋਂ ਇਹ ਪ੍ਰਤੱਖ ਅਨੁਭਵ ਹੋ ਜਾਂਦਾ ਹੈ ਤਾਂ ਮਨ ਵਿਚ ਜ਼ਹਿਰ ਅਤੇ ਅੰਮ੍ਰਿਤ ਨੂੰ ਇੱਕੋ ਸਮਝਣ ਦੀ ਤਾਕਤ ਪੈਦਾ ਹੋ ਜਾਂਦੀ ਹੈ। ਇਸ ਜੁਗਤੀ ਦੁਆਰਾ ਆਪਣੇ-ਪਰਾਏ, ਮੇਰੇ-ਤੇਰੇ ਦੇ ਅੰਤਰ ਦੂਰ ਕਰਨ ਨਾਲ ਹੀ ਪਰਮ-ਪਦ ਦੀ ਪ੍ਰਾਪਤੀ ਹੋ ਸਕਦੀ ਹੈ।

ਐਸੇ ਜਾਨਿ ਜਪੋ ਰੇ ਜੀਵ। ਜਪਿ ਲਿਓ ਰਾਮ ਨ ਭਰਮੋ ਜੀਵ॥
ਗਨਿਕਾ ਥੀ ਕਿਸ ਕਰਮਾ ਜੋਗ। ਪਰ-ਪੁਰਸ਼ ਸੋ ਰਮਤੀ ਭੋਗ॥

ੳ. **ਸਮਾਵੈਗਾ**=ਇਥੇ ਰਵਿਦਾਸ ਜੀ ਕਹਿਣ, ਬੋਲਣ ਜਾਂ ਉੱਚਾਰਨ ਕੀਤੇ ਜਾਣ ਵਾਲੇ ਵਰਨਾਤਮਿਕ ਨਾਮ ਦਾ ਸੰਕੇਤ ਕਰਕੇ ਉਸ ਦੇ ਦੁਆਰਾ ਪ੍ਰਗਟ ਹੋਣ ਵਾਲੇ ਸੰਗੀਤ ਰੂਪੀ ਧੁਨਾਤਮਿਕ ਨਾਮ ਦਾ ਵਰਨਨ ਕਰਦੇ ਹਨ। ਵਰਨਾਤਮਿਕ ਨਾਮ ਦੇ ਸਿਮਰਨ ਦੁਆਰਾ ਜਦੋਂ ਧੁਨਾਤਮਿਕ ਨਾਮ ਦਾ ਸੰਗੀਤ ਪ੍ਰਗਟ ਹੋਵੇਗਾ ਤਾਂ ਹੀ ਆਤਮਾ-ਪਰਮਾਤਮਾ ਦਾ ਭੇਦ, ਜਾਂ ਅੰਤਰ ਖ਼ਤਮ ਹੋ ਜਾਵੇਗਾ। ਅ. **ਅਨੁਭੌ**= ਅਨੁਭਵ, ਅਧਿਆਤਮਿਕ ਅਨੁਭੂਤੀ; **ਧਾਵੈਗਾ**=ਧਿਆਵੇਗਾ, ਵਿਚਾਰ ਕਰੇਗਾ, ਸਮਝੇਗਾ।

ਨਿਸਿ ਬਾਸਰ ਦੁਸਕਰਮ ਕਮਾਈ। ਰਾਮ ਕਹਿਤ ਬੈਕੁੰਠ ਜਾਈ॥
ਨਾਮਦੇਵ ਕਹੀਏ ਜਾਤਿ ਕੈ ਓਛ। ਜਾਕੋ ਜਸ ਗਾਵੈ ਤਿਰਲੋਕ॥[ੳ]
ਭਗਤਿ ਹੇਤ ਭਗਤਾ ਕੇ ਚਲੇ। ਅੰਕਮਾਲ ਲੇ ਬੀਠਲ ਮਿਲੇ॥[ਅ]
ਕੋਟਿ ਜਗਯ ਜੋ ਕੋਈ ਕਰੈ। ਰਾਮ ਨਾਮ ਸਮ ਤਉ ਨ ਨਿਸਤਰੈ॥
ਨਿਰਗੁਨ ਕਾ ਗੁਨ ਦੇਖੋ ਆਈ। ਦੇਹੀ ਸਹਿਤ ਕਬੀਰ ਸਿਧਾਈ॥[ੲ]
ਮੋਰ ਕੁਚਿਲ ਜਾਤਿ ਕੁਚਿਲ ਮੇਂ ਬਾਸ। ਭਗਤ ਚਰਨ ਹਰਿਚਰਨ ਨਿਵਾਸ॥[ਸ]
ਚਾਰਿਓ ਬੇਦ ਕੀਆ ਖੰਡੌਤਿ। ਜਨ ਰੈਦਾਸ ਕਰੈ ਡੰਡੌਤਿ॥[43]

ਨਾਮ ਦੇ ਜਾਪ ਜਾਂ ਨਾਮ-ਭਗਤੀ ਦੇ ਫਲ ਦਾ ਵਰਨਨ ਕਰਦੇ ਹੋਏ ਰਵਿਦਾਸ ਜੀ ਕਹਿੰਦੇ ਹਨ, ਹੇ ਜੀਵ! ਸੰਸਾਰ ਦੇ ਭਰਮ-ਜਾਲ ਵਿਚ ਨਾ ਫਸ। ਤੂੰ ਪਰਮਾਤਮਾ ਦੇ ਨਾਮ ਦਾ ਜਾਪ ਕਰ ਲੈ। ਗਣਿਕਾ ਨੇ ਕਿਹੜਾ ਸ਼ੁਭ ਕੰਮ ਕੀਤਾ ਸੀ? ਉਹ ਰਾਤ-ਦਿਨ ਪਰਾਏ-ਪੁਰਖਾਂ ਨਾਲ ਭੋਗ-ਬਿਲਾਸ ਕਰਨ ਵਾਲੀ ਵੇਸਵਾ ਸੀ ਪਰ ਪਰਮਾਤਮਾ ਦੇ ਨਾਮ ਦੇ ਜਾਪ ਦੁਆਰਾ ਬੈਕੁੰਠ ਦੀ ਵਾਸੀ ਬਣ ਗਈ। ਨਾਮਦੇਵ ਜੀ ਨੂੰ ਛੋਟੀ ਜਾਤ ਦਾ ਛੀਂਬਾ ਸਮਝਿਆ ਜਾਂਦਾ ਸੀ ਪਰ ਨਾਮ-ਭਗਤੀ ਦੇ ਪ੍ਰਤਾਪ ਨਾਲ ਉਨ੍ਹਾਂ ਦਾ ਜੱਸ ਪੂਰਨ ਸੰਤ-ਸਤਿਗੁਰੂ ਦੇ ਤੌਰ ਤੇ ਸੰਸਾਰ ਵਿਚ ਫੈਲ ਗਿਆ। ਭਗਤ ਬੀਠਲ ਦੀ ਭਗਤੀ ਦੇ ਕਾਰਨ ਭਗਵਾਨ ਖ਼ੁਦ ਬੀਠਲ ਦੀ ਥਾਂ ਹਾਰ ਲੈ ਕੇ ਰਾਜਾ ਕੋਲ ਗਏ। ਕਰੋੜਾਂ ਯੱਗ ਕਰਨ ਦੇ ਬਾਵਜੂਦ ਬਿਨਾਂ ਨਾਮ ਦੀ ਕਮਾਈ ਦੇ ਸੰਸਾਰ ਤੋਂ ਨਿਸਤਾਰਾ ਨਹੀਂ ਹੋ ਸਕਦਾ। ਨਿਰਗੁਣ ਪਰਮਾਤਮਾ ਦੇ ਨਾਮ ਦੀ ਮਹਿਮਾ ਦੇਖੋ ਕਿ ਕਬੀਰ ਸਾਹਿਬ ਨੇ ਸਦੇਹ ਹੀ ਪਰਮਾਤਮਾ ਨਾਲ ਮਿਲਾਪ ਕਰ ਲਿਆ। ਮੈਂ ਨੀਚ ਜਾਤੀ ਵਿਚ ਜਨਮਿਆ ਹਾਂ ਅਤੇ ਨੀਚ ਲੋਕਾਂ ਵਿਚ ਹੀ ਮੇਰਾ ਵਾਸਾ ਹੈ, ਫਿਰ ਵੀ ਪਰਮਾਤਮਾ ਦੇ ਨਾਮ ਦੀ ਅਰਾਧਨਾ ਸਦਕਾ

ੳ. **ਓਛ**=ਛੋਟੀ, ਨਾਮਦੇਵ ਜੀ ਨੀਵੀਂ ਜਾਤ ਦੇ, ਭਾਵ ਛੀਂਬੇ ਸਨ। ਅ. **ਹੇਤ**=ਹੇਤੁ, ਕਾਰਣ ਨਾਲ; **ਅੰਕਮਾਲ**=ਹਾਰ; **ਬੀਠਲ ਮਿਲੇ**=ਭਗਤ ਬੀਠਲ ਜਾਤ ਦੇ ਮਾਲੀ ਸਨ। ਇੱਕ ਦਿਨ ਧਿਆਨ ਵਿਚ ਲੱਗੇ ਰਹਿਣ ਕਾਰਨ, ਉਹ ਰਾਜਾ ਦੇ ਕੋਲ ਹਾਰ ਨਾ ਪਹੁੰਚਾ ਸਕੇ ਤਾਂ ਭਗਵਾਨ ਨੇ ਖ਼ੁਦ ਉਸ ਦਾ ਰੂਪ ਧਾਰ ਕੇ ਰਾਜੇ ਦੇ ਕੋਲ ਹਾਰ ਪਹੁੰਚਾ ਦਿੱਤਾ। ੲ. **ਗੁਨ**=ਮਹਿਮਾ; **ਸਿਧਾਈ**=ਕਬੀਰ ਦਾਸ ਜੀ ਦੇ ਬਾਰੇ ਇਹ ਕਥਾ ਆਮ ਮਸ਼ਹੂਰ ਹੈ ਕਿ ਉਨ੍ਹਾਂ ਦੇ ਦੇਹਾਂਤ ਤੇ ਜਦੋਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਉਨ੍ਹਾਂ ਦੀ ਅੰਤਿਮ ਕਿਰਿਆ-ਕਰਮ ਕਰਨ ਲਈ ਝਗੜਾ ਸ਼ੁਰੂ ਹੋ ਗਿਆ ਤਾਂ ਇਹ ਵੇਖਿਆ ਗਿਆ ਕਿ ਉਨ੍ਹਾਂ ਦੇ ਮਿਰਤਕ ਸਰੀਰ ਦੀ ਥਾਂ ਫੁੱਲਾਂ ਦਾ ਢੇਰ ਪਿਆ ਹੈ, ਜਿਸ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਸ ਵਿਚ ਵੰਡ ਕੇ ਆਪਣੇ-ਆਪਣੇ ਢੰਗ ਨਾਲ ਅੰਤਮ ਕਿਰਿਆ ਕੀਤੀ। ਸ. **ਕੁਚਿਲ**=ਨੀਚ, ਗੰਦਾ; **ਚਰਨ**=ਆਚਰਨ ਜਾਂ ਅਭਿਆਸ ਕਰਨ ਨਾਲ।

ਮੈਨੂੰ ਪ੍ਰਭੂ ਦੇ ਚਰਨ-ਕੰਵਲਾਂ ਵਿਚ ਨਿਵਾਸ ਮਿਲ ਗਿਆ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਪਰਮੇਸ਼ਰ ਦੀ ਪ੍ਰਾਪਤੀ ਚਾਰਾਂ ਵੇਦਾਂ ਦੇ ਪਾਠ-ਵਿਚਾਰ ਵਿਚ ਨਹੀਂ, ਪਰਮਾਤਮਾ ਦੀ ਭਗਤੀ ਵਿਚ ਹੈ ਇਸ ਲਈ ਮੈਂ ਵੇਦਾਂ ਦੀ ਥਾਂ ਪਰਮਾਤਮਾ ਦੇ ਚਰਨ-ਕੰਵਲਾਂ ਨੂੰ ਹੀ ਡੰਡੌਤ ਕਰਦਾ ਹਾਂ।

ਨਾਮ-ਵਿਹੂਣੇ ਜੀਵਾਂ ਦੀ ਹਾਲਤ

ਨਾਮ-ਵਿਹੂਣੇ ਜੀਵ ਜ਼ਿੰਦਾ ਲੋਥਾਂ ਹਨ। ਉਨ੍ਹਾਂ ਦਾ ਲੋਕ ਅਤੇ ਪਰਲੋਕ ਦੋਹਾਂ ਵਿਚ ਅਪਮਾਨ ਹੁੰਦਾ ਹੈ। ਨਾਮ ਵਿਹੂਣੇ ਪ੍ਰਾਣੀ ਹੀ ਅਸਲ ਅਛੂਤ ਹਨ, ਜਿਨ੍ਹਾਂ ਦੇ ਨੇੜੇ ਨਹੀਂ ਲੱਗਣਾ ਚਾਹੀਦਾ। ਸੰਸਾਰ ਦੀ ਚਟਕ-ਮਟਕ ਅਤੇ ਧਨ-ਦੌਲਤ ਦੇ ਬਾਵਜੂਦ ਉਨ੍ਹਾਂ ਨੂੰ ਖ਼ਾਲੀ ਹੱਥ ਸੰਸਾਰ ਤੋਂ ਜਾਣਾ ਪੈਂਦਾ ਹੈ। ਨਾਮ-ਵਿਹੂਣੇ ਪ੍ਰਾਣੀ ਕਦੇ ਪਰਮਾਤਮਾ ਨਾਲ ਮਿਲਾਪ ਨਹੀਂ ਕਰ ਸਕਦੇ ਅਤੇ ਉਨ੍ਹਾਂ ਦਾ ਅਮੋਲਕ ਮਨੁੱਖਾ-ਜਨਮ ਭੰਗ ਦੇ ਭਾੜੇ ਚਲਿਆ ਜਾਂਦਾ ਹੈ।

ਕੇਵਲ ਨਾਮ ਹੀ ਸਭ ਪਾਪਾਂ ਦਾ ਹਰਤਾ ਅਤੇ ਸਭ ਸੁੱਖਾਂ ਦਾ ਦਾਤਾ ਹੈ। ਜਿਸ ਨੂੰ ਨਾਮ-ਰੂਪੀ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋਈ, ਉਹਦੀ ਉਹੀ ਹਾਲਤ ਹੈ, ਜੋ ਜਲ ਤੋਂ ਬਿਨਾਂ ਮੱਛੀ ਦੀ, ਪਰਾਂ ਤੋਂ ਬਿਨਾਂ ਪੰਛੀ ਦੀ ਅਤੇ ਫਲ ਤੋਂ ਬਿਨਾਂ ਬਿਰਖ ਦੀ ਹੁੰਦੀ ਹੈ। ਨਾਮ-ਵਿਹੂਣੇ ਵਿਅਕਤੀ ਰੋਂਦੇ-ਕੁਰਲਾਉਂਦੇ ਅਤੇ ਘੋਰ-ਪਸ਼ਚਾਤਾਪ ਕਰਦੇ ਹੋਏ ਸੰਸਾਰ ਤੋਂ ਚਲੇ ਜਾਂਦੇ ਹਨ।

'ਰਵਿਦਾਸ' ਸੱਤ ਇਕ ਨਾਮ ਹੈ, ਆਦਿ ਅੰਤੁ ਸਚੁ ਨਾਮ।
ਹਨਨ ਕਰੇਇ ਸਭ ਪਾਪ ਤਾਪ, ਸੱਤ ਸੁਖਨ ਕਰਿ ਖਾਨ।।[44]

ਰਵਿਦਾਸ ਜੀ ਕਹਿੰਦੇ ਹਨ ਕਿ ਇੱਕ ਨਾਮ ਹੀ ਪਰਮ ਸਤਿ ਹੈ ਜੋ ਆਦਿ ਤੋਂ ਅੰਤ ਤੱਕ ਸਤਿ ਚਲਿਆ ਆਉਂਦਾ ਹੈ। ਇਹ ਸਾਰੇ ਪਾਪਾਂ ਅਤੇ ਦੁੱਖਾਂ ਨੂੰ ਨਸ਼ਟ ਕਰਨ ਵਾਲਾ ਹੈ ਅਤੇ ਸਾਰੇ ਸੁੱਖਾਂ ਦੀ ਖਾਨ ਹੈ।

ਜਿਨਹਿ ਨਰ ਸੱਤ ਤਿਆਗਿਆ, ਤਿਨਹ ਜੀਵਨ ਮਿਰਤ ਸਮਾਨ[ੳ]
'ਰਵਿਦਾਸ' ਸੋਈ ਜੀਵਨ ਭਲਾ, ਜਹਿੰ ਸਭ ਸੱਤ ਪਰਧਾਨ।।[45]

ੳ. ਮਿਰਤ=ਮਰਿਆ ਹੋਇਆ।

ਜਿਸ ਮਨੁੱਖ ਨੇ ਸੱਚ ਦਾ ਤਿਆਗ ਕਰ ਦਿੱਤਾ ਹੈ, ਉਹ ਜਿਉਂਦੇ-ਜੀ ਮਰੇ ਹੋਏ ਦੇ ਸਮਾਨ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਉਸੇ ਵਿਅਕਤੀ ਦਾ ਜੀਵਨ ਸੁੰਦਰ ਜਾਂ ਸਫਲ ਹੈ ਜਿਹੜਾ ਹਰ ਤਰ੍ਹਾਂ ਸੱਚ ਭਾਵ ਨਾਮ-ਭਗਤੀ ਨੂੰ ਪਹਿਲ ਦਿੰਦਾ ਹੈ।

'ਰਵਿਦਾਸ' ਸੱਤ ਮਤਿ ਤਿਆਗੀਏ, ਜੌ ਲੌਂ ਘਟ ਮਹਿ ਪ੍ਰਾਨ।
ਸੱਤ ਭ੍ਰਿਸ਼ਟ ਕਰਿ ਜਗਤ ਮਹਿਂ, ਸਦਾ ਹੋਤ ਅਪਮਾਨ॥[ੳ] [46]

ਰਵਿਦਾਸ ਜੀ ਕਹਿੰਦੇ ਹਨ ਜਦ ਤੱਕ ਸਰੀਰ ਵਿਚ ਸੁਆਸ ਹਨ, ਨਾਮ-ਰੂਪੀ ਸਤਿ ਨੂੰ ਨਹੀਂ ਤਜਣਾ ਚਾਹੀਦਾ। ਇਸ ਸਤਿ ਤੋਂ ਭਰਿਸ਼ਟ ਹੋਏ ਜੀਵ ਦਾ ਸੰਸਾਰ ਵਿਚ ਘੋਰ ਅਪਮਾਨ ਹੁੰਦਾ ਹੈ।

'ਰਵਿਦਾਸ' ਤੂੰ ਕਾਂਵਚ ਫਲੀ, ਤੁਝੇ ਨ ਛੀਵੈ ਕੋਇ।[ਅ]
ਤੈਂ ਨਿਜ ਨਾਂਵ ਨ ਜਾਨਿਆਂ, ਭਲਾ ਕਹਾਂ ਤੇ ਹੋਇ॥[47]

ਬਿੱਛੂ-ਬੂਟੀ ਦੀ ਛੋਹ ਲਗਦੇ ਹੀ ਸਰੀਰ ਵਿਚ ਅੱਗ ਲੱਗ ਜਾਂਦੀ ਹੈ ਅਤੇ ਸਰੀਰ ਉੱਤੇ ਧੱਫੜ ਪੈ ਜਾਂਦੇ ਹਨ। ਉਸੇ ਤਰ੍ਹਾਂ ਨਾਮ ਤੋਂ ਵਿਹੂਣੇ ਪ੍ਰਾਣੀ ਦੀ ਛੋਹ ਨਾਲ ਲੋਕਾਂ ਨੂੰ ਮਾਇਆ ਦੀ ਤਪਸ਼ ਚੜ੍ਹ ਜਾਂਦੀ ਹੈ। ਜਿਸ ਵਿਅਕਤੀ ਨੂੰ ਪਰਮਾਤਮਾ ਦੇ ਨਾਮ ਦੀ ਸਾਰ ਨਹੀਂ, ਉਹਦਾ ਉੱਧਾਰ ਕਿਵੇਂ ਹੋ ਸਕਦਾ ਹੈ।

ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ।[ੲ]
ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥[ਸ] [48]

ਤੂੰ ਸਿਰ ਦੇ ਵਾਲ ਸੁਆਰ-ਸੁਆਰ ਕੇ ਰੱਖਦਾ ਹੈਂ ਅਤੇ ਟੇਢੀ ਤੇ ਰੋਅਬਦਾਰ ਪੱਗ ਬੰਨ੍ਹਦਾ ਹੈਂ। ਪਰ ਇੱਕ ਦਿਨ ਪੱਗ ਅਤੇ ਸਿਰ ਕੀ, ਸਾਰਾ ਸਰੀਰ ਹੀ ਮਿੱਟੀ ਦੀ ਢੇਰੀ ਬਣ ਜਾਵੇਗਾ। ਤੂੰ ਉਚੇ ਮਹੱਲਾਂ ਅਤੇ ਸੁੰਦਰ ਨਾਰੀ ਦਾ ਮਾਣ ਕਰਦਾ ਹੈਂ ਪਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਤੂੰ ਜ਼ਿੰਦਗੀ ਦੀ ਬਾਜ਼ੀ ਬੁਰੀ ਤਰ੍ਹਾਂ ਹਾਰ ਜਾਵੇਂਗਾ।

ਇਹੁ ਜਗ ਦੁਖ ਕੀ ਖੇਤਰੀ, ਇਹੁ ਜਾਨਤ ਸਬ ਕੋਇ।
ਗਿਆਨੀ ਕਾਟਹਿ ਹਰਿ ਨਾਮ ਸੌਂ, ਮੂਰਖਿ ਕਾਟਹਿ ਰੋਇ॥[49]

ੳ. **ਭ੍ਰਿਸ਼ਟ**=ਭਰਿਸ਼ਟ। ਅ. **ਕਾਂਵਚ**=ਕੌਂਚ ਜਾਂ ਬਿੱਛੂ-ਬੂਟੀ ਜਿਸ ਦੇ ਨਾਲ ਲੱਗਣ ਕਾਰਨ ਖ਼ੁਰਕ ਸ਼ੁਰੂ ਹੋ ਜਾਂਦੀ ਹੈ; **ਛੀਵੈ**=ਨਾਲ ਲੱਗਣਾ। ੲ. **ਡੇਰੀ**=ਟੇਢੀ। ਸ. **ਮੰਦਰ**=ਮਹੱਲ।

ਸਭ ਲੋਕ ਜਾਣਦੇ ਹਨ ਕਿ ਸੰਸਾਰ ਦੁੱਖਾਂ ਦੀ ਵਾੜੀ ਹੈ। ਸਿਆਣੇ ਲੋਕ ਨਾਮ ਦੀ ਦਾਤਰੀ ਨਾਲ ਇਸ ਦੁੱਖਦਾਈ ਖੇਤ ਨੂੰ ਕੱਟ ਲੈਂਦੇ ਹਨ। ਪਰ ਨਾਮ-ਵਿਹੂਣੇ ਮੂਰਖ ਲੋਕ ਸੰਸਾਰ ਦੇ ਦੁੱਖਾਂ ਵਿਚ ਹੀ ਖਪ-ਖਪ ਕੇ ਜਾਨ ਦੇ ਦਿੰਦੇ ਹਨ।

ਧ੍ਰਿਗੁ ਧ੍ਰਿਗੁ ਜੀਵਣੁ ਰਾਜੇ ਰਾਮ ਵਿਨਾ॥ ਟੇਕ॥
ਦੇਹਿ ਨੈਨ ਵਿਨੁ, ਚੰਦ ਰੈਨ ਵਿਨੁ, ਜਿਉਂ ਮੀਨਾ ਗਹਰੁ ਜਲੇ ਵਿਨਾ।[ੳ]
ਹਸਤੀ ਮੁੰਡ ਵਿਨੁ, ਪੰਖੀ ਪੰਖ ਵਿਨੁ, ਜਇਸੋਈ ਮੰਦਿਰ ਦੀਪ ਵਿਨਾ॥
ਜੈਸੇ ਬ੍ਰਾਹਮਣ ਵੇਦ ਵਿਹੂਣਾ, ਤੈਸੋਈ ਭਗਤ ਜਨ ਰਾਮ ਵਿਨਾ।[ਅ]
ਮੰਤਰ ਸੁਰਤਿ ਵਿਨੁ, ਨਾਰੀ ਕੰਤ ਵਿਨੁ, ਜਇਸੋਈ ਧਰਤੀ ਇੰਦ੍ਰ ਵਿਨਾ।[ੲ]
ਜਿਉਂ ਬ੍ਰਿਛਾ ਫਲਹਿ ਵਿਹੂਣਾ, ਤਿਉਂ ਪ੍ਰਾਣੀ ਤੁਝ ਪ੍ਰੇਮ ਵਿਨਾ॥
ਕਾਮ ਕ੍ਰੋਧ ਹੰਕਾਰ ਨਿਵਾਰਉ, ਤ੍ਰਿਸ਼ਨਾ ਤਿਆਗਹੁ ਸੰਤ ਜਨਾ।
ਕਹਿ ਰਵਿਦਾਸ ਭਈ ਸੀਤਲ ਕਾਇਆ, ਜਿਉਂ ਹੈਂ ਲਾਗੌਂ ਗੁਰੂ ਚਰਨਾ॥[50]

ਪ੍ਰਭੂ ਭਗਤੀ ਤੋਂ ਬਿਨਾਂ ਮਨੁੱਖ ਜਨਮ ਧ੍ਰਿਗ ਹੈ। ਹੇ ਪ੍ਰਭੂ! ਜੋ ਦੁਰਦਸ਼ਾ ਅੰਨ੍ਹੇ ਦੀ ਅੱਖਾਂ ਤੋਂ ਬਿਨਾਂ, ਰਾਤ ਦੀ ਚੰਦ ਤੋਂ ਬਿਨਾਂ, ਮੱਛੀ ਦੀ ਜਲ ਤੋਂ ਬਿਨਾਂ, ਪੰਖੀ ਦੀ ਪਰਾਂ ਤੋਂ ਬਿਨਾਂ, ਘਰ ਦੀ ਦੀਵੇ ਤੋਂ ਬਿਨਾਂ ਅਤੇ ਬ੍ਰਾਹਮਣ ਦੀ ਵੇਦ ਦੇ ਗਿਆਨ ਤੋਂ ਬਿਨਾਂ ਹੁੰਦੀ ਹੈ, ਉਹੀ ਨਾਮ-ਵਿਹੂਣੇ ਪ੍ਰਾਣੀ ਦੀ ਹੁੰਦੀ ਹੈ। ਵੇਸਵਾ ਦਾ ਬਾਲਕ ਆਪਣੇ ਆਪ ਨੂੰ ਕਿਸ ਪਿਤਾ ਦਾ ਪੁੱਤਰ ਕਹਿ ਸਕਦਾ ਹੈ? ਉਸੇ ਤਰ੍ਹਾਂ ਪਰਮਾਤਮਾ ਦੇ ਨਾਮ ਤੋਂ ਬਿਨਾਂ ਉਹਦੇ ਭਗਤ ਦਾ ਹੋਰ ਕਿਹੜਾ ਆਸਰਾ ਹੋ ਸਕਦਾ ਹੈ? ਹੇ ਪ੍ਰਭੂ! ਜਿਸ ਤਰ੍ਹਾਂ ਧਿਆਨ ਦੀ ਇਕਾਗਰਤਾ ਤੋਂ ਬਿਨਾਂ ਮੰਤਰ ਦਾ ਜਾਪ, ਪਤੀ ਤੋਂ ਬਿਨਾਂ ਇਸਤਰੀ, ਬਰਖਾ ਤੋਂ ਬਿਨਾਂ ਧਰਤੀ ਅਤੇ ਫਲ ਤੋਂ ਬਿਨਾਂ ਬਿਰਛ ਵਿਅਰਥ ਹੁੰਦਾ ਹੈ, ਉਸੇ ਤਰ੍ਹਾਂ ਤੇਰੀ ਭਗਤੀ ਜਾਂ ਨਾਮ ਤੋਂ ਬਿਨਾਂ ਮਨੁੱਖ-ਜੀਵਨ ਅਸਲੋਂ ਬੇਕਾਰ ਹੈ। ਰਵਿਦਾਸ ਜੀ ਕਹਿੰਦੇ ਹਨ ਹੇ ਸੰਤੋ! ਕਾਮ, ਕ੍ਰੋਧ, ਹੰਕਾਰ ਅਤੇ ਆਸ਼ਾ-ਤ੍ਰਿਸ਼ਨਾ ਨੂੰ ਤਜ ਕੇ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਨਾਮ ਦੀ ਅਰਾਧਨਾ ਦੁਆਰਾ ਆਪਣਾ ਜੀਵਨ ਸਫਲ ਕਰ ਲਵੋ। ਗੁਰੂ ਦੀ ਸ਼ਰਨ ਵਿਚ ਆਉਂਦੇ ਹੀ ਮੇਰੇ ਮਨ ਵਿਚ ਪੂਰਨ ਸ਼ਾਂਤੀ ਦਾ ਵਾਸਾ ਹੋ ਗਿਆ ਹੈ।

ਜੌ ਤੁਮ ਗੋਪਾਲਹਿ ਨਹੀਂ ਗੈਹੌ।
ਤੌ ਤੁਮ ਕੂੰ ਸੁਖ ਮੇਂ ਦੁਖ ਉਪਜੈ, ਸੁਖਹਿ ਕਹਾਂ ਤੈਂ ਪੈਹੌ॥

ੳ. **ਰੈਨ**=ਰਾਤ; **ਮੀਨਾ**=ਮੱਛੀ। ਅ. **ਵਿਹੂਣਾ**=ਵਿਹੀਣ, ਰਹਿਤ। ੲ. **ਸੁਰਤਿ**=ਧਿਆਨ ਦੀ ਇਕਾਗਰਤਾ; **ਇੰਦ੍ਰ**=ਮੀਂਹ ਪੁਆਉਣ ਵਾਲਾ ਦੇਵਤਾ।

ਮਾਲਾ ਨਾਮ ਸਬੈ ਜਗ ਡਹਿਕੋ, ਝੂਠੋ ਭੇਖ ਬਨੈਹੌ।[ੳ]
ਝੂਠੇ ਤੈਂ ਸਾਂਚਿ ਤਬ ਹੋਇਹੌ, ਹਰਿ ਕੀ ਸਰਨਿ ਜਬ ਏਹੌ॥
ਕਨਰਸ ਬਤਰਸ ਔਰ ਸਬੈ ਰਸ, ਝੂਠਹਿ ਮੂੰਡ ਮੂੰਡੈਹੌ।[ਅ]
ਜਬ ਲਗਿ ਤੇਲ ਦੀਆ ਮੇਂ ਬਾਤੀ, ਦੇਖਤ ਹੀ ਬੁਝਿ ਜੈਹੌ॥
ਜੌ ਜਨ ਰਾਮ ਨਾਮ ਰੰਗ ਰਾਤੇ, ਔਰੇ ਰੰਗ ਨ ਸੁਹੈਹੌ।[ੲ]
ਕਹਿ 'ਰਵਿਦਾਸ' ਭਜੌ ਰੇ ਕ੍ਰਿਪਾਨਿਧਿ, ਪ੍ਰਾਨ ਗਏ ਪਛਿਤੈਹੌ॥[51]

ਜਦ ਤੱਕ ਤੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਤੈਨੂੰ ਸੁਖ ਕਿਵੇਂ ਨਸੀਬ ਹੋ ਸਕਦਾ ਹੈ? ਨਾਮ ਤੋਂ ਬਿਨਾਂ ਤੇਰਾ ਸੁਖ ਵੀ ਦੁੱਖ ਵਿਚ ਬਦਲ ਜਾਵੇਗਾ। ਸਾਰਾ ਸੰਸਾਰ ਮਾਲਾ ਦੁਆਰਾ ਨਾਮ-ਸਿਮਰਨ ਦੇ ਭੁਲੇਖੇ ਵਿਚ ਫਸਿਆ ਹੋਇਆ ਹੈ। ਲੋਕਾਂ ਨੂੰ ਇਹ ਗਿਆਨ ਨਹੀਂ ਕਿ ਸੱਚੇ ਨਾਮ ਦਾ ਸਿਮਰਨ ਬਾਹਰ ਸਰੀਰ ਦੁਆਰਾ ਨਹੀਂ; ਅੰਦਰ ਮਨ ਦੁਆਰਾ ਕੀਤਾ ਜਾਂਦਾ ਹੈ। ਬਾਹਰਲੇ ਭੇਖ ਝੂਠੇ ਹਨ। ਝੂਠ ਨੂੰ ਸੱਚ ਵਿਚ ਬਦਲਣ ਦਾ ਇੱਕੋ ਤਰੀਕਾ ਪਰਮਾਤਮਾ ਦੀ ਸ਼ਰਨ ਵਿਚ ਆ ਜਾਣਾ ਹੈ। ਬਾਹਰਲੇ ਕੰਨਾਂ ਦੁਆਰਾ ਰਾਗ-ਰੰਗ ਅਤੇ ਕਿੱਸੇ-ਕਹਾਣੀਆਂ ਦਾ ਰਸ ਲੈਣ ਅਤੇ ਦੂਸਰੇ ਸੰਸਾਰਿਕ ਰਸਾਂ-ਕਸਾਂ ਵਿਚ ਖਚਿਤ ਹੋਣ ਦਾ ਕੋਈ ਲਾਭ ਨਹੀਂ। ਇਸੇ ਤਰ੍ਹਾਂ ਸਿਰ ਮੁਨਾ ਕੇ ਪਰਮਾਤਮਾ ਦੇ ਭਗਤ ਹੋਣ ਦਾ ਦਿਖਾਵਾ ਕਰਨਾ ਵੀ ਵਿਅਰਥ ਹੈ। ਜਦ ਤੱਕ ਸਰੀਰ-ਰੂਪੀ ਦੀਵੇ ਵਿਚ ਸੁਆਸਾਂ ਅਤੇ ਪ੍ਰਾਣਾਂ ਦਾ ਤੇਲ ਅਤੇ ਬੱਤੀ ਕਾਇਮ ਹਨ, ਮਨੁੱਖ ਜ਼ਿੰਦਾ ਹੈ। ਤੇਲ-ਬੱਤੀ ਤੇਜ਼ੀ ਨਾਲ ਜਲਦੇ ਚਲੇ ਜਾ ਰਹੇ ਹਨ ਅਤੇ ਦੇਖਦੇ ਹੀ ਦੇਖਦੇ ਜੀਵਨ ਦਾ ਦੀਵਾ ਬੁਝ ਜਾਵੇਗਾ। ਜੋ ਲੋਕ ਜੀਵਨ ਦੇ ਹੁੰਦੇ ਹੋਏ ਮਨ ਨੂੰ ਅੰਦਰ ਪਰਮਾਤਮਾ ਦੇ ਨਾਮ ਦੇ ਰੰਗ ਵਿਚ ਰੰਗ ਲੈਂਦੇ ਹਨ, ਉਨ੍ਹਾਂ ਨੂੰ ਸੰਸਾਰ ਦਾ ਦੂਜਾ ਕੋਈ ਰੰਗ ਨਹੀਂ ਸੁਖਾਉਂਦਾ। ਰਵਿਦਾਸ ਜੀ ਕਹਿੰਦੇ ਹਨ ਕਿ ਕੇਵਲ ਦਇਆ ਦੇ ਪੁੰਜ ਉਸ ਪਰਮੇਸ਼ਰ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ, ਨਹੀਂ ਤਾਂ ਅੰਤ ਸਮੇਂ ਪਛਤਾਉਣਾ ਪਵੇਗਾ।

ੳ. **ਡਹਿਕੋ**=ਧੋਖਾ ਦੇਣਾ, ਠੱਗ ਲੈਣਾ। ਅ. **ਕਨਰਸ**=ਕੰਨਾਂ ਨਾਲ ਸੁਣਨ ਦਾ ਰਸ; **ਬਤਰਸ**=ਗੱਲਾਂ-ਬਾਤਾਂ ਦਾ ਸੁਆਦ। ੲ. **ਸੁਹੈਹੌ**=ਸੁਹਾਉਣਾ, ਚੰਗਾ ਲੱਗਣਾ।

6. ਸੱਚਾ ਪ੍ਰੇਮ

ਸੱਚੇ ਪ੍ਰੇਮ ਦਾ ਸਰੂਪ

ਸੱਚੀ ਭਗਤੀ ਉਹ ਹੈ ਜਿਸ ਵਿਚ ਭਗਤ ਆਪਣੇ ਆਪ ਨੂੰ ਪੂਰੀ ਤਰ੍ਹਾਂ ਭਗਵਾਨ ਵਿਚ ਲੀਨ ਕਰ ਦਿੰਦਾ ਹੈ ਅਤੇ ਉਹਨੂੰ ਭਗਵਾਨ ਤੋਂ ਬਿਨਾਂ ਕਿਸੇ ਦੂਸਰੇ ਦੀ ਸੁੱਧ-ਬੁੱਧ ਹੀ ਨਹੀਂ ਰਹਿੰਦੀ। ਅਜਿਹੀ ਸੱਚੀ ਭਗਤੀ ਹੀ ਸੱਚਾ ਪ੍ਰੇਮ ਹੈ। ਇਸ ਵਿਚ ਪ੍ਰੇਮੀ ਅਤੇ ਪ੍ਰੀਤਮ ਦੀ ਦੂਈ ਦੂਰ ਹੋ ਜਾਂਦੀ ਹੈ। ਪ੍ਰੇਮ ਦੀ ਇਹ ਅਦਭੁਤ ਅਵਸਥਾ ਨਾਮ-ਭਗਤੀ ਦੁਆਰਾ ਪੈਦਾ ਹੁੰਦੀ ਹੈ।

ਪ੍ਰਭੂ ਦਾ ਸੱਚਾ ਭਗਤ ਤਿੰਨਾਂ ਗੁਣਾਂ, ਪੰਜ-ਵਿਕਾਰਾਂ ਅਤੇ ਹਰ ਤਰ੍ਹਾਂ ਦੇ ਸੰਸਾਰਿਕ ਬੰਧਨਾਂ ਤੋਂ ਉੱਪਰ ਉੱਠ ਜਾਂਦਾ ਹੈ। ਬਾਹਰਮੁਖੀ ਪੂਜਾ-ਪਾਠ ਅਤੇ ਕਰਮ-ਕਾਂਡ ਦਾ ਫਲ ਜ਼ਰੂਰ ਮਿਲਦਾ ਹੈ ਪਰ ਉਸ ਨੂੰ ਭੋਗਣ ਲਈ ਦੋਬਾਰਾ ਜਨਮ ਲੈਣਾ ਪੈਂਦਾ ਹੈ। ਇਸ ਲਈ ਹਰ ਤਰ੍ਹਾਂ ਦੀ ਬਾਹਰਮੁਖੀ ਭਗਤੀ ਸਾਡੇ ਬੰਧਨ ਕੱਟਣ ਦੀ ਬਜਾਏ ਇਨ੍ਹਾਂ ਬੰਧਨਾਂ ਵਿਚ ਵਾਧੇ ਦਾ ਕਾਰਨ ਬਣ ਜਾਂਦੀ ਹੈ। ਪਰਮਾਤਮਾ ਅਤੇ ਉਸ ਦਾ ਨਾਮ ਤਿੰਨਾਂ ਗੁਣਾਂ ਤੋਂ ਉੱਪਰ ਹੈ ਇਸ ਲਈ ਜਦੋਂ ਅੰਦਰ ਪਰਮਾਤਮਾ ਦੇ ਨਾਮ ਨਾਲ ਲਿਵ ਜੋੜ ਕੇ ਪਰਮਾਤਮਾ ਦੀ ਸੱਚੀ ਭਗਤੀ ਦੇ ਰੰਗ ਵਿਚ ਰੰਗੇ ਜਾਂਦੇ ਹਾਂ ਤਾਂ ਸਹਿਜੇ ਹੀ ਤਿੰਨਾਂ ਗੁਣਾਂ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦੇ ਹਾਂ। ਆਪੇ ਜਾਂ ਹਉਮੈਂ ਦੇ ਨਾਸ਼ ਹੋਣ ਤੇ ਹੀ ਸੱਚੀ ਭਗਤੀ ਦੀ ਪ੍ਰਾਪਤੀ ਹੋ ਸਕਦੀ ਹੈ। ਪ੍ਰੇਮੀ ਆਪਣੀ ਹਸਤੀ ਆਪਣੇ ਪ੍ਰੀਤਮ ਵਿਚ ਲੀਨ ਕਰਕੇ ਉਸੇ ਦਾ ਰੂਪ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਸੱਚੇ ਪ੍ਰੇਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ।

ਸੰਤੋ! ਅਨਿਨ ਭਗਤਿ ਯਹੁ ਨਾਂਹੀ[ੳ]
ਜਬ ਲਗਿ ਸਤ ਰਜ ਤਮ ਤੀਨਔਂ ਗੁਨ, ਵਿਆਪਤ ਹੈ ਯਾ ਮਾਂਹੀ॥
ਸੋਈ ਆਨ ਅੰਤਰ ਕਰੈ ਹਰਿ ਸੂੰ, ਅਪਮਾਰਗ ਕੌਂ ਆਨੈਂ[ਅ]

ੳ. ਅਨਿਨ=ਉੱਤਮ। ਅ. ਆਨੈਂ=ਭਿੰਨ।

ਕਾਮ ਕ੍ਰੋਧ ਮਦ ਲੋਭ ਮੋਹ ਕੀ, ਪਲ ਪਲ ਪੂਜਾ ਠਾਨੇਂ॥
ਸਕਤਿ ਸਨੇਹ ਇਸ਼ਟ ਅੰਗਿ ਲਾਵੈ, ਅਸਥਲਿ ਅਸਥਲਿ ਖੇਲੈ[ੳ]
ਜੇ ਕੁਛ ਮਿਲੈ ਆਨ ਅਖਰ ਸੌਂ, ਸੁਤ ਦਾਰਾ ਸਿਰ ਮੇਲੈ।।[ਅ]
ਹਰਿਜਨ ਹਰਿ ਬਿਨੁ ਔਰ ਨ ਜਾਨੈਂ, ਤਜੇ ਆਨ ਤਨੁ ਤਿਆਗੀ[ੲ]
ਕਹੈ 'ਰਵਿਦਾਸ' ਸੋਈ ਜਨੁ ਨਿਰਮਲ, ਨਿਸ ਦਿਨ ਨਿਜੁ ਅਨੁਰਾਗੀ॥[1]

ਹੇ ਸੰਤੋ! ਜਦ ਤੱਕ ਅੰਦਰ ਸਤੋ, ਰਜੋ ਅਤੇ ਤਮੋ ਤਿੰਨਾਂ ਗੁਣਾਂ ਦਾ ਅਸਰ ਹੈ, ਸੱਚੀ ਭਗਤੀ ਨਹੀਂ ਹੋ ਸਕਦੀ। ਤਿੰਨਾਂ ਗੁਣਾਂ ਦੇ ਪ੍ਰਭਾਵ ਅਧੀਨ ਵਿਚਰ ਰਿਹਾ ਪ੍ਰਾਣੀ ਆਪਣੇ ਆਪ ਨੂੰ ਪਰਮਾਤਮਾ ਤੋਂ ਵੱਖਰਾ ਸਮਝਦਾ ਹੈ, ਜਿਸ ਕਾਰਨ ਉਹ ਗ਼ਲਤ ਰਸਤੇ ਉੱਤੇ ਪੈ ਜਾਂਦਾ ਹੈ। ਉਹ ਪਲ-ਪਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਧਾਰ ਨਾਲ ਬਹਿੰਦਾ ਹੈ। ਉਹ ਕਿਸੇ ਇਸ਼ਟ ਜਾਂ ਦੇਵਤਾ ਦਾ ਪੁਜਾਰੀ ਬਣ ਜਾਂਦਾ ਹੈ, ਪਰ ਉਹਦੀ ਅਸਲ ਮਨਸ਼ਾ ਥਾਂ-ਥਾਂ ਜਾ ਕੇ ਆਪਣੀ ਸ਼ਕਤੀ ਅਤੇ ਵਡਿਆਈ ਦਾ ਦਿਖਾਵਾ ਕਰਨਾ ਹੁੰਦੀ ਹੈ। ਦਿਖਾਵੇ ਦੀ ਭਗਤੀ ਨਾਲ ਉਹਨੂੰ ਜੋ-ਜੋ ਚੜ੍ਹਾਵਾ ਮਿਲਦਾ ਹੈ, ਉਹ ਉਸ ਨੂੰ ਆਪਣੇ ਕੁਟੰਬ, ਪਰਿਵਾਰ ਉੱਤੇ ਖਰਚ ਕਰਦਾ ਹੈ। ਇਸ ਤੋਂ ਉਲਟ ਪਰਮਾਤਮਾ ਦਾ ਸੱਚਾ ਭਗਤ ਸਿਵਾਏ ਉਸ ਪ੍ਰਭੂ ਦੇ, ਕਿਸੇ ਦੂਸਰੇ ਇਸ਼ਟ ਦਾ ਪੁਜਾਰੀ ਨਹੀਂ ਬਣਦਾ। ਉਹ ਸ਼ਰਨ ਲੈਂਦਾ ਹੈ ਤਾਂ ਇੱਕ ਪਰਮਾਤਮਾ ਦੀ, ਸਹਾਰਾ ਲੈਂਦਾ ਹੈ ਤਾਂ ਇੱਕ ਪਰਮਾਤਮਾ ਦਾ। ਉਹ ਸਰੀਰ ਤਿਆਗ ਸਕਦਾ ਹੈ ਪਰ ਪਰਮਾਤਮਾ ਵਿਚ ਆਪਣਾ ਭਰੋਸਾ ਕਦੇ ਨਹੀਂ ਤਿਆਗਦਾ। ਰਵਿਦਾਸ ਜੀ ਕਹਿੰਦੇ ਹਨ ਕਿ ਦਿਨ-ਰਾਤ ਪਰਮਾਤਮਾ ਦੇ ਪ੍ਰੇਮ ਅਤੇ ਭਰੋਸੇ ਵਿਚ ਖੋਇਆ ਹੋਇਆ ਪ੍ਰਾਣੀ ਹੀ ਉਹਦਾ ਸੱਚਾ ਭਗਤ ਹੈ।

ਐਸੀ ਭਗਤਿ ਨ ਹੋਇ ਰੇ ਭਾਈ।
ਰਾਮ ਨਾਮ ਬਿਨੁ ਜੇ ਕਉ ਕਰੀਐ, ਸੋ ਸਬ ਭਰਮ ਕਹਾਈ॥
ਭਗਤਿ ਨ ਰਸ ਦਾਨ, ਭਗਤਿ ਨ ਕਥੈ ਗਿਆਨ,
ਭਗਤਿ ਨ ਵਨ ਮੈਂ ਗੁਹਾ ਖੁਦਾਈ।

ੳ. **ਸਨੇਹ**=ਸਨੇਹ, ਖਿੱਚ, ਲਾਲਚ। ਅ. **ਅਖਰ**=ਅਖਰਾ, ਕੱਚੀ ਰਸਦ, ਅਨਾਜ। ੲ. **ਆਨ**=ਟੇਕ, ਪ੍ਰਣ।

ਭਗਤਿ ਨ ਐਸੀ ਹਾਂਸੀ, ਭਗਤਿ ਨ ਆਸਾ ਪਾਸੀ,[ੳ]
ਭਗਤਿ ਨ ਕੁਲ ਕਾਨਿ ਗੰਵਾਈ।[ਅ]
ਭਗਤਿ ਨ ਇੰਦ੍ਰੀ ਬਾਧੈ, ਭਗਤਿ ਨ ਜੋਗ ਸਾਧੈਂ।
ਭਗਤਿ ਨ ਅਹਾਰ ਘਟਾਈ, ਐ ਸਬ ਕਰਮ ਕਹਾਈ।
ਭਗਤਿ ਨ ਨਿੰਦ੍ਰਾ ਸਾਧੈਂ, ਭਗਤਿ ਨ ਵੈਰਾਗ ਬਾਂਧੈ।
ਭਗਤਿ ਨ ਐ ਸਬ ਵੇਦ ਬੜਾਈ।
ਭਗਤਿ ਨ ਮੁੰਡ ਮੁੰਡਾਏ, ਭਗਤਿ ਨ ਮਾਲਾ ਦਿਖਾਈ।
ਭਗਤਿ ਨ ਚਰਨ ਧੋਵਾਏ, ਐ ਸਬ ਗੁਨੀ ਜਨ ਗਾਈ।
ਭਗਤਿ ਨ ਤੌ ਲੌਂ ਜਾਨੀ, ਜੌਲੋਂ ਆਪ ਕੂੰ ਆਪ ਬਖਾਨੀ।
ਜੋਈ ਜੋਈ ਕਰੈ, ਸੋਈ ਸੋਈ ਕਰਮ ਬੜਾਈ।[ੲ]
ਆਪੌ ਗਇਓ ਤਬ ਭਗਤਿ ਪਾਈ, ਐਸੀ ਭਗਤਿ ਹੈ ਭਾਈ।[ਸ]
ਰਾਮ ਮਿਲਿਓ ਅਪਨੌ ਗੁਨ ਖੋਇਓ, ਰਿਧਿ ਸਿਧਿ ਸਬੈ ਜੁ ਗੰਵਾਈ।
ਕਹੈ 'ਰਵਿਦਾਸ' ਛੁਟੀ ਸਬ ਆਸ, ਤਬ ਹਰਿ ਤਾਹੀ ਕੈ ਪਾਸ।
ਆਤਮਾ ਥਿਰ ਭਈ ਤਬ, ਸਬ ਹੀ ਨਿਧਿ ਪਾਈ।[ਹ] [2]

ਭਰਾਵਾ, ਭਗਤੀ ਕਰਨ ਦਾ ਇਹ ਤਰੀਕਾ ਨਹੀਂ ਹੈ। ਪਰਮਾਤਮਾ ਦੇ ਨਾਮ ਨੂੰ ਵਿਸਾਰ ਕੇ ਜੋ ਕੁਝ ਵੀ ਤੂੰ ਕਰਦਾ ਹੈਂ, ਸਭ ਭਰਮ-ਜਾਲ ਹੈ। ਸੁਆਦਲੇ ਭੋਜਨ ਦਾਨ ਕਰਨ, ਵਿਦਵਤਾ-ਪੂਰਨ ਗ੍ਰੰਥਾਂ-ਸ਼ਾਸਤਰਾਂ ਦੀ ਕਥਾ ਕਰਨ ਅਤੇ ਜੰਗਲਾਂ-ਪਹਾੜਾਂ ਵਿਚ ਗੁਫ਼ਾ ਦਾ ਵਾਸੀ ਬਣ ਜਾਣਾ ਸੱਚੀ ਭਗਤੀ ਨਹੀਂ ਹੈ। ਪਰਮਾਤਮਾ ਦੀ ਭਗਤੀ ਕੋਈ ਹਾਸਾ-ਤਮਾਸ਼ਾ ਨਹੀਂ ਹੈ। ਸੱਚੀ ਭਗਤੀ ਦਾ ਸੰਬੰਧ ਕੁਲ-ਮਰਿਆਦਾ ਦਾ ਤਿਆਗ ਕਰ ਦੇਣ, ਹਠ ਕਰਮ ਕਰਨ, ਇੰਦਰੀਆਂ ਦਾ ਦਮਨ ਕਰਨ, ਆਪਣੀ ਖ਼ੁਰਾਕ ਘਟਾ ਦੇਣ ਅਤੇ ਯੋਗ ਦੀਆਂ ਕਠਨ ਕਿਰਿਆਵਾਂ ਕਰਨ ਨਾਲ ਨਹੀਂ ਹੈ। ਹਰ ਤਰ੍ਹਾਂ ਦੀ ਬਾਹਰਮੁਖੀ ਭਗਤੀ ਨੂੰ ਵਿਧੀਪੂਰਵਕ ਕਰਨ ਨਾਲ ਫਲ ਮਿਲਦਾ ਹੈ, ਪਰ ਇਸ ਨਾਲ ਕਰਮਾਂ ਦੇ ਬੰਧਨ ਤੋਂ ਮੁਕਤੀ ਨਹੀਂ ਮਿਲਦੀ।

ੳ. **ਹਾਂਸੀ**=ਮਜ਼ਾਕ; ਆਸ ਪਾਸ, ਜਲਦੀ ਜਾਂ ਅਸਾਨੀ ਨਾਲ ਮਿਲ ਜਾਣ ਵਾਲੀ। ਅ. **ਕਾਨਿ**=ਲੋਕ-ਲਾਜ। ੲ. **ਬੜਾਈ**=ਜੋ ਕਰਮ ਕੀਤੇ ਜਾਂਦੇ ਹਨ ਉਨ੍ਹਾਂ ਨਾਲ ਕਰਮਾਂ ਦਾ ਬੋਝਾ ਵੱਧਦਾ ਜਾਂਦਾ ਹੈ, ਉਨ੍ਹਾਂ ਨਾਲ ਕਰਮਾਂ ਵਿਚ ਵਾਧਾ ਹੁੰਦਾ ਜਾਂਦਾ ਹੈ। ਸ. **ਆਪੌ**=ਹੰਕਾਰ। ਹ. **ਨਿਧਿ**=ਭੰਡਾਰ, ਖ਼ਜ਼ਾਨਾ।

ਥੋੜ੍ਹਾ ਸੌਣ, ਘਰ-ਬਾਰ ਦਾ ਤਿਆਗ ਕਰਕੇ ਵੈਰਾਗੀ ਬਣ ਜਾਣ, ਵੇਦਾਂ ਵਿਚ ਦੱਸੇ ਕਰਮ-ਕਾਂਡ ਕਰਨ ਨਾਲ ਸੱਚੀ ਭਗਤੀ ਦੀ ਪ੍ਰਾਪਤੀ ਨਹੀਂ ਹੁੰਦੀ। ਗਿਆਨੀ ਪੁਰਸ਼ਾਂ ਦਾ ਕਥਨ ਹੈ ਕਿ ਸਿਰ ਮੁਨਵਾ ਲੈਣ, ਗਲ ਵਿਚ ਮਾਲਾ ਪਾ ਲੈਣ ਅਤੇ ਆਪਣੇ ਸੇਵਕਾਂ ਦੁਆਰਾ ਚਰਨ ਧੁਆ ਲੈਣ ਨਾਲ ਸੱਚੀ ਭਗਤੀ ਦਾ ਰਸ ਨਹੀਂ ਮਿਲਦਾ। ਜਦ ਤੱਕ ਅੰਦਰ ਹਉਮੈਂ ਦਾ ਭਾਵ ਹੈ ਸਮਝ ਲਉ ਅੰਦਰ ਸੱਚੀ ਭਗਤੀ ਦਾ ਵਾਸਾ ਨਹੀਂ ਹੋਇਆ ਅਤੇ ਜਦ ਤੱਕ ਸੱਚੀ ਭਗਤੀ ਪੈਦਾ ਨਹੀਂ ਹੁੰਦੀ, ਜੋ ਵੀ ਕਰਮ ਕਰਦੇ ਹਾਂ, ਉਸ ਨਾਲ ਕਰਮਾਂ ਦੇ ਬੰਧਨ ਕਰੜੇ ਹੁੰਦੇ ਜਾਂਦੇ ਹਨ। ਪ੍ਰੇਮ ਅਤੇ ਹਉਮੈਂ, ਭਗਤੀ ਅਤੇ ਆਪਾ-ਭਾਵ ਕਦੇ ਇਕੱਠੇ ਨਹੀਂ ਹੁੰਦੇ। ਜਦ ਆਪਾ-ਭਾਵ ਮਿਟ ਜਾਂਦਾ ਹੈ ਤਾਂ ਹਿਰਦਾ ਸੱਚੀ ਭਗਤੀ ਨਾਲ ਭਰ ਜਾਂਦਾ ਹੈ। ਉਸ ਅਵਸਥਾ ਵਿਚ ਭਗਤ ਆਪਣੀ ਹਸਤੀ ਉਸ ਪਰਮਾਤਮਾ ਵਿਚ ਅਭੇਦ ਕਰਕੇ ਉਸ ਵਿਚ ਸਮਾ ਜਾਂਦਾ ਹੈ। ਫਿਰ ਉਹ ਰਿੱਧੀਆਂ-ਸਿੱਧੀਆਂ ਜਾਂ ਕਰਾਮਾਤਾਂ ਦੁਆਰਾ ਆਪਣੀ ਵਡਿਆਈ ਨਹੀਂ ਕਰਵਾਉਣੀ ਚਾਹੁੰਦਾ, ਸਗੋਂ ਇਨ੍ਹਾਂ ਨੂੰ ਤਜ ਕੇ ਪਰਮੇਸ਼ਰ ਦੇ ਭਾਣੇ ਜਾਂ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਦ ਭਗਤ ਦੇ ਹਿਰਦੇ ਵਿਚੋਂ ਹਰ ਤਰ੍ਹਾਂ ਦੀ ਆਸ਼ਾ-ਤ੍ਰਿਸ਼ਨਾ ਦੂਰ ਹੋ ਜਾਂਦੀ ਹੈ, ਤਾਂ ਉਹਦੇ ਅੰਦਰ ਭਗਵਾਨ ਦਾ ਵਾਸਾ ਹੋ ਜਾਂਦਾ ਹੈ। ਉਸ ਹਾਲਤ ਵਿਚ ਆਤਮਾ ਨਿਹਚਲ ਹੋ ਕੇ ਪਰਮ-ਸੁਖ ਦੀ ਭਾਗੀ ਬਣ ਜਾਂਦੀ ਹੈ।

ਬੌਰੀ ਕਰਿਲੈ ਰਾਮ ਸਨੇਹਾ।[ੳ]
ਸੰਗ ਸਹੇਲੀ ਬਿਆਹ ਚਲੀ ਸਬ, ਛਾਂਡਿ ਨੈਹਰਿ ਰਾ ਗੇਹਾ॥[ਅ]
ਖੇਲਿ ਖਿਲਾਰ ਬਇਸ ਸਬ ਬੀਤੀ, ਮਨ ਚਿਤ ਭਇ ਨ ਪਿਉ ਪਰਤੀਤੀ।[ੲ]
ਮੈਂ, ਮੈਂ ਜੌਂ ਲੌਂ ਗਰਬ ਬੌਰਾਨੀ; ਤੌਂ ਲੌਂ ਪਿਯਰਾ ਮਨੁ ਨਹਿੰ ਆਨੀ॥[ਸ]
ਆਪਾ ਮੇਟਿ ਮੈਂ-ਮੇਰੀ ਖੋਹੀ, ਗਰਬ ਤਿਆਗੀ ਅਰਪਿਹਿ ਨਿਜ ਦੇਹੀ।
ਪਿਉ ਕੌ ਨਾਰੀ ਉਹਿ ਮਨ ਆਈ, ਜਿਹਿ ਅਭਿ ਅੰਤਰ ਅਵਰੁ ਨਹਿੰ ਕਾਈ॥[ਹ]
ਜੌ ਲੌਂ ਪਿਉ ਰਾ ਮਨ ਨਹਿੰ ਆਈ, ਕਾ ਸੋਰਹ ਸਯੰਗਾਰ ਬਨਾਈ।
ਸੋਇ ਸਤੀ ਰਵਿਦਾਸ ਬਖਾਨੀ, ਤਨ ਮਨ ਸਿਉਂ ਪੀਓ ਰੰਗ ਸਮਾਨੀ॥[3]

ੳ. **ਬੌਰੀ**=ਬਾਵਰੀ, ਪਗਲੀ। ਅ. **ਰਾ**=ਦਾ; **ਗੇਹਾ**=ਘਰ। ੲ. **ਬਇਸ**=ਉਮਰ। ਸ. **ਪਿਯਰਾ**=ਪਿਆਰਾ ਜਾਂ ਪ੍ਰੀਤਮ। ਹ. **ਅਭਿ ਅੰਤਰ**=ਹਿਰਦੇ ਦੇ ਅੰਦਰ।

ਹੇ ਬਾਵਰੀ! ਤੂੰ ਪ੍ਰਭੂ ਨਾਲ ਪ੍ਰੀਤ ਕਰ ਲੈ। ਤੇਰੇ ਨਾਲ ਦੀਆਂ ਸਭ ਸਹੇਲੀਆਂ ਦਾ ਵਿਆਹ ਹੋ ਚੁੱਕਾ ਹੈ। ਉਹ ਪੇਕਾ ਘਰ ਛੱਡ ਕੇ ਸਹੁਰੇ ਘਰ ਜਾ ਕੇ ਪਤੀ-ਪਰਮੇਸ਼ਰ ਨਾਲ ਮਿਲਾਪ ਕਰ ਚੁੱਕੀਆਂ ਹਨ। ਇੱਕ ਤੂੰ ਹੈਂ ਕਿ ਆਪਣੀ ਉਮਰ ਵਿਅਰਥ ਦੀਆਂ ਖੇਡਾਂ ਅਤੇ ਰੰਗ-ਤਮਾਸ਼ਿਆਂ ਵਿਚ ਬਰਬਾਦ ਕਰ ਰਹੀ ਹੈਂ। ਤੇਰੇ ਅੰਦਰ ਨਾ ਆਪਣੇ ਪ੍ਰੀਤਮ ਦਾ ਪਿਆਰ ਪੈਦਾ ਹੋਇਆ ਤੇ ਨਾ ਭਰੋਸਾ। ਜਦ ਤੱਕ ਤੇਰੇ ਅੰਦਰ ਮਾਣ-ਹੰਕਾਰ ਭਰਿਆ ਹੋਇਆ ਹੈ ਅਤੇ ਤੂੰ ਮੈਂ-ਮੈਂ ਕਰਦੀ ਫਿਰਦੀ ਹੈਂ, ਤੂੰ ਕਦੇ ਆਪਣੇ ਪ੍ਰੀਤਮ ਨੂੰ ਨਹੀਂ ਭਾ ਸਕਦੀ। ਤੂੰ ਸਾਰਾ ਮਾਣ-ਹੰਕਾਰ, ਮੈਂ-ਮੇਰੀ ਤਜ ਕੇ ਆਪਣੇ ਆਪ ਨੂੰ ਪ੍ਰੀਤਮ ਦੇ ਅਰਪਣ ਕਰ ਦੇ। ਜਦ ਤੱਕ ਹਿਰਦੇ ਵਿਚ ਕਿਸੇ ਦੂਸਰੇ ਦਾ ਪਿਆਰ ਹੈ, ਤੂੰ ਕਦੇ ਪ੍ਰੀਤਮ ਨੂੰ ਪਰਵਾਨ ਨਹੀਂ ਹੋ ਸਕਦੀ। ਜਦ ਤੱਕ ਪ੍ਰੀਤਮ ਤੇਰੇ ਉੱਤੇ ਨਹੀਂ ਰੀਝਦਾ, ਤੇਰਾ ਹਾਰ-ਸ਼ਿੰਗਾਰ ਕਿਸ ਅਰਥ ਹੈ? ਸੱਚੀ ਪਤੀ-ਬਰਤਾ ਉਹੀ ਹੈ ਜਿਹੜੀ ਤਨੋਂ-ਮਨੋਂ ਪ੍ਰੀਤਮ ਦੇ ਰੰਗ ਵਿਚ ਰੰਗੀ ਜਾਂਦੀ ਹੈ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਉਸ ਪ੍ਰੀਤਮ ਵਿਚ ਅਭੇਦ ਕਰ ਦਿੰਦੀ ਹੈ।

ਪ੍ਰੇਮ ਵਿਚ ਬਿਹਬਲ ਪ੍ਰੇਮੀ ਦੀ ਅਵਸਥਾ

ਸੱਚੇ ਪ੍ਰੇਮੀ ਦਾ ਧਿਆਨ ਨਿਰੰਤਰ ਆਪਣੇ ਪ੍ਰੀਤਮ ਵਿਚ ਲੱਗਾ ਰਹਿੰਦਾ ਹੈ। ਜਿਸ ਤਰ੍ਹਾਂ ਪਪੀਹਾ ਸੁਆਂਤ ਬੂੰਦ ਲਈ ਤੜਫਦਾ ਹੈ, ਚਕੋਰ ਚੰਦਰਮਾ ਦਾ ਵਸਾਹ ਨਹੀਂ ਖਾਂਦਾ ਅਤੇ ਕੰਵਲ ਫੁੱਲ ਸੂਰਜ ਨੂੰ ਦੇਖ ਕੇ ਖਿੜ ਜਾਂਦਾ ਹੈ, ਉਸੇ ਤਰ੍ਹਾਂ ਸੱਚੇ ਪ੍ਰੇਮੀ ਦਾ ਧਿਆਨ ਪਲ-ਪਲ, ਛਿਨ-ਛਿਨ ਆਪਣੇ ਪ੍ਰੀਤਮ ਵਿਚ ਮਗਨ ਰਹਿੰਦਾ ਹੈ। ਕੇਵਲ ਪ੍ਰੀਤਮ ਹੀ ਪ੍ਰੇਮਕਾ ਦਾ ਜੀਵਨ ਅਤੇ ਸਾਹ-ਪ੍ਰਾਣ ਬਣ ਜਾਂਦਾ ਹੈ। ਜਿਵੇਂ ਮੱਛੀ ਪਾਣੀ ਬਿਨਾਂ ਜ਼ਿੰਦਾ ਨਹੀਂ ਰਹਿ ਸਕਦੀ, ਉਸੇ ਤਰ੍ਹਾਂ ਪ੍ਰੇਮਕਾ ਆਪਣੇ ਪ੍ਰੀਤਮ ਦੇ ਦਰਸ਼ਨ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦੀ। ਉਹ ਬਾਰ-ਬਾਰ ਪ੍ਰੀਤਮ ਦੇ ਦਰਸ਼ਨਾਂ ਲਈ ਕੁਰਲਾਉਂਦੀ ਹੈ। ਉਹਨੂੰ ਸੁਖ ਮਿਲਦਾ ਹੈ ਤਾਂ ਕੇਵਲ ਪ੍ਰੀਤਮ ਦੇ ਚਰਨ-ਕੰਵਲਾਂ ਦੇ ਮਿਲਾਪ ਨਾਲ।

> ਰਵਿਦਾਸ ਪੀਤਮ ਇਕ ਤੁਹੀ, ਤੁਮਰੇ ਮਿੱਤ ਅਨੇਕ।[ੳ]
> ਸਸਿ ਕੈ ਕਮੋਦ ਹੈਂ ਬਹੁ, ਕੁਮੋਦ ਕੌ ਸਸਿ ਏਕ।।[ਅ 4]

ੳ. ਮਿੱਤ=ਪ੍ਰੇਮੀ, ਭਗਤ, ਮਿੱਤਰ। ਅ. ਕੁਮੋਦ=ਚਿੱਟਾ ਕਮਲ ਦਾ ਫੁੱਲ।

ਰਵਿਦਾਸ ਜੀ ਕਹਿੰਦੇ ਹਨ ਕਿ ਹੇ ਮੇਰੇ ਪ੍ਰੀਤਮ! ਤੇਰੇ ਅਨੇਕ ਭਗਤ ਹਨ, ਪਰ ਮੇਰਾ ਤੂੰ ਹੀ ਇੱਕੋ ਪ੍ਰੀਤਮ ਹੈਂ। ਅਨੇਕ ਕਮੋਦਨੀਆਂ ਦੀ ਨਜ਼ਰ ਚੰਦਰਮਾ ਉੱਤੇ ਹੁੰਦੀ ਹੈ, ਪਰ ਹਰ ਕਮੋਦਨੀ ਦਾ ਆਧਾਰ ਸਿਰਫ ਉਹ ਇੱਕ ਚੰਦਰਮਾ ਹੀ ਹੁੰਦਾ ਹੈ।

ਕੋਇਲ ਤਰਸੈ ਅੰਬ ਕੂੰ ਚਾਤਿਗ ਤਰਸਤ ਨੀਰ।[ੳ]
ਰਵਿਦਾਸ ਲੋਚੈ ਦਰਸ ਕੂੰ, ਪ੍ਰਾਣ ਪਰਤ ਨਹੀਂ ਧੀਰ॥[ਅ][5]

ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਕੋਇਲ ਅੰਬ ਦੀ ਛਾਂ ਲਈ ਤਰਸਦੀ ਹੈ ਅਤੇ ਪਪੀਹਾ ਸੁਆਂਤ-ਬੂੰਦ ਲਈ ਤਰਸਦਾ ਹੈ, ਉਸੇ ਤਰ੍ਹਾਂ ਮੈਨੂੰ ਆਪਣੇ ਪ੍ਰੀਤਮ ਤੋਂ ਬਿਨਾਂ ਚੈਨ ਨਹੀਂ ਪੈਂਦੀ।

ਸਸਿ ਚਕੋਰ ਸੂਰਜ ਕੰਵਲ, ਚਾਤ੍ਰਿਗ ਘਨ ਕੀ ਰੀਤਿ।
ਰਵਿਦਾਸ ਇੰਵਿ ਮੁਹਿ ਰਾਖਿਓ, ਹਿਤ ਚਿਤ ਪੂਰਨ ਪਰੀਤਿ॥[ੲ][6]

ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਂ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਚਕੋਰ ਦਾ ਚੰਦਰਮਾ ਪ੍ਰਤੀ, ਕੰਵਲ ਫੁੱਲ ਦਾ ਸੂਰਜ ਪ੍ਰਤੀ ਅਤੇ ਪਪੀਹੇ ਦਾ ਸੁਆਂਤ ਬੂੰਦ ਨਾਲ ਪ੍ਰੇਮ ਹੁੰਦਾ ਹੈ, ਉਸੇ ਤਰ੍ਹਾਂ ਦਾ ਪ੍ਰੇਮ ਤੇਰੇ ਲਈ ਮੇਰੇ ਅੰਦਰ ਪੈਦਾ ਹੋ ਜਾਵੇ।

ਚਲਤ ਹਲਤ ਬੈਠਤ ਉਠਤ, ਧਰਿ ਹੂੰ ਤੁਮਰੋ ਧਿਆਨ।[ਸ]
ਰਵਿਦਾਸ ਤੂ ਮੁਹਿ ਮਨ ਬਸਇ, ਚਰਣ ਕੰਵਲ ਕੀ ਆਂਨ॥[ਹ][7]

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਚਾਹੁੰਦਾ ਹਾਂ ਕਿ ਮੈਂ ਚੱਲਦੇ-ਫਿਰਦੇ, ਉਠਦੇ-ਬੈਠਦੇ ਸਦਾ ਤੇਰੇ ਧਿਆਨ ਵਿਚ ਮਗਨ ਰਹਾਂ। ਤੂੰ ਪੂਰੀ ਤਰ੍ਹਾਂ ਮੇਰੇ ਅੰਦਰ ਸਮਾ ਗਿਆ ਹੈਂ ਅਤੇ ਮੈਨੂੰ ਸਿਰਫ਼ ਤੇਰੇ ਚਰਨ-ਕੰਵਲਾਂ ਦਾ ਹੀ ਆਧਾਰ ਹੈ।

ਜੌ ਤੁਮ ਤੋਰੋ ਰਾਮ ਮੈਂ ਨਹਿ ਤੋਰੌਂ। ਤੁਮ ਸੌ ਤੋਰ ਕਵਨ ਸੌਂ ਜੋਰੌਂ॥ ਟੇਕ॥
ਤੀਰਥ ਬਰਤ ਨ ਕਰੌਂ ਅੰਦੇਸਾ, ਤੁਮ੍ਹਰੇ ਚਰਨ ਕੰਵਲ ਭਰੋਸਾ।[ਕ]

ੳ. **ਅੰਬ**=ਅੰਬ; **ਚਾਤਿਗ**=ਪਪੀਹਾ। ਅ. **ਲੋਚੈ**=ਲਲਚਾਉਣਾ, ਚਾਹੁਣਾ। ੲ. **ਇੰਵਿ**=ਇਸ ਤਰ੍ਹਾਂ; **ਮੁਹਿ**=ਮੈਨੂੰ; **ਹਿਤ**=(ਤੁਹਾਡੇ) ਲਈ। ਸ. **ਹਲਤ**=ਹਿੱਲਣਾ-ਡੁੱਲਣਾ। ਹ. **ਆਂਨ**=ਟੇਕ, ਆਸਰਾ। ਕ. **ਅੰਦੇਸਾ**=ਚਿੰਤਾ, ਅਰਦਾਸ, ਪ੍ਰਾਰਥਨਾ।

ਜਹਾਂ ਜਹਾਂ ਜਾਊਂ ਤੁਮ੍ਹਰੀ ਪੂਜਾ, ਤੁਮ ਸਾ ਦੇਵ ਅਵਰ ਨਹਿ ਦੂਜਾ॥
ਮੈਂ ਅਪਨੌ ਮਨ ਹਰਿ ਸੌਂ ਜੋਰਿਓ, ਹਰਿ ਸੌਂ ਜੋਰਿ ਸਬਨਿ ਸੌਂ ਤੋਰਿਓ।
ਸਬ ਪਰਹਰਿ ਤੁਮ੍ਹਾਰੀ ਹੀ ਆਸਾ, ਮਨ ਕ੍ਰਮ ਬਚਨ ਕਹੈ 'ਰਵਿਦਾਸਾ'।[ੳ][੪]

ਹੇ ਪ੍ਰਭੂ! ਜੇ ਤੂੰ ਮੇਰੇ ਨਾਲੋਂ ਪ੍ਰੇਮ ਤੋੜ ਵੀ ਲਵੇਂ ਤਾਂ ਵੀ ਮੈਂ ਤੇਰੇ ਨਾਲੋਂ ਪ੍ਰੇਮ ਨਹੀਂ ਤੋੜ ਸਕਦਾ ਕਿਉਂਕਿ ਮੈਨੂੰ ਤੇਰੇ ਸਿਵਾਏ ਕੋਈ ਅਜਿਹੀ ਵਸਤੂ ਹੋਰ ਨਜ਼ਰ ਨਹੀਂ ਆਉਂਦੀ ਜਿਸ ਨਾਲ ਪਿਆਰ ਕੀਤਾ ਜਾ ਸਕੇ। ਮੈਂ ਨਾ ਤੀਰਥ-ਵਰਤ ਕਰਦਾ ਹਾਂ ਅਤੇ ਨਾ ਹੀ ਕਿਸੇ ਦੂਸਰੇ ਦਾ ਧਿਆਨ ਧਰਦਾ ਹਾਂ। ਮੈਂ ਕਿਸੇ ਦੂਸਰੇ ਅੱਗੇ ਅਰਦਾਸ, ਬੇਨਤੀ ਨਹੀਂ ਕਰਦਾ। ਮੈਨੂੰ ਭਰੋਸਾ ਹੈ ਤਾਂ ਕੇਵਲ ਤੇਰੇ ਚਰਨ-ਕੰਵਲਾਂ ਦਾ। ਮੈਂ ਜਿੱਥੇ ਜਾਂਦਾ ਹਾਂ ਕੇਵਲ ਤੇਰੀ ਪੂਜਾ, ਤੇਰੀ ਭਗਤੀ ਵਿਚ ਮਸਤ ਰਹਿੰਦਾ ਹਾਂ। ਮੈਨੂੰ ਕੋਈ ਦੂਸਰਾ ਤੇਰੇ ਵਰਗਾ ਦੇਵਤਾ ਜਾਂ ਸੁਆਮੀ ਨਜ਼ਰ ਨਹੀਂ ਆਉਂਦਾ। ਮੈਂ ਆਪਣਾ ਮਨ ਸਭ ਪਾਸਿਉਂ ਤੋੜ ਕੇ ਸਿਰਫ਼ ਤੇਰੇ ਨਾਲ ਜੋੜ ਦਿੱਤਾ ਹੈ। ਮੈਂ ਸਭ ਦੀ ਆਸ ਛੱਡ ਕੇ ਮਨ, ਬਚਨ ਅਤੇ ਕਰਮ ਦੁਆਰਾ ਤੇਰਾ ਅਤੇ ਸਿਰਫ ਤੇਰਾ ਹੋ ਗਿਆ ਹਾਂ।

ਤਿਉਂ ਤੁਮਹ ਕਾਰਨਿ ਕੇਸਵੈ, ਲਾਲਚਿ ਜਿਉ ਲਾਗਾ।
ਨਿਕਟਿ ਨਾਥ ਪ੍ਰਾਪਤਿ ਨਹੀਂ, ਮਨ-ਮੰਦ ਅਭਾਗਾ॥
ਸਾਇਰ ਸਲਿਲ ਸਰੋਦਿਕਾ ਜਲ ਥਲ ਅਧਿਕਾਈ।[ਅ]
ਸਵਾਤਿ ਬੂੰਦ ਕੀ ਆਸ ਹੈ, ਪਿਉ ਪਿਆਸ ਨ ਜਾਈ॥
ਜੌ ਰੇ ਸਨੇਹੀ ਚਾਹੀਐ, ਚਿਤਵਤ ਹੌਂ ਦੂਰੀ।[ੲ]
ਪਥੰਗੁਲ ਫਲਿ ਨ ਪਹੂੰਚਈ, ਕਛੂ ਸਾਧ ਨ ਪੂਰੀ।[ਸ]
ਕਹੈ 'ਰਵਿਦਾਸ' ਅਕਥ ਕਥਾ, ਉਪਨਿਸ਼ਦ ਸੁਨੀਜੈ।[ਹ]
ਜਸ ਤੂੰ ਤਸ ਤੂੰ ਹੀ, ਕਸ ਔਪਮ ਦੀਜੈ।[ਕ][੭]

ਹੇ ਪ੍ਰਭੂ! ਮੇਰਾ ਮਨ ਤੇਰੇ ਦਰਸ਼ਨਾਂ ਲਈ ਲਲਚਾ ਰਿਹਾ ਹੈ। ਮੇਰਾ ਮਨ ਮੂਰਖ ਹੈ, ਮੈਂ ਕਿੰਨਾ ਬਦ-ਕਿਸਮਤ ਹਾਂ ਕਿ ਮੇਰਾ ਪ੍ਰੀਤਮ ਮੇਰੇ ਨੇੜੇ ਤੋਂ ਨੇੜੇ ਹੈ ਪਰ ਫਿਰ ਵੀ ਮੈਨੂੰ ਉਹਦਾ ਦੀਦਾਰ ਪ੍ਰਾਪਤ ਨਹੀਂ ਹੁੰਦਾ। ਸਮੁੰਦਰ, ਸਰੋਵਰ ਅਤੇ ਧਰਤੀ

ੳ. **ਪਰਹਰਿ**=ਤਿਆਗ ਕੇ। ਅ. **ਸਾਇਰ**=ਸਾਗਰ; **ਸਰੋਦਿਕਾ**=ਤਲਾਬ ਦਾ ਪਾਣੀ। ੲ. **ਸਨੇਹੀ**=ਪ੍ਰੇਮੀ, ਪਿਆਰਾ। ਸ. **ਪਥੰਗੁਲ**=ਪੰਗੂ, ਲੰਗੜਾ। ਹ. **ਅਕਥ ਕਥਾ**=ਜਿਸ ਦਾ ਵਰਨਨ ਨਾ ਹੋ ਸਕੇ, ਉਸ ਦਾ ਵਰਨਨ ਕਰਨਾ। ਕ. **ਔਪਮ**=ਉਪਮਾ, ਮਹਿਮਾ।

ਪਾਣੀ ਨਾਲ ਭਰੇ ਪਏ ਹਨ ਮੈਂ ਤਾਂ ਆਪਣੇ ਪ੍ਰੀਤਮ ਰੂਪੀ ਸੁਆਂਤ ਬੂੰਦ ਦਾ ਪਪੀਹਾ ਹਾਂ। ਬਿਨਾਂ ਉਹਦੀ ਪ੍ਰਾਪਤੀ ਦੇ ਮੇਰੇ ਹਿਰਦੇ ਦੀ ਪਿਆਸ ਨਹੀਂ ਬੁਝ ਸਕਦੀ। ਲੰਗੜੇ ਨੂੰ ਬਿਰਛ ਉਤੇ ਫਲ ਸਾਫ਼ ਦਿਖਾਈ ਦਿੰਦਾ ਹੈ ਪਰ ਉਹ ਉੱਤੇ ਚੜ੍ਹ ਕੇ ਫਲ ਖਾ ਨਹੀਂ ਸਕਦਾ। ਉਹੀ ਹਾਲਤ ਮੇਰੀ ਹੈ। ਨੇੜੇ ਹੁੰਦੇ ਹੋਏ ਵੀ ਮੇਰਾ ਪਿਆਰਾ ਮੈਥੋਂ ਦੂਰ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਵੇਦਾਂ-ਉਪਨਿਸ਼ਦਾਂ ਵਿਚ ਕਿਹਾ ਗਿਆ ਹੈ* ਕਿ ਪਰਮਾਤਮਾ ਦਾ ਵਰਨਨ ਨਹੀਂ ਕੀਤਾ ਜਾ ਸਕਦਾ, ਉਹ ਬੇ-ਮਿਸਾਲ ਹੈ। ਜਦ ਉਹ ਆਪਣੇ ਵਰਗਾ ਆਪ ਹੀ ਹੈ ਤਾਂ ਫਿਰ ਉਹਦੀ ਉਪਮਾ ਕਿਸ ਨਾਲ ਦਿੱਤੀ ਜਾਵੇ?

ਜਿਊਂ ਤੁਮ੍ਹ ਕਾਰਨਿ ਕੇਸਬੇ, ਅੰਤਰਿ ਲਿਵ ਲਾਗੀ।[ੳ]
ਏਕ ਅਨੂਪਮ ਅਨਭਵੈ, ਕਿਮਿ ਹੋਇ ਵਿਭਾਗੀ॥[ਅ]
ਏਕ ਅਭਿਮਾਨੀ ਚਾਤ੍ਰਿਗਾ, ਬਿਚਰਤ ਜਗ ਮਾਂਹੀ।[ੲ]
ਜਦਪਿ ਜਲ ਪੂਰਣ ਮਹੀ, ਕਹੂੰ ਵਾ ਰੁਚਿ ਨਾਂਹੀ॥[ਸ]
ਜੈਸੇ ਕਾਮੀ ਦੇਖੈ ਕਾਮਿਨੀ, ਰਿਦੈ ਸੂਲ ਉਪਾਈ।[ਹ]
ਕੋਟਿ ਬੈਦ ਬਿਧ ਉਪਚਰੈ, ਵਾਕੀ ਬਿਥਾ ਨ ਜਾਈ॥[ਕ]
ਜੋ ਜਿਹਿਂ ਚਾਹੇ ਸੋ ਮਿਲੈ, ਆਰਤਿ ਗਤਿ ਹੋਈ।[ਖ]
ਕਹੈ ਰਵਿਦਾਸ ਯਹੁ ਗੋਪਿ ਨਾਹੀਂ, ਜਾਨੈ ਸਬ ਕੋਈ॥[10]

ਹੇ ਪ੍ਰਭੂ! ਆਪਣਾ ਧਿਆਨ ਅੰਦਰ ਇਕਾਗਰ ਕਰਨ ਨਾਲ ਮੈਨੂੰ ਤੇਰੇ ਦਰਸ਼ਨਾਂ ਦਾ ਅਨੁਭਵ ਹੋਇਆ ਹੈ, ਜੋ ਕਦੇ ਭੁਲਾਇਆ ਨਹੀਂ ਜਾ ਸਕਦਾ। ਪਪੀਹਾ ਪੀਂਦਾ ਹੈ ਤਾਂ ਕੇਵਲ ਸੁਆਂਤ ਬੂੰਦ ਨੂੰ। ਸਾਰੀ ਧਰਤੀ ਪਾਣੀ ਨਾਲ ਭਰੀ ਪਈ ਹੈ, ਪਰ ਉਹ ਇਸ ਪਾਣੀ ਵੱਲ ਦੇਖਦਾ ਤੱਕ ਨਹੀਂ। ਪ੍ਰੇਮੀ ਦੇ ਹਿਰਦੇ ਅੰਦਰ ਪ੍ਰੇਮਕਾ ਦੇ ਮਿਲਾਪ ਲਈ ਜੋ ਤੜਫ ਹੁੰਦੀ ਹੈ, ਸੰਸਾਰ ਦੇ ਕਰੋੜਾਂ ਵੈਦ ਉਹਦਾ ਇਲਾਜ ਨਹੀਂ

---

* ਵੇਦਾਂ ਦੇ ਅੰਤਮ ਭਾਗ ਨੂੰ ਉਪਨਿਸ਼ਦ ਕਹਿੰਦੇ ਹਨ ਜਿਸ ਵਿਚ ਪਰਮਾਤਮਾ ਨੂੰ ਅਕਥ (ਜਿਸ ਦਾ ਵਰਨਨ ਨਾ ਕੀਤਾ ਜਾ ਸਕੇ) ਅਤੇ ਨੇਤੀ-ਨੇਤੀ (ਜਿਸਦਾ ਕੋਈ ਅੰਤ ਨ ਹੋਵੇ) ਕਿਹਾ ਗਿਆ ਹੈ।

ੳ. **ਲਿਵ**=ਧਿਆਨ। ਅ. **ਵਿਭਾਗੀ**=ਅਲੱਗ ਹੋਣਾ। ੲ. **ਅਭਿਮਾਨੀ**=ਆਪਣੀ ਟੇਕ ਉੱਤੇ ਕਾਇਮ ਰਹਿਣਾ; **ਚਾਤ੍ਰਿਗਾ**=ਪਪੀਹਾ। ਸ. **ਮਹੀ**=ਧਰਤੀ। ਹ. **ਰਿਦੈ**=ਹਿਰਦਾ; **ਸੂਲ**=ਤਿੱਖਾ ਦਰਦ, ਪੀੜ; **ਉਪਾਈ**=ਪੈਦਾ ਹੋਣਾ। ਕ. **ਬਿਥਾ**=ਪੀੜ। ਖ. **ਗਤਿ**=ਅਤਿਅੰਤ ਦਰਦ-ਭਰੀ ਅਵਸਥਾ।

ਕਰ ਸਕਦੇ। ਰਵਿਦਾਸ ਜੀ ਕਹਿੰਦੇ ਹਨ ਕਿ ਇਹ ਭੇਦ ਕਿਸੇ ਤੋਂ ਲੁਕਿਆ ਹੋਇਆ ਨਹੀਂ ਕਿ ਜਦੋਂ ਪ੍ਰੇਮੀ ਦੇ ਅੰਦਰ ਪ੍ਰੀਤਮ ਦਾ ਐਸਾ ਪਿਆਰ ਜਾਗ ਪੈਂਦਾ ਹੈ ਤਾਂ ਉਹ ਮਨ-ਬਾਂਛਤ ਵਸਤੂ ਨੂੰ ਜ਼ਰੂਰ ਹੀ ਪ੍ਰਾਪਤ ਕਰ ਲੈਂਦਾ ਹੈ।

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥[ੳ]
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥
ਮਾਧਵੇ ਜਾਨਤ ਹਹੁ ਜੈਸੇ ਤੈਸੀ ਅਬ ਕਹਾ ਕਰਹੁਗੇ ਐਸੀ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥
ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥[ਅ]
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥[ੲ]
ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ॥[ਸ]
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ॥[11]

ਹੇ ਪ੍ਰਭੂ! ਪਹਿਲੋਂ ਤੂੰ ਮੈਨੂੰ ਸੰਸਾਰ ਦੇ ਮੋਹ ਦੀ ਫਾਹੀ ਵਿਚ ਫਾਹਿਆ ਹੋਇਆ ਸੀ, ਹੁਣ ਮੈਂ ਤੈਨੂੰ ਆਪਣੇ ਪ੍ਰੇਮ ਦੇ ਬੰਧਨ ਵਿਚ ਬੰਨ੍ਹ ਲਿਆ ਹੈ। ਮੈਂ ਤਾਂ ਤੇਰੇ ਪ੍ਰੇਮ ਦੁਆਰਾ ਸੰਸਾਰ ਦੇ ਮੋਹ ਦੀ ਰੱਸੀ ਕੱਟ ਲਈ ਹੈ, ਜੇ ਸੰਭਵ ਹੈ ਤਾਂ ਹੁਣ ਤੂੰ ਮੇਰੇ ਪ੍ਰੇਮ ਦੇ ਬੰਧਨ ਵਿਚੋਂ ਆਜ਼ਾਦ ਹੋਣ ਦਾ ਰਸਤਾ ਸੋਚ ਲੈ। ਹੇ ਪ੍ਰਭੂ! ਤੈਨੂੰ ਪਤਾ ਹੀ ਹੈ ਕਿ ਮੇਰੇ ਹਿਰਦੇ ਵਿਚ ਤੇਰੀ ਕਿੰਨੀ ਡੂੰਘੀ ਪ੍ਰੀਤ ਹੈ, ਫਿਰ ਤੂੰ ਇਸ ਪ੍ਰੇਮ ਦੀ ਡੋਰੀ ਤੋਂ ਆਜ਼ਾਦ ਹੋਣ ਲਈ ਕਿਉਂ ਜਤਨ ਕਰਦਾ ਹੈਂ? ਮੇਰੇ ਅੰਦਰ ਤੇਰੀ ਉਹ ਜਿਹੀ ਪ੍ਰੀਤ ਹੈ ਜਿਹੋ ਜਿਹੀ ਮੱਛੀ ਦੀ ਪਾਣੀ ਨਾਲ ਹੁੰਦੀ ਹੈ। ਸ਼ਿਕਾਰੀ ਮੱਛੀ ਨੂੰ ਫੜ ਕੇ, ਟੋਟੇ-ਟੋਟੇ ਕਰਕੇ, ਅੱਗ ਉੱਤੇ ਪਕਾ ਕੇ ਖਾਂਦੇ ਹਨ। ਮੱਛੀ ਉਨ੍ਹਾਂ ਦੇ ਪੇਟ ਅੰਦਰ ਜਾ ਕੇ ਵੀ ਪਾਣੀ ਨੂੰ ਨਹੀਂ ਭੁਲਦੀ। (ਮੱਛੀ ਖਾਣ ਵਾਲੇ ਨੂੰ ਪਿਆਸ ਬਹੁਤ ਲੱਗਦੀ ਹੈ) ਆਪ ਦਾ ਭਾਵ ਹੈ ਕਿ ਆਪ ਕਿਸੇ ਸੂਰਤ ਵਿਚ ਪਰਮਾਤਮਾ ਦਾ ਪ੍ਰੇਮ ਨਹੀਂ ਤਜ ਸਕਦੇ। ਉਹ ਪਰਮਾਤਮਾ ਜੋ ਸਭ ਦਾ ਸੁਆਮੀ ਹੈ, ਜੋ ਸਭ ਦਾ ਪ੍ਰੀਤਮ ਹੈ, ਕੇਵਲ ਪ੍ਰੇਮ ਦੁਆਰਾ ਵੱਸ ਵਿਚ ਆਉਂਦਾ ਹੈ। ਸਾਰਾ ਸੰਸਾਰ ਮੋਹ ਦਾ ਸ਼ਿਕਾਰ ਹੈ ਕੇਵਲ ਪਰਮਾਤਮਾ ਦਾ ਸੱਚਾ ਭਗਤ ਹੀ ਮੋਹ ਦੇ ਫੰਦੇ ਤੋਂ ਮੁਕਤ

ੳ. ਜਉ=ਜੋ। ਅ. ਭਾਵਨ=ਪ੍ਰੇਮ-ਭਾਵ। ੲ. ਪਟਲ=ਪਰਦਾ। ਸ. ਕਾ ਸਿਉ=ਕਿਸ ਤੋਂ।

ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੇਰੇ ਅੰਦਰ ਤੇਰੀ ਭਗਤੀ ਦਾ ਹੜ੍ਹ ਆਇਆ ਹੋਇਆ ਹੈ, ਮੈਂ ਆਪਣੇ ਮਨ ਦੀ ਅਵਸਥਾ ਕਿਸ ਨੂੰ ਸਮਝਾਵਾਂ? ਮੈਂ ਤੇਰੇ ਨਾਲ ਮਿਲਾਪ ਦੀ ਖ਼ਾਤਰ ਤੇਰੀ ਭਗਤੀ ਕੀਤੀ ਸੀ, ਕੀ ਹਾਲੇ ਵੀ ਮੈਨੂੰ ਤੇਰੇ ਵਿਛੋੜੇ ਦਾ ਸੰਤਾਪ ਸਹਾਰਨਾ ਪਵੇਗਾ?

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥[ੳ]
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥
ਤੁਝਹਿ ਚਰਨ ਅਰਬਿੰਦ ਭਵਨ ਮਨੁ॥[ਅ]
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ॥
ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥[ੲ]
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥[ਸ 12]

ਜੇ ਸਰੀਰ ਟੋਟੇ-ਟੋਟੇ ਵੀ ਹੋ ਜਾਵੇ ਤਾਂ ਹੋ ਜਾਵੇ ਪਰ ਪ੍ਰੇਮ ਨੂੰ ਆਂਚ ਨਹੀਂ ਆਉਣੀ ਚਾਹੀਦੀ। ਚਿੰਤਾ ਸਰੀਰ ਚਲੇ ਜਾਣ ਦੀ ਨਹੀਂ, ਪ੍ਰੇਮ ਚਲੇ ਜਾਣ ਦੀ ਹੋਣੀ ਚਾਹੀਦੀ ਹੈ। ਮੇਰੇ ਮਨ ਰੂਪੀ ਭੌਰੇ ਦਾ ਇੱਕੋ ਨਿਵਾਸ ਤੇਰੇ ਚਰਨ-ਕੰਵਲ ਹਨ। ਇਨ੍ਹਾਂ ਚਰਨ-ਕੰਵਲਾਂ ਵਿਚੋਂ ਹੀ ਮੈਨੂੰ ਨਾਮ ਦਾ ਅੰਮ੍ਰਿਤ ਰਸ ਪ੍ਰਾਪਤ ਹੋਇਆ ਹੈ। ਸੰਸਾਰ ਦੀ ਧਨ-ਦੌਲਤ ਨਿਰਾ ਮਾਇਆ-ਜਾਲ ਅਤੇ ਬਿਪਤਾ ਦਾ ਸਾਮਾਨ ਹੈ। ਤੇਰਾ ਭਗਤ ਇਸ ਵਿਚ ਲਿਪਤ ਨਹੀਂ ਹੁੰਦਾ। ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰੇਮ ਦਾ ਬੰਧਨ ਸਭ ਤੋਂ ਪੀਡਾ ਹੈ। ਜਿਹੜਾ ਭਗਤ ਪ੍ਰੇਮ ਦੀ ਰੱਸੀ ਨਾਲ ਬੱਝਾ ਹੋਇਆ ਹੈ, ਉਹਨੂੰ ਕੋਈ ਦੂਸਰਾ ਬੰਧਨ ਨਹੀਂ ਬੰਨ੍ਹ ਸਕਦਾ।

ੳ. **ਛਿਨੁ ਛਿਨੁ**=ਟੁਕੜੇ-ਟੁਕੜੇ। ਅ. **ਅਰਬਿੰਦ**=ਕੰਵਲ; **ਭਵਨ ਮਨੁ**=ਮਨ ਦਾ ਨਿਵਾਸ ਜਾਂ ਘਰ। ੲ. **ਜੇਵਰੀ**=ਰੱਸੀ। ਸ. **ਗੁਨ**=ਚੰਗਿਆਈ–ਮੋਹ ਦੀ ਰੱਸੀ ਨਾਲ ਬੱਝਾ ਜੀਵ ਪ੍ਰੇਮ ਦੀ ਰੱਸੀ ਫੜ ਕੇ ਨਿਕਲ ਜਾਂਦਾ ਹੈ ਪਰ ਦੂਸਰੀ ਕੋਈ ਵਸਤੂ ਅਜਿਹੀ ਸ਼ਕਤੀਸ਼ਾਲੀ ਨਹੀਂ ਹੈ ਜਿਹੜੀ ਪ੍ਰੇਮ ਦੇ ਬੰਧਨ ਨੂੰ ਤੋੜ ਸਕੇ।

ਮਾਧੌ! ਮੁਹਿ ਇਕੁ ਸਹਾਰੋ ਤੋਰਾ॥ ਟੇਕ॥
ਤੁਮਹੀ ਮਾਤ ਪਿਤ ਪ੍ਰਭ ਮੇਰੋ, ਹੌਂ ਮਸਕੀਨ ਅਤਿ ਭੋਰਾ।[ੳ]
ਤੁਮ ਜਉ ਤਜੌ ਕਵਨ ਮੋਹਿ ਰਾਖੇ, ਸਹਿਹੈ ਕੌਨੁ ਨਿਹੋਰਾ॥[ਅ]
ਬਾਹਾਡੰਬਰ ਹੌਂ ਕਬਹੂੰ ਨ ਜਾਨਿਓ, ਤੁਮ ਚਰਨਨ ਚਿਤ ਮੋਰਾ।[ੲ]
ਅਗੁਨ ਸਰਗੁਨ ਦੌ ਸਮਕਰਿ ਜਾਨਿਓ, ਚਹੁੰ ਦਿਸ ਦਰਸਨ ਤੋਰਾ॥
ਪਾਰਸ ਮਨਿ ਮੁਹਿ ਰਤੁ ਨਹਿੰ ਭਾਵੈ, ਜਗ ਜੰਜਾਰ ਨ ਥੋਰਾ।[ਸ] *
ਕਹਿ ਰਵਿਦਾਸ ਤਜਿ ਸਭ ਤ੍ਰਿਸਨਾ, ਇਕੁ ਰਾਮ ਚਰਨ ਚਿਤ ਮੋਰਾ॥[13]

ਰਵਿਦਾਸ ਜੀ ਕਹਿੰਦੇ ਹਨ : ਹੇ ਪ੍ਰਭੂ! ਤੁਸੀਂ ਹੀ ਮੇਰੇ ਮਾਤਾ-ਪਿਤਾ ਹੋ, ਮੈਂ ਤੇਰਾ ਬੇ-ਸਹਾਰਾ ਅਤੇ ਅਬੋਧ ਬਾਲਕ ਹਾਂ। ਮੈਨੂੰ ਸਿਰਫ਼ ਤੇਰਾ ਸਹਾਰਾ ਹੈ। ਜੇ ਤੂੰ ਮੈਨੂੰ ਦੁਰਕਾਰ ਦੇਵੇਂਗਾ ਤਾਂ ਹੋਰ ਕੌਣ ਮੇਰੀ ਬਾਂਹ ਫੜੇਗਾ ਅਤੇ ਮੇਰੀ ਅਰਦਾਸ ਸੁਣੇਗਾ? ਮੈਨੂੰ ਕਿਸੇ ਤਰ੍ਹਾਂ ਦਾ ਦਿਖਾਵਾ ਨਹੀਂ ਆਉਂਦਾ। ਬੱਸ ਮੇਰਾ ਚਿੱਤ ਤੇਰੇ ਚਰਨਾਂ ਵਿਚ ਲੱਗਾ ਹੋਇਆ ਹੈ। ਕੋਈ ਤੈਨੂੰ ਨਿਰਗੁਣ ਕਹਿੰਦਾ ਹੈ ਕੋਈ ਸਰਗੁਣ। ਮੈਨੂੰ ਇਹ ਬਿਖੇੜਾ ਵਿਅਰਥ ਭਾਸਦਾ ਹੈ ਕਿਉਂਕਿ ਮੈਨੂੰ ਹਰ ਪਾਸੇ ਤੇਰਾ ਜਲਵਾ ਦਿਖਾਈ ਦਿੰਦਾ ਹੈ। ਮੈਨੂੰ ਲੋਹੇ ਨੂੰ ਸੋਨਾ ਬਣਾਉਣ ਵਾਲੇ ਪਾਰਸ ਦੀ ਲੋੜ ਨਹੀਂ ਕਿਉਂਕਿ ਦੁਨੀਆ ਦੀ ਧਨ-ਦੌਲਤ ਮਾਇਆ ਦਾ ਜੰਜਾਲ ਹੈ। ਮੇਰਾ ਮਨ ਹਰ ਤਰ੍ਹਾਂ ਦੀ ਆਸ਼ਾ-ਤ੍ਰਿਸ਼ਨਾ ਤਜ ਕੇ ਕੇਵਲ ਪਰਮਾਤਮਾ ਦੇ ਚਰਨਾਂ ਵਿਚ ਲੀਨ ਹੈ।

ਦਰਸਨ ਦੀਜੈ ਰਾਮ ਦਰਸਨ ਦੀਜੈ। ਦਰਸਨ ਦੀਜੈ ਹੋ ਵਿਲੰਬ ਨ ਕੀਜੈ॥ ਟੇਕ॥
ਦਰਸਨ ਤੋਰਾ ਜੀਵਨਿ ਮੋਰਾ, ਬਿਨ ਦਰਸਨ ਕਿਉਂ ਜੀਵੈ ਹੋ ਚਕੋਰਾ।
ਮਾਧਉ ਸਤਗੁਰ ਸਬ ਜਗ ਚੇਲਾ, ਅਬਕੈ ਬਿਛੁਰੈਂ ਮਿਲਨ ਦੁਹੇਲਾ।[ਹ]
ਧਨ ਜੋਬਨ ਕੀ ਝੂਠੀ ਆਸਾ, ਸਤਿ ਸਤਿ ਭਾਖੈ ਜਨ 'ਰਵਿਦਾਸਾ'॥[14]

ੳ. **ਮਸਕੀਨ**=ਦੀਨ; **ਭੋਰਾ**=ਭੋਲਾ, ਅਨਾੜੀ, ਮੂਰਖ। ਅ. **ਨਿਹੋਰਾ**=ਅਰਜ਼, ਮਿੰਨਤ, ਪ੍ਰਾਰਥਨਾ।
ੲ. **ਹੌਂ**=ਮੈਂ। ਸ. **ਰਤੁ**=ਰੱਤੀ ਭਰ ਵੀ। ਹ. **ਦੁਹੇਲਾ**=ਦੁਰਲੱਭ, ਕਠਨ।

* ਰਵਿਦਾਸ ਜੀ ਨੂੰ ਇੱਕ ਸਾਧੂ ਨੇ ਇੱਕ ਪਾਰਸ ਮਣੀ ਦਿੰਦੇ ਹੋਏ ਇਹ ਕਿਹਾ ਸੀ ਕਿ ਇਸ ਨਾਲ ਉਹ ਜੁੱਤੀਆਂ ਬਣਾਉਣ ਵਾਲੇ ਲੋਹੇ ਦੇ ਔਜ਼ਾਰਾਂ ਨੂੰ ਸੋਨੇ ਦਾ ਬਣਾ ਲਵੇ। ਇਸੇ ਗੱਲ ਵੱਲ ਉਨ੍ਹਾਂ ਦਾ ਇਹ ਸੰਕੇਤ ਹੈ।

ਹੇ ਪ੍ਰਭੂ! ਤੂੰ ਮੈਨੂੰ ਦਰਸ਼ਨ ਦੇ। ਤੂੰ ਦੇਰ ਨਾ ਕਰ ਅਤੇ ਛੇਤੀ ਤੋਂ ਛੇਤੀ ਮੇਰੀ ਦਰਸ਼ਨਾਂ ਦੀ ਆਸ ਪੂਰੀ ਕਰ। ਤੇਰੇ ਦਰਸ਼ਨ ਹੀ ਮੇਰਾ ਜੀਵਨ ਅਤੇ ਪ੍ਰਾਣ ਹਨ। ਤੇਰੇ ਦਰਸ਼ਨਾਂ ਤੋਂ ਬਿਨਾਂ ਮੇਰਾ ਜ਼ਿੰਦਾ ਰਹਿ ਸਕਣਾ ਅਸੰਭਵ ਹੈ। ਚੰਦਰਮਾ ਨੂੰ ਦੇਖੇ ਬਿਨਾਂ ਚਕੋਰ ਕਿਵੇਂ ਜਿਊਂਦੀ ਰਹਿ ਸਕਦੀ ਹੈ? ਸਤਿਗੁਰੂ ਪਰਮੇਸ਼ਰ ਦਾ ਹੀ ਰੂਪ ਹੈ। ਸੰਸਾਰ ਦੇ ਕਿਸੇ ਪ੍ਰਾਣੀ ਨੂੰ ਸਤਿਗੁਰੂ ਦੀ ਸ਼ਰਨ ਲੈਣ ਵਿਚ ਢਿੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਇਹੋ ਮਨੁੱਖ-ਜਨਮ ਨੂੰ ਸਫ਼ਲ ਬਣਾਉਣ ਦਾ ਅਸਲ ਸਾਧਨ ਹੈ।

ਤੁਮ੍ਹ ਕਰਹੁ ਕਿਰਪਾ ਮੁਹਿ ਸਾਂਈਂ॥
ਸਵਾਂਸ-ਸਵਾਂਸ ਤੁਝ ਨਾਮ ਸੰਭਾਰਉ, ਤੁਮਹਿ ਭੇਂਟਿ ਮਮੁ ਮਨ ਹਰਸਾਈ।
ਤੁਮਹੁ ਦਯਾਲ ਕ੍ਰਿਪਾਲ ਕਰੁਣਾਨਿਧਿ, ਤੁਮਹਿ ਦੀਨ ਬੰਧੂ ਰਘੁਰਾਈ॥
ਤੁਮ੍ਹਰੀ ਸਰਨ ਰਹੌਂ ਨਿਸਵਾਸਰ, ਭਰਮਤ ਫਿਰੌਂ ਨ ਹੌਂ ਹਰਿ ਰਾਈ।[ੳ]
ਤੁਮ੍ਹਰੀ ਅਨੁਕੰਪ ਮਾਨ ਮਦੁ ਛੂਟੈ, ਰਾਮ ਰਸਾਇਨ ਅੰਮ੍ਰਿਤੁ ਪਾਈ।।[ਅ]
ਐਸੋ ਬੁਧ ਜਾਚਿਹੁੰ ਕਰੁਨਾਮੈਂ, ਤੁਝ ਚਰਨ ਤਜਿ ਕਿਤਹੁ ਨ ਜਾਈ।[ੲ]
ਚਰਨ-ਸਰਨ 'ਰਵਿਦਾਸ' ਰਾਵਰੀ, ਅਪਨੋ ਜਾਨ ਲੇਹੁ ਉਰ ਲਾਈ॥[ਸ] [15]

ਹੇ ਮੇਰੇ ਸੁਆਮੀ! ਤੂੰ ਮੇਰੇ ਉੱਤੇ ਦਇਆ ਕਰ। ਮੈਂ ਸੁਆਸ-ਸੁਆਸ ਤੇਰੇ ਨਾਮ ਦਾ ਸਿਮਰਨ ਕਰਦਾ ਹਾਂ ਅਤੇ ਕੇਵਲ ਤੇਰੇ ਦਰਸ਼ਨ ਕਰਕੇ ਹੀ ਮੇਰੇ ਮਨ ਨੂੰ ਸ਼ਾਂਤੀ ਮਿਲ ਸਕਦੀ ਹੈ। ਹੇ ਪ੍ਰਭੂ! ਤੂੰ ਦਇਆਲੂ ਹੈਂ, ਦਇਆ ਦਾ ਭੰਡਾਰ ਹੈਂ ਅਤੇ ਗ਼ਰੀਬ-ਨਿਵਾਜ ਹੈਂ। ਮੈਂ ਸਦਾ ਤੇਰੀ ਸ਼ਰਨ ਵਿਚ ਰਹਿਣਾ ਚਾਹੁੰਦਾ ਹਾਂ। ਹੇ ਪ੍ਰਭੂ! ਮੈਂ ਥਾਂ-ਥਾਂ ਭਟਕਣਾ ਨਹੀਂ ਚਾਹੁੰਦਾ। ਮੈਂ ਸਿਰਫ਼ ਤੇਰੇ ਚਰਨਾਂ ਵਿਚ ਰਹਿਣਾ ਚਾਹੁੰਦਾ ਹਾਂ ਕਿਉਂਕਿ ਸਿਰਫ਼ ਤੇਰੀ ਦਇਆ ਨਾਲ ਹੀ ਹਉਮੈਂ ਦਾ ਨਾਸ਼ ਹੁੰਦਾ ਹੈ ਅਤੇ ਤੇਰੇ ਨਾਮ ਦਾ ਅੰਮ੍ਰਿਤ ਪ੍ਰਾਪਤ ਹੁੰਦਾ ਹੈ। ਹੇ ਦਇਆਲੂ! ਮੇਰੀ ਇਹੋ ਅਰਦਾਸ ਹੈ ਕਿ ਤੂੰ ਮੈਨੂੰ ਐਸੀ ਬੁੱਧੀ ਬਖਸ਼ ਕਿ ਮੈਂ ਤੇਰੇ ਚਰਨਾਂ ਨੂੰ ਛੱਡ ਕੇ ਕਿਤੇ ਨਾ ਜਾਵਾਂ। ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ ਇਸ ਲਈ ਤੂੰ ਮੈਨੂੰ ਆਪਣਾ ਸਮਝ ਕੇ ਆਪਣੇ ਅੰਗ ਲਾ ਲੈ।

ੳ. **ਨਿਸਵਾਸਰ**=ਦਿਨ-ਰਾਤ; **ਹੌਂ**=ਮੈਂ; **ਰਾਈ**=ਰਾਜਾ, ਸੁਆਮੀ। ਅ. **ਰਸਾਇਨ**=ਜੋ ਇੱਕ ਧਾਤੂ ਨੂੰ ਦੂਸਰੀ ਧਾਤੂ ਵਿਚ ਬਦਲਣ ਦੀ ਤਾਕਤ ਰੱਖਦੀ ਹੋਵੇ। ੲ. **ਜਾਚਿਹੁੰ**=ਮੰਗਣਾ, ਬੇਨਤੀ ਕਰਨਾ; **ਕਰੁਨਾਮੈਂ**=ਦਇਆਲੂ। ਸ. **ਉਰ**=ਹਿਰਦਾ।

ਪ੍ਰਭੂ ਜੀ ਤੁਮ ਔਗਨ ਬਕਸਨ ਹਾਰ।[ੳ]
ਹਉਂ ਬਹੁ ਨੀਚ ਉਧਾਰੌ ਪਾਤਕੀ, ਮੂਰਿਖ ਨਿਪਟ ਗੰਵਾਰ।।[ਅ]
ਮੋ ਸਮ ਪਤਿਤ ਅਧਮ ਨਹੀਂ ਕੋਊ, ਖੀਨ ਦੁਖੀ ਵਿਸਯਾਰ।[ੲ]
ਨਾਂਮ ਸੁਨਹਿ ਨਰਕੁ ਭਜੈ ਹਵੈ, ਤੁਮ੍ਹ ਬਿਨ ਕਵਨ ਹਮਾਰ।।[ਸ]
ਪਤਿਤ ਪਾਵਨ ਬਿੜਦ ਤਿਹਾਰੌ, ਆਈ ਪਰੌ ਤੋਹਿ ਦੁਵਾਰ।[ਹ]
ਕਹਿ ਰਵਿਦਾਸ ਇਹੁ ਮਨ ਆਸਾ, ਨਿਜ ਕਰ ਲੇਹੂ ਉਬਾਰ।।[ਕ][16]

ਰਵਿਦਾਸ ਜੀ ਕਹਿੰਦੇ ਹਨ: ਹੇ ਪ੍ਰਭੂ! ਤੂੰ ਦੋਸ਼ੀਆਂ ਦੇ ਦੋਸ਼ ਬਖਸ਼ਣ ਵਾਲਾ ਹੈਂ। ਮੈਂ ਮੂਰਖ ਅਤੇ ਪਾਪੀ ਹਾਂ। ਮੇਰੇ ਜਿਹਾ ਦੁਸ਼ਟ, ਨੀਚ, ਕੁਕਰਮੀ ਅਤੇ ਮਲੀਨ ਪ੍ਰਾਣੀ ਕੋਈ ਨਹੀਂ ਹੈ। ਮੇਰੇ ਜਿਹੇ ਪਾਪੀ ਦੇ ਨਾਂ ਤੋਂ ਤਾਂ ਨਰਕ ਵੀ ਕੰਬਦੇ ਹਨ। ਤੇਰੇ ਬਿਨਾਂ ਮੇਰਾ ਕਿਹੜਾ ਸਹਾਰਾ ਹੋ ਸਕਦਾ ਹੈ? ਸਾਰਾ ਸੰਸਾਰ ਤੈਨੂੰ 'ਪਾਪੀਆਂ ਨੂੰ ਪਾਰ ਕਰਨ ਵਾਲਾ' ਕਹਿੰਦਾ ਹੈ। ਮੈਂ ਸਭ ਤੋਂ ਵੱਡਾ ਪਾਪੀ ਹਾਂ, ਇਸ ਲਈ ਮੈਂ ਵੀ ਤੇਰੀ ਸ਼ਰਨ ਵਿਚ ਆ ਗਿਆ ਹਾਂ। ਹੇ ਪ੍ਰਭੂ! ਮੇਰੀ ਇੱਕੋ ਅਭਿਲਾਸ਼ਾ ਹੈ ਕਿ ਤੂੰ ਹੱਥ ਦੇ ਕੇ ਮੇਰਾ ਨਿਸਤਾਰਾ ਕਰ ਦੇ।

ਪ੍ਰੇਮ ਅਤੇ ਬਿਰਹਾ ਦੀ ਅੱਗ

ਜਿਸ ਪ੍ਰੇਮੀ ਦੇ ਕਲੇਜੇ ਵਿਚ ਪ੍ਰੇਮ ਦਾ ਤੀਰ ਚੁੱਭ ਜਾਂਦਾ ਹੈ, ਉਹ ਬਿਰਹਾ ਵਿਚ ਬੁਰੀ ਤਰ੍ਹਾਂ ਤੜਫਦਾ ਹੈ। ਉਹ ਆਪਣੇ ਪਿਆਰੇ ਦਾ ਵਿਛੋੜਾ ਨਹੀਂ ਸਹਾਰ ਸਕਦਾ। ਪਿਆਰੇ ਦੀ ਜੁਦਾਈ ਵਿਚ ਉਹਦੀ ਜਾਨ ਨਿਕਲਦੀ ਹੈ। ਇਹ ਬਿਰਹਾ ਹੀ ਸੱਚੇ ਪ੍ਰੇਮ ਦੀ ਅਸਲ ਨਿਸ਼ਾਨੀ ਹੈ। ਬਿਨਾਂ ਸੱਚੀ ਬਿਰਹਾ ਦੇ ਕੋਈ ਵੀ ਪਰਮਾਤਮਾ ਰੂਪੀ ਪ੍ਰੀਤਮ ਨਾਲ ਮਿਲਾਪ ਨਹੀਂ ਕਰ ਸਕਦਾ।

ਪ੍ਰੇਮੀ ਦੇ ਹਿਰਦੇ ਵਿਚ ਦਿਨ-ਰਾਤ ਬਿਰਹਾ ਦੀ ਅੱਗ ਲੱਗੀ ਰਹਿੰਦੀ ਹੈ। ਪ੍ਰੀਤਮ ਦੀ ਯਾਦ ਆਉਂਦੇ ਹੀ ਉਹਦੇ ਅੰਦਰ ਵਿਛੋੜੇ ਦੀਆਂ ਲਾਟਾਂ ਉੱਠਦੀਆਂ ਹਨ। ਪ੍ਰੀਤਮ ਦੇ ਦਰਸ਼ਨਾਂ ਤੋਂ ਬਿਨਾਂ ਉਹਦੇ ਲਈ ਜ਼ਿੰਦਾ ਰਹਿ ਸਕਣਾ ਮੁਹਾਲ ਹੋ ਜਾਂਦਾ ਹੈ। ਉਹਨੂੰ ਜੁਦਾਈ ਦਾ ਹਰ ਦਿਨ ਪੂਰੇ ਯੁਗ ਜਿੰਨਾ ਲੰਮਾ ਅਤੇ ਦੁੱਖਦਾਈ

ੳ. **ਔਗਨ**=ਅਵਗੁਣ, ਦੋਸ਼, ਅਪਰਾਧ। ਅ. **ਨਿਪਟ**=ਬਿਲਕੁਲ। ੲ. **ਖੀਨ**=ਕਮਜ਼ੋਰ; **ਵਿਸਯਾਰ**=ਵਿਸ਼ੱਈ, ਕਾਮੀ। ਸ. **ਭਜੈ ਹਵੈ**=ਭੱਜਦਾ ਹੈ। ਹ. **ਬਿੜਦ**=ਬਿਰਦ;ਲਾਜ ਰੱਖਣ ਦੀ ਪ੍ਰਸਿੱਧੀ। ਕ. **ਉਬਾਰ**=ਬਚਾਉਣਾ, ਛੁਡਾਉਣਾ, ਮੁਕਤ ਕਰਨਾ।

ਭਾਸਦਾ ਹੈ। ਬਿਰਹਾ ਦਾ ਇਹ ਅਸਹਿ ਦੁੱਖ ਕੇਵਲ ਮਿਲਾਪ ਦੇ ਅਨੰਦ ਨਾਲ ਹੀ ਦੂਰ ਹੋ ਸਕਦਾ ਹੈ।

ਰਾਮ ਪ੍ਰੇਮ ਹੌਂ ਬਰਜਿ ਕਿਮਿ, ਅਬ ਬਰਜਤ ਨਹਿ ਕਾਜ।[ੳ]
ਰੋਮ ਰੋਮ ਅਮੀ ਰਮਿ ਗਇਓ, ਤਾਹਿ ਨ ਹੋਤ ਇਲਾਜ॥[ਅ][17]

ਰਵਿਦਾਸ ਜੀ ਕਹਿੰਦੇ ਹਨ : ਮੇਰੇ ਅੰਦਰ ਪਰਮਾਤਮਾ ਦਾ ਪ੍ਰੇਮ ਜਾਗ ਪਿਆ ਹੈ। ਹੁਣ ਇਸ ਪ੍ਰੇਮ ਨੂੰ ਰੋਕਿਆ ਕਿਵੇਂ ਜਾ ਸਕਦਾ ਹੈ? ਜਿਸ ਰੋਗੀ ਦੇ ਰੋਮ-ਰੋਮ ਵਿਚ ਪ੍ਰੇਮ ਦਾ ਰੋਗ ਵੱਸ ਗਿਆ ਹੈ, ਉਹਦਾ ਇਲਾਜ ਕਿਵੇਂ ਹੋ ਸਕਦਾ ਹੈ?

ਰਵਿਦਾਸ ਮੋਰੇ ਮਨ ਲਾਗਿਓ, ਰਾਮ ਪ੍ਰੇਮ ਕੋ ਤੀਰ।
ਰਾਮ ਰਸਾਇਨ ਜਉ ਮਿਲਹਿਂ, ਤਉ ਹਰੈ ਹਮਾਰੋ ਪੀਰ॥[ੲ][18]

ਆਪ ਕਹਿੰਦੇ ਹਨ ਕਿ ਪਰਮਾਤਮਾ ਦੇ ਪ੍ਰੇਮ ਦਾ ਤੀਰ ਮੇਰੇ ਕਲੇਜੇ ਵਿਚ ਚੁੱਭ ਗਿਆ ਹੈ। ਜਦ ਤੱਕ ਪ੍ਰੀਤਮ ਨਾਲ ਮਿਲਾਪ ਦੀ ਸੰਜੀਵਨੀ ਨਹੀਂ ਮਿਲਦੀ, ਮੇਰੀ ਪੀੜ ਦੂਰ ਨਹੀਂ ਹੋ ਸਕਦੀ।

'ਰਵਿਦਾਸ' ਪ੍ਰੇਮ ਨਹਿ ਛਿਪ ਸਕਈ, ਲਾਖ ਛਿਪਾਏ ਕੋਇ।
ਪ੍ਰੇਮ ਨ ਮੁਖ ਖੋਲੈ ਕਭਉਂ, ਨੈਨ ਦੇਤ ਹੈਂ ਰੋਇ॥[19]

ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰੇਮ ਲੁਕਾਇਆਂ ਲੁਕ ਨਹੀਂ ਸਕਦਾ। ਪ੍ਰੇਮੀ ਚਾਹੇ ਮੂੰਹੋਂ ਕੁਝ ਨਾ ਬੋਲੇ, ਪਰ ਉਹਦੀਆਂ ਰੋਂਦੀਆਂ ਅੱਖਾਂ ਉਹਦੀ ਸੱਚੀ ਕਹਾਣੀ ਬਿਆਨ ਕਰ ਦਿੰਦੀਆਂ ਹਨ।

ਜਿਉਂ ਸੁਧਿ ਆਬਤ ਪੀਵ ਕੀ, ਵਿਰਹ ਉਠਤ ਤਨ ਆਗਿ।
ਜਿਉਂ ਚੂਨੇ ਕੀ ਕਾਂਕਰੀ, ਜਿਉਂ ਛਿਰਕੇ ਤਿਉਂ ਆਗਿ॥[20]

ੳ. **ਅਬ...ਕਾਜ**=ਹੁਣ ਵਰਜਣ ਜਾਂ ਰੋਕਣ ਨਾਲ ਕੰਮ ਨਹੀਂ ਚੱਲ ਸਕਦਾ, ਭਾਵ ਕੋਈ ਲਾਭ ਨਹੀਂ ਹੋ ਸਕਦਾ। ਅ. **ਅਮੀ**=ਅੰਮ੍ਰਿਤ, ਪ੍ਰੇਮ-ਰੋਗ ਦਾ ਅਮੁੱਲ ਰਸ। ੲ. **ਰਸਾਇਨ**=ਅਸਾਧ ਰੋਗ ਨੂੰ ਖ਼ਤਮ ਕਰਨ ਵਾਲੀ ਦਵਾਈ।

ਚੂਨੇ ਉੱਤੇ ਪਾਣੀ ਛਿੜਕਿਆਂ ਉਹਦੇ ਵਿਚੋਂ ਅੱਗ ਨਿਕਲਦੀ ਹੈ। ਇਸੇ ਤਰ੍ਹਾਂ ਜਦੋਂ ਵੀ ਪ੍ਰੀਤਮ ਦੀ ਯਾਦ ਆਉਂਦੀ ਹੈ ਪ੍ਰੇਮੀ ਦੇ ਮਨ ਵਿੱਚੋਂ ਅੱਗ ਦੇ ਭਾਂਬੜ ਉੱਠ ਖੜ੍ਹੇ ਹੁੰਦੇ ਹਨ।

ਜੋ ਮੋਹਿ ਵੇਦਨ ਕਾ ਸਨਿ ਆਖੌਂ, ਹਰਿ ਬਿਨ ਜੀਵਨ ਕੈਸੈਂ ਕਰਿ ਰਾਖੌਂ।[ੳ]
ਜੀਵ ਤਰਸੈ ਇਕ ਦੰਗਿ ਬਸੇਰਾ, ਕਰਹੁ ਸੰਭਾਲ ਤੁਮ ਸਿਰਜਨ ਮੇਰਾ।[ਅ]
ਬਿਰਹ ਤਪੈ ਤਨ ਅਧਿਕ ਜਰਾਵੈ, ਨੀਂਦੜੀ ਨ ਆਵੈ ਭੋਜਨ ਨਹੀਂ ਭਾਵੈ।[ੲ]
ਸਖੀ ਸਹੇਲੀ ਗਰਬ ਗਹੇਲੀ, ਪੀਓ ਕੀ ਬਾਤ ਨ ਸੁਨਹੁ ਸਹੇਲੀ।[ਸ]
ਮੈਂ ਰੇ ਦੁਹਾਗਿਨਿ ਅਘਿ ਕਰ ਜਾਂਨੀ, ਗਇਓ ਸੁ ਜੋਬਨ ਸਾਧ ਨ ਮਾਂਨੀਂ।[ਹ]
ਤੂੰ ਦਾਨਾਂ ਸਾਂਈ ਸਾਹਿਬ ਮੇਰਾ, ਖਿਜਮਤਿਗਾਰ ਬੰਦਾ ਮੈਂ ਤੇਰਾ।[ਕ]
ਕਹੈ 'ਰਵਿਦਾਸ' ਅੰਦੇਸਾ ਯੇ ਹੀ, ਬਿਨ ਦਰਸਨ ਕਿਉਂ ਜੀਵੈ ਹੋ ਸਨੇਹੀ।[ਖ][21]

ਰਵਿਦਾਸ ਜੀ ਕਹਿੰਦੇ ਹਨ : ਮੈਂ ਆਪਣੇ ਪਿਆਰੇ ਦੇ ਬਿਨਾਂ ਜੀਵਾਂ ਤਾਂ ਕਿਸ ਤਰ੍ਹਾਂ ਅਤੇ ਆਪਣਾ ਦੁੱਖ ਰੋਵਾਂ ਤਾਂ ਕੀਹਦੇ ਅੱਗੇ? ਜੀਅੜਾ ਪ੍ਰੀਤਮ ਲਈ ਤਰਸ ਰਿਹਾ ਹੈ। ਮਨ ਵਿਚ ਉਹਦੀ ਜੁਦਾਈ ਦੀ ਪੀੜ ਦਾ ਡੇਰਾ ਲੱਗ ਗਿਆ ਹੈ। ਹੇ ਮੇਰੇ ਸਿਰਜਨਹਾਰ ਪ੍ਰਭੂ! ਤੂੰ ਮੈਨੂੰ ਇਸ ਦੁੱਖ ਤੋਂ ਬਚਾ ਲੈ। ਸਰੀਰ ਵਿਜੋਗ ਵਿਚ ਤੜਫ ਰਿਹਾ ਹੈ, ਬਿਰਹਾ ਦੀ ਅੱਗ ਪਲ-ਪਲ ਵਧਦੀ ਜਾ ਰਹੀ ਹੈ। ਨਾ ਨੀਂਦ ਆਉਂਦੀ ਹੈ ਨਾ ਕੁਝ ਖਾਣ-ਪੀਣ ਨੂੰ ਦਿਲ ਕਰਦਾ ਹੈ। ਸਖੀਆਂ-ਸਹੇਲੀਆਂ ਆਪਣੇ ਰੰਗ ਵਿਚ ਮਸਤ ਹਨ, ਉਨ੍ਹਾਂ ਨੂੰ ਮੇਰੀ ਕੋਈ ਪਰਵਾਹ ਨਹੀਂ। ਨੀਂ ਸਹੇਲੀਓ! ਕੀ ਤੁਸੀਂ ਮੈਨੂੰ ਪ੍ਰੀਤਮ ਦੀ ਗੱਲ ਨਹੀਂ ਸੁਣਾਓਗੀਆਂ? ਮੈਂ ਅਭਾਗੀ ਪਾਪਣ ਹਾਂ ਜਿਸ ਦਾ ਜੋਬਨ ਅਜਾਈਂ ਬੀਤ ਗਿਆ ਪਰ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ। ਹੇ ਮੇਰੇ ਪ੍ਰੀਤਮ! ਹੇ ਮੇਰੇ ਮਾਲਕ! ਮੈਂ ਤੇਰੀ ਦਾਸੀ ਹਾਂ, ਤੂੰ ਮੇਰੇ ਉੱਤੇ ਦਇਆ ਕਰ। ਆਪ ਕਹਿੰਦੇ ਹਨ ਕਿ ਇਹ ਡਰ ਮੇਰੇ ਦਿਲ ਨੂੰ ਖਾਈ ਜਾ ਰਿਹਾ ਹੈ ਕਿ ਤੇਰੇ ਦਰਸ਼ਨਾਂ ਤੋਂ ਬਿਨਾਂ ਮੈਂ ਜਿਊਂਦੀ ਕਿਵੇਂ ਰਹਿ ਸਕਾਂਗੀ।

ੳ. **ਵੇਦਨ**=ਪੀੜਾ; **ਕਾ ਸਨਿ**=ਕਿਸ ਕੋਲ; **ਆਖੌਂ**=ਵਰਨਨ ਕਰਨਾ। ਅ. **ਦੰਗਿ ਬਸੇਰਾ**=ਹੈਰਾਨ ਰਹਿ ਜਾਣਾ। ੲ. **ਨੀਂਦੜੀ**=ਨੀਂਦ। ਸ. **ਗਰਬ**=ਹੰਕਾਰ; **ਗਹੇਲੀ**=ਪਗਲੀ। ਹ. **ਦੁਹਾਗਿਨਿ**=ਪਤੀ ਤੋਂ ਵਿੱਛੜੀ, ਅਭਾਗਿਨ; **ਅਘਿ**=ਪਾਪ; **ਸੁ ਜੋਬਨ**=ਸੁੰਦਰ ਜਵਾਨੀ; **ਸਾਧ**=ਇੱਛਾ। ਕ. **ਦਾਨਾਂ**=ਦਾਤਾ; **ਖਿਜਮਤਿਗਾਰ**=ਸੇਵਾ ਕਰਨ ਵਾਲਾ। ਖ. **ਅੰਦੇਸਾ**=ਡਰ।

ਪਰੀਤਿ ਸੁਧਾਮਨਿ ਆਵ[ੳ]
ਤੇਜ ਸਰੂਪੀ ਸਕਲ ਸਿਰੋਮਣਿ, ਅਲਖ ਨਿਰੰਜਨ ਰਾਵ ॥[ਅ]
ਪੀਵ ਸੰਗਿ ਪ੍ਰੇਮ ਕਬਹੁੰ ਨਹੀਂ ਪਾਇਓ, ਕਾਰਨਿ ਕਵਨ ਬਿਸਾਰੀ।
ਚਕ ਕੌ ਧਯਾਨੰ ਦਧਿ ਸੁਤ ਸੌ ਹੋਤ ਹੈ, ਯੌ ਤੁਮ ਤੈਂ ਮੈਂ ਨਿਆਰੀ ॥[ੲ]
ਭੋਰ ਭਇਓ ਮੋਹਿੰ ਇਕ ਟਗ ਜੋਵਤ, ਤਲਫਲ ਰਜਨੀ ਜਾਈ[ਸ]
ਪੀਵ ਬਿਨ ਸੇਜਹਿੰ ਕਾ ਸੁਖ ਸੋਊਂ, ਬਿਰਹ ਬਿਥਾ ਤਨ ਛਾਈ ॥[ਹ]
ਮੇਟਿ ਦੁਹਾਗ ਸੁਹਾਗਿਨਿ ਕੀਜੈ, ਅਪਨੈ ਅੰਗਿ ਲਗਾਈ[ਕ]
ਕਹੈ 'ਰਵਿਦਾਸ' ਪ੍ਰਭੁ ਤੁਮ੍ਹਰੇ ਬਿਛੌਹੈ, ਏਕੁ ਪਲਕ ਜੁਗ ਜਾਈ ॥[22]

ਪ੍ਰੇਮ ਦੇ ਅੰਮ੍ਰਿਤ ਨਾਲ ਭਰੇ ਮੇਰੇ ਪਿਆਰੇ, ਤੂੰ ਆ ਕੇ ਮੇਰੇ ਮਨ ਦੀ ਪਿਆਸ ਬੁਝਾ ਦੇ। ਹੇ ਸਭ ਦੇ ਅਲਖ, ਨਿਰੰਜਨ ਸੁਆਮੀ! ਤੂੰ ਆ ਤਾਂ ਜੋ ਮੈਨੂੰ ਤੇਰੇ ਪ੍ਰੇਮ ਦੇ ਅਦਭੁਤ ਰਸ ਦੀ ਪ੍ਰਾਪਤੀ ਹੋ ਜਾਵੇ। ਮੈਂ ਇਸ ਤੋਂ ਬਿਨਾਂ ਬੁਰੀ ਤਰ੍ਹਾਂ ਤੜਫ ਰਹੀ ਹਾਂ। ਤੂੰ ਮੈਨੂੰ ਕਿਉਂ ਵਿਸਾਰ ਦਿੱਤਾ ਹੈ? ਚਕੋਰੀ ਦੂਰ ਬੈਠੀ ਚੰਦਰਮਾ ਦੇ ਧਿਆਨ ਵਿਚ ਮਗਨ ਰਹਿੰਦੀ ਹੈ। ਮੈਂ ਵੀ ਤੇਰੀ ਜੁਦਾਈ ਵਿਚ, ਤੇਰੇ ਧਿਆਨ ਵਿਚ, ਮਸਤ ਹਾਂ, ਮੈਨੂੰ ਹੋਰ ਕੁਝ ਪਤਾ ਨਹੀਂ। ਮੇਰੀ ਰਾਤ ਤੇਰੀ ਜੁਦਾਈ ਵਿਚ ਤੜਫਦੇ ਅਤੇ ਇੱਕ ਟੱਕ ਤੇਰੀ ਇੰਤਜ਼ਾਰ ਕਰਦੇ ਬੀਤ ਗਈ ਹੈ। ਆਪਣੇ ਪਿਆਰੇ ਤੋਂ ਬਿਨਾਂ ਮੈਂ ਸੁਖ ਦੀ ਸੇਜ ਕਿਵੇਂ ਸੌਂ ਸਕਦੀ ਹਾਂ? ਬਿਰਹਾ ਦੀ ਪੀੜ ਕਲੇਜੇ ਨੂੰ ਖਾ ਰਹੀ ਹੈ। ਹੇ ਪ੍ਰਭੂ! ਮੈਨੂੰ ਅੰਗ ਲਾ ਕੇ ਦੁਹਾਗਣ ਤੋਂ ਸੁਹਾਗਣ ਬਣਾ ਲੈ। ਰਵਿਦਾਸ ਜੀ ਕਹਿੰਦੇ ਹਨ ਕਿ ਤੇਰੇ ਵਿਛੋੜੇ ਵਿਚ ਬੀਤ ਰਿਹਾ ਹਰ ਪਲ ਇੱਕ ਜੁਗ ਜਿੰਨਾ ਲੰਮਾ ਭਾਸਦਾ ਹੈ।

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥[ਖ]
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥[ਗ]
ਰਾਮ ਗੁਸਈਆ ਜੀਅ ਕੇ ਜੀਵਨਾ ॥[ਘ]
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥

ੳ. **ਸੁਧਾਮਨਿ**=ਪ੍ਰੇਮ ਦੇ ਅੰਮ੍ਰਿਤ ਨਾਲ ਭਰਪੂਰ ਉਤਮ ਰਤਨ। ਅ. **ਨਿਰੰਜਨ**=ਮਾਇਆ ਰਹਿਤ। ੲ. **ਦਧਿ ਸੁਤ**=ਚੰਦਰਮਾ; **ਨਿਆਰੀ**=ਵੱਖਰੀ। ਸ. **ਰਜਨੀ**=ਰਾਤ। ਹ. **ਬਿਥਾ**=ਪੀੜਾ। ਕ. **ਦੁਹਾਗ**= ਅਭਾਗ, ਪ੍ਰੀਤਮ ਤੋਂ ਤਿਆਗੇ ਜਾਣ ਦੀ ਅਵੱਸਥਾ। ਖ. **ਪੋਚ**=ਨੀਚ। ਗ. **ਕੁਭਾਂਤੀ**=ਨੀਵੀਂ ਜਾਤੀ ਵਾਲੀ। ਘ. **ਗੁਸਈਆ**=ਮਾਲਕ, ਸੁਆਮੀ; **ਜੀਵਨਾ**=ਜਾਨ ਜਾਂ ਪ੍ਰਾਣਾਂ ਦੇ ਜੀਵਨ।

ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥[ੳ]
ਚਰਣ ਨ ਛਾਡਉ ਸਰੀਰ ਕਲ ਜਾਈ॥[ਅ]
ਕਹੁ ਰਵਿਦਾਸ ਪਰਉ ਤੇਰੀ ਸਾਭਾ॥[ੲ]
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥[23]

ਹੇ ਪ੍ਰਭੂ! ਮੈਨੂੰ ਦਿਨ-ਰਾਤ ਇਹੋ ਸੋਚ ਸਤਾ ਰਹੀ ਹੈ ਕਿ ਮੇਰਾ ਜਨਮ ਖੋਟਾ ਹੈ, ਮੇਰੇ ਕਰਮ ਖੋਟੇ ਹਨ ਅਤੇ ਮੇਰੀ ਸੰਗਤ ਖੋਟੀ ਹੈ। ਹੇ ਮੇਰੇ ਸੁਆਮੀ! ਹੇ ਮੇਰੇ ਜਾਨ-ਪ੍ਰਾਣ! ਮੈਂ ਤੇਰਾ ਦਾਸ ਹਾਂ, ਤੂੰ ਮੈਨੂੰ ਨਾ ਵਿਸਾਰੀਂ। ਤੂੰ ਮੇਰੇ ਦੁੱਖ ਦੂਰ ਕਰ ਦੇ ਅਤੇ ਮੈਨੂੰ ਅਪਵਿੱਤਰ ਤੋਂ ਪਵਿੱਤਰ ਬਣਾ ਲੈ। ਨਿਰਬਲਤਾ ਕਾਰਨ ਮੇਰਾ ਸਰੀਰ ਚਾਹੇ ਛੁਟ ਜਾਵੇ ਪਰ ਮੈਂ ਤੇਰੇ ਚਰਨ ਨਹੀਂ ਛੱਡ ਸਕਦਾ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਂ ਤੇਰੇ ਦੁਆਰੇ ਢਹਿ ਪਿਆ ਹਾਂ, ਤੂੰ ਛੇਤੀ ਤੋਂ ਛੇਤੀ ਆਪਣੇ ਸੇਵਕ ਨੂੰ ਆਪਣੇ ਅੰਗ ਲਾ ਲੈ।

ਸਹ ਕੀ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ॥[ਸ]
ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥[ਹ]
ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥
ਦੁਖੀ ਦੁਹਾਗਨਿ ਦੁਇ ਪਖ ਹੀਨੀ॥ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥[ਕ]
ਪੁਰ ਸਲਾਤ ਕਾ ਪੰਥੁ ਦੁਹੇਲਾ॥ ਸੰਗਿ ਨ ਸਾਥੀ ਗਵਨੁ ਇਕੇਲਾ॥[ਖ]
ਦੁਖੀਆ ਦਰਦਵੰਦੁ ਦਰਿ ਆਇਆ॥ ਬਹੁਤੁ ਪਿਆਸ ਜਬਾਬੁ ਨ ਪਾਇਆ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥ ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥[24]

ਪਤੀ ਦੇ ਮਿਲਾਪ ਦਾ ਅਨੰਦ ਕੋਈ ਸੁਹਾਗਣ ਹੀ ਜਾਣਦੀ ਹੈ। ਪਰਮਾਤਮਾ ਨਾਲ ਮਿਲਾਪ ਕਰ ਚੁੱਕੀ ਆਤਮਾ ਹੀ ਉਸ ਦੇ ਮਿਲਾਪ ਦੇ ਅਦਭੁਤ ਅਨੰਦ ਨੂੰ

ੳ. **ਸੁਭਾਈ**=ਸੁੰਦਰ ਜਾਂ ਪਵਿੱਤਰ ਭਾਵ। ਅ. **ਕਲ**=ਤਾਕਤ, ਸ਼ਕਤੀ। ੲ. **ਸਾਭਾ**=ਦਰਬਾਰ। ਸ. **ਸਹ**=ਸੁਆਮੀ; **ਸਾਰ**=ਅਸਲੀ ਅਨੰਦ; **ਸੁਹਾਗਨਿ**=ਜੋ ਪਤੀ ਦੀ ਪਿਆਰੀ ਹੋਵੇ, ਜਿਸਨੂੰ ਪਤੀ ਦਾ ਮਿਲਾਪ ਪ੍ਰਾਪਤ ਹੋਵੇ। ਹ. **ਅਵਰਾ**=ਦੂਸਰੇ ਨੂੰ; **ਅਭਾਖੈ**=ਨਹੀਂ ਬੋਲਣਾ। ਕ. **ਦੁਈ... ਹੀਨੀ**=ਲੋਕ-ਪਰਲੋਕ ਦੋਵਾਂ ਤੋਂ ਦੁਖੀ; **ਨਾਹ**=ਪਤੀ। ਖ. **ਪੁਰ ਸਲਾਤ**=ਇਸਲਾਮ ਮਤ ਦੇ ਅਨੁਸਾਰ ਨਰਕ ਦੇ ਉੱਤੋਂ ਦੀ ਜਾਣ ਵਾਲਾ ਪੁਲ ਜੋ ਵਾਲ ਵਾਂਗ ਬਰੀਕ ਹੈ ਅਤੇ ਜਿਸ ਦੇ ਦੋਵੇਂ ਪਾਸੇ ਨੀਚੇ ਨਰਕ ਕੁੰਡ ਬਣਿਆ ਹੈ। ਪਾਪੀ ਜੀਵ ਇਸ ਪੁਲ ਨੂੰ ਪਾਰ ਨਾ ਕਰਕੇ ਨਰਕ ਵਿਚ ਗੋਤੇ ਲਗਾਉਂਦੇ ਹਨ; **ਗਵਨੁ**=ਚਲਣਾ, ਯਾਤਰਾ ਕਰਨਾ।

ਮਾਣਦੀ ਹੈ। ਹਉਮੈਂ ਜਾਂ ਆਪਾ-ਭਾਵ ਤਿਆਗ ਕੇ ਹੀ ਸੁਹਾਗਣ ਪ੍ਰੀਤਮ ਦੇ ਮਿਲਾਪ ਦਾ ਅਨੰਦ ਮਾਣ ਸਕਦੀ ਹੈ। ਉਹ ਆਪਣਾ ਤਨ, ਮਨ ਪ੍ਰੀਤਮ ਨੂੰ ਅਰਪ ਦਿੰਦੀ ਹੈ। ਉਹ ਆਪਣੇ ਪਤੀ ਤੋਂ ਬਿਨਾਂ ਕਿਸੇ ਦੂਜੇ ਵੱਲ ਨਹੀਂ ਦੇਖਦੀ, ਉਹ ਨਾ ਕਿਸੇ ਦੂਜੇ ਦੀ ਗੱਲ ਸੁਣਦੀ ਹੈ ਅਤੇ ਨਾ ਹੀ ਕਿਸੇ ਦੂਜੇ ਤੋਂ ਕੋਈ ਆਸ ਰੱਖਦੀ ਹੈ। ਜਿਸ ਨੂੰ ਖ਼ੁਦ ਬਿਰਹਾ ਦੀ ਪੀੜ ਨਹੀਂ ਲੱਗੀ, ਉਹ ਕਿਸੇ ਦੂਸਰੇ ਦੀ ਪੀੜ ਨੂੰ ਕਿਵੇਂ ਸਮਝ ਸਕਦੀ ਹੈ? ਪਰਮਾਤਮਾ ਰੂਪੀ ਪ੍ਰੀਤਮ ਤੋਂ ਬੇਮੁਖ ਹੋਈ ਬਦ-ਕਿਸਮਤ ਆਤਮਾ ਲੋਕ-ਪਰਲੋਕ ਦੋਹਾਂ ਵਿਚ ਦੁੱਖ ਪਾਉਂਦੀ ਹੈ। ਉਹਨੂੰ ਨਰਕਾਂ ਦੇ ਰਾਹ ਉੱਤੇ ਚੱਲਣਾ ਪੈਂਦਾ ਹੈ, ਜਿਸ ਵਿਚ ਕੋਈ ਉਹਦਾ ਸੰਗੀ-ਸਾਥੀ ਅਤੇ ਸਹਾਇਕ ਨਹੀਂ ਹੁੰਦਾ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਂ ਦੁੱਖਾਂ ਦਾ ਝੰਬਿਆ ਨਿਮਾਣਾ ਪ੍ਰਾਣੀ ਤੇਰੇ ਦੁਆਰੇ ਢਹਿ ਪਿਆ ਹਾਂ। ਮੈਨੂੰ ਤੇਰੇ ਦਰਸ਼ਨਾਂ ਦੀ ਪਿਆਸ ਸਤਾ ਰਹੀ ਹੈ। ਤੂੰ ਮੇਰੀ ਪਿਆਸ ਕਿਉਂ ਨਹੀਂ ਬੁਝਾਉਂਦਾ? ਹੇ ਪ੍ਰਭੂ! ਮੈਂ ਸਭ ਆਸਰੇ ਛੱਡ ਕੇ ਸਿਰਫ਼ ਤੇਰੀ ਸ਼ਰਨ ਵਿਚ ਆ ਗਿਆ ਹਾਂ; ਤੂੰ ਮੇਰੀ ਲਾਜ ਰੱਖ ਲੈ।

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥[ੳ]
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥ ਕਾਰਨ ਕਵਨ ਅਬੋਲ॥[ਅ]
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥[ੲ]
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥[25]

ਹੇ ਪ੍ਰਭੂ! ਮੇਰੇ ਵਰਗਾ ਨਿਮਾਣਾ ਅਤੇ ਦੁਖੀਆ ਕੋਈ ਨਹੀਂ, ਤੇਰੇ ਵਰਗਾ ਵੱਡਾ ਅਤੇ ਸਮਰੱਥ ਦਾਤਾ ਕੋਈ ਨਹੀਂ। ਜਦ ਤੂੰ ਦੀਨਾਂ ਉੱਤੇ ਦਇਆ ਕਰਨ ਲਈ ਪ੍ਰਸਿੱਧ ਹੈਂ ਅਤੇ ਮੇਰੇ ਵਰਗਾ ਵੱਡਾ ਦੀਨ ਕੋਈ ਨਹੀਂ ਹੈ ਤਾਂ ਤੂੰ ਮੇਰੇ ਉੱਤੇ ਦਇਆ ਕਿਉਂ ਨਹੀਂ ਕਰਦਾ? ਜਿਵੇਂ ਵੀ ਹੋਵੇ, ਤੂੰ ਆਪਣੇ ਦੁਆਰੇ ਆਏ ਨੂੰ ਦਇਆ ਦੀ ਭੀਖ ਪਾ ਦੇ। ਮੈਂ ਤੇਰੇ ਤੋਂ ਬਲਿਹਾਰ ਜਾਂਦਾ ਹਾਂ ਪਰ ਤੂੰ ਮੇਰੇ ਨਾਲ ਬੋਲਦਾ ਕਿਉਂ ਨਹੀਂ? ਹੇ ਪ੍ਰਭੂ! ਮੈਂ ਅਨੇਕ ਜਨਮਾਂ ਦਾ ਤੈਥੋਂ ਵਿੱਛੜਿਆ ਹੋਇਆ ਸੀ, ਹੁਣ ਮੈਂ ਇਹ ਜਨਮ ਪੂਰੀ ਤਰ੍ਹਾਂ ਤੇਰੀ ਸੇਵਾ ਲਈ ਅਰਪਣ ਕਰ ਦਿੱਤਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਤੇਰੇ ਦਰਸ਼ਨ ਕੀਤੇ ਜੁਗ ਬੀਤ ਗਏ ਹਨ। ਮੈਂ ਸਿਰਫ਼ ਇਸ ਆਸ ਉੱਤੇ ਜ਼ਿੰਦਾ ਹਾਂ ਕਿ ਤੇਰੇ ਦਰਸ਼ਨ ਜ਼ਰੂਰ ਹੋਣਗੇ।

ੳ. ਸਰਿ=ਬਰਾਬਰ ਦਾ; ਪਤੀਆਰੁ=ਵਿਸ਼ਵਾਸ। ਅ. ਰਮਈਆ=ਪਰਮਾਤਮਾ; ਅਬੋਲ=ਨਾ ਬੋਲਣਾ, ਚੁੱਪ ਰਹਿਣਾ। ੲ. ਲੇਖੇ=ਹਿੱਸੇ ਵਿਚ, ਸੇਵਾ ਵਿਚ।

ਸੱਚੇ ਪ੍ਰੇਮ ਦਾ ਫਲ

ਪਰਮਾਤਮਾ ਨਾਲ ਮਿਲਾਪ ਦਾ ਇੱਕੋ-ਇੱਕ ਸਾਧਨ ਪ੍ਰੇਮ ਹੈ। ਪ੍ਰੇਮਾ-ਭਗਤੀ ਘੋਰ-ਪਾਪੀਆਂ ਦਾ ਵੀ ਉੱਧਾਰ ਕਰ ਦਿੰਦੀ ਹੈ। ਪਰਮਾਤਮਾ ਦੇ ਪ੍ਰੇਮ ਦੇ ਅੰਮ੍ਰਿਤ ਦੀ ਇੱਕ ਬੂੰਦ ਜਨਮਾਂ-ਜਨਮਾਂ ਦੀ ਜੁਦਾਈ ਦੀ ਪਿਆਸ ਬੁਝਾ ਦਿੰਦੀ ਹੈ ਅਤੇ ਜੰਮਣ-ਮਰਨ ਦਾ ਚੱਕਰ ਸਦਾ ਲਈ ਖ਼ਤਮ ਕਰ ਦਿੰਦੀ ਹੈ।

ਪ੍ਰੇਮ ਵਿਚ ਅਮਰ ਜੀਵਨ ਪ੍ਰਦਾਨ ਕਰਨ ਦੀ ਸ਼ਕਤੀ ਹੈ, ਪਰ ਇਹ ਅੰਮ੍ਰਿਤ ਪੀ ਉਹੀ ਸਕਦਾ ਹੈ ਜਿਹੜਾ ਜਿਊਂਦੇ-ਜੀ ਮਰਨ ਦੀ ਤਿਆਰੀ ਕਰਦਾ ਹੈ। ਜਿਊਂਦੇ-ਜੀ ਮਰਨ ਵਾਲਾ ਪ੍ਰੇਮੀ ਅਨੰਤ ਜਨਮਾਂ ਤੋਂ ਵਿਛੜੇ ਪ੍ਰੀਤਮ ਨੂੰ ਪਾ ਕੇ ਅਕਹਿ ਅਨੰਦ ਵਿਚ ਮਸਤ ਹੋ ਜਾਂਦਾ ਹੈ ਅਤੇ ਉਹਦਾ ਮਨੁੱਖ-ਜਨਮ ਸਫਲ ਹੋ ਜਾਂਦਾ ਹੈ।

ਜਾ ਦੇਖਿਆ ਘਿਨ ਊਪਜੈ, ਨਰਕ ਕੁੰਡ ਮਹਿ ਬਾਸ।
ਪ੍ਰਭ ਭਗਤਿ ਸੋਂ ਊਧਰੈ, ਪ੍ਰਗਟਤ ਜਨ 'ਰਵਿਦਾਸ'॥[26]

ਰਵਿਦਾਸ ਜੀ ਕਹਿੰਦੇ ਹਨ ਕਿ ਜਿਨ੍ਹਾਂ ਪਾਪੀਆਂ ਨੂੰ ਦੇਖਦੇ ਸਾਰ ਮਨ ਵਿਚ ਘ੍ਰਿਣਾ ਪੈਦਾ ਹੋ ਜਾਂਦੀ ਹੈ ਅਤੇ ਜਿਨ੍ਹਾਂ ਦਾ ਘੋਰ ਨਰਕ ਵਿਚ ਵਾਸਾ ਹੋਣਾ ਹੈ, ਉਹ ਵੀ ਪਰਮਾਤਮਾ ਦੀ ਭਗਤੀ ਦੁਆਰਾ ਭਵ-ਸਾਗਰ ਤੋਂ ਪਾਰ ਹੋ ਜਾਂਦੇ ਹਨ।

ਪ੍ਰੇਮ ਪੰਥ ਕੀ ਪਾਲਕੀ, 'ਰਵਿਦਾਸ' ਬੈਠਿਓ ਆਇ।
ਸਾਂਚੇ ਸਾਮੀ ਮਿਲਨ ਕੂੰ, ਆਨੰਦ ਕਹਿਓ ਨ ਜਾਇ॥[ੳ 27]

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਆਪਣੇ ਪ੍ਰੀਤਮ ਨਾਲ ਮਿਲਾਪ ਲਈ ਪ੍ਰੇਮ ਦੀ ਪਾਲਕੀ ਵਿਚ ਬੈਠ ਗਿਆ ਹਾਂ। ਹੁਣ ਮੇਰੇ ਅਨੰਦ ਦਾ ਕੋਈ ਪਾਰਾਵਾਰ ਨਹੀਂ ਹੈ।

ਇਕ ਬੂੰਦ ਸੌਂ ਬੁਝਿ ਗਈ, ਜਨਮ ਜਨਮ ਕੀ ਪਿਆਸ।
ਜਨਮ ਮਰਨ ਬੰਧਨ ਟੂਟਈ, ਭਏ 'ਰਵਿਦਾਸ' ਖਲਾਸ॥[ਅ 28]

ੳ. ਸਾਮੀ=ਸੁਆਮੀ। ਅ. ਖਲਾਸ=ਮੁਕਤ।

ਪ੍ਰੇਮ ਰੂਪੀ ਅੰਮ੍ਰਿਤ ਦੀ ਇੱਕ ਬੂੰਦ ਨੇ ਅਸੰਖ ਜਨਮਾਂ ਦੀ ਪਿਆਸ ਬੁਝਾ ਦਿੱਤੀ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰੇਮ ਨੇ ਜੰਮਣ-ਮਰਨ ਦਾ ਬੰਧਨ ਤੋੜ ਕੇ ਸੱਚੀ ਮੁਕਤੀ ਬਖ਼ਸ਼ ਦਿੱਤੀ ਹੈ।

ਦੇਹੁ ਕਲਾਲੀ ਯੇਕ ਪਿਆਲਾ, ਐਸਾ ਅਵਧੂ ਹੋਈ ਮਤਿਵਾਲਾ॥[ੳ]
ਕਹੈ ਕਲਾਲੀ ਪਿਆਲਾ ਦੇਊਂ, ਪੀਵਨ ਹਾਰੈ ਕਾ ਸਿਰ ਲੇਊਂ॥
ਐ ਰੀ ਕਲਾਲੀ ਤੈਂ ਕਿਆ ਕੀਆ, ਸਿਰ ਕੈ ਸਾਟੈ ਪਿਆਲਾ ਦੀਆ॥[ਅ]
ਸਿਰਕੈ ਸਾਟੈ ਮਹਿੰਗਾ ਭਾਰੀ, ਪੀਵੈਗਾ ਅਪਨਾ ਸਿਰ ਡਾਰੀ॥
ਚੰਦ ਸੂਰ ਦੋਊ ਸਨਮੁਖ ਹੋਇ, ਪੀਵੈ ਪਿਆਲਾ ਮਰੈ ਨ ਕੋਈ॥
ਸਹਿਜ ਸੁੰਨਿ ਮੇਂ ਭਾਟੀ ਸ੍ਰਵੈ, ਪੀਵੈ ਰਵਿਦਾਸ ਗੁਰਮੁਖਿ ਦ੍ਰਵੈ॥[ੲ][29]

ਜੋਗੀ ਕਹਿੰਦਾ ਹੈ: ਹੇ ਸ਼ਰਾਬ ਵੇਚਣ ਵਾਲੀ ਕਲਾਲਨ! ਮੈਨੂੰ ਸ਼ਰਾਬ ਦਾ ਇੱਕ ਪਿਆਲਾ ਦੇ-ਦੇ ਤਾਂ ਜੋ ਮੈਨੂੰ ਨਸ਼ਾ ਚੜ੍ਹ ਜਾਵੇ। ਕਲਾਲਨ ਕਹਿੰਦੀ ਹੈ : ਸ਼ਰਾਬ ਦੇ ਪਿਆਲੇ ਦੀ ਕੀਮਤ ਸਿਰ ਹੈ। ਜੋਗੀ ਕਹਿੰਦਾ ਹੈ : ਕਲਾਲਨ, ਤੂੰ ਇਹ ਕੀ ਕੀਤਾ, ਮੈਨੂੰ ਸਿਰ ਦੇ ਬਦਲੇ ਇਹ ਪਿਆਲਾ ਦਿੱਤਾ। ਕਲਾਲਨ ਕਹਿੰਦੀ ਹੈ : ਹਾਂ, ਇਹ ਪਿਆਲਾ ਬਹੁਤ ਮਹਿੰਗਾ ਹੈ ਅਤੇ ਸਿਰ ਦਿੱਤਿਆਂ ਹੀ ਪੀਤਾ ਜਾ ਸਕਦਾ ਹੈ। ਪਰ ਇਹ ਪਿਆਲਾ ਹੈ ਬਹੁਤ ਅਦਭੁਤ। ਇਸ ਨੂੰ ਪੀ ਕੇ ਚੰਦ ਅਤੇ ਸੂਰਜ ਸਾਹਮਣੇ ਆ ਜਾਂਦੇ ਹਨ ਅਤੇ ਇਹਨੂੰ ਪੀ ਕੇ ਅਮਰ ਜੀਵਨ ਮਿਲ ਜਾਂਦਾ ਹੈ। ਇਹ ਸ਼ਰਾਬ ਸਹਿਜ-ਸੁੰਨ ਦੀ ਭੱਠੀ ਵਿਚ ਕੱਢੀ ਜਾਂਦੀ ਹੈ।

ਰਵਿਦਾਸ ਜੀ ਦਾ ਭਾਵ ਹੈ ਕਿ ਪ੍ਰੇਮ ਦੀ ਮਸਤੀ ਹਉਮੈਂ ਦਾ ਤਿਆਗ ਕਰਨ ਉੱਤੇ ਪ੍ਰਾਪਤ ਹੁੰਦੀ ਹੈ ਅਤੇ ਇਸ ਦੀ ਪ੍ਰਾਪਤੀ ਤੇ ਆਤਮਾ ਅੰਦਰ ਰੂਹਾਨੀ ਮੰਡਲਾਂ ਵਿਚ ਚੜ੍ਹ ਜਾਂਦੀ ਹੈ ਜਿਥੇ ਇਹਦਾ ਪਰਮਾਤਮਾ ਦੇ ਸ਼ਬਦ ਦੇ ਅਨੰਦਮਈ ਅੰਮ੍ਰਿਤ ਨਾਲ ਮਿਲਾਪ ਹੋ ਜਾਂਦਾ ਹੈ ਅਤੇ ਇਹਨੂੰ ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਇਹ ਪ੍ਰੇਮ-ਪਿਆਲਾ ਕੇਵਲ ਕਿਸੇ ਪੂਰਨ ਸੰਤ ਜਾਂ ਗੁਰਮੁਖ ਦੀ ਸਹਾਇਤਾ ਨਾਲ ਹੀ ਪੀਤਾ ਜਾ ਸਕਦਾ ਹੈ।

ੳ. **ਕਲਾਲੀ**=ਸ਼ਰਾਬ ਵੇਚਣ ਵਾਲੀ; **ਅਵਧੂ**=ਯੋਗੀ, ਸਨਿਆਸੀ। ਅ. **ਸਾਟੈ**=ਬਦਲੇ ਵਿਚ। ੲ. **ਸਹਿਜ... ਸ੍ਰਵੈ**=ਸਹਿਜ ਮੰਡਲ (ਜੋ ਪਾਰਬ੍ਰਹਮ ਵਿਚ ਸ਼ੁਰੂ ਹੁੰਦਾ ਹੈ ਅਤੇ ਸੱਚਖੰਡ ਤੱਕ ਜਾਂਦਾ ਹੈ) ਅਤੇ ਸੁੰਨ ਮੰਡਲ (ਜੋ ਤੀਸਰਾ ਰੂਹਾਨੀ ਮੰਡਲ ਹੈ ਅਤੇ ਜਿਸਨੂੰ ਦਸਵਾਂ ਦੁਆਰ ਕਹਿੰਦੇ ਹਨ) ਵਿਚ ਇਸ ਮਦਿਰਾ ਦੇ ਤਿਆਰ ਕਰਨ ਦੀ ਭੱਠੀ ਹੈ ਜਿਥੋਂ ਇਹ ਮਦਿਰਾ ਦਾ ਰਸ ਟਪਕਦਾ ਹੈ; **ਦ੍ਰਵੈ**=ਕਿਰਪਾ ਕਰੇ।

ਪੀਆ ਰਾਮ ਰਸੁ ਪੀਆ ਰੇ॥
ਭਰਿ ਭਰਿ ਦੇਵੈ ਸੁਰਤਿ ਕਲਾਲੀ, ਦਰਿਆ ਦਰਿਆ ਪੀਨਾ ਰੇ।[ੳ]
ਪੀਵਤ ਪੀਵਤੁ ਆਪਾ ਜਗ ਭੂਲਾ, ਹਰਿ ਰਸ ਮਾਹਿੰ ਬੌਰਾਨਾ ਰੇ।[ਅ]
ਦਰ ਘਰਿ ਵਿਸਰਿ ਗਇਓ ਰਵਿਦਾਸਾ, ਉਨਮਨਿ ਸਦੁ ਮਤਵਾਰੀ ਰੇ।[ੲ]
ਪਲੁ ਪਲੁ ਪ੍ਰੇਮ ਪਿਯਾਲਾ ਚਾਲੈ, ਛੂਟੇ ਨਾਹਿੰ ਖੁਮਾਰੀ ਰੇ।।[ਸ] [30]

ਮੈਨੂੰ ਪਰਮਾਤਮਾ ਦੇ ਪ੍ਰੇਮ ਰਸ ਦਾ ਪਿਆਲਾ ਮਿਲ ਗਿਆ ਹੈ। ਸੁਰਤ ਰੂਪੀ ਕਲਾਲਨ ਮੈਨੂੰ ਪ੍ਰੀਤਮ ਦੇ ਪ੍ਰੇਮ ਦਾ ਪਿਆਲਾ ਭਰ-ਭਰ ਕੇ ਦਿੰਦੀ ਹੈ। ਇਉਂ ਭਾਸਦਾ ਹੈ ਜਿਵੇਂ ਮੈਂ ਪ੍ਰੇਮ ਰਸ ਦੀ ਪੂਰੀ ਨਦੀ ਨੂੰ ਪੀ ਜਾਵਾਂਗਾ। ਇਸ ਪ੍ਰੇਮ ਰਸ ਨੂੰ ਪੀ ਕੇ ਮੇਰੀ ਹਉਮੈਂ ਦਾ ਨਾਸ਼ ਹੋ ਗਿਆ ਹੈ, ਮੈਨੂੰ ਸੰਸਾਰ ਦੀ ਚਾਹ, ਪਰਵਾਹ ਨਹੀਂ ਰਹੀ ਅਤੇ ਮੈਂ ਪਰਮਾਤਮਾ ਦੇ ਪ੍ਰੇਮ ਵਿਚ ਬਾਵਰਾ ਹੋ ਗਿਆ ਹਾਂ। ਰਵਿਦਾਸ ਜੀ ਕਹਿੰਦੇ ਹਨ ਕਿ ਮੈਨੂੰ ਘਰ-ਬਾਹਰ ਦੀ ਸੁੱਧ-ਬੁੱਧ ਨਹੀਂ ਰਹੀ ਅਤੇ ਮੇਰਾ ਧਿਆਨ ਸਦਾ ਅੰਦਰਲੀ ਮਸਤੀ ਵਿਚ ਖੋਇਆ ਰਹਿੰਦਾ ਹੈ। ਮੇਰਾ ਅੰਦਰ ਪਲ-ਪਲ ਇਸ ਪ੍ਰੇਮ-ਰਸ ਨਾਲ ਭਰਦਾ ਜਾ ਰਿਹਾ ਹੈ ਅਤੇ ਮੇਰੀ ਮਸਤੀ ਵਿਚ ਨਿਰੰਤਰ ਵਾਧਾ ਹੁੰਦਾ ਜਾ ਰਿਹਾ ਹੈ।

ਹਮ ਘਰ ਆਇਹੁ ਰਾਮ ਭਤਾਰ, ਗਾਵਹੁ ਸਖੀ ਮਿਲ ਮੰਗਲਾਚਾਰ।[ਹ]
ਤਨ ਮਨ ਰਤ ਕਰਹਿੰ ਆਪੁਨੋ, ਤੌ ਕਹੁੰ ਪਾਇਹਿੰ ਪੀਵ ਪਿਆਰ।।[ਕ]
ਪੀਤਮ ਕੂੰ ਜੌ ਦਰਸਨ ਪਾਏ, ਮੰਨ ਮੰਦਰ ਮਹਿ ਭਯੋ ਉਜਿਆਰ।
ਹੌਂ ਮੜਈ ਤੈਂ ਨੌ ਨਿਧਿ ਪਾਈ, ਕ੍ਰਿਪਾ ਕੀਨ੍ਹੀ ਰਾਮ ਕਰਤਾਰ।।[ਖ]
ਬਹੁਤ ਜਨਮ ਤੈਂ ਬਿਛੁਰੇ ਪੀਵ ਪਾਇਓ, ਜਨਮ ਜਨਮ ਬਿਲਈ ਰਾਰ।[ਗ]
ਕਹਿ ਰਵਿਦਾਸ ਹੌਂ ਕਛੁ ਨਹਿੰ ਜਾਨੌਂ, ਚਰਨ ਕੰਵਲ ਮਹਿੰ ਤੁਵ ਮੁਰਾਰ।।[31]

ਮੇਰੇ ਘਰ ਮੇਰਾ ਮਾਲਕ, ਮੇਰਾ ਪਰਮਾਤਮਾ ਪਧਾਰਿਆ ਹੈ। ਸਭ ਸਖੀਆਂ ਮਿਲ ਕੇ ਮੰਗਲ ਗਾ ਰਹੀਆਂ ਹਨ। ਤਨ, ਮਨ ਨੂੰ ਪੂਰੀ ਤਰ੍ਹਾਂ ਪ੍ਰੀਤਮ ਵਿਚ ਲੀਨ ਕਰਨ

ੳ. **ਸੁਰਤਿ**=ਆਤਮਾ ਦੀ ਦੇਖਣ ਅਤੇ ਸੁਣਨ ਦੀਆਂ ਸ਼ਕਤੀਆਂ ਨੂੰ ਨਿਰਤ ਅਤੇ ਸੁਰਤ ਕਿਹਾ ਜਾਂਦਾ ਹੈ। ਸੁਰਤ ਦੁਆਰਾ ਅਨਹਦ ਨਾਦ ਦੇ ਅਤਿ ਮਧੁਰ-ਰਸ ਨੂੰ ਪੀ ਕੇ ਆਤਮਾ ਅਨੰਦ-ਮਗਨ ਹੋ ਜਾਂਦੀ ਹੈ; **ਦਰਿਆ**=ਨਦੀ। ਅ. **ਆਪਾ**=ਆਪਣੇ-ਪਨ ਦਾ ਭਾਵ। ੲ. **ਉਨਮਨਿ**=ਅੰਤਰ ਧਿਆਨ ਵਿਚ ਲੱਗਿਆ ਹੋਇਆ ਮਨ; **ਸਦ**=ਹਮੇਸ਼ਾਂ। ਸ. **ਖੁਮਾਰੀ**=ਨਸ਼ਾ, ਮਸਤੀ। ਹ. **ਭਤਾਰ**=ਪਤੀ, ਸੁਆਮੀ। ਕ. **ਰਤ**=ਲੀਨ। ਖ. **ਕਰਤਾਰ**=ਕਰਤਾ, ਪਰਮੇਸ਼ਰ। ਗ. **ਰਾਰ**=ਝਗੜਾ।

ਨਾਲ ਹੀ ਪ੍ਰੀਤਮ ਦਾ ਪਿਆਰ ਪ੍ਰਾਪਤ ਹੁੰਦਾ ਹੈ। ਜਦ ਪ੍ਰੀਤਮ ਦਾ ਦੀਦਾਰ ਹੋਇਆ ਤਾਂ ਮਨ ਰੂਪੀ ਮਹਿਲ ਪ੍ਰਕਾਸ਼ ਨਾਲ ਭਰ ਗਿਆ। ਜਦ ਉਸ ਪ੍ਰੀਤਮ ਦੀ ਦਇਆ ਹੋਈ ਤਾਂ ਸਰੀਰ ਰੂਪੀ ਮਾਮੂਲੀ ਝੌਂਪੜੀ ਦੀ ਵਾਸੀ ਇਹ ਜੀਵਾਤਮਾ ਨੂੰ ਨੌ ਨਿਧਾਂ ਪ੍ਰਾਪਤ ਹੋ ਗਈਆਂ। ਇਹਦਾ ਅਨੇਕ ਜਨਮਾਂ ਤੋਂ ਵਿਛੜੇ ਪ੍ਰੀਤਮ ਨਾਲ ਮਿਲਾਪ ਹੋ ਗਿਆ ਅਤੇ ਇਹ ਆਵਾਗਵਨ ਦੇ ਬੰਧਨਾਂ ਤੋਂ ਸਦਾ ਲਈ ਮੁਕਤ ਹੋ ਗਈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਂ ਅਗਿਆਨੀ ਤੇਰੇ ਚਰਨ-ਕੰਵਲਾਂ ਵਿਚ ਢਹਿ ਪਿਆ ਹਾਂ।

7. ਮਨ

ਮਨ ਦੀ ਚੰਚਲਤਾ

ਸਾਡੇ ਸਭ ਦੁੱਖਾਂ ਦਾ ਕਾਰਨ ਮਨ ਦਾ ਸੱਚ ਦੇ ਰਸਤੇ ਤੋਂ ਭਟਕ ਜਾਣਾ ਹੈ। ਆਤਮਾ, ਪਰਮਾਤਮਾ ਦੀ ਅੰਸ਼ ਹੈ। ਇਹ ਪਰਮਾਤਮਾ ਵਾਂਗ ਅਨੰਦ ਸਰੂਪ ਹੈ। ਪਰ ਜਦ ਇਹ ਪਰਮਾਤਮਾ ਤੋਂ ਮੂੰਹ ਮੋੜ ਕੇ ਮਨ ਦਾ ਸਾਥ ਲੈ ਲੈਂਦੀ ਹੈ ਤਾਂ ਮਨ ਇਹਨੂੰ ਆਪਣੇ ਨਾਲ ਇੰਦਰੀਆਂ ਦੇ ਭੋਗਾਂ, ਵਿਸ਼ੇ-ਵਿਕਾਰਾਂ ਅਤੇ ਅਨੇਕ ਤਰ੍ਹਾਂ ਦੇ ਕਰਮਾਂ ਵਿਚ ਫਸਾ ਦਿੰਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਮਨ ਦੇ ਨਾਲ-ਨਾਲ ਆਤਮਾ ਨੂੰ ਵੀ ਦੁੱਖ ਭੋਗਣੇ ਪੈਂਦੇ ਹਨ।

ਮਾਇਆ ਦਾ ਭਰਮਾਇਆ ਹੋਇਆ ਅਗਿਆਨੀ ਮਨ ਇਹ ਨਹੀਂ ਸਮਝਦਾ ਕਿ ਸੰਸਾਰ ਬਾਹਰੋਂ ਦੇਖਣ ਨੂੰ ਸੁੰਦਰ ਅਤੇ ਲੁਭਾਉਣਾ ਹੈ ਪਰ ਅੰਦਰੋਂ ਵਿਸ਼ਿਆਂ-ਵਿਕਾਰਾਂ ਦੇ ਜ਼ਹਿਰ ਨਾਲ ਭਰਿਆ ਹੋਇਆ ਹੈ। ਇਹ ਸੰਸਾਰ ਅਸਲ ਵਿਚ ਜ਼ਹਿਰ ਦਾ ਜੰਗਲ ਹੈ। ਮਨ ਮੂਰਖਤਾ ਵੱਸ ਇਸ ਦੇ ਫਲਾਂ ਦਾ ਸੁਆਦ ਭੋਗਣ ਲਈ ਕਦੇ ਇੱਕ ਬਿਰਛ ਵੱਲ ਦੌੜਦਾ ਹੈ ਕਦੇ ਦੂਜੇ ਵੱਲ। ਪਰ ਇਨ੍ਹਾਂ ਜ਼ਹਿਰੀਲੇ ਭੋਗਾਂ ਨਾਲ ਇਹਦੀ ਤ੍ਰਿਸ਼ਨਾ ਸ਼ਾਂਤ ਨਹੀਂ ਹੁੰਦੀ ਅਤੇ ਕੇਵਲ ਦੁੱਖ ਅਤੇ ਨਿਰਾਸ਼ਾ ਹੀ ਇਹਦੇ ਪੱਲੇ ਪੈਂਦੀ ਹੈ। ਫਿਰ ਵੀ ਇਹ ਮੂਰਖ ਮਨ ਆਪਣੀਆਂ ਹੋਛੀਆਂ ਕਰਤੂਤਾਂ ਨਹੀਂ ਤਜਦਾ। ਜਦ ਤੱਕ ਆਤਮਾ ਮਨ ਅਤੇ ਮਾਇਆ ਦੇ ਚੁੰਗਲ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਵੱਲ ਮੂੰਹ ਨਹੀਂ ਮੋੜਦੀ, ਇਹਦੇ ਦੁੱਖਾਂ ਦਾ ਕਦੇ ਅੰਤ ਨਹੀਂ ਹੋ ਸਕਦਾ।

ਆਤਮਾ ਨੂੰ ਮਨ ਅਤੇ ਮਾਇਆ ਤੋਂ ਛੁਟਕਾਰਾ ਦਿਵਾਉਣ ਲਈ ਸਭ ਤੋਂ ਪਹਿਲੋਂ ਮਨ ਨੂੰ ਨਿਰਮਲ ਕਰਨਾ ਜ਼ਰੂਰੀ ਹੈ। ਮਨ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਤਾਂ ਹੀ ਨਿਰਮਲ ਹੋ ਸਕਦਾ ਹੈ ਜਦੋਂ ਇਹਨੂੰ ਕਿਸੇ ਐਸੇ ਪੂਰਨ ਸੰਤ-ਮਹਾਤਮਾ ਦੀ ਸੰਗਤ ਪ੍ਰਾਪਤ ਹੋ ਜਾਵੇ ਜਿਸ ਨੇ ਆਪਣੇ ਚੰਚਲ ਮਨ ਨੂੰ ਨਿਹਚਲ ਕਰ ਲਿਆ ਹੋਵੇ। ਅਜਿਹਾ ਪੂਰਾ ਸੰਤ ਇੱਕ ਪਾਸੇ ਵਿਸ਼ੇ-ਵਿਕਾਰਾਂ ਦੇ ਵਿਨਾਸ਼ਕਾਰੀ ਅਤੇ

ਹਾਨੀਕਾਰਕ ਨਤੀਜਿਆਂ ਬਾਰੇ ਚਿਤਾਵਨੀ ਦੇ ਕੇ ਜੀਵ ਨੂੰ ਇਨ੍ਹਾਂ ਵਿਚੋਂ ਕੱਢਦਾ ਹੈ ਅਤੇ ਦੂਜੇ ਪਾਸੇ ਮਨ ਨੂੰ ਅੰਦਰ ਇਕਾਗਰ ਕਰਕੇ ਪਰਮਾਤਮਾ ਦੇ ਸ਼ਬਦ ਜਾਂ ਨਾਮ ਨਾਲ ਜੋੜਨ ਦੀ ਜੁਗਤੀ ਸਿਖਾਉਂਦਾ ਹੈ। ਇਸ ਤਰ੍ਹਾਂ ਮਨ ਨੂੰ ਅੰਦਰੋਂ ਸ਼ਬਦ ਜਾਂ ਨਾਮ ਦਾ ਉਹ ਅਲੌਕਿਕ ਰਸ ਮਿਲ ਜਾਂਦਾ ਹੈ ਕਿ ਇਹ ਆਪਣੇ ਆਪ ਇੰਦਰੀਆਂ ਦੇ ਭੋਗਾਂ ਨੂੰ ਤਜ ਕੇ ਅੰਦਰ ਮਗਨ ਹੋ ਜਾਂਦਾ ਹੈ। ਇਸ ਤਰ੍ਹਾਂ ਸਤਿਗੁਰੂ ਦੀ ਦੱਸੀ ਜੁਗਤੀ ਅਨੁਸਾਰ ਰੂਹਾਨੀ ਅਭਿਆਸ ਕਰਨ ਨਾਲ ਮਨ ਅੰਦਰ ਇਕਾਗਰ ਹੋ ਕੇ ਉਪਰਲੇ ਰੂਹਾਨੀ ਮੰਡਲਾਂ ਵਿਚ ਚੜ੍ਹ ਜਾਂਦਾ ਹੈ। ਮਨ ਦਾ ਸਰੋਤ ਦੂਜਾ ਰੂਹਾਨੀ ਮੰਡਲ ਤ੍ਰਿਕੁਟੀ ਹੈ। ਤ੍ਰਿਕੁਟੀ ਵਿਚ ਪਹੁੰਚ ਕੇ ਮਨ ਆਪਣੇ ਸਰੋਤ ਵਿਚ ਲੀਨ ਹੋ ਜਾਂਦਾ ਹੈ ਅਤੇ ਆਤਮਾ ਇਸ ਦੇ ਪੰਜੇ ਤੋਂ ਆਜ਼ਾਦ ਹੋ ਕੇ ਆਪਣੇ ਨਿਜ-ਘਰ ਪਹੁੰਚ ਕੇ ਪਰਮ-ਸੁਖ ਦੀ ਭਾਗੀ ਬਣ ਜਾਂਦੀ ਹੈ।

ਮੈਂ ਕਾ ਜਾਨੌਂ ਦੇਵ ਮੈਂ ਕਾ ਜਾਨੌਂ, ਮਨ ਮਾਇਆ ਕੇ ਹਾਥਿ ਬਿਕਾਨੌਂ।
ਚੰਚਲ ਮਨਵਾਂ ਚਹੁੰ ਦਿਸ ਧਾਵੈ, ਪਾਂਚੋ ਇੰਦ੍ਰੀ ਥਿਰ ਨ ਰਹਾਵੈ।
ਇਨ ਮਿਲਿ ਮੇਰੋ ਮਨ ਜੁ ਬਿਗਾਰਿਓ, ਦਿਨ ਦਿਨ ਹਰਿ ਜੀ ਸੂ ਅੰਤਰ ਪਾਰਿਓ।
ਤੁਮ ਤੌਂ ਆਹਿ ਜਗਤ ਗੁਰ ਸਵਾਮੀ, ਹਮ ਕਹੀਅਤ ਕਲ ਜੁਗ ਕੈ ਕਾਮੀ।[ੳ]
ਕਹਾ ਕਹੌਂ ਮੇਰੀ ਸੁਕ੍ਰਿਤ ਬੜਾਈ, ਲੋਕ ਲੀਕ ਮੋ ਪੈ ਤਜੀ ਨ ਜਾਈ।[ਅ]
ਸਨਕ ਸਨੰਦਨ ਮਹਾਮੁਨਿ ਗਿਆਨੀ, ਸੁਕ ਨਾਰਦ ਅਰੁ ਵਿਆਸ ਇਹੈ ਬਖਾਨੀ।
ਗਾਵਤ ਨਿਗਮ ਉਮਾਪਤਿ ਸਵਾਮੀ, ਸੇਸ ਸਹਸਮੁਖ ਕੀਰਤਿ ਗਾਮੀ।[ੲ]
ਜਹਾਂ ਜਹਾਂ ਜਾਊਂ ਤਹਾਂ ਦੁਖ ਕੀ ਰਾਸੀ, ਜੌਂ ਨ ਪਤਿਆਵਹੁ ਸਾਧ ਹੈਂ ਸਾਖੀ।[ਸ]
ਜਮ ਦੂਤਨ ਬਹੁ ਵਿਧਿ ਕਰਿ ਮਾਰਿਓ, ਤਉ ਨਿਲਜ ਮਨ ਅਜਹੂੰ ਨਹਿੰ ਹਾਰਿਓ।
ਹਰਿਪਦ ਵਿਮੁਖ ਆਸ ਨਹਿ ਛੂਟੈ, ਤਾਥੈਂ ਤ੍ਰਿਸਨਾ ਦਿਨ ਦਿਨ ਲੂਟੈ।
ਬਹੁ ਵਿਧ ਕਰਮ ਲਿਐਂ ਭਟਕਾਵੈ, ਤੁਮਹਿੰ ਦੋਸ ਹਰਿ ਕੌਨ ਲਗਾਵੈ।
ਕੇਵਲ ਰਾਮ ਨਾਮ ਨਹਿੰ ਲੀਆ, ਸਤਿਤ ਬਿਸ਼ੈ ਸਵਾਦ ਚਿਤ ਦੀਆ।[ਹ]
ਕਹੇ 'ਰਵਿਦਾਸ' ਕਹਾ ਲਗ ਕਹੀਐ, ਬਿਨ ਰਘੁਨਾਥ ਬਹੁਤ ਦੁਖ ਸਹੀਐ।[1]

ਹੇ ਪ੍ਰਭੂ! ਮੈਂ ਬੁਰੀ ਤਰ੍ਹਾਂ ਮਨ, ਮਾਇਆ ਦੇ ਹੱਥ ਵਿਕਿਆ ਹੋਇਆ ਹਾਂ ਮੈਂ ਤੇਰੀ ਗਤੀ ਕੀ ਸਮਝ ਸਕਦਾ ਹਾਂ? ਮੇਰਾ ਚੰਚਲ ਮਨ ਹਰ ਪਾਸੇ ਦੌੜਦਾ ਹੈ ਅਤੇ

ੳ. ਆਹਿ=ਹੋਵੇ। ਅ. ਸੁਕ੍ਰਿਤ=ਚੰਗੇ ਕਰਮ। ੲ. ਨਿਗਮ=ਵੇਦ। ਸ. ਰਾਸੀ=ਢੇਰ; ਸਾਖੀ=ਗਵਾਹ। ਹ. ਸਤਿਤ=ਹਮੇਸ਼ਾ।

ਮੇਰੀਆਂ ਪੰਜੇ ਇੰਦਰੀਆਂ ਸ਼ਾਂਤ ਨਹੀਂ ਹਨ। ਮਨ ਅਤੇ ਇੰਦਰੀਆਂ ਮੈਨੂੰ ਰੋਜ਼-ਰੋਜ਼ ਪਰਮਾਤਮਾ ਤੋਂ ਦੂਰ ਕਰਦੇ ਚਲੇ ਜਾ ਰਹੇ ਹਨ। ਹੇ ਪ੍ਰਭੂ! ਤੁਸੀਂ ਜਗਤ ਦੇ ਗੁਰੂ ਸੰਸਾਰ ਦੇ ਸੁਆਮੀ ਹੋ ਪਰ ਮੈਂ ਕਲਜੁਗੀ ਵਿਸ਼ਿਆਂ ਦਾ ਮਾਰਿਆ ਨਿਰਬਲ ਜੀਵ ਹਾਂ। ਮੈਂ ਆਪਣੇ ਕਿਹੜੇ ਨੇਕ ਗੁਣ ਦਾ ਵਰਨਨ ਕਰਾਂ? ਮੈਂ ਅਜਿਹਾ ਗਿਆ-ਗੁਜ਼ਰਿਆ ਹਾਂ ਕਿ ਮੈਂ ਪਿਤਾ-ਪੁਰਖੀ ਦੀ ਅੰਧ-ਵਿਸ਼ਵਾਸ ਉਤੇ ਟਿਕੀ ਲੀਕ ਤੱਕ ਨਹੀਂ ਛੱਡ ਸਕਦਾ।

ਹੇ ਪ੍ਰਭੂ! ਵਿਆਸ, ਨਾਰਦ, ਸ਼ੁਕਦੇਵ, ਸਨਕ, ਸਨੰਦਨ ਆਦਿ ਰਿਸ਼ੀਆਂ, ਮੁਨੀਆਂ ਅਤੇ ਗਿਆਨੀਆਂ ਨੇ ਤੇਰੀ ਮਹਿਮਾ ਗਾਈ ਹੈ। ਵੇਦ-ਸ਼ਾਸਤਰ, ਪਾਰਵਤੀ ਦਾ ਪਤੀ ਸ਼ਿਵ ਜੀ ਅਤੇ ਹਜ਼ਾਰ ਫੰਨ੍ਹਾਂ ਵਾਲਾ ਸ਼ੇਸ਼ਨਾਗ ਵੀ ਤੇਰੀ ਉਪਮਾ ਕਰਦਾ ਹੈ। ਮੇਰੀ ਬੁੱਧੀ ਏਨੀ ਮਲੀਨ ਹੈ ਕਿ ਮੈਂ ਤੇਰੇ ਵਰਗੇ ਸੁੱਖਾਂ ਦੇ ਭੰਡਾਰ ਨੂੰ ਤਜ ਕੇ ਸੰਸਾਰ ਦੇ ਦੁੱਖਾਂ ਭਰੇ ਵਿਸ਼ੇ-ਵਿਕਾਰਾਂ ਵੱਲ ਹੀ ਜਾਂਦਾ ਹਾਂ। ਮੈਂ ਅਨੇਕ ਵਾਰ ਜਮਾਂ ਦੀ ਮਾਰ ਖਾਧੀ ਹੈ ਪਰ ਫਿਰ ਵੀ ਮੇਰਾ ਢੀਠ ਮਨ ਕੁਕਰਮਾਂ ਤੋਂ ਬਾਜ਼ ਨਹੀਂ ਆਉਂਦਾ। ਇਹ ਪਰਮਾਤਮਾ ਤੋਂ ਬੇਮੁਖ਼ ਰਹਿੰਦਾ ਹੈ ਅਤੇ ਵਿਸ਼ਿਆਂ ਦੀ ਆਸ਼ਾ-ਤ੍ਰਿਸ਼ਨਾ ਦਾ ਤਿਆਗ ਨਹੀਂ ਕਰਦਾ। ਮਨ ਅਨੇਕ ਤਰ੍ਹਾਂ ਦੇ ਕਰਮਾਂ ਦਾ ਬੋਝਾ ਇਕੱਠਾ ਕਰ ਲੈਂਦਾ ਹੈ ਜਿਸ ਨਾਲ ਆਤਮਾ ਵੀ ਥਾਂ-ਪਰ-ਥਾਂ ਭਟਕਦੀ ਹੈ। ਹੇ ਪ੍ਰਭੂ! ਮੈਂ ਆਪਣੇ ਮਨ ਦੀਆਂ ਕਰਤੂਤਾਂ ਲਈ ਤੈਨੂੰ ਕਿਵੇਂ ਦੋਸ਼ ਦੇ ਸਕਦਾਂ ਹਾਂ? ਮੈਂ ਕਦੇ ਤੇਰਾ ਨਾਮ ਨਹੀਂ ਜਪਿਆ ਅਤੇ ਮੇਰਾ ਮਨ ਸਦਾ ਵਿਸ਼ੇ-ਵਿਕਾਰਾਂ ਵਿਚ ਹੀ ਖਚਿਤ ਰਿਹਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਦੇ ਨਾਮ ਨੂੰ ਤਜ ਕੇ ਮੈਂ ਜੋ-ਜੋ ਦੁੱਖ ਪਾਏ ਹਨ ਉਨ੍ਹਾਂ ਦਾ ਹਾਲ ਬਿਆਨ ਕਰ ਸਕਣਾ ਅਸੰਭਵ ਹੈ।

ਦੇਖਿ ਮੂਰਿਖਤਾ ਯਹੁ ਮਨ ਕੀ।
ਰਾਮ ਨਾਮ ਕੂੰ ਛਾਂਡਿ ਅਧਾਰੌਂ, ਗਹਿ ਓਟ ਛੁਦ ਤ੍ਰਿਨ ਕੀ।[ੳ]
ਅਭਿ ਅੰਤਰ ਰਾਮੁ ਨਹਿ ਜਾਨਿਓ, ਛਾਨਹੁ ਧੂਰਿ ਬਨ ਬਨ ਕੀ।
ਜਾ ਦਿਨ ਇਹ ਹੰਸਾ ਉਰਿ ਜਇ ਹੈ, ਛੋਰਿ ਠਠਰੀਆ ਤਨ ਕੀ।
ਧਨੁ ਦਾਰਾ ਮਹਿੰ ਰਹੋ ਲਪਟਾਨੋ, ਆਪਹੁ ਨਹਿੰ ਸੁਧਿ ਵਾ ਛਨ ਕੀ।[ਅ]
ਜਨ ਰਵਿਦਾਸ ਤਿਆਗੀ ਜਗ ਆਸਾ, ਲਹਹੁ ਓਟ ਹਰਿ ਚਰਨਨ ਕੀ।[ੲ][2]

ੳ. ਓਟ=ਸਹਾਰਾ; ਛੁਦ=ਤੁੱਛ; ਤ੍ਰਿਨ=ਤਿਨਕਾ, ਘਾਹ। ਅ. ਦਾਰਾ=ਇਸਤਰੀ। ੲ. ਲਹਹੁ=ਲੈਣਾ, ਪ੍ਰਾਪਤ ਕਰਨਾ।

ਮਨ ਦੀ ਮੂਰਖਤਾ ਦੇਖੋ ਕਿ ਇਹ ਪਰਮਾਤਮਾ ਦੇ ਅਵਿਨਾਸ਼ੀ ਅਤੇ ਸਮਰੱਥ ਨਾਮ ਦਾ ਸਹਾਰਾ ਛੱਡ ਕੇ ਸੰਸਾਰ ਦੇ ਤੁੱਛ ਅਤੇ ਨਾਸ਼ਵਾਨ ਪਦਾਰਥਾਂ ਦਾ ਸਹਾਰਾ ਲੈਂਦਾ ਹੈ। ਇਹ ਅੰਦਰ ਰਮੇ ਹੋਏ ਰਾਮ ਨੂੰ ਨਹੀਂ ਦੇਖਦਾ, ਬਾਹਰ ਜੰਗਲਾਂ-ਪਹਾੜਾਂ ਵਿਚ ਭਟਕਦਾ ਫਿਰਦਾ ਹੈ। ਇਹ ਧਨ-ਦੌਲਤ ਅਤੇ ਇਸਤਰੀ ਦੇ ਮੋਹ ਵਿਚ ਖੋ ਕੇ ਉਸ ਦਿਨ ਨੂੰ ਵੀ ਭੁੱਲਾ ਬੈਠਾ ਹੈ, ਜਿਸ ਦਿਨ ਆਤਮਾ ਰੂਪੀ ਹੰਸ ਸਰੀਰ ਰੂਪੀ ਕੋਠੜੀ ਵਿਚੋਂ ਉਡਾਰੀ ਮਾਰ ਜਾਵੇਗਾ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਭਗਤੋ! ਝੂਠੇ ਸੰਸਾਰ ਦੀ ਆਸ਼ਾ ਛੱਡ ਕੇ ਸੱਚੇ ਪਰਮਾਤਮਾ ਦੇ ਚਰਨ-ਕੰਵਲਾਂ ਦਾ ਆਸਰਾ ਲਵੋ।

ਮਨ ਮੋਰਾ ਮਾਇਆ ਮਹਿ ਲਪਟਾਨੋ॥
ਵਿਸਾ ਸਕਤ ਰਹਿਓ ਨਿਸਵਾਸਰ, ਅਜਹੂੰ ਨਹਿ ਅਘਾਨੋ [ੳ]
ਕਾਮੀ ਕੁਟਿਲ ਲਵਾਰ ਕੁਚਾਲੀ, ਸਮਝਇ ਨਹੀਂ ਸਮੁਝਾਨੋ॥
ਸਤਿ ਸੰਗਤ ਪਲੁ ਨਹੀਂ ਕੀਨਹੀ, ਮਨ ਮੂਰਿਖ ਬਹੁ ਗਰਵਾਨੋ॥
ਸੋਤ ਖਾਤ ਦਿਨ ਰੈਨ ਬਿਤਾਇ, ਤਾਹਿ ਮੈਂ ਰਸਨਾ ਸੁਖ ਮਾਨੋ॥[ਅ]
ਮਾਇਆ ਮਹਿ ਹਿਲ ਮਿਲਿ ਰਹਿਓ, ਫੋਕਟ ਸਾਟੇ ਜਨਮ ਗੰਵਾਨੋ॥[ੲ]
ਕਹਿ ਰਵਿਦਾਸ ਕਛੁ ਚੇਤ ਬਾਵਰੇ, ਰਾਮ ਨਾਮ ਵਿਨ ਨਹਿ ਉਵਰਾਨੋ॥[3]

ਮੇਰਾ ਮਨ ਬੁਰੀ ਤਰ੍ਹਾਂ ਮਾਇਆ ਵਿਚ ਖਚਿਤ ਹੈ। ਇਹ ਰਾਤ-ਦਿਨ ਵਿਸ਼ਿਆਂ ਵਿਚ ਲਿਪਤ ਰਹਿੰਦਾ ਹੈ, ਪਰ ਅੱਜ ਤੱਕ ਇਹਦੀ ਤ੍ਰਿਪਤੀ ਨਹੀਂ ਹੋਈ। ਇਹ ਕਾਮੀ, ਛਲੀਆ, ਝੂਠਾ ਅਤੇ ਦੁਰਾਚਾਰੀ ਮਨ, ਕਿਸੇ ਤਰ੍ਹਾਂ ਵੱਸ ਨਹੀਂ ਆਉਂਦਾ। ਇਹਦੇ ਅੰਦਰ ਹੰਕਾਰ ਕੁਟ-ਕੁਟ ਕੇ ਭਰਿਆ ਹੋਇਆ ਹੈ। ਇਹ ਆਪਣੇ ਆਪ ਨੂੰ ਏਨਾ ਵੱਡਾ ਸਮਝਦਾ ਹੈ ਕਿ ਪਲ ਭਰ ਲਈ ਵੀ ਸੰਤਾਂ ਦੇ ਸਤਿਸੰਗ ਵਿਚ ਜਾਣਾ ਪਸੰਦ ਨਹੀਂ ਕਰਦਾ। ਇਹ ਜੀਵਨ ਦਾ ਅਮੋਲਕ ਸਮਾਂ ਖਾਣ-ਪੀਣ ਅਤੇ ਸੌਣ ਵਿਚ ਬਰਬਾਦ ਕਰ ਦਿੰਦਾ ਹੈ। ਇਹ ਇੰਦਰੀਆਂ ਦੇ ਭੋਗਾਂ ਵਿੱਚੋਂ ਰਸ ਢੂੰਡਦਾ ਹੈ ਅਤੇ ਮਾਇਆ ਵਿਚ ਖੋ ਕੇ ਜਨਮ ਨਸ਼ਟ ਕਰ ਲੈਂਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਮੂਰਖ ਮਨ! ਤੂੰ ਕੁਝ ਤਾਂ ਹੋਸ਼ ਕਰ ਅਤੇ ਇਹ ਸਮਝਣ ਦਾ ਜਤਨ ਕਰ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਤੇਰਾ ਕਦੇ ਉੱਧਾਰ ਨਹੀਂ ਹੋ ਸਕਦਾ।

ੳ. **ਵਿਸਾ ਸਕਤ**=ਵਿਸ਼ਿਆ ਵਿਚ ਲੀਨ; **ਨਿਸਵਾਸਰ**=ਰਾਤ-ਦਿਨ; **ਅਜਹੂੰ**=ਅੱਜ ਵੀ। ਅ. **ਰੈਨ**=ਰਾਤ। ੲ. **ਸਾਟੇ**=ਬਦਲੇ ਵਿਚ।

ਐਸੋਈ ਹਰਿ ਕਿਉਂ ਪਾਇਬੋ, ਮਨ ਚੰਚਲੁ ਰੇ ਭਾਈ।
ਚਪਲ ਭਇਓ ਚਹੂੰਦਿਸ ਧਾਵਈ, ਰਾਖਿਓ ਨ ਰਹਾਈ॥[ੳ]
ਮੈਂ ਮੇਰੀ ਛੂਟਇ ਨਹਿੰ ਕਬਹੂੰ, ਮੈਮੰਤਾ ਮਦੂ ਬੀਧਿਓ।[ਅ]
ਲੋਭ ਮੋਹ ਮੰਹ ਰਹਿਓ ਰੂਝਾਨੌਂ, ਨਿਤ ਵਿਸ਼ਿਆ ਰਸ ਰੀਝਿਓ॥[ੲ]
ਡਿਅੰਭ ਕੋਹ ਮੋਹ ਮਾਇਆ ਬਸੁ, ਕਪਟ ਕੂੜ ਹੂ ਬੰਧਾਇਓ।[ਸ]
ਕਾਮ ਲੁਬਧੁ ਕੌਂ ਬਸਿ ਪਰਿਓ, ਕੁਲਕਾਂਨਿ ਛਾਂਡਿ ਬਿਕਾਇਓ॥[ਹ]
ਛਾਪਾ ਤਿਲਕ ਛਪੈਂ ਨਹੀਂ ਸੋਭਇ, ਜੌ ਲੌਂ ਕੇਸੌ ਨਹਿੰ ਗਾਇਓ।
ਸੰਜਮਿ ਰਹਿਓ ਨ ਹਰਿ ਹੂੰ ਸਿਮਰਿਯੌ, ਵਿਰਥਾ ਭ੍ਰਮਿਓ ਰੂ ਭ੍ਰਮਾਇਓ॥
ਅਨਿਕ ਕੌਤਗ ਕਲਾ ਕਾਛੈ ਕਛੇ, ਬਹੁਰ ਸਾਂਗ ਦਿਖਾਵੈਂ।[ਕ]
ਮੂਰਿਖ ਆਪਨ ਆਪੁ ਸਮੁਝਿ ਨਹਿੰ, ਔਰਨਿ ਕਾ ਸਮੁਝਾਵੈਂ॥
ਆਸ ਕਰੈ ਵੈਕੁੰਠ ਗਵਨ ਕਉ, ਚਲ ਮਨ ਕਭਹੁ ਨ ਥਿਰਾਇਓ।[ਖ]
ਜੌ ਲੌਂ ਮਨ ਵਸਿ ਨਹਿੰ ਹੂੰਤੌ, ਤੌਂ ਲਗਿ ਸਭੁ ਜੂਠਰਾਇਓ।[ਗ]
ਕਪਟ ਕੀਆਂ ਰੀਝਈ ਨਹਿੰ ਕੇਸੌ, ਜਗੁ ਕਰਤਾ ਨਹਿ ਕਾਂਚਾ।
ਕਹਿ ਰਵਿਦਾਸ ਭਜੌ ਹਰਿ ਮਾਧੌ, ਸੇਵਗ ਹਵੈ ਮਨ ਸਾਂਚਾ॥[4]

ਭਰਾਵਾ, ਤੇਰਾ ਮਨ ਚੰਚਲ ਹੈ। ਇਸ ਤਰ੍ਹਾਂ ਦੇ ਅੱਥਰੇ ਮਨ ਦੁਆਰਾ ਪਰਮਾਤਮਾ ਨਾਲ ਕਿਵੇਂ ਮਿਲਾਪ ਕੀਤਾ ਜਾ ਸਕਦਾ ਹੈ? ਚੰਚਲ ਮਨ ਹਰ ਪਾਸੇ ਦੌੜਦਾ ਹੈ ਅਤੇ ਰੋਕਿਆਂ ਨਹੀਂ ਰੁਕਦਾ। ਇਸ ਵਿਚ ਮੈਂ-ਮੇਰੀ ਅਤੇ ਹਉਮੈਂ ਕੁੱਟ-ਕੁੱਟ ਕੇ ਭਰੀ ਹੋਈ ਹੈ। ਇਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਜਕੜਿਆ ਹੋਇਆ ਹੈ ਅਤੇ ਇੰਦਰੀਆਂ ਦੇ ਭੋਗਾਂ ਵਿਚ ਮਸਤ ਹੈ। ਮੋਹ-ਮਾਇਆ ਦੇ ਕਾਰਨ ਇਹ ਦੰਭ ਅਤੇ ਦਿਖਾਵੇ ਦਾ ਸ਼ਿਕਾਰ ਹੈ। ਇਹ ਕਾਮ ਦੇ ਵੱਸ ਹੋ ਕੇ ਲੋਕ-ਲਾਜ ਨੂੰ ਵੀ ਭੁੱਲ ਜਾਂਦਾ ਹੈ। ਜਦ ਤੱਕ ਲਿਵ ਅੰਦਰ ਪਰਮਾਤਮਾ ਦੇ ਸੱਚੇ ਸ਼ਬਦ ਨਾਲ ਨਹੀਂ ਜੁੜਦੀ, ਬਾਹਰੋਂ ਸਰੀਰ ਉਤੇ ਸੰਖ ਅਤੇ ਚੱਕਰ ਆਦਿ ਛਾਪੇ ਜਾਂ ਤਿਲਕ ਲਾਉਣ ਦਾ ਕੋਈ ਲਾਭ ਨਹੀਂ। ਜੇ ਮਨ ਨੂੰ ਵੱਸ ਕਰਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਨਹੀਂ ਕੀਤਾ ਤਾਂ ਸਮਝੋ ਕਿ ਆਪ ਵੀ ਥੋਥੀ ਭਟਕਣਾ ਵਿਚ ਪਏ ਹੋਏ ਹਾਂ ਅਤੇ ਦੂਸਰਿਆਂ ਨੂੰ ਇਸੇ

ੳ. **ਚਪਲ**=ਚੰਚਲ। ਅ. **ਮਦੂ**=ਨਸ਼ਾ, ਅਭਿਮਾਨ। ੲ. **ਰੂਝਾਨੌਂ**=ਫੱਸ ਜਾਣਾ, ਮੋਹਿਤ ਹੋਣਾ। ਸ. **ਡਿਅੰਭ**=ਪਖੰਡ, ਅਡੰਬਰ; **ਕੋਹ**=ਕ੍ਰੋਧ; **ਕੂੜ**=ਕੂੜਾ, ਨਿਕੰਮੀ ਚੀਜ਼। ਹ. **ਕੁਲਕਾਂਨਿ**=ਲੋਕ-ਲਾਜ। ਕ. **ਸਾਂਗ**=ਸਵਾਂਗ ਵਿਖਾਉਣ ਲਈ ਭੇਖ ਧਾਰਨਾ। ਖ. **ਥਿਰਾਇਓ**=ਸਥਿਰ ਹੋਣਾ। ਗ. **ਜੂਠਰਾਇਓ**=ਜੂਠਾ ਹੋਣਾ, ਕਿਸੇ ਕੰਮ ਦਾ ਨਾ ਰਹਿਣਾ।

ਭਟਕਣਾ ਵਿਚ ਪਾ ਰਹੇ ਹਾਂ। ਪਖੰਡੀ ਲੋਕ ਕਈ ਤਰ੍ਹਾਂ ਦੇ ਤਮਾਸ਼ੇ ਦਿਖਾਉਂਦੇ ਹਨ ਅਤੇ ਕਈ ਤਰ੍ਹਾਂ ਦੇ ਭੇਖ ਧਾਰਦੇ ਹਨ। ਇਨ੍ਹਾਂ ਮੂਰਖਾਂ ਨੂੰ ਆਪਣੇ ਆਪ ਦਾ ਗਿਆਨ ਨਹੀਂ, ਇਹ ਦੂਸਰਿਆਂ ਨੂੰ ਜ਼ਰੂਰ ਉਪਦੇਸ਼ ਦਿੰਦੇ ਫਿਰਦੇ ਹਨ। ਇਹਨਾਂ ਦਾ ਮਨ ਕਦੇ ਪਲ ਭਰ ਲਈ ਨਿਹਚਲ ਨਹੀਂ ਹੋਇਆ ਅਤੇ ਆਸ ਇਹ ਬੈਕੁੰਠਾਂ ਵਿਚ ਜਾਣ ਦੀ ਲਾਈ ਬੈਠੇ ਹਨ। ਜਦ ਤੱਕ ਮਨ ਕਾਬੂ ਨਹੀਂ ਆਉਂਦਾ, ਹਰ ਤਰ੍ਹਾਂ ਦੇ ਕਰਮ-ਕਾਂਡ ਵਿਅਰਥ ਹਨ। ਜਗਤ ਦਾ ਰਚੇਤਾ ਪ੍ਰਭੂ ਅਨਜਾਣ ਬਾਲਕ ਨਹੀਂ ਹੈ। ਉਹਨੂੰ ਕਪਟ ਜਾਂ ਪਖੰਡ ਦੁਆਰਾ ਪ੍ਰਸੰਨ ਨਹੀਂ ਕੀਤਾ ਜਾ ਸਕਦਾ। ਰਵਿਦਾਸ ਜੀ ਕਹਿੰਦੇ ਹਨ ਕਿ ਸੱਚੇ ਦਿਲੋਂ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ ਤਾਂ ਜੋ ਉਹਦੀ ਪ੍ਰਸੰਨਤਾ ਪ੍ਰਾਪਤ ਕੀਤੀ ਜਾ ਸਕੇ।

ਰੇ ਮਨ ਮਾਂਛਲਾ ਸੰਸਾਰ ਸਮੁੰਦੇ, ਤੂੰ ਚਿਤਰ ਬਿਚਿਤ੍ਰ ਬਿਚਾਰਿ ਰੇ।
ਜੇਹਿ ਗਾਲੇ ਗਲੀਏ ਹੀ ਮਰੀਏ, ਸੋ ਸੰਗ ਦੂਰਿ ਨਿਵਾਰਿ ਰੇ।।[ੳ]
ਜਮ ਛੈ ਡਿਗਨ ਡੋਰਿ ਛੈ ਕੰਕਨ, ਪਰ ਤਿਯਾ ਲਾਗੋ ਜਾਨਿ ਰੇ।।[ਅ]
ਹੋਇ ਰਸ ਲੁਬੁਧ ਰਮੈ ਯੋਂ ਮੂਰਖ, ਮਨ ਪਛਿਤਾਵੈ ਅਜਾਨਿ ਰੇ।।[ੲ]
ਪਾਪ ਗੁਲੀਚਾ ਧਰਮ ਨਿਬੋਲੀ, ਦੇਖਿ ਦੇਖਿ ਫਲ ਚੀਖ ਰੇ।[ਸ]
ਪਰਤਿਰੀਆ ਸੰਗ ਭਲੋ ਜੌਂ ਹੋਵੈ, ਤੌ ਰਾਜਾ ਰਾਵਨ ਦੇਖ ਰੇ।।
ਕਹਿ ਰੈਦਾਸ ਰਤਨਫਲ ਕਾਰਨ, ਗੋਬਿੰਦ ਕਾ ਗੁਨ ਗਾਇ ਰੇ।
ਕਾਂਚੇ ਕੁੰਭ ਭਰੋ ਜਲ ਜੈਸੇ, ਦਿਨ ਦਿਨ ਘਟਤੋ ਜਾਇ ਰੇ।।[ਹ][5]

ਹੇ ਮਨ ਰੂਪੀ ਮੱਛੀ! ਤੂੰ ਸੰਸਾਰ ਰੂਪੀ ਸਮੁੰਦਰ ਵਿਚ ਦਿਖਾਈ ਦਿੰਦੇ ਰੰਗ-ਬ-ਰੰਗੇ ਤਮਾਸ਼ੇ ਦੇਖ ਕੇ ਨਾ ਭੁੱਲ। ਤੂੰ ਕੁੰਡੀ ਨੂੰ ਲੱਗੇ ਆਟੇ ਨੂੰ ਦੇਖ ਕੇ ਨਾ ਭੁੱਲ। ਜਿਹੜੀ ਚੀਜ਼ ਗਲ ਵਿਚ ਜਾਂਦੇ ਹੀ ਜਾਨ ਲੈ ਲਵੇਗੀ ਉਹਦੀ ਅਸਲੀਅਤ ਸਮਝਣ ਦੀ ਕੋਸ਼ਸ਼ ਕਰ। ਧਰਮਰਾਜ ਮੱਛੀ ਫਾਹੁਣ ਵਾਲਾ ਮਾਛੀ ਹੈ। ਇੰਦਰੀਆਂ ਦੇ ਭੋਗ ਇਹਦੀ ਕੁੰਡੀ ਹਨ। ਪਰਾਈ ਇਸਤਰੀ ਇਸ ਕੁੰਡੀ ਨੂੰ ਲੱਗਾ ਹੋਇਆ

ੳ. **ਗਾਲੇ**=ਜਿਸ ਨੂੰ ਗਲ ਵਿਚ ਪਾਉਣ ਨਾਲ, ਜਿਸ ਦਾ ਭੋਗ ਕਰਨ ਨਾਲ; **ਗਲੀਏ ਹੀ**=ਗਲ ਘੁੱਟ ਕੇ। ਅ. **ਛੈ**=ਹਨ; **ਡਿਗਨ**=ਮੱਛੀ ਮਾਰਨ ਵਾਲਾ; **ਕੰਕਨ**=ਗਹਿਣੇ, ਕਲਾਈ ਵਿਚ ਪਾਉਣ ਵਾਲਾ ਇੱਕ ਗਹਿਣਾ; **ਤਿਯਾ**=ਪਰਾਈ ਇਸਤਰੀ; **ਲਾਗੋ**=ਚਾਰਾ, ਮੱਛੀ ਫਸਾਉਣ ਲਈ ਕੁੰਡੀ ਅੱਗੇ ਲਾਇਆ ਚਾਰਾ। ੲ. **ਲੁਬੁਧ**=ਲੋਭੀ; **ਅਜਾਨਿ**=ਨਾਸਮਝ, ਅਨਾੜੀ। ਸ. **ਗੁਲੀਚਾ**=ਇੱਕ ਮਿੱਠੇ ਫਲ ਦਾ ਨਾਮ; **ਨਿਬੋਲੀ**=ਨਿੰਮ ਦਾ ਫਲ ਜੋ ਕੌੜਾ ਹੁੰਦਾ ਹੈ। ਹ. **ਕੁੰਭ**=ਘੜਾ।

ਆਟਾ ਹੈ ਪਰ-ਇਸਤਰੀ ਦੇ ਹਾਰ-ਸ਼ਿੰਗਾਰ ਕੁੰਡੀ ਦੀ ਡੋਰੀ ਹਨ ਪਰ ਮੱਛੀ ਵਾਂਗ ਉਸ ਦੀ ਖਿੱਚ ਦਾ ਮਾਰਿਆ ਮਨ ਅਨੰਤ ਕਾਲ ਤੱਕ ਆਪਣੇ ਕੀਤੇ ਹੋਏ ਕਰਮਾਂ ਲਈ ਪਛਤਾਉਂਦਾ ਹੈ। ਪਾਪ ਦਾ ਮੇਵਾ ਖਾਣ ਨੂੰ ਮਿੱਠਾ ਲੱਗਦਾ ਹੈ ਪਰ ਅਸਰ ਵਿਚ ਜ਼ਹਿਰੀਲਾ ਹੁੰਦਾ ਹੈ। ਧਰਮ ਜਾਂ ਨੇਕੀ ਨਿੰਮ ਦੇ ਪੱਤਿਆਂ ਵਾਂਗ ਕੌੜੀ ਪਰ ਉੱਤਮ ਅਸਰ ਵਾਲੀ ਵਸਤੂ ਹੈ। ਪਰਾਈ ਇਸਤਰੀ ਹਰਨ ਲਈ ਲੰਕਾ ਦੇ ਰਾਜੇ ਰਾਵਣ ਦੀ ਜੋ ਗਤੀ ਹੋਈ, ਉਹਨੂੰ ਯਾਦ ਰੱਖ। ਰਵਿਦਾਸ ਜੀ ਕਹਿੰਦੇ ਹਨ ਕਿ ਜੇ ਤੂੰ ਮਨੁੱਖ ਸਰੀਰ ਧਾਰਨ ਦਾ ਸੱਚਾ ਅਤੇ ਵਡਮੁੱਲਾ ਫਲ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਪਰਮਾਤਮਾ ਦੀ ਭਗਤੀ ਦੇ ਰੰਗ ਵਿਚ ਰੰਗਿਆ ਜਾ। ਜਿਵੇਂ ਕੱਚੇ ਘੜੇ ਵਿਚ ਰੱਖਿਆ ਪਾਣੀ ਪਲ-ਪਲ ਘਟਦਾ ਜਾਂਦਾ ਹੈ, ਉਸੇ ਤਰ੍ਹਾਂ ਤੇਰੇ ਨਾਸ਼ਵਾਨ ਸਰੀਰ ਦੀ ਸ਼ਕਤੀ ਪਲ-ਪਲ ਘਟਦੀ ਜਾ ਰਹੀ ਹੈ, ਇਸ ਲਈ ਤੂੰ ਪਰਮਾਤਮਾ ਨਾਲ ਪ੍ਰੇਮ ਕਰਨ ਵਿਚ ਢਿਲ ਨਾ ਕਰ।

ਸਮੁਝਿ ਮਨ ਨਿਤ ਨਿਰਮਲ ਜਸ ਗਾਈ।
ਰਘੁਪਤਿ ਪ੍ਰਭ ਕੇ ਚਰਣ ਸਰਣ ਤਜਿ, ਅਨਤ ਕਿਹੁੰ ਜਿਨਿ ਜਾਈ।।[ੳ]
ਯਹੁ ਸੰਸਾਰ ਸਘਨ ਬਨ ਵਿਸ਼ ਕੌ, ਤਾ ਮੈਂ ਬਹੁ ਦੁਖ ਦੰਦ ਵਿਆਲਾਈ।[ਅ]
ਰੂਪ ਰਵਣ ਕੇ ਉਨਮੁਸ਼ਿ ਮਾਨੁਖਾ, ਪਤੰਗ ਪੜੇ ਜਿਮਿ ਆਈ।।[ੲ]
ਕਾਮ ਕਲੇਸ ਪ੍ਰਥਮਿ ਜਗ ਪਾਸਿ, ਕੋਊ ਨ ਗਇਔ ਸਚੁ ਪਾਈ।[ਸ]
ਤਾ ਮੈਂ ਚੈਨ ਕਿਮਿ ਤੂ ਹੁਲਸੈ, ਸੁਣਿ ਮੂਰਿਖ ਸਤਿ ਭਾਈ।।
ਸਦਾ ਸੰਤਾਪ ਨਹਿ ਨਰ ਨਿਹਚਲ, ਕਿਮਿ ਛੂਟਿਹਿ ਇਹੁ ਕਾਈ।
ਕਹੈ ਰਵਿਦਾਸ ਭਜੋ ਹਰਿ ਚਰਣਾ, ਤਜ ਜਗ ਫੰਦ ਅਮੀ ਰਸ ਪਾਈ।।[6]

ਹੇ ਮਨ! ਤੂੰ ਚੰਗੇ-ਮੰਦੇ ਦਾ ਵਿਚਾਰ ਕਰ ਅਤੇ ਪਰਮਾਤਮਾ ਦੀ ਭਗਤੀ ਵਿਚ ਲੱਗ ਜਾ। ਤੂੰ ਪਰਮਾਤਮਾ ਦੇ ਚਰਨਾਂ ਦਾ ਆਸਰਾ ਛੱਡ ਕੇ ਕਿਸੇ ਦੂਸਰੇ ਦਾ ਆਸਰਾ ਨਾ ਲੈ। ਸੰਸਾਰ ਦੁੱਖਾਂ ਦੇ ਜ਼ਹਿਰੀਲੇ ਰੁੱਖਾਂ ਦਾ ਭਰਿਆ ਜੰਗਲ ਹੈ। ਪਤੰਗਾ ਦੀਵੇ ਦੀ ਲਾਟ ਉਤੇ ਮੋਹਿਤ ਹੋ ਕੇ ਸੜ ਕੇ ਮਰ ਜਾਂਦਾ ਹੈ। ਉਸੇ ਤਰ੍ਹਾਂ ਇੰਦਰੀਆਂ ਦੇ ਭੋਗਾਂ ਦੀ ਖਿੱਚ ਵਿਚ ਫਸਿਆ ਪ੍ਰਾਣੀ ਆਪਣਾ ਸੱਤਿਆਨਾਸ ਕਰ ਲੈਂਦਾ ਹੈ। ਕਾਮ ਮਨੁੱਖ ਨੂੰ ਸੰਸਾਰ ਦੇ ਬੰਧਨਾਂ ਨਾਲ ਬੰਨ੍ਹ ਕੇ ਰੱਖਣ ਵਾਲਾ ਸਭ ਤੋਂ

ੳ. **ਅਨਤ**=ਦੂਸਰੀ ਥਾਂ। ਅ. **ਦੰਦ**=ਝਗੜਾ; **ਵਿਆਲਾਈ**=ਬਲਾ, ਆਫ਼ਤ। ੲ. **ਰਵਣ**=ਰਮਣ, ਵਿਕਾਸ; **ਉਨਮੁਸ਼ਿ**=ਉਸ ਵੱਲ ਮੂੰਹ ਕਰਕੇ। ਸ. **ਕਲੇਸ**=ਕਲੇਸ਼; **ਪਾਸਿ**=ਫੰਦਾ, ਜਾਲ।

ਜ਼ੋਰਦਾਰ ਫੰਦਾ ਹੈ। ਇਸ ਫੰਦੇ ਵਿਚ ਫਸਿਆ ਜੀਵ ਕਦੇ ਪਰਮ-ਸਤਿ ਦੀ ਪ੍ਰਾਪਤੀ ਨਹੀਂ ਕਰ ਸਕਦਾ। ਕਾਮ-ਵਾਸਨਾ ਵਿਚ ਫਸਿਆ ਜੀਵ ਸੁਖ-ਚੈਨ ਦੀ ਆਸ ਕਿਵੇਂ ਰੱਖ ਸਕਦਾ ਹੈ? ਇਹ ਗੱਲ ਭਲੀਭਾਂਤ ਦ੍ਰਿੜ੍ਹ ਕਰਨ ਵਾਲੀ ਹੈ ਕਿ ਸੰਸਾਰ ਦੁੱਖਾਂ ਦਾ ਘਰ ਹੈ ਅਤੇ ਜੀਵਨ ਨਾਸ਼ਵਾਨ ਹੈ। ਇਸ ਛੋਟੇ ਜਿਹੇ ਜੀਵਨ ਵਿਚ ਦੁੱਖਾਂ ਦੇ ਕੋਹੜ ਤੋਂ ਕਿਵੇਂ ਛੁਟਕਾਰਾ ਹਾਸਲ ਕੀਤਾ ਜਾਵੇ? ਰਵਿਦਾਸ ਜੀ ਕਹਿੰਦੇ ਹਨ ਕਿ ਸੰਸਾਰ ਦੀ ਫਾਹੀ ਤੋਂ ਛੁਟਕਾਰੇ ਦਾ ਇੱਕੋ ਸਾਧਨ ਪਰਮਾਤਮਾ ਦੇ ਚਰਨਾਂ ਦੀ ਸ਼ਰਨ ਹੈ।

ਮਨ ਨੂੰ ਵੱਸ ਕਰਨ ਦਾ ਸਾਧਨ

ਮਨ ਲੱਜ਼ਤ ਜਾਂ ਸੁਆਦ ਦਾ ਆਸ਼ਕ ਹੈ। ਜਦ ਤੱਕ ਇਹਨੂੰ ਇੰਦਰੀਆਂ ਦੇ ਭੋਗਾਂ ਜਾਂ ਸੰਸਾਰ ਦੇ ਵਿਸ਼ੇ-ਵਿਕਾਰਾਂ ਤੋਂ ਉਚੀ-ਸੁੱਚੀ ਅਤੇ ਮਿੱਠੀ ਲੱਜ਼ਤ ਨਹੀਂ ਮਿਲਦੀ, ਇਹ ਕਦੇ ਵੀ ਇੰਦਰੀਆਂ ਦੇ ਭੋਗਾਂ ਦਾ ਮੋਹ ਨਹੀਂ ਤਜ ਸਕਦਾ। ਜਦ ਮਨ ਸਤਿਗੁਰੂ ਦੀ ਸ਼ਰਨ ਵਿਚ ਜਾਂਦਾ ਹੈ ਅਤੇ ਸਤਿਗੁਰੂ ਦੀ ਦੱਸੀ ਜੁਗਤੀ ਅਨੁਸਾਰ ਅੰਦਰ ਅੱਖਾਂ ਪਿੱਛੇ ਇਕਾਗਰ ਹੋ ਜਾਂਦਾ ਹੈ ਤਾਂ ਇਹਨੂੰ ਆਪਣੇ ਅੰਦਰ ਸ਼ਬਦ ਦੇ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ ਜਿਸ ਨਾਲ ਇਹਨੂੰ ਅਦਭੁਤ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਮਨ ਤੋਂ ਵਿਸ਼ੇ-ਵਿਕਾਰਾਂ ਦੇ ਰੰਗ ਉੱਤਰ ਜਾਂਦੇ ਹਨ ਅਤੇ ਪਰਮਾਤਮਾ ਦੇ ਪ੍ਰੇਮ ਦਾ ਰੰਗ ਚੜ੍ਹ ਜਾਂਦਾ ਹੈ। ਇਉਂ ਮਨ ਦੀ ਬਿਰਤੀ ਬਿਲਕੁਲ ਬਦਲ ਜਾਂਦੀ ਹੈ ਅਤੇ ਜੀਵਾਤਮਾ ਦਾ ਉੱਧਾਰ ਹੋ ਜਾਂਦਾ ਹੈ।

> ਗਗਨ ਮੰਡਲ ਪੀਅ ਰੂਪ ਸੋਂ, ਕੋਟ ਭਾਨ ਉਜਿਆਰ।[ੳ]
> 'ਰਵਿਦਾਸ' ਮਗਨ ਮਨੂਆ ਭਇਆ, ਪੀਆ ਨਿਹਾਰ ਨਿਹਾਰ।।[ਅ 7]

ਪ੍ਰੀਤਮ ਦੇ ਅਚਰਜ ਰੂਪ ਦੀ ਸੁੰਦਰਤਾ ਨਾਲ ਮੇਰਾ ਅੰਦਰ ਅਨੰਤ ਪ੍ਰਕਾਸ਼ ਨਾਲ ਭਰ ਗਿਆ ਹੈ ਅਤੇ ਮੇਰਾ ਮਨ ਪ੍ਰੀਤਮ ਦੇ ਇਸ ਮਨ-ਮੋਹਣੇ ਰੂਪ ਨੂੰ ਦੇਖ-ਦੇਖ ਕੇ ਮਸਤ ਹੋ ਗਿਆ ਹੈ।

> ਰਵਿਦਾਸ ਸਬਦਹਿ ਸਹਿ ਜਬਹਿ, ਸੁਖਹਿ ਇਕਮਿਕ ਹੋਈ।
> ਅਨੁਭੂਤਿ ਸੱਤਨਾਮਹ, ਸਵਯੰ ਦੇਤਹਿੰ ਲੋਈ।।[8]

ੳ. ਭਾਨ=ਸੂਰਜ। ਅ. ਮਨੂਆ=ਮਨ।

ਰਵਿਦਾਸ ਜੀ ਕਹਿੰਦੇ ਹਨ ਕਿ ਜਦੋਂ ਧਿਆਨ ਅੰਦਰ ਇਕਾਗਰ ਹੋ ਕੇ ਸ਼ਬਦ ਧੁਨ ਵਿਚ ਲੀਨ ਹੋ ਜਾਂਦਾ ਹੈ ਤਾਂ ਹਿਰਦਾ ਸੱਚੇ ਅਨੰਦ ਨਾਲ ਭਰ ਜਾਂਦਾ ਹੈ।

ਮਨੁ ਮੇਰੋ ਥਿਰੁ ਨ ਰਹਾਈ।
ਕੋਟਿ ਕੌਤਿਗ ਕਰਿ ਦਿਖਰਾਵੈ, ਇਤ ਉਤ ਜਗ ਮਹਿ ਧਾਈ।[ੳ]
ਮਾਇਆ ਮਮਿਤਾ ਮੋਹ ਲਪਟਾਨੋ, ਦਿਨ ਦਿਨ ਉਰਝਤ ਜਾਈ।
ਸੁਆਨ ਪੂਛ ਕਬੂ ਹੋਇ ਨ ਸੂਧੇ, ਕੀਜਹੁ ਲਾਖ ਉਪਾਈ।[ਅ]
ਗੁਰੂ ਕੌ ਗਯਾਂਨ ਪ੍ਰੇਮ ਕੀ ਸਾਂਟੀ, ਕੁਬੁਧ ਕੁਕਰਮ ਛੁਡਾਈ।[ੲ]
ਕਹਿ ਰਵਿਦਾਸ ਮਨ ਥਿਰੁ ਹਵੈਸੀ, ਚਲਿ ਸਬ ਛਾਂਡੀ ਗੁਰ ਸਰਣਾਈ।[9]

ਮੇਰਾ ਮਨ ਥਿਰ ਨਹੀਂ ਹੁੰਦਾ। ਇਹ ਹਰ ਪਾਸੇ ਦੌੜਦਾ ਫਿਰਦਾ ਹੈ ਅਤੇ ਕਰੋੜਾਂ ਚਲਾਕੀਆਂ ਅਤੇ ਸ਼ਰਾਰਤਾਂ ਕਰਦਾ ਹੈ। ਮੋਹ-ਮਮਤਾ ਵਿਚ ਫਸ ਕੇ ਇਹਦੀ ਹਾਲਤ ਦਿਨੋ-ਦਿਨ ਨਿੱਘਰਦੀ ਜਾਂਦੀ ਹੈ। ਕੁੱਤੇ ਦੀ ਪੂਛ ਕਿਸੇ ਤਰ੍ਹਾਂ ਸਿੱਧੀ ਨਹੀਂ ਹੋ ਸਕਦੀ ਭਾਵੇਂ ਲੱਖਾਂ ਜਤਨ ਕੀਤੇ ਜਾਣ, ਉਸੇ ਤਰ੍ਹਾਂ ਮਨ ਦਾ ਟੇਢਾਪਣ ਅਤੇ ਚੰਚਲਤਾ ਕਦੇ ਦੂਰ ਨਹੀਂ ਹੁੰਦੇ। ਸਿਰਫ਼ ਸਤਿਗੁਰੂ ਦੇ ਪ੍ਰੇਮ ਅਤੇ ਸਤਿਗੁਰੂ ਦੇ ਉਪਦੇਸ਼ ਅਨੁਸਾਰ ਭਜਨ-ਸਿਮਰਨ ਕਰਨ ਨਾਲ ਹੀ ਮਨ ਆਪਣੇ ਕੁਕਰਮ ਤਿਆਗ ਕੇ ਸਿੱਧੇ ਰਸਤੇ ਉੱਤੇ ਆਉਂਦਾ ਹੈ।

ਰਵਿਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਦੀ ਸ਼ਰਨ ਵਿਚ ਜਾਣ ਨਾਲ ਮਨ ਦੇ ਸਭ ਉਪੱਦਰ ਦੂਰ ਹੋ ਜਾਂਦੇ ਹਨ ਅਤੇ ਇਹ ਚੰਚਲਤਾ ਨੂੰ ਤਜ ਕੇ ਪੂਰੀ ਤਰ੍ਹਾਂ ਸ਼ਾਂਤ ਹੋ ਜਾਂਦਾ ਹੈ।

ਸੁ ਕਛੁ ਵਿਚਾਰਿਓ, ਤਾਥੈਂ ਮੇਰੋ ਮਨ ਥਿਰੁ ਹਵੈ ਰਹਿਓ।[ਸ]
ਹਰਿ ਰੰਗ ਲਾਗੋ ਤਾਥੈਂ, ਮੇਰੋ ਵਰਨ ਪਲਟਿ ਭਇਓ।[ਹ]
ਧੰਨਿ ਸੋ ਪੰਥੀ ਜਿਨ ਯਹੁ ਪੰਥ ਚਲਾਵਾ।[ਕ]
ਅਗਮ-ਗਵਨ ਮੈਂ ਗਮਿ ਦਿਖਲਾਵਾ।[ਖ]

ੳ. **ਕੌਤਿਗ**=ਚਾਲਬਾਜ਼ੀ। ਅ. **ਸੁਆਨ**=ਕੁੱਤਾ। ੲ. **ਸਾਂਟੀ**=ਡੰਡਾ। ਸ. **ਤਾਥੈਂ**=ਜਿਸ ਨਾਲ। ਹ. **ਪਲਟਿ**=ਰੂਪ-ਰੰਗ ਜਾਂ ਅਵਸਥਾ ਬਿਲਕੁਲ ਬਦਲ ਜਾਣਾ। ਕ. **ਧੰਨਿ**=ਧੰਨ। ਖ. **ਅਗਮ-ਗਵਨ**=ਜਿਥੇ ਜਾਣਾ ਔਖਾ ਹੋਵੇ; **ਗਮਿ**=ਪਹੁੰਚ।

ਅਬਰਨ ਬਰਨ ਕਥੈ ਜਿਨਿ ਕੋਈ, ਘਟਿ ਘਟਿ ਵਿਆਪਿ ਰਹਿਓ ਹਰਿ ਸੋਈ।[ੳ]
ਜਿਹਿੰ ਪਦ ਸੁਰਨਰ ਪ੍ਰੇਮ ਪਿਆਸਾ, ਸੋ ਪਦ ਰਮਿ ਰਹਿਔ ਰਵਿਦਾਸਾ।[ਅ 10]

ਉਹ ਕਿਹੜਾ ਸਾਧਨ ਹੈ ਜਿਸ ਦੁਆਰਾ ਮਨ ਥਿਰ ਹੋ ਜਾਵੇ? ਉਹ ਸਾਧਨ ਪਰਮਾਤਮਾ ਦਾ ਪ੍ਰੇਮ ਹੈ ਜਿਸ ਨਾਲ ਜੀਵ ਦਾ ਪੂਰਾ ਕਾਇਆ-ਕਲਪ ਹੋ ਜਾਂਦਾ ਹੈ। ਧੰਨ ਹੈ ਇਸ ਪ੍ਰੇਮ-ਮਾਰਗ ਦਾ ਰਾਹ ਦਿਖਾਉਣ ਵਾਲਾ ਸਤਿਗੁਰੂ, ਜਿਹੜਾ ਦੁਰਗਮ ਮੰਜ਼ਿਲ ਉੱਤੇ ਪਹੁੰਚਾ ਦਿੰਦਾ ਹੈ। ਕੋਈ ਨਹੀਂ ਕਹਿ ਸਕਦਾ ਕਿ ਪਰਮਾਤਮਾ ਨਿਰਗੁਣ ਹੈ ਕਿ ਸਰਗੁਣ, ਪਰ ਸਤਿਗੁਰੂ ਸਾਨੂੰ ਅੰਦਰ ਉਸ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਕਰਵਾ ਦਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਦੇਵਤਾ ਅਤੇ ਮਨੁੱਖ ਜਿਸ ਪਰਮੇਸ਼ਰ ਦੇ ਚਰਨਾਂ ਦੇ ਪਿਆਸੇ ਹਨ, ਸਤਿਗੁਰੂ ਦੀ ਕਿਰਪਾ ਨਾਲ ਮੇਰਾ ਉਹਦੇ ਚਰਨਾਂ ਵਿਚ ਵਾਸਾ ਹੋ ਗਿਆ ਹੈ।

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥[ੲ]
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥[ਸ]
ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥
ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ॥[ਹ]
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥[ਕ]
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥[11]

ਬੇਸ਼ੱਕ ਕਿਸੇ ਦਾ ਜਨਮ ਉੱਚੀ ਕੁਲ ਵਿਚ ਹੋਇਆ ਹੈ ਅਤੇ ਉਹ ਛੇ ਸ਼ੁਭ ਕਰਮ (ਦਾਨ ਦੇਣਾ, ਦਾਨ ਲੈਣਾ, ਵਿਦਿਆ ਦੇਣਾ, ਵਿਦਿਆ ਲੈਣਾ, ਯੱਗ ਕਰਨਾ, ਯੱਗ ਕਰਾਉਣਾ) ਵੀ ਕਰਦਾ ਹੈ, ਪਰ ਜੇ ਉਹਦੇ ਹਿਰਦੇ ਵਿਚ

ੳ. **ਅਬਰਨ ਬਰਨ**=ਰੂਪ-ਰੰਗ ਰਹਿਤ ਜਾਂ ਰੂਪ-ਰੰਗ ਯੁਕਤ; **ਘਟਿ ਘਟਿ**=ਹਰ ਹਿਰਦੇ ਵਿਚ। ਅ. **ਰਮਿ**=ਵਿਲਾਸ ਕਰਨਾ, ਲੀਨ ਹੋਣਾ। ੲ. **ਸੰਜੁਗਤੁ**=ਇਕੱਠਾ। ਸ. **ਚਰਨਾਰਬਿੰਦ**=ਚਰਨ-ਕੰਵਲ; **ਸੁਪਚ**=ਕੁੱਤੇ ਦਾ ਮਾਸ ਪਕਾਉਣ ਜਾਂ ਖਾਣ ਵਾਲਾ, ਚੰਡਾਲ। ਹ. **ਸੁਆਨ ਸਤ੍ਰੁ**=ਕੁੱਤੇ ਦਾ ਦੁਸ਼ਮਣ, ਕੁੱਤੇ ਨੂੰ ਮਾਰਨ ਵਾਲਾ; **ਅਜਾਤੁ**=ਨੀਚ ਜਾਤੀ; **ਲਾਵੈ**=ਪ੍ਰੇਮ ਕਰਨ ਕਰਕੇ। ਕ. **ਬਪੁਰਾ**=ਵਿਚਾਰੇ।

ਪਰਮਾਤਮਾ ਦੇ ਚਰਨ-ਕੰਵਲਾਂ ਦੀ ਪ੍ਰੀਤ ਨਹੀਂ ਹੈ ਤਾਂ ਉਹ ਚੰਡਾਲ ਸਮਾਨ ਹੈ। ਹੇ ਅਗਿਆਨੀ ਮਨ! ਤੂੰ ਹੋਸ਼ ਕਰ, ਤੂੰ ਬਾਲਮੀਕ ਰਿਸ਼ੀ ਦੀ ਮਿਸਾਲ ਦੇਖ ਕਿ ਉਹ ਪਰਮਾਤਮਾ ਦੀ ਭਗਤੀ ਦੁਆਰਾ ਕਿਸ ਗਤੀ ਤੋਂ ਕਿਸ ਉੱਚੀ ਪਦਵੀ ਨੂੰ ਪ੍ਰਾਪਤ ਹੋ ਗਿਆ। ਇਸੇ ਤਰ੍ਹਾਂ ਕੁੱਤੇ ਮਾਰਨ ਵਾਲਾ ਨੀਚ ਜਾਤੀ ਦਾ ਦੁਸ਼ਟ ਪਰਮਾਤਮਾ ਦੀ ਭਗਤੀ ਦੁਆਰਾ ਤਿੰਨਾਂ ਲੋਕਾਂ ਵਿਚ ਮਸ਼ਹੂਰ ਹੋ ਗਿਆ। (ਵੇਸਵਾ ਪ੍ਰੇਮੀ) ਅਜਾਮਿਲ, (ਵੇਸਵਾ) ਪਿੰਗਲਾ, (ਸ਼ਿਕਾਰੀ) ਲੁਧਿਆ ਅਤੇ (ਸਰਾਪਿਆ ਗੰਧਰਵ) ਕੁੰਚਰ—ਇਨ੍ਹਾਂ ਸਾਰਿਆਂ ਨੇ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ। ਰਵਿਦਾਸ ਜੀ ਕਹਿੰਦੇ ਹਨ ਕਿ ਜਦ ਐਸੀ ਨੀਚ ਬਿਰਤੀ ਵਾਲੇ ਪਾਪੀਆਂ ਦਾ ਨਿਸਤਾਰਾ ਹੋ ਗਿਆ ਤਾਂ ਪਰਮਾਤਮਾ ਦੀ ਭਗਤੀ ਤੇਰਾ ਪਾਰ-ਉਤਾਰਾ ਕਿਉਂ ਨਹੀਂ ਕਰੇਗੀ?

8. ਕਰਮ

ਕਰਮਾਂ ਦੇ ਬੰਧਨ ਵਿਚ ਬੱਝੇ ਜੀਵ

'ਜੈਸੀ ਕਰਨੀ ਵੈਸੀ ਭਰਨੀ', 'ਜੋ ਬੀਜੋਗੇ ਸੋ ਵੱਢੋਗੇ' : ਇਹ ਸ੍ਰਿਸ਼ਟੀ ਦਾ ਅਟੱਲ ਨਿਯਮ ਹੈ। ਇਸ ਦੇ ਨਾਲ ਹੀ ਆਵਾਗਵਨ ਦਾ ਨਿਯਮ ਜੁੜਿਆ ਹੋਇਆ ਹੈ। ਇੱਕ ਜਨਮ ਵਿਚ ਕੀਤੇ ਸਾਰੇ ਕਰਮਾਂ ਦਾ ਫਲ ਉਸੇ ਜਨਮ ਵਿਚ ਭੋਗ ਸਕਣਾ ਅਸੰਭਵ ਹੈ ਇਸ ਲਈ ਅਣਭੋਗੇ ਕਰਮਾਂ ਦਾ ਫਲ ਭੋਗਣ ਲਈ ਦੋਬਾਰਾ ਜਨਮ ਲੈਣਾ ਪੈਂਦਾ ਹੈ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਕਰਮਾਂ ਦਾ ਫਲ ਮਨੁੱਖ ਜੂਨੀ ਵਿਚ ਹੀ ਮਿਲੇ। ਅਨੇਕ ਕਰਮ ਅਜਿਹੇ ਹਨ ਜਿਨ੍ਹਾਂ ਦਾ ਫਲ ਭੋਗਣ ਲਈ ਕਈ ਤਰ੍ਹਾਂ ਦੀਆਂ ਨੀਵੀਆਂ ਜੂਨਾਂ ਵਿਚ ਜਾਣਾ ਪੈ ਸਕਦਾ ਹੈ। ਪੂਰਬਲੇ ਕਰਮ ਭੋਗਦੇ ਹੋਏ ਨਾਲ-ਨਾਲ ਨਵੇਂ ਕਰਮ ਵੀ ਹੁੰਦੇ ਰਹਿੰਦੇ ਹਨ, ਜਿਨ੍ਹਾਂ ਦਾ ਫਲ ਭੋਗਣ ਲਈ ਜੀਵ ਸਦਾ ਚੌਰਾਸੀ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ।

ਉਹ ਦਇਆਲੂ ਪਰਮਾਤਮਾ ਸੰਸਾਰ ਦਾ ਕਰਤਾ ਅਤੇ ਪ੍ਰਤਿਪਾਲਕ ਹੈ। ਉਹ ਸਾਰੀ ਕਾਇਨਾਤ ਦਾ ਰੋਜ਼ੀ-ਦਹਿੰਦ ਹੈ। ਜਿਸ ਜੀਵ ਨੂੰ ਉਹ ਪੈਦਾ ਕਰਦਾ ਹੈ, ਉਹਦੀ ਰੋਜ਼ੀ ਦਾ ਪ੍ਰਬੰਧ ਨਾਲ ਹੀ ਕਰ ਦਿੰਦਾ ਹੈ। ਪਰ ਅਸੀਂ ਪਰਮਾਤਮਾ ਦੀ ਦਇਆ ਅਤੇ ਸਮਰੱਥਾ ਦਾ ਭਰੋਸਾ ਤਜ ਕੇ ਆਪਣਾ ਸਾਰਾ ਸਮਾਂ ਪੇਟ ਦੇ ਧੰਦਿਆਂ ਵਿਚ ਹੀ ਖਰਚ ਕਰ ਦਿੰਦੇ ਹਾਂ। ਇਹੋ ਨਹੀਂ, ਮਾਇਆ ਦੇ ਲਾਲਚ ਵਿਚ ਲੱਗ ਕੇ ਅਸੀਂ ਖੋਟੇ ਤੋਂ ਖੋਟੇ, ਮੰਦੇ ਤੋਂ ਮੰਦੇ ਕਰਮਾਂ ਦੁਆਰਾ ਵੀ ਧਨ-ਦੌਲਤ ਅਤੇ ਦੁਨੀਆ ਦੀ ਐਸ਼ੋ-ਇਸ਼ਰਤ ਪਿੱਛੇ ਦੌੜਦੇ ਹਾਂ। ਅਸੀਂ ਭੁੱਲ ਜਾਂਦੇ ਹਾਂ ਕਿ ਇਹ ਸਭ ਵਸਤਾਂ ਨਾਸ਼ਵਾਨ ਹਨ ਪਰ ਇਨ੍ਹਾਂ ਨੂੰ ਇਕੱਠਾ ਕਰਨ ਲਈ ਕੀਤੇ ਪਾਪਾਂ ਦਾ ਫਲ ਸਾਨੂੰ ਖ਼ੁਦ ਭੋਗਣਾ ਪਵੇਗਾ। ਅਸੀਂ ਪਦਵੀ, ਹਕੂਮਤ, ਮਾਣ-ਵਡਿਆਈ ਹਾਸਲ ਕਰਨ ਲਈ ਕੀ-ਕੀ ਪਰਪੰਚ ਨਹੀਂ ਕਰਦੇ! ਅਤੇ ਇਨ੍ਹਾਂ ਦੀ ਪ੍ਰਾਪਤੀ ਉੱਤੇ ਹੰਕਾਰ ਨਾਲ ਫੁੱਲੇ ਨਹੀਂ ਸਮਾਉਂਦੇ। 'ਹੰਕਾਰਿਆ ਸੋ ਮਾਰਿਆ।' ਮਨੁੱਖ ਦੀ ਤਬਾਹੀ ਦਾ ਸਭ ਤੋਂ ਵੱਡਾ ਕਾਰਨ ਹੰਕਾਰ ਹੈ, ਪਰ ਅਸੀਂ ਸਭ ਤੋਂ ਵੱਧ

ਇਸ ਬੀਮਾਰੀ ਦਾ ਸ਼ਿਕਾਰ ਹੁੰਦੇ ਹਾਂ। ਸਾਨੂੰ ਇਸ ਗੱਲ ਦਾ ਚਿੱਤ-ਚੇਤਾ ਹੀ ਨਹੀਂ ਰਹਿੰਦਾ ਕਿ ਸਾਡੇ ਹਰ ਕਰਮ ਦਾ ਹਿਸਾਬ ਰੱਖਿਆ ਜਾ ਰਿਹਾ ਹੈ।

ਆਤਮਾ, ਪਰਮਾਤਮਾ ਦੀ ਅੰਸ਼ ਹੈ ਅਤੇ ਉਸ ਵਾਂਗ ਹੀ ਚੇਤਨ ਅਤੇ ਗਿਆਨ-ਰੂਪ ਹੈ। ਪਰ ਮਨ, ਇੰਦਰੀਆਂ ਦਾ ਸਾਥ ਲੈ ਕੇ ਅਵਿਦਿਆ ਜਾਂ ਅਗਿਆਨਤਾ ਦਾ ਸ਼ਿਕਾਰ ਹੋ ਗਈ ਹੈ। ਹੰਕਾਰ ਦਾ ਜਨਮ ਵੀ ਅਗਿਆਨਤਾ ਵਿੱਚੋਂ ਹੁੰਦਾ ਹੈ। ਅਗਿਆਨਤਾ ਵੱਸ ਹੀ ਹੰਕਾਰ ਦਾ ਸ਼ਿਕਾਰ ਹੁੰਦੇ ਹਾਂ ਅਤੇ ਅਗਿਆਨਤਾ ਵੱਸ ਹੀ ਵਕਤੀ ਲਾਭ ਲਈ ਐਸੇ ਭੈੜੇ-ਖੋਟੇ ਕਰਮ ਕਰ ਬੈਠਦੇ ਹਾਂ ਜਿਨ੍ਹਾਂ ਦਾ ਫਲ ਲੰਮੇ ਸਮੇਂ ਦੇ ਕਸ਼ਟਾਂ ਜਾਂ ਨਰਕਾਂ ਦੇ ਤਸੀਹਿਆਂ ਦੇ ਰੂਪ ਵਿਚ ਭੋਗਣਾ ਪੈਂਦਾ ਹੈ। ਸਾਡੀ ਅਗਿਆਨਤਾ ਹੀ ਸਾਨੂੰ ਇਸ ਆਵਾਗਵਨ ਦੇ ਚੱਕਰ ਨਾਲ ਬੰਨ੍ਹਣ ਵਾਲਾ ਸਭ ਤੋਂ ਵੱਡਾ ਕਾਰਨ ਹੈ। ਸਾਨੂੰ ਇਹ ਗੱਲ ਭਲੀਭਾਂਤ ਦ੍ਰਿੜ੍ਹ ਕਰ ਲੈਣੀ ਚਾਹੀਦੀ ਹੈ ਕਿ ਮਨੁੱਖ-ਜਨਮ ਚੌਰਾਸੀ ਦਾ ਸਭ ਤੋਂ ਅਖੀਰਲਾ ਡੰਡਾ ਹੈ। ਮਨੁੱਖ-ਜਨਮ ਬਹੁਤ ਸ੍ਰੇਸ਼ਟ ਕਰਮਾਂ ਕਾਰਨ ਮਿਲਦਾ ਹੈ ਅਤੇ ਇਹੋ ਚੌਰਾਸੀ ਜਾਂ ਕਰਮਾਂ ਦੇ ਜਾਲ ਤੋਂ ਛੁਟਕਾਰੇ ਦਾ ਇੱਕੋ ਅਸਲ ਮੌਕਾ ਹੈ। ਮਨ, ਮਾਇਆ ਅਤੇ ਕਾਲ ਨੇ ਸੰਸਾਰ ਵਿਚ ਵਿਸ਼ੇ-ਵਿਕਾਰਾਂ ਅਤੇ ਇੰਦਰੀਆਂ ਦੇ ਭੋਗਾਂ ਦਾ ਜ਼ਬਰਦਸਤ ਜਾਲ ਬੁਣਿਆ ਹੋਇਆ ਹੈ ਤਾਂ ਜੋ ਕੋਈ ਜੀਵ ਇਸ ਚੌਰਾਸੀ ਦੇ ਚੱਕਰ ਵਿੱਚੋਂ ਬਚ ਨਾ ਸਕੇ। ਕਰਮਾਂ ਦਾ ਕਾਨੂੰਨ ਜੀਵਾਂ ਨੂੰ ਕਾਲ ਦੇ ਜਾਲ ਵਿਚ ਫਸਾਈ ਰੱਖਣ ਵਾਲਾ ਸਭ ਤੋਂ ਤਾਕਤਵਰ ਅਤੇ ਖ਼ਤਰਨਾਕ ਸਾਧਨ ਹੈ। ਕਰਮਾਂ ਦਾ ਨਾਸ਼ ਕਰਨ ਵਾਲੀ ਇੱਕੋ ਸ਼ਕਤੀ 'ਪਰਮਾਤਮਾ ਦਾ ਨਾਮ' ਹੈ। ਪਰਮਾਤਮਾ ਨਿਹ-ਕਰਮੀ ਹੈ ਅਤੇ ਉਹਦਾ ਨਾਮ ਉਹਦਾ ਰੂਪ ਹੈ। ਉਸ ਨਾਮ ਵਿਚ ਲੀਨ ਹੋਣ ਨਾਲ ਜੀਵ ਦੇ ਕਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਹ ਵੀ ਨਿਹ-ਕਰਮੀ ਹੋ ਜਾਂਦਾ ਹੈ। ਇਸ ਨਾਮ ਦੀ ਪ੍ਰਾਪਤੀ ਪੂਰੇ ਗੁਰੂ ਤੋਂ ਹੁੰਦੀ ਹੈ। ਪੂਰੇ ਗੁਰੂ ਦੀ ਜੁਗਤੀ ਅਨੁਸਾਰ ਨਾਮ ਨਾਲ ਲਿਵ ਜੋੜਨ ਤੋਂ ਬਿਨਾਂ ਕਰਮਾਂ ਅਤੇ ਆਵਾਗਵਨ ਦੇ ਜਾਲ ਤੋਂ ਮੁਕਤੀ ਦਾ ਕੋਈ ਦੂਜਾ ਸਾਧਨ ਨਹੀਂ ਹੈ।

> ਕਹੁ ਰਵਿਦਾਸ ਭਇਓ ਜਬ ਲੇਖੋ॥[ੳ]
> ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥[1]

ਰਵਿਦਾਸ ਜੀ ਕਹਿੰਦੇ ਹਨ ਕਿ ਜਦ ਹਿਸਾਬ ਹੁੰਦਾ ਹੈ ਤਾਂ ਕੀਤੇ ਹੋਏ ਕਰਮ ਸਾਫ਼ ਸਾਹਮਣੇ ਆ ਜਾਂਦੇ ਹਨ।

ੳ. ਲੇਖੋ=ਹਿਸਾਬ।

ਕਾ ਤੂੰ ਸੋਵੈ ਜਾਗਿ ਦਿਵਾਨਾ, ਝੂਠਾ ਜੀਵਨ ਸਾਂਚਿ ਕਰਿ ਜਾਨਾ।[ੳ]
ਜੋ ਦਿਨ ਆਵੈ ਸੋ ਦੁਖ ਮੈਂ ਜਾਹੀਂ, ਕੀਜੈ ਕੂੰਚ ਰਹਿਆਂ ਸਚੁ ਨਾਹੀਂ।
ਸੰਗੀ ਚਲਿਓ ਹੈ ਹਮ ਭੀ ਚਲਨਾ, ਦੂਰਿ ਗਵਨ ਸਿਰ ਊਪਰਿ ਮਰਨਾ।।[ਅ]
ਜੋ ਕੁਛ ਬੋਵਾ ਲੂਨੀਐ ਸੋਈ, ਤਾ ਮੈਂ ਫੇਰ ਫਾਰ ਨਹਿ ਹੋਈ।[ੲ]
ਛਾਡਿਅ ਕੂਰ ਭਜੋ ਹਰਿ ਚਰਨਾ, ਤਾਕਾ ਮਿਟੈ ਜਨਮ ਅਰੁ ਮਰਨਾ।।[ਸ]
ਜਿਨਿ ਜੀਵ ਦੀਆ ਸੋ ਰਿਜਕ ਉਮਰਾਵੈ, ਘਟ ਘਟ ਭੀਤਰਿ ਰਹਟ ਚਲਾਵੈ।[ਹ]
ਕਰਿ ਬੰਦਿਗੀ ਛਾਂੜਿ ਮੈਂ ਮੇਰਾ, ਹਿਰਦੈ ਕਰੀਮ ਸੰਭਾਰਿ ਸੰਵੇਰਾ।।[ਕ]
ਆਗੈ ਪੰਥ ਖਰਾ ਹੈ ਝੀਨਾ, ਖਾਂਡੈ ਧਾਰ ਜਿਸਾ ਹੈ ਪੈਨਾ।[ਖ]
ਤਿਸ ਉਪਰਿ ਮਾਰਗ ਹੈ ਤੇਰਾ, ਪੰਥੀ ਪਥ ਸੰਵਾਰਿ ਸਬੇਰਾ।।
ਕਿਆ ਤੈਂ ਖਰਚਿਆ ਕਿਆ ਤੈਂ ਖਾਇਆ, ਚਲਿ ਦਰਿ-ਹਾਲ ਦਿਵਾਨਿੰ ਬੁਲਾਇਆ।[ਗ]
ਸਾਹਿਬ ਤੋ ਪੈ ਲੇਖਾ ਲੇਸੀ, ਭੀਰਿ ਪਰਿਆਂ ਭਰਿ ਭਰਿ ਦੇਸੀ।।[ਘ]
ਜਨਮ ਸਿਰਾਨਾ ਕਿਯਾ ਪਸਾਰਾ, ਸਾਂਝ ਪਰੀ ਚਹੂੰ ਦਿਸਿ ਅੰਧਿਆਰਾ।
ਕਹੈ ਰਵਿਦਾਸ ਨਾਦਾਨਿ ਦਿਵਾਨਾ, ਅਜਹੂੰ ਨ ਚੇਤੈ ਦੂਨੀ ਫੰਦ ਖਾਨਾ।।[ङ][2]

ਇਸ ਝੂਠੇ ਜੀਵਨ ਨੂੰ ਸੱਚ ਸਮਝਣ ਦੀ ਅਗਿਆਨਤਾ ਦੀ ਨੀਂਦ ਵਿਚ ਸੁੱਤੇ ਪ੍ਰਾਣੀ, ਇਸ ਨੀਂਦ ਵਿੱਚੋਂ ਜਾਗ! ਤੇਰੀ ਅਗਿਆਨਤਾ ਕਾਰਨ ਹੀ ਤੇਰਾ ਸਮਾਂ ਦੁੱਖਾਂ ਵਿਚ ਬੀਤ ਰਿਹਾ ਹੈ। ਤੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈ ਕਿ ਸੰਸਾਰ ਵਿਚ ਸਦਾ ਲਈ ਨਹੀਂ ਰਹਿਣਾ। ਏਥੋਂ ਇੱਕ ਦਿਨ ਜ਼ਰੂਰ ਜਾਣਾ ਪੈਣਾ ਹੈ। ਤੇਰਾ ਸਫ਼ਰ ਬਹੁਤ ਲੰਮਾ ਹੈ ਅਤੇ ਮੌਤ ਤੇਰੇ ਸਿਰ ਉੱਤੇ ਖੜ੍ਹੀ ਹੈ। ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਏਥੇ ਕੀਤੇ ਹੋਏ ਕਰਮਾਂ ਦਾ ਫਲ ਆਪ ਹੀ ਭੋਗਣਾ ਪੈਂਦਾ ਹੈ, ਇਸ ਲਈ ਵਿਅਰਥ ਦੇ ਧੰਦਿਆਂ ਨੂੰ ਤਜ ਕੇ ਉਸ ਸੱਚੇ ਪਰਮੇਸ਼ਰ ਨਾਲ ਲਿਵ ਜੋੜਨੀ ਚਾਹੀਦੀ ਹੈ, ਕਿਉਂਕਿ ਇਹੋ ਆਵਾਗਵਨ ਦੇ ਚੱਕਰ ਤੋਂ ਮੁਕਤੀ ਦਾ ਇੱਕੋ ਤਰੀਕਾ ਹੈ। ਜਿਸ ਪਰਮੇਸ਼ਰ ਨੇ ਤੈਨੂੰ ਜੀਵਨ ਦਿੱਤਾ ਹੈ, ਉਹ ਤੇਰੀ ਰੋਜ਼ੀ ਦਾ ਵੀ ਪ੍ਰਬੰਧ ਕਰੇਗਾ। ਜਿਸ ਤਰ੍ਹਾਂ ਕਿਸਾਨ ਬੀਜੀ ਹੋਈ ਫ਼ਸਲ ਨੂੰ ਪਾਣੀ ਦਿੰਦਾ ਹੈ,

---

ੳ. **ਦਿਵਾਨਾ**=ਮੂਰਖ਼। ਅ. **ਗਵਨ**=ਜਾਣਾ। ੲ. **ਲੂਨੀਐ**=ਕੱਟਣਾ। ਸ. **ਕੂਰ**=ਕੂੜਾ, ਨਿਕੰਮੀ ਚੀਜ਼। ਹ. **ਰਿਜਕ**=ਜੀਵਿਕਾ; **ਉਮਰਾਵੈ**=ਪੈਦਾ ਕਰਨਾ। ਕ. **ਕਰੀਮ**=ਕ੍ਰਿਪਾਲੂ, ਪਰਮਾਤਮਾ। ਖ. **ਖਰਾ**=ਤਿੱਖਾ; **ਝੀਨਾ**=ਬਰੀਕ; **ਖਾਂਡੈ**=ਤਲਵਾਰ; **ਪੈਨਾ**=ਤੇਜ਼। ਗ. **ਦਰਿ-ਹਾਲ**=ਛੇਤੀ; **ਦਿਵਾਨਿੰ**=ਵਜ਼ੀਰ, ਧਰਮਰਾਇ। ਘ. **ਭੀਰਿ ਪਰਿਆਂ**=ਕਠਿਨਾਈ ਵਿਚ ਪੈਣਾ। ङ. **ਨਾਦਾਨਿ**=ਮੂਰਖ਼, ਅਨਾੜੀ; **ਦੂਨੀ**=ਦੂਨੀਆ; **ਫੰਦ ਖਾਨਾ**=ਫਸਾਉਣ ਵਾਲਾ ਘਰ।

ਪਰਮਾਤਮਾ ਵੀ ਪੈਦਾ ਕੀਤੀ ਕਾਇਨਾਤ ਨੂੰ ਰਿਜ਼ਕ ਪਹੁੰਚਾਉਂਦਾ ਹੈ। ਤੂੰ ਇਹ ਗੱਲ ਸਮਝ ਲੈ ਕਿ ਜੋ ਕੁਝ ਹੁੰਦਾ ਹੈ ਪਰਮੇਸ਼ਰ ਦਾ ਕੀਤਾ ਹੁੰਦਾ ਹੈ।

ਮਨੁੱਖ ਦੀ ਹਉਮੈਂ ਅਤੇ ਮੈਂ-ਮੇਰੀ ਅਗਿਆਨਤਾ ਦੀ ਪੈਦਾਵਾਰ ਹੈ। ਮੌਤ ਤੋਂ ਬਾਦ ਜੀਵ ਨੂੰ ਖੰਡੇ ਦੀ ਧਾਰ ਵਰਗੇ ਤਿੱਖੇ ਅਤੇ ਕਠਨ ਮਾਰਗ ਉੱਤੇ ਚੱਲਣਾ ਪੈਂਦਾ ਹੈ। ਤੂੰ ਅੱਜ ਤੋਂ ਹੀ ਉਸ ਰਾਹ ਦੀ ਫ਼ਿਕਰ ਕਰ। ਧਰਮਰਾਜ ਦੇ ਦਰਬਾਰ ਵਿਚ ਕੀਤੇ ਹੋਏ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ। ਉਹ ਭਾਰੀ ਭੀੜ ਜਾਂ ਸੰਕਟ ਦਾ ਸਮਾਂ ਹੁੰਦਾ ਹੈ। ਤੂੰ ਉਸ ਸਮੇਂ ਨੂੰ ਭੁਲਾ ਕੇ ਜ਼ਿੰਦਗੀ ਦਾ ਕੀਮਤੀ ਵਕਤ ਦੁਨੀਆ ਦੇ ਫਜ਼ੂਲ ਦੇ ਧੰਦਿਆਂ ਵਿਚ ਬਰਬਾਦ ਕਰ ਲਿਆ ਹੈ। ਜਦ ਜ਼ਿੰਦਗੀ ਦੀ ਸ਼ਾਮ ਆ ਪਹੁੰਚਦੀ ਹੈ ਤਾਂ ਚਾਰੇ ਪਾਸੇ ਨਿਰਾਸ਼ਾ ਦਾ ਹਨੇਰਾ ਦਿਖਾਈ ਦਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਮੂਰਖ! ਤੂੰ ਸਾਵਧਾਨ ਹੋ ਕੇ ਇਹ ਸਮਝ ਲੈ ਕਿ ਮਾਇਆ ਨੇ ਤੈਨੂੰ ਸੰਸਾਰ ਨਾਲ ਬੰਨ੍ਹ ਕੇ ਰੱਖਣ ਲਈ ਜ਼ਬਰਦਸਤ ਜਾਲ ਵਿਛਾਇਆ ਹੋਇਆ ਹੈ। ਤੂੰ ਉਸ ਜਾਲ ਨੂੰ ਦੇਖਣ ਅਤੇ ਤੋੜਨ ਦਾ ਜਤਨ ਕਰ।

ਮਨ ਰੇ ਹਰਿ ਭਜ ਸਾਮ ਸਬੇਰੇ।
ਜੋ ਜਿਹਿ ਕਰੈ ਵੈਸਾ ਹੀ ਪਾਵੈ, ਕਰਮ ਫਲ ਤਤਿ ਕਾਲ ਨਿਬੇਰੇ।।[ੳ]
ਬਹੁਲੇ ਜਗਿ ਕਰੈ ਨਹੂ ਰਾਜਾ, ਮਨ ਮਹਿ ਭਈ ਬਡ਼ਾਈ।[ਅ]
ਕਰਿ ਹੰਕਾਰ ਸੱਤ ਰਿਸ਼ਿ ਰਥ ਜੋਏ, ਜੋਨਿ ਸਰਪਹੁ ਪਾਈ।।[ੲ]
ਮਨ ਮਹਿ ਦਰਪ ਕੀਓ ਥੌ ਰਾਵਣਿ, ਨਿਜ ਬਲ ਦੇਖਿ ਧਿਕਾਈ।
ਦਸਰਥ ਨੰਦਨ ਸਰ ਸੰਘਾਰਿਓ, ਲੰਕ ਬਭੀਸ਼ਣ ਪਾਈ।।[ਸ]
ਕੀਓ ਠਿਠੌਲੀ ਜਾਦਵ ਕਪਿਲ ਸੌਂ, ਮਨ ਮਹਿੰ ਕਪਟ ਰਚਾਇਆ।[ਹ]
ਕਰਿ ਨਯੰਦਾ ਸਾਧੂ ਹਰਿ ਜਨ ਕੀ, ਅੱਪਹੁ ਬੰਸ ਨਸਾਇਆ।।[ਕ]
ਯਹੁ ਸੰਸਾਰ ਕਜਲਿ ਕੂੰ ਕੋਠਰੀ, ਅਰੁ ਵਿਸ਼ ਹਉਂ ਰਾ ਕੂਵਾ।[ਖ]
ਕਹਿ ਰਵਿਦਾਸ ਹੌਮੈਂ ਜਗ ਖਾਇਆ, ਜਿਉਂ ਨਲਿਨੀ ਭੂ ਸੂਵਾ।।[ਗ 3]

ੳ. **ਤਤਿ ਕਾਲ**=ਛੇਤੀ; **ਨਿਬੇਰੇ**=ਫ਼ੈਸਲਾ ਕਰਨਾ। ਅ. **ਜਗਿ**=ਯੱਗ। ੲ. **ਸੱਤ ਰਿਸ਼ਿ**=ਸਪਤ-ਰਿਸ਼ੀ (ਸੱਤ ਰਿਸ਼ੀ); **ਜੋਏ**=ਜੋਣਾ। ਸ. **ਸਰ**=ਤੀਰ। ਹ. **ਠਿਠੌਲੀ**=ਮਖ਼ੌਲ। ਕ. **ਨਯੰਦਾ**=ਨਿੰਦਿਆ। ਖ. **ਵਿਸ਼ ਹਉਂ**=ਹੰਕਾਰ ਰੂਪੀ ਜ਼ਹਿਰ (ਹਉਮੈਂ)। ਗ. **ਨਲਿਨੀ**=ਤੋਤਾ ਫੜਨ ਵਾਲਾ ਜੰਤਰ; **ਭੂ ਸੂਵਾ**=ਤੋਤਾ ਬਣ ਕੇ।

ਹੇ ਮੇਰੇ ਮਨ! ਤੂੰ ਦਿਨ-ਰਾਤ ਪਰਮਾਤਮਾ ਦੇ ਨਾਮ ਦਾ ਜਾਪ ਕਰ। ਹਰ ਕਿਸੇ ਨੂੰ ਉਹਦੇ ਕੀਤੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ। ਨਾਹੁਸ਼, ਅਯੁਧਿਆ ਦਾ ਇੱਕ ਰਾਜਾ ਹੋਇਆ ਹੈ। ਕਿਹਾ ਜਾਂਦਾ ਹੈ ਕਿ ਉਹਨੇ ਭਾਰੇ ਯੱਗ ਕੀਤੇ ਜਿਸ ਨਾਲ ਉਹਨੂੰ ਇੰਦਰਲੋਕ ਦਾ ਰਾਜ ਮਿਲ ਗਿਆ। ਉਹਦੇ ਮਨ ਵਿਚ ਆਪਣੇ ਵੱਡਾ ਹੋਣ ਦਾ ਹੰਕਾਰ ਪੈਦਾ ਹੋ ਗਿਆ। ਹੰਕਾਰ ਵਿਚ ਆ ਕੇ ਉਹਨੇ ਸੱਤ ਰਿਸ਼ੀਆਂ ਨੂੰ ਆਪਣਾ ਰੱਥ ਖਿੱਚਣ ਲਈ ਘੋੜਿਆਂ ਵਾਂਗ ਜੋਅ ਲਿਆ। ਨਤੀਜਾ ਇਹ ਹੋਇਆ ਕਿ ਉਹਨੂੰ ਸੱਪ ਦੀ ਜੂਨ ਵਿਚ ਜਾਣਾ ਪਿਆ।[ੳ]

ਲੰਕਾਂ ਦੇ ਰਾਜੇ ਰਾਵਣ ਨੂੰ ਆਪਣੀ ਸ਼ਕਤੀ ਅਤੇ ਗਿਆਨ ਦਾ ਹੰਕਾਰ ਹੋ ਗਿਆ, ਜਿਸ ਕਾਰਨ ਭਗਵਾਨ ਰਾਮ ਦੇ ਹੱਥੋਂ ਉਹਦਾ ਸਰਬਨਾਸ਼ ਹੋ ਗਿਆ ਅਤੇ ਲੰਕਾ ਦਾ ਰਾਜ ਉਹਦੇ ਭਰਾ ਵਿਭੀਸ਼ਣ ਨੂੰ ਮਿਲ ਗਿਆ।[ਅ]

ਯਾਦਵਾਂ ਨੇ ਆਪਣੇ ਮਨ ਵਿਚ ਕਪਟ-ਭਾਵ ਰੱਖ ਕੇ ਕਪਿਲ ਮੁਨੀ ਨਾਲ ਮਜ਼ਾਕ ਕੀਤਾ ਅਤੇ ਇਸ ਤਰ੍ਹਾਂ ਸਾਧੂ ਅਤੇ ਪ੍ਰਭੂ-ਭਗਤ ਦੀ ਨਿੰਦਾ ਕੀਤੀ ਜਿਸ ਨਾਲ ਉਨ੍ਹਾਂ ਦੇ ਵੰਸ਼ ਦਾ ਨਾਸ਼ ਹੋ ਗਿਆ।[ੲ] ਇਹ ਸੰਸਾਰ ਕੱਜਲ ਦੀ ਕੋਠੜੀ ਅਤੇ

ੳ. ਨਾਹੁਸ਼ ਅਯੋਧਿਆ ਦੇ ਇੱਕ ਇਕਸ਼ਵਾਕੂ ਵੰਸ਼ੀ ਰਾਜਾ ਸਨ। ਅਨੇਕ ਯੱਗ ਕਰਨ ਦੇ ਫਲਸਰੂਪ ਉਹ ਇੰਦਰ ਨੂੰ ਹਟਾ ਕੇ ਇੰਦਰਲੋਕ ਦੇ ਰਾਜਾ ਬਣ ਗਏ। ਇੰਦਰਾਸਨ ਮਿਲਣ ਤੇ ਉਹ ਇੰਦਰਾਨੀ ਤੇ ਮੋਹਿਤ ਹੋ ਗਏ। ਪਰ ਇੰਦਰਾਨੀ ਨੇ ਉਸ ਨੂੰ ਸੁਨੇਹਾ ਭੇਜਿਆ, "ਸਪਤ ਰਿਸ਼ੀਆਂ ਤੋਂ ਆਪਣੀ ਪਾਲਕੀ ਉਠਵਾ ਕੇ ਸਾਡੇ ਮਹਿਲ ਵਿਚ ਆਉ, ਤਾਂ ਤੁਹਾਡੀ ਇੱਛਾ ਪੂਰੀ ਹੋ ਸਕਦੀ ਹੈ।" ਨਾਹੁਸ਼ ਦੇ ਆਦੇਸ਼ ਅਨੁਸਾਰ ਵਿਚਾਰੇ ਸਪਤ ਰਿਸ਼ੀ ਨਾਹੁਸ਼ ਨੂੰ ਪਾਲਕੀ ਵਿਚ ਬਿਠਾ ਕੇ ਇੰਦਰਾਨੀ ਦੇ ਮਹਿਲ ਵੱਲ ਹੌਲੀ-ਹੌਲੀ ਚੱਲ ਰਹੇ ਸਨ। ਇਸ ਤੇ ਨਾਹੁਸ਼ ਨੇ ਅਧੀਰ ਹੋ ਕੇ ਕਿਹਾ, "ਸਰਪ-ਸਰਪ" (ਜਲਦੀ ਚਲੋ, ਜਲਦੀ ਚਲੋ)। ਇਸ ਤੇ ਅਗਸਤਯ ਰਿਸ਼ੀ ਨੇ ਸੱਪ ਬਣ ਜਾਣ ਦਾ ਸਰਾਪ ਦੇ ਦਿੱਤਾ ਅਤੇ ਉਸ ਨੂੰ ਸੱਪ ਦੇ ਰੂਪ ਵਿਚ ਜਨਮ ਲੈਣਾ ਪਿਆ।

ਅ. ਇਹ ਸੰਕੇਤ ਰਾਮਾਇਣ ਦੀ ਪ੍ਰਸਿੱਧ ਕਥਾ ਵੱਲ ਹੈ।

ੲ. ਭਗਵਾਨ ਕ੍ਰਿਸ਼ਨ ਦੀ ਯਾਦਵ ਕੁਲ ਦੇ ਕੁਝ ਮੁੰਡਿਆਂ ਨੇ ਕਪਿਲ ਮੁਨੀ ਨਾਲ ਮਖ਼ੌਲ ਕੀਤਾ। ਉਹ ਇੱਕ ਮੁੰਡੇ ਨੂੰ ਕੁੜੀਆਂ ਵਾਲੇ ਕੱਪੜੇ ਪੁਆ ਕੇ ਅਤੇ ਉਹਦੇ ਪੇਟ ਉਤੇ ਬਾਟੀ ਬੰਨ੍ਹ ਕੇ ਰਿਸ਼ੀ ਕੋਲ ਲੈ ਗਏ ਅਤੇ ਪੁੱਛਣ ਲੱਗੇ ਕਿ ਤੁਸੀਂ ਆਪਣੀ ਜੋਤਸ਼ ਵਿੱਦਿਆ ਨਾਲ ਦੱਸੋ ਕਿ ਇਸ ਕੁੜੀ ਦੇ ਪੇਟੋਂ ਕੀ ਪੈਦਾ ਹੋਏਗਾ। ਕਪਿਲ ਮੁਨੀ ਨੇ ਸਰਾਪ ਦੇ ਦਿੱਤਾ ਕਿ ਇਹਦੇ ਪੇਟੋਂ ਉਹ ਪੈਦਾ ਹੋਵੇਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰ ਦੇਵੇਗਾ। ਉਹ ਮੁੰਡੇ ਡਰ ਗਏ। ਉਨ੍ਹਾਂ ਨੇ ਬਾਟੀ ਨੂੰ ਘਸਾ ਘਸਾ ਕੇ ਨਦੀ ਕਿਨਾਰੇ ਸੁੱਟ ਦਿੱਤਾ। ਉਸ ਜਗ੍ਹਾ ਤਲਵਾਰ ਦੀ ਧਾਰ ਵਰਗੀ ਤੇਜ਼ ਕਾਈ ਪੈਦਾ ਹੋ ਗਈ ਅਤੇ ਯਾਦਵ ਵੰਸ਼ੀ ਉਸ ਕਾਈ ਨਾਲ ਆਪਸ ਵਿਚ ਲੜ-ਲੜ ਕੇ ਮਰ ਗਏ।

ਹੰਕਾਰ ਰੂਪੀ ਜ਼ਹਿਰ ਦਾ ਖੂਹ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਤੋਤਾ ਫੜਨ ਵਾਲਾ, ਤੋਤਾ ਬਣ ਕੇ (ਤੋਤੇ ਦੀ ਬੋਲੀ ਬੋਲ ਕੇ) ਤੋਤੇ ਨੂੰ ਫੜ ਲੈਂਦਾ ਹੈ, ਠੀਕ ਉਸੇ ਤਰ੍ਹਾਂ ਹੰਕਾਰ ਸੰਸਾਰ ਨੂੰ ਖਾ ਜਾਂਦਾ ਹੈ।[ੳ] (ਅਗਿਆਨਤਾ ਕਾਰਨ ਆਤਮਾ ਦੇ ਰੂਪ ਦਾ ਭੁਲੇਖਾ ਪਾਉਣ ਵਾਲਾ ਹੰਕਾਰ ਆਤਮਾ ਨੂੰ ਗ੍ਰਸਤ ਕਰ ਲੈਂਦਾ ਹੈ।)

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥[ਅ]
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥[ੲ]
ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥[ਸ]
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥[ਹ]
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥[ਕ]
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥[ਖ]
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥[ਗ]
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥[ਘ][4]

ਹਿਰਨ ਨਾਦ ਸੁਣਨ ਦਾ ਆਸ਼ਕ ਹੈ। ਉਹ ਸ਼ਿਕਾਰੀ ਦੁਆਰਾ ਵਜਾਇਆ ਜੰਤਰ ਸੁਣਨ ਜਾਂਦਾ ਹੈ ਅਤੇ ਕੰਨਾਂ ਦੇ ਵਿਸ਼ੇ ਕਾਰਨ ਸ਼ਿਕਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਮੱਛੀ ਜੀਭਾ ਦੇ ਰਸ ਦੀ ਮਾਰੀ ਮਾਛੀ ਦੇ ਜਾਲ ਵਿਚ ਫਸ ਜਾਂਦੀ ਹੈ। ਭੌਰਾ ਫੁੱਲ ਦੀ ਸੁਗੰਧੀ ਅਰਥਾਤ ਨਾਸਾਂ ਦੀ ਇੰਦਰੀ ਦੇ ਕਾਰਨ ਫੁੱਲ ਉੱਤੇ ਬੈਠਾ ਰਹਿੰਦਾ ਹੈ। ਰਾਤ ਨੂੰ ਫੁੱਲ ਬੰਦ ਹੋ ਜਾਂਦਾ ਹੈ ਅਤੇ ਭੌਰਾ ਫੁਲ ਵਿਚ ਕੈਦ ਹੋ ਕੇ

ੳ. ਤੋਤਾ ਫੜਨ ਵਾਲਾ ਜਾਲ ਫੈਲਾ ਕੇ ਅਤੇ ਉਸ ਵਿਚ ਅੰਨ ਦੇ ਦਾਣੇ ਪਾ ਕੇ ਕੋਲ ਲੁਕ ਕੇ ਤੋਤੇ ਦੀ ਬੋਲੀ ਬੋਲਦਾ ਹੈ। ਉਸ ਦੀ ਬੋਲੀ ਨੂੰ ਤੋਤੇ ਆਪਣੀ ਬੋਲੀ ਸਮਝ ਕੇ ਉਸ ਦੇ ਜਾਲ ਵਿਚ ਆ ਕੇ ਦਾਣੇ ਖਾਣ ਲੱਗ ਜਾਂਦੇ ਹਨ ਅਤੇ ਉਸ ਵਿਚ ਫਸ ਜਾਂਦੇ ਹਨ।

ਅ. **ਮ੍ਰਿਗ**=ਹਿਰਨ (ਜਿਸ ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ); **ਕੁੰਚਰ**=ਹਾਥੀ। ੲ. **ਦੋਖ**=ਪੰਜਾਂ ਇੰਦਰੀਆਂ ਦੇ ਵਿਕਾਰ; **ਅਸਾਧ**=ਲਾ-ਇਲਾਜ; **ਜਾ ਮਹਿ**=ਜਿਸ ਵਿਚ; **ਕੇਤਕ**=ਕਿੰਨੀ। ਸ. **ਅਬਿਦਿਆ**=ਅਗਿਆਨ। ਹ. **ਤ੍ਰਿਗਦ ਜੋਨਿ**=ਪਸ਼ੂ-ਪੰਖੀਆਂ ਦੀ ਜੂਨੀ; **ਅਚੇਤ**=ਨਾਸਮਝ; **ਸੰਭਵ**=ਪੈਦਾ ਹੋਣਾ; **ਅਸੋਚ**=ਵਿਚਾਰ ਰਹਿਤ। ਕ. **ਤਿਹੀ**=ਉਸ ਵਿਚ; **ਪੋਚ**=ਬੁਰੇ। ਖ. **ਅਬਧ**= ਜੋ ਕੱਟਿਆ ਨਾ ਜਾ ਸਕੇ। ਗ. **ਗਿਆਨ**=ਗੁਰੂ ਦੇ ਦੱਸੇ ਸਾਧਨ ਅਨੁਸਾਰ ਅਭਿਆਸ ਕਰਨਾ। ਘ. **ਨਿਦਾਨ**=ਅੰਤ।

ਮਾਰਿਆ ਜਾਂਦਾ ਹੈ। ਪਤੰਗਾ ਅੱਖਾਂ ਦੀ ਇੰਦਰੀ ਕਾਰਨ ਮਾਰਿਆ ਜਾਂਦਾ ਹੈ। ਉਹਨੂੰ ਦੀਵੇ ਦੀ ਲਾਟ ਸੋਹਣੀ ਲੱਗਦੀ ਹੈ ਅਤੇ ਉਹਦੇ ਉੱਤੇ ਸੜ ਕੇ ਸੁਆਹ ਹੋ ਜਾਂਦਾ ਹੈ। ਹਾਥੀ ਕਾਮ ਦਾ ਹਲਕਾਇਆ ਹੋਇਆ ਹੈ। ਉਹ ਮਹਾਵਤਾਂ ਦੁਆਰਾ ਬਣਾਈ ਕਾਗਜ਼ ਦੀ ਝੂਠੀ ਹਥਨੀ ਪਿੱਛੇ ਜਾਂਦਾ ਹੈ ਅਤੇ ਟੋਏ ਵਿਚ ਡਿੱਗ ਪੈਂਦਾ ਹੈ। ਮਹਾਵਤ ਉਹਨੂੰ ਕਾਬੂ ਕਰ ਲੈਂਦੇ ਹਨ।

ਰਵਿਦਾਸ ਜੀ ਕਹਿੰਦੇ ਹਨ ਕਿ ਇਨ੍ਹਾਂ ਸਾਰਿਆਂ ਦੀ ਤਾਂ ਇੱਕ-ਇੱਕ ਵਿਸ਼ੇ ਕਾਰਨ ਇਹ ਹਾਲਤ ਹੁੰਦੀ ਹੈ, ਮਨੁੱਖ ਨੂੰ ਪੰਜੇ ਵਿਸ਼ੇ ਲੱਗੇ ਹੋਏ ਹਨ*, ਉਹਦੀ ਕੀ ਦੁਰਦਸ਼ਾ ਹੋਵੇਗੀ? ਅਗਿਆਨਤਾ ਕਾਰਨ ਮਨੁੱਖ ਦੀ ਬੁੱਧੀ ਦਾ ਪ੍ਰਕਾਸ਼ ਮੰਦ ਪੈ ਜਾਂਦਾ ਹੈ। ਅਗਿਆਨਤਾ ਵੱਸ ਕੀਤੇ ਕਰਮਾਂ ਕਾਰਨ ਉਹ ਕੀੜਿਆਂ-ਪਤੰਗਿਆਂ ਆਦਿ ਦੀਆਂ ਦੁਖਦਾਈ ਜੂਨਾਂ ਵਿਚ ਫਸ ਜਾਂਦਾ ਹੈ। ਜਦ ਵੱਡੇ ਭਾਗਾਂ ਨਾਲ ਮਨੁੱਖ-ਜਨਮ ਦਾ ਦੁਰਲੱਭ ਵਰਦਾਨ ਮਿਲਦਾ ਹੈ ਤਾਂ ਮਨੁੱਖ ਵਿਸ਼ੇ-ਵਿਕਾਰਾਂ ਵਿਚ ਫਸ ਕੇ ਇਸ ਅਮੋਲਕ ਅਵਸਰ ਨੂੰ ਬਰਬਾਦ ਕਰ ਲੈਂਦਾ ਹੈ। ਜਿੱਥੇ ਵੀ ਜੀਵਾਂ ਨੂੰ ਕੀਤੇ ਹੋਏ ਕਰਮਾਂ ਕਾਰਨ ਜਨਮ ਲੈਣਾ ਪੈਂਦਾ ਹੈ, ਉੱਥੇ ਹੀ ਦੁੱਖ ਭੋਗਣੇ ਪੈਂਦੇ ਹਨ। ਇਸ ਸੰਕਟ ਤੋਂ ਛੁਟਕਾਰੇ ਦਾ ਇੱਕੋ ਸਾਧਨ ਇਹ ਹੈ ਕਿ ਜੀਵ ਸਤਿਗੁਰੂ ਦੇ ਦੱਸੇ ਉਪਦੇਸ਼ ਉੱਤੇ ਚੱਲ ਕੇ ਪਰਮਾਤਮਾ ਦੀ ਭਗਤੀ ਵਿਚ ਲੀਨ ਹੋ ਜਾਵੇ। ਇਸ ਤਰ੍ਹਾਂ ਕਰਮਾਂ ਦਾ ਜਾਲ ਟੁੱਟ ਜਾਵੇਗਾ ਅਤੇ ਜੀਵ ਪਰਮੇਸ਼ਰ ਵਿਚ ਸਮਾ ਕੇ ਉਹਦਾ ਰੂਪ ਹੋ ਜਾਵੇਗਾ।

ਅਮਰ ਭਏ ਹਮ ਕਾਹੇ ਕੂੰ ਮਰਿ ਹੈਂ।।[ੳ]
ਮਿਥਿਆ ਜਗ ਮਾਇਆ ਤਜਿ ਦੀਨੀ, ਸੱਤ ਰੂਪ ਮਨੁ ਧਰਿ ਹੈਂ।
ਜੌ ਦੀਸੈ ਸਭੁ ਮਾਇਆ ਫੰਦਾ, ਤਾਕਿ ਜੇਵਰਿ ਕਤਰਿ ਹੈਂ।।[ਅ]

---

* ਹਿਰਨ ਮਧੁਰ ਸ਼ਬਦ ਜਾਂ ਨਾਦ ਦੇ ਲੋਭ ਵਿਚ, ਮੱਛੀ ਰਸ ਜਾਂ ਸੁਆਦ ਦੇ ਲੋਭ ਵਿਚ, ਭੰਵਰਾ ਫੁੱਲਾਂ ਦੀ ਸੁਗੰਧੀ ਦੇ ਲੋਭ ਵਿਚ, ਪਤੰਗਾ ਰੂਪ ਜਾਂ ਰੌਸ਼ਨੀ ਦੇ ਲੋਭ ਵਿਚ ਅਤੇ ਹਾਥੀ ਕਾਮ-ਵਾਸਨਾ ਦੇ ਲੋਭ ਵਿਚ ਫਸ ਕੇ ਵਿਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਕੇਵਲ ਇੱਕ-ਇੱਕ ਇੰਦਰੀ ਦਾ ਮੋਹ ਜਦੋਂ ਉਨ੍ਹਾਂ ਦਾ ਨਾਸ਼ ਕਰ ਦਿੰਦਾ ਹੈ, ਤਾਂ ਫਿਰ ਮਨੁੱਖ ਦੇ ਬਚਣ ਦੀ ਕੀ ਆਸ ਕੀਤੀ ਜਾ ਸਕਦੀ ਹੈ ਜਿਸ ਦੀਆਂ ਪੰਜੇ ਇੰਦਰੀਆਂ (ਕੰਨ, ਜੀਭ, ਨੱਕ, ਅੱਖ, ਅਤੇ ਚਮੜੀ) ਅਤੇ ਪੰਜ ਵਿਸ਼ੇ (ਸ਼ਬਦ, ਰਸ, ਗੰਧ, ਰੂਪ ਅਤੇ ਸਪਰਸ਼) ਦੇ ਮੋਹ ਵਿਚ ਬੁਰੀ ਤਰ੍ਹਾਂ ਗ੍ਰਸਤ ਹਨ?

ੳ. **ਕੂੰ**=ਕਿਉਂ, ਕਿਸ ਲਈ, ਕਿਵੇਂ। ਅ. **ਦੀਸੈ**=ਦਿੱਸਦਾ ਹੈ; **ਜੇਵਰਿ**=ਰੱਸੀ।

ਅਨਿਕ ਬਾਰੁ ਜੰਮੇ ਅਰੁ ਮਰੀਏ, ਫੁਨਿ ਹੋਂ ਭਮਰਿ ਨ ਪਰਿ ਹੈਂ[ੳ]
ਪਤਰਿ ਨਾਵ ਖੇਵਟੀਆ ਗੁਰੁ ਰਾਮਾ, ਨਾਮ ਲੇਤ ਹੀ ਤਰਿ ਹੈਂ॥
ਪਰ ਜਨਮ ਮੰਹ ਪਾਤਕ ਬਹੁਲੇ, ਹੌਂ ਪਾਛੈ ਹੀ ਬਿਛੁਰਿ ਹੈਂ[ਅ]
ਕਹਿ ਰਵਿਦਾਸ ਅਬ ਬਨੀ ਕਛੁ ਐਸੀ, ਫੁਨਿ ਔਸਰੁ ਕਿਹਿਂ ਪਰਿ ਹੈਂ॥[5]

ਹੁਣ ਮੈਂ ਅਮਰ ਹੋ ਗਿਆ ਹਾਂ, ਮੈਂ ਕਦੇ ਮਰ ਨਹੀਂ ਸਕਦਾ। ਮੈਂ ਝੂਠੇ ਸੰਸਾਰ ਅਤੇ ਇਸ ਦੀ ਝੂਠੀ ਮਾਇਆ ਨੂੰ ਤਜ ਦਿੱਤਾ ਹੈ ਅਤੇ ਆਪਣੇ ਅੰਦਰ ਉਸ ਸੱਚੇ ਅਵਿਨਾਸ਼ੀ ਪ੍ਰਭੂ ਨੂੰ ਵਸਾ ਲਿਆ ਹੈ। ਸੰਸਾਰ ਮਾਇਆ ਦਾ ਜਾਲ ਹੈ। ਮੈਂ ਇਹਦੀ ਰੱਸੀ ਕੱਟ ਲਈ ਹੈ। ਮੈਂ ਅਨੇਕ ਵਾਰ ਜੰਮਿਆ-ਮਰਿਆ ਹਾਂ, ਪਰ ਹੁਣ ਮੈਨੂੰ ਦੋਬਾਰਾ ਜਨਮ ਨਹੀਂ ਲੈਣਾ ਪਵੇਗਾ, ਜਿਸ ਕਾਰਨ ਮੇਰੀ ਦੋਬਾਰਾ ਮੌਤ ਵੀ ਨਹੀਂ ਹੋਵੇਗੀ। ਮੇਰੀ ਜੀਵਨ-ਬੇੜੀ ਨਿਰਬਲ ਸੀ ਪਰ ਸਤਿਗੁਰੂ ਰੂਪੀ ਮਲਾਹ ਪਰਮੇਸ਼ਰ ਵਾਂਗ ਸਮਰੱਥ ਹੈ। ਮੈਂ ਸਤਿਗੁਰੂ ਦੇ ਨਾਮ ਦੇ ਬਲ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਵਾਂਗਾ। ਮੈਂ ਪੂਰਬਲੇ ਜਨਮਾਂ ਦੇ ਪਾਪਾਂ ਕਾਰਨ ਜੁਗਾਂ-ਜੁਗਾਂ ਤੱਕ ਪਰਮਾਤਮਾ ਤੋਂ ਵਿਛੜਿਆ ਰਿਹਾ ਪਰ ਇਸ ਜਨਮ ਵਿਚ ਮੇਰਾ ਸੱਚੇ ਸਤਿਗੁਰੂ ਨਾਲ ਮਿਲਾਪ ਹੋ ਗਿਆ ਹੈ ਅਤੇ ਮੈਂ ਆਵਾਗਵਨ ਦੇ ਚੱਕਰ ਤੋਂ ਸਦਾ ਲਈ ਆਜ਼ਾਦ ਹੋ ਗਿਆ ਹਾਂ।

ਨਿਸ਼ਕਾਮ ਕਰਮ

ਕਰਨਾ ਹੀ ਨਹੀਂ, ਸੋਚਣਾ ਅਤੇ ਕਹਿਣਾ ਵੀ ਕਰਮ ਹੈ। ਇਸ ਲਈ ਜਦ ਤੱਕ ਦੇਹ ਵਿਚ ਬੈਠੇ ਹਾਂ ਅਤੇ ਮਨ ਨਾਲ ਲੱਗਾ ਹੋਇਆ ਹੈ, ਅਸੀਂ ਕਰਮ ਕਰਨ ਤੋਂ ਬਿਨਾਂ ਨਹੀਂ ਰਹਿ ਸਕਦੇ। ਪਰ ਜਿਹੜਾ ਕਰਮ ਵੀ ਕਰਦੇ ਹਾਂ, ਉਹੀ ਸਾਡੇ ਲਈ ਇੱਕ ਬੰਧਨ ਬਣ ਜਾਂਦਾ ਹੈ।

ਸੰਸਾਰ ਦੇ ਸਭ ਲੋਕ ਮਨ ਵਿਚ ਕਾਮਨਾ ਰੱਖ ਕੇ ਜਾਂ ਕਿਸੇ ਇੱਛਾ ਦੀ ਪੂਰਤੀ ਲਈ ਕਰਮ ਕਰਦੇ ਹਨ। ਇਸ ਤੋਂ ਉਲਟ ਸੰਤ ਪਰਮਾਤਮਾ ਵਿਚ ਸਮਾ ਕੇ ਉਹਦਾ ਰੂਪ ਹੋ ਗਏ ਹੁੰਦੇ ਹਨ। ਉਨ੍ਹਾਂ ਦੀ ਕੋਈ ਨਿੱਜੀ ਇੱਛਾ ਨਹੀਂ ਹੁੰਦੀ। ਨਾ ਉਨ੍ਹਾਂ ਨੂੰ ਕਿਸੇ ਨਾਲ ਮੋਹ ਹੁੰਦਾ ਹੈ ਅਤੇ ਨਾ ਹੀ ਕਿਸੇ ਪ੍ਰਤੀ ਈਰਖਾ ਹੁੰਦੀ ਹੈ। ਉਹ ਨਫ਼ੇ-ਨੁਕਸਾਨ, ਦੁੱਖ-ਸੁਖ, ਜਿੱਤ-ਹਾਰ, ਦੋਸਤ-ਦੁਸ਼ਮਣ ਦੀ ਦਵੈਤ ਤੋਂ ਮੁਕਤ ਹੁੰਦੇ ਹਨ, ਇਸ ਲਈ ਉਨ੍ਹਾਂ ਦਾ ਕਰਮ ਨਿਸ਼ਕਾਮ ਹੁੰਦਾ ਹੈ। ਉਹ ਕਿਸੇ ਫਲ ਦੀ

ੳ. **ਫੁਨਿ**=ਫਿਰ; **ਹੋਂ**=ਮੈਂ; **ਭਮਰਿ**=ਭੰਵਰ। ਅ. **ਬਹੁਲੇ**=ਬਹੁਤ ਸਾਰੇ; **ਪਾਛੈ**=ਪਿਛਲੇ ਜਨਮਾਂ ਵਿਚ।

ਪ੍ਰਾਪਤੀ ਲਈ ਨਹੀਂ, ਸੇਵਾ ਅਤੇ ਪਰਉਪਕਾਰ ਦੇ ਭਾਵ ਨਾਲ ਕਰਮ ਕਰਦੇ ਹਨ। ਉਨ੍ਹਾਂ ਦੇ ਕਿਸੇ ਕਰਮ ਵਿਚ ਵਾਸਨਾ, ਕਾਮਨਾ, ਇੱਛਾ ਜਾਂ ਰਾਗ-ਦਵੇਸ਼ ਨਹੀਂ ਹੁੰਦਾ। ਇਸ ਤਰ੍ਹਾਂ ਉਹ ਸਭ ਕੁਝ ਕਰਦੇ ਹੋਏ ਵੀ ਕੁਝ ਨਹੀਂ ਕਰਦੇ।

ਸੰਤਜਨ ਸੱਚੇ ਪਰਮਾਰਥੀ ਅਤੇ ਪਰਉਪਕਾਰੀ ਹੁੰਦੇ ਹਨ। ਉਹ ਪਰਉਪਕਾਰ ਲਈ ਹੀ ਸੰਸਾਰ ਵਿਚ ਆਉਂਦੇ ਹਨ। ਉਹ ਆਪਣੇ ਸਭ ਕਰਮ ਪਰਮੇਸ਼ਰ ਦੇ ਨਮਿਤ ਕਰਦੇ ਹਨ। ਉਹ ਕੋਈ ਕਰਮ ਕਰਤਾ-ਭਾਵ ਨਾਲ ਨਹੀਂ ਕਰਦੇ ਸਗੋਂ ਹਰ ਕਰਮ ਪਰਮੇਸ਼ਰ ਦੇ ਦਾਸ ਹੋਣ ਦੇ ਭਾਵ ਨਾਲ ਕਰਦੇ ਹਨ। ਉਹ ਨਾ ਕਿਸੇ ਕਰਮ ਦੇ ਫਲ ਤੋਂ ਦੁਖੀ ਹੁੰਦੇ ਹਨ, ਨਾ ਸੁਖੀ। ਉਹ ਸਦਾ ਪਰਮੇਸ਼ਰ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ। ਇਸ ਤਰ੍ਹਾਂ ਉਹ ਨਿਸ਼ਕਾਮ ਕਰਮ ਦੀ ਸਾਖਿਆਤ ਮੂਰਤ ਹੁੰਦੇ ਹਨ।

ਕਰਮ ਬੰਧਨ ਮੰਹ ਰਮਿ ਰਹਿਓ, ਫਲ ਕੌ ਤਜਿਓ ਨ ਆਸ।
ਕਰਮ ਮਨੁਸ਼ ਕੌ ਧਰਮ ਹੈ, ਸਤਿ ਭਾਖੈ 'ਰਵਿਦਾਸ'॥[6]

ਮਨੁੱਖ ਕਰਮਾਂ ਦੇ ਫਲ ਦੀ ਆਸ ਨਹੀਂ ਛੱਡਦਾ, ਇਸ ਲਈ ਉਹ ਕਰਮਾਂ ਦੇ ਬੰਧਨ ਵਿਚ ਫਸਿਆ ਰਹਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਮਨੁੱਖ ਦਾ ਅਸਲ ਧਰਮ ਇਹ ਹੈ ਕਿ ਉਹ ਬਿਨਾਂ ਫਲ ਦੀ ਆਸ ਦੇ ਕਰਮ ਕਰੇ।

ਸੌ ਬਰਸ ਲੌਂ ਜਗਤ ਮੰਹਿ, ਜੀਵਤ ਰਹਿ ਕਰੁ ਕਾਮ।
'ਰਵਿਦਾਸ' ਕਰਮ ਹੀ ਧਰਮ ਹੈ, ਕਰਮ ਕਰਹੁ ਨਿਹਕਾਮ॥[7]

ਧਰਮ ਹੇਤਹਿਂ ਕੀਜੀਏ, ਸੌ ਬਰਸ ਲੌਂ ਕਾਰ।[ੳ]
'ਰਵਿਦਾਸ' ਕਰਮਹਿ ਧਰਮ ਹੈ, ਫਲ ਮਹਿ ਨਹਿ ਅਧਿਕਾਰ॥[8]

'ਰਵਿਦਾਸ' ਮਨੁਸ਼ ਕਰ ਧਰਮ ਹੈ, ਕਰਮ ਕਰਹਿ ਦਿਨ ਰਾਤ।
ਕਰਮਨਹਿ ਫਲ ਪਾਵਨਾ, ਨਹੀਂ ਕਾਹੂ ਕੇ ਹਾਥ॥[9]

ਕਰਮ ਕਰਨਾ ਮਨੁੱਖ ਦਾ ਧਰਮ ਹੈ। ਉਹਦੀ ਸੌ ਸਾਲ ਦੀ ਲੰਮੀ ਉਮਰ ਵੀ ਕਿਉਂ ਨਾ ਹੋਵੇ ਉਹਨੂੰ ਸਦਾ ਨਿਸ਼ਕਾਮ ਭਾਵ ਨਾਲ ਕਰਮ ਕਰਦੇ ਰਹਿਣਾ ਚਾਹੀਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਮਨੁੱਖ ਦਾ ਧਰਮ ਕਰਮ ਕਰਨਾ ਹੈ,

---

ੳ. ਹੇਤਹਿਂ=ਦੇ ਲਈ ਹੀ; ਲੌਂ=ਤੱਕ; ਕਾਰ=ਕੰਮ।

ਫਲ ਦੇਣਾ ਉਹਦਾ ਕਾਰਜ ਨਹੀਂ। ਇਸ ਲਈ ਆਪਣਾ ਧਰਮ ਪਾਲਣਾ ਚਾਹੀਦਾ ਹੈ ਅਤੇ ਕਰਮ ਦੇ ਫਲ ਦੀ ਆਸ ਨਹੀਂ ਕਰਨੀ ਚਾਹੀਦੀ।

ਪਰਕਿਰਤੀ ਪਰਭਾਉ ਬਸ, ਮਾਨੁਸ਼ ਕਰਤ ਹੈ ਕਾਰ [ੳ]
ਮਾਨੁਸ਼ ਤਉ ਹੈ ਨਿਮਿਤ ਰੂਪ, ਕਹਿ 'ਰਵਿਦਾਸ' ਬਿਚਾਰ ॥[10]

ਕਰਮਨ ਹੀ ਪਰਭਾਉ ਤਜਿ, ਨਿਹਕਰਮੀ ਹੋਇ ਕਰ ਕਾਮ।
'ਰਵਿਦਾਸ' ਨਿਹਕਰਮੀ ਕਰਮ ਹੀ, ਮੇਲ ਕਰਾਏ ਰਾਮ ॥[11]

ਕਰਮ ਕਰਨਾ ਮਨੁੱਖ ਦਾ ਸੁਭਾਅ ਅਤੇ ਕੁਦਰਤ ਦਾ ਕਾਨੂੰਨ ਹੈ, ਪਰ ਉਹਨੂੰ ਨਿਸ਼ਕਾਮ ਭਾਵ ਨਾਲ ਕਰਮ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਕਰਮ ਬੰਧਨਕਾਰੀ ਨਹੀਂ ਬਣਦਾ। ਰਵਿਦਾਸ ਜੀ ਕਹਿੰਦੇ ਹਨ ਕਿ ਨਿਸ਼ਕਾਮ ਭਾਵ ਨਾਲ ਕੀਤੇ ਕਰਮਾਂ ਦੁਆਰਾ ਹੀ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ।

ਸੁਖ ਦੁਖ ਹਾਨਿ ਲਾਭ ਕਉ, ਜਉ ਸਮਝਹਿ ਇਕ ਸਮਾਨ।
'ਰਵਿਦਾਸ' ਤਿਨਹਿੰ ਜਾਨੀਏ, ਜੋਗੀ ਪੁਰਸ਼ ਸੁਜਾਨ ॥[ਅ] [12]

ਕਰਮ ਜੋਗ ਕੀ ਸਾਧ ਸੌਂ, ਆਤਮਰਾਮ ਸੁਧ ਹੋਇ [ੲ]
'ਰਵਿਦਾਸ' ਬਿਜੇਤਾ ਸੋ ਭਇਆ, ਕਰਮ ਕਰੈ ਜਉ ਕੋਇ ॥[13]

ਰਾਗ ਦਵੇਸ਼ ਕੂੰ ਛਾਂਡਿ ਕਰ, ਨਿਹਕਰਮ ਕਰਹੁ ਰੇ ਮੀਤ।
ਸੁਖ ਦੁਖ ਸਭ ਮਹਿੰ ਥਿਰ ਰਹਿ, ਰਵਿਦਾਸ ਸਦਾ ਮਨ ਮੀਤ ॥[14]

ਕਰਮ-ਜੋਗੀ ਜਾਂ ਸੱਚਾ-ਜੋਗੀ ਉਹ ਹੈ ਜੋ ਦੁੱਖ-ਸੁਖ ਤੋਂ ਨਿਰਲੇਪ ਰਹਿ ਕੇ ਕਰਮ ਕਰਦਾ ਹੈ। ਨਿਸ਼ਕਾਮ ਕਰਮ ਕਰਨ ਨਾਲ ਆਤਮਾ ਸ਼ੁੱਧ ਹੁੰਦੀ ਹੈ ਅਤੇ ਜੀਵ ਮਨ-ਇੰਦਰੀਆਂ ਨੂੰ ਜਿੱਤ ਕੇ ਪਰਮਾਤਮਾ ਨਾਲ ਮਿਲਾਪ ਕਰ ਲੈਂਦਾ ਹੈ। ਇਸ ਲਈ ਰਵਿਦਾਸ ਜੀ ਕਹਿੰਦੇ ਹਨ ਕਿ ਦੁੱਖ-ਸੁਖ ਅਤੇ ਮੋਹ-ਮਮਤਾ ਦਾ ਤਿਆਗ ਕਰਕੇ ਕਰਮ ਕਰਨੇ ਚਾਹੀਦੇ ਹਨ।

ਜਿਹਵਾ ਭਜੈ ਹਰਿ ਨਾਮ ਨਿਤ, ਹੱਥ ਕਰਹਿੰ ਨਿਤ ਕਾਮ।
'ਰਵਿਦਾਸ' ਭਏ ਨਿਹਚਿੰਤ ਹਮ, ਮਮ ਚਿੰਤ ਕਰੈਂਗੇ ਰਾਮ ॥[15]

ੳ. **ਪਰਕਿਰਤੀ**=ਸੁਭਾਅ, ਸੰਸਾਰ ਦੀ ਰਚਨਾ ਕਰਨ ਵਾਲੀ ਸ਼ਕਤੀ। ਅ. **ਸੁਜਾਨ**=ਗਿਆਨੀ।
ੲ. **ਸੁਧ**=ਪਵਿੱਤਰ।

'ਰਵਿਦਾਸ' ਹੌਂ ਨਿਜ ਹਥਹਿੰ, ਰਾਖੌਂ ਰਾਂਬੀ ਆਰ।
ਸੁਕਿਰਿਤ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ।।[ੳ] [16]

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਨਿਸ਼ਚਿੰਤ ਹੋ ਕੇ ਹੱਥਾਂ ਨਾਲ ਸੰਸਾਰ ਦੀ ਕਿਰਤ ਕਰਦਾ ਰਹਿੰਦਾ ਹਾਂ, ਪਰ ਮੇਰੀ ਜੀਭਾ ਸਦਾ ਰਾਮ ਨਾਮ ਦੇ ਸਿਮਰਨ ਵਿਚ ਲੱਗੀ ਰਹਿੰਦੀ ਹੈ ਅਤੇ ਮੇਰੇ ਮਨ ਵਿਚ ਭਰੋਸਾ ਰਹਿੰਦਾ ਹੈ ਕਿ ਉਹ ਪਰਮਾਤਮਾ ਖ਼ੁਦ ਹੀ ਮੇਰੀ ਸੰਭਾਲ ਕਰੇਗਾ।

ਪ੍ਰਭ ਭਗਤਿ ਸ੍ਰਮ ਸਾਧਨਾ, ਜਗ ਮੰਹ ਜਿਨਹਿੰ ਪਾਸ।[ਅ]
ਤਿਨਹਿੰ ਜੀਵਨ ਸਫਲ ਭਇਓ, ਸੱਤ ਭਾਖੈ 'ਰਵਿਦਾਸ'।।[17]

ਰਵਿਦਾਸ ਜੀ ਕਹਿੰਦੇ ਹਨ ਕਿ ਜੋ ਲੋਕ ਮਿਹਨਤ ਕਰਦੇ ਹਨ ਅਤੇ ਨਾਲ ਹੀ ਪਰਮਾਤਮਾ ਦੀ ਭਗਤੀ ਵਿਚ ਲੱਗੇ ਹੋਏ ਹਨ, ਉਨ੍ਹਾਂ ਦਾ ਹੀ ਜੀਵਨ ਸਫਲ ਹੈ।

ਜੋ ਕੋਉ ਲੋਰੈ ਪਰਮ ਸੁਖ, ਤਉ ਰਾਖੈ ਮਨ ਸੰਤੋਸ਼।[ੲ]
'ਰਵਿਦਾਸ' ਜਹਾਂ ਸੰਤੋਸ਼ ਹੈ, ਤਹਾਂ ਨ ਲਾਗੈ ਦੋਸ਼।।[18]

ਅਗਰ ਕੋਈ ਪਰਮ ਅਨੰਦ ਦੀ ਇੱਛਾ ਰੱਖਦਾ ਹੈ ਤਾਂ ਉਸ ਨੂੰ ਮਨ ਵਿਚ ਸੰਤੋਖ ਰੱਖਣਾ ਚਾਹੀਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਿੱਥੇ ਸੰਤੋਖ ਹੈ, ਓਥੇ ਕੋਈ ਦੋਸ਼ ਜਾਂ ਵਿਕਾਰ ਨਹੀਂ ਆਉਂਦਾ।

ਧਨ ਸੰਚਯ ਦੁਖ ਦੇਤ ਹੈ, ਧਨ ਤਿਆਗੇ ਸੁਖ ਹੋਇ।[ਸ]
'ਰਵਿਦਾਸ' ਸੀਖ ਗੁਰੁਦੇਵ ਕੀ, ਧਨ ਮਤਿ ਜੋਰੇ ਕੋਇ।।[19]

ਧਨ ਦਾ ਸੰਗ੍ਰਹਿ ਦੁੱਖ ਦੇਣ ਵਾਲਾ ਹੁੰਦਾ ਹੈ ਅਤੇ ਧਨ ਨੂੰ ਤਿਆਗਣ ਨਾਲ ਸੁਖ ਹੁੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਮੇਰੇ ਗੁਰਦੇਵ ਦੀ ਇਹ ਸਿੱਖਿਆ ਹੈ ਕਿ ਕੋਈ ਵੀ ਵਿਅਕਤੀ ਧਨ ਸੰਗ੍ਰਹਿ ਨ ਕਰੇ।

ਸੱਚਾ ਸੁਖ ਸਤ ਧਰਮ ਮਹਿੰ, ਧਨ ਸੰਚਯ ਸੁਖ ਨਾਂਹਿ।
ਧਨ ਸੰਚਯ ਦੁਖ ਖਾਨ ਹੈ, 'ਰਵਿਦਾਸ' ਸਮੁਝਿ ਮਨ ਮਾਹਿੰ।।[20]

ੳ. **ਸੁਕਿਰਿਤ**=ਚੰਗਾ ਕੰਮ। ਅ. **ਸਾਧਨਾ**=ਮਿਹਨਤ ਕਰਕੇ ਆਪਣੀ ਰੋਜ਼ੀ-ਰੋਟੀ ਚਲਾਉਣਾ।
ੲ. **ਲੋਰੈ**=ਚਾਹੁਣਾ, ਅਭਿਲਾਸ਼ਾ ਕਰਨਾ। ਸ. **ਸੰਚਯ**=ਇਕੱਠਾ ਕਰਨਾ।

ਸੱਚੇ ਧਰਮ ਦਾ ਪਾਲਣ ਕਰਨ ਵਿਚ ਹੀ ਸੱਚਾ ਸੁਖ ਹੈ, ਧਨ ਸੰਗ੍ਰਹਿ ਕਰਨ ਨਾਲ ਸੁਖ ਨਹੀਂ ਹੁੰਦਾ। ਧਨ ਸੰਗ੍ਰਹਿ ਕਰਨਾ ਦੁੱਖ ਦਾ ਘਰ (ਖ਼ਜ਼ਾਨਾ) ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਇਸ ਗੱਲ ਨੂੰ ਮਨ ਵਿਚ ਬਿਠਾ ਲਉ।

ਸੁਖ ਸਰਿਤਾ ਮਹਿ ਬੂੜਿ ਕਰਿ, ਸੂਝ ਬੂਝ ਮਤਿ ਖੋਇ।[ੳ]
ਦੁਖ ਕੀ ਬਦਰੀ ਪੇਖਿ ਕੈ, ਰਵਿਦਾਸ ਨਹਿੰ ਦੀਜੀਏ ਰੋਇ॥[ਅ][21]

ਸੁਖ ਦੁਖ ਸਮ ਕਰਿ ਜਾਨਹੁ, ਤਉ ਦੁਖਹ ਸੁਖ ਹੋਇ।
'ਰਵਿਦਾਸ' ਜੋ ਸੁਖਹਿੰ ਦੁਖ ਕਹੈ, ਤਉ ਸੁਖ ਭੀ ਦੁਖ ਹੋਇ॥[22]

ਰਵਿਦਾਸ ਜੀ ਕਹਿੰਦੇ ਹਨ ਕਿ ਸੁੱਖਾਂ ਦੀ ਧਾਰ ਨਾਲ ਬਹਿ ਕੇ ਆਪਣੀ ਅਕਲ ਨਹੀਂ ਗੁਆਉਣੀ ਚਾਹੀਦੀ ਅਤੇ ਨਾ ਹੀ ਦੁੱਖਾਂ ਦੇ ਬੱਦਲ ਦੇਖ ਕੇ ਰੋਣਾ-ਕਲਪਨਾ ਚਾਹੀਦਾ ਹੈ। ਦੁੱਖ ਅਤੇ ਸੁਖ ਦੋਹਾਂ ਵਿਚ ਮਨ ਨੂੰ ਅਡੋਲ ਰੱਖਣਾ ਚਾਹੀਦਾ ਹੈ। ਆਪ ਕਹਿੰਦੇ ਹਨ ਕਿ ਦੁੱਖ-ਸੁਖ ਨੂੰ ਇੱਕ ਸਮਝਣ ਨਾਲ ਦੁੱਖ ਵੀ ਸੁਖ ਬਣ ਜਾਂਦਾ ਹੈ ਪਰ ਸੁਖ ਨੂੰ ਦੁੱਖ ਕਹਿਣ ਨਾਲ ਸੁਖ ਵੀ ਦੁੱਖ ਵਿਚ ਬਦਲ ਜਾਂਦਾ ਹੈ।

ਮਨ ਮਹਿ ਸੱਤ ਸੰਤੋਖ ਰਖਹੁ, ਸਭ ਕਰਿ ਸੇਵਾ ਲਾਗ।
ਸੇਵਾ ਸਭ ਕਛੁ ਦੇਤ ਹੈ, 'ਰਵਿਦਾਸ' ਸੇਵਹਿ ਮਤਿ ਤਿਆਗ॥[23]

ਰਵਿਦਾਸ ਜੀ ਕਹਿੰਦੇ ਹਨ ਕਿ ਮਨ ਵਿਚ ਸੱਚ, ਸੰਤੋਖ ਅਤੇ ਸੇਵਾ ਦੇ ਗੁਣ ਪੈਦਾ ਕਰਨ ਨਾਲ ਸਭ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਦੀਨ ਦੁਖੀ ਕਰਿ ਸੇਵ ਮਹਿਂ, ਲਾਗਿ ਰਹਿਓ 'ਰਵਿਦਾਸ'।
ਨਿਸਿ ਬਾਸਰ ਕੀ ਸੇਵ ਸੌਂ, ਪ੍ਰਭੁ ਮਿਲਨ ਕੀ ਆਸ॥[24]

ਰਵਿਦਾਸ ਜੀ ਕਹਿੰਦੇ ਹਨ ਕਿ ਦੀਨ-ਦੁਖੀਆਂ ਦੀ ਸੇਵਾ ਵਿਚ ਲੱਗੇ ਰਹੋ। ਜੋ ਰਾਤ-ਦਿਨ ਸੇਵਾ ਵਿਚ ਲੱਗਾ ਰਹਿੰਦਾ ਹੈ, ਉਹਦੀ ਹੀ ਪਰਮਾਤਮਾ ਨਾਲ ਮਿਲਾਪ ਦੀ ਆਸ ਪੂਰੀ ਹੋ ਸਕਦੀ ਹੈ।

ੳ. ਸਰਿਤਾ=ਨਦੀ। ਅ. ਪੇਖਿ ਕੈ=ਦੇਖ ਕੇ।

9. ਵੈਸ਼ਨੂੰ ਭੋਜਨ

ਜੀਵ-ਹੱਤਿਆ ਦਾ ਘੋਰ-ਪਾਪ

ਪੇਟ ਜਾਂ ਖੇਲ-ਤਮਾਸ਼ੇ ਦੀ ਖ਼ਾਤਰ ਜੀਵ-ਹੱਤਿਆ ਕਰਨਾ ਘੋਰ-ਪਾਪ ਹੈ। ਕਰੋੜਾਂ ਦਾਨ-ਪੁੰਨ ਕਰਨ ਨਾਲ ਵੀ ਇਸ ਪਾਪ ਦਾ ਪ੍ਰਾਸ਼ਚਿਤ ਨਹੀਂ ਹੋ ਸਕਦਾ। ਜੀਵ-ਹੱਤਿਆ ਕਰਨ ਵਾਲਿਆਂ ਨੂੰ ਇਸ ਪਾਪ ਦੀ ਕਰੜੀ ਸਜ਼ਾ ਭੁਗਤਣੀ ਪੈਂਦੀ ਹੈ। ਪਰਮਾਤਮਾ ਦੇ ਬਣਾਏ ਹੋਏ ਜੀਵਾਂ ਨੂੰ ਮਾਰ ਕੇ ਪਰਮਾਤਮਾ ਨਾਲ ਮਿਲਣ ਦੀ ਆਸ ਰੱਖਣਾ ਹਾਸੋਹੀਣੀ ਗੱਲ ਹੈ। ਜੀਵ-ਹੱਤਿਆ ਕਰਨ ਵਾਲੇ ਇਹ ਨਹੀਂ ਸੋਚਦੇ ਕਿ ਉਨ੍ਹਾਂ ਦੀ ਹੱਤਿਆ ਕੀਤੀ ਜਾਵੇ ਤਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਮਹਿਸੂਸ ਹੋਵੇਗਾ? ਉਹ ਕਰਮਾਂ ਦੇ ਇਸ ਅਟੱਲ ਨਿਯਮ ਤੋਂ ਨਹੀਂ ਬਚ ਸਕਦੇ ਕਿ ਜਿਸ ਨੂੰ ਕੋਈ ਮਾਰਦਾ ਹੈ ਉਹਨੂੰ ਉਹਦੇ ਹੱਥੋਂ ਮਰਨਾ ਪਵੇਗਾ।

> 'ਰਵਿਦਾਸ' ਜੀਵ ਕੂੰ ਮਾਰਿ ਕਰ, ਕੈਸੋ ਮਿਲਹਿ ਖੁਦਾਇ।
> ਪੀਰ ਪੈਗੰਬਰ ਔਲੀਆ, ਕੋਊ ਨ ਕਹਈ ਸਮੁਝਾਇ॥[ੳ] [1]

ਰਵਿਦਾਸ ਜੀ ਕਹਿੰਦੇ ਹਨ ਕਿ ਜੀਵ-ਹੱਤਿਆ ਕਰਕੇ ਕੋਈ ਪਰਮਾਤਮਾ ਨਾਲ ਕਿਵੇਂ ਮਿਲਾਪ ਕਰ ਸਕਦਾ ਹੈ? ਕੀ ਸੰਸਾਰ ਦੇ ਕਿਸੇ ਸੰਤ-ਮਹਾਤਮਾ, ਪੀਰ-ਪੈਗ਼ੰਬਰ ਨੇ ਜੀਵ-ਹੱਤਿਆ ਦਾ ਉਪਦੇਸ਼ ਦਿੱਤਾ ਹੈ?

> 'ਰਵਿਦਾਸ' ਮੂੰਡਹਿ ਕਾਟਿ ਕਰਿ, ਮੂਰਖ ਕਹਤ ਹਲਾਲ।[ਅ]
> ਗਲਾ ਕਟਾਵਹੁ ਆਪਨਾ, ਤਉ ਕਾ ਹੋਇਹੈ ਹਾਲ॥[2]

ੳ. **ਪੀਰ**=ਮੁਸਲਮਾਨਾਂ ਦੇ ਧਰਮ ਗੁਰੂ, ਮਹਾਤਮਾ, ਸਿੱਧ ਪੁਰਸ਼; **ਪੈਗੰਬਰ**=ਪਰਮਾਤਮਾ ਦਾ ਦੂਤ; **ਔਲੀਆ**=ਫ਼ਕੀਰ, ਪਹੁੰਚਿਆ ਹੋਇਆ ਮਹਾਤਮਾ। ਅ. **ਹਲਾਲ**=ਸ਼ਰੀਅਤ (ਇਸਲਾਮੀ ਨਿਯਮ) ਦੇ ਅਨੁਸਾਰ ਪਸ਼ੂ-ਵਧ, ਧਰਮਾਂ ਅਨੁਸਾਰ ਹਿੰਸਾ, ਛੁਰੀ ਨਾਲ ਹੌਲੀ-ਹੌਲੀ ਗਲ਼ਾ ਕੱਟਣਾ।

ਲੋਕ ਹੌਲੀ-ਹੌਲੀ ਜਾਨਵਰ ਦਾ ਗਲ ਕੱਟਦੇ ਹਨ ਅਤੇ ਇਸ ਤਰ੍ਹਾਂ ਬਣੇ ਮਾਸ ਨੂੰ 'ਹਲਾਲ' ਕਹਿੰਦੇ ਹਨ। 'ਹਲਾਲ' ਦਾ ਅਰਥ ਹੈ 'ਵਾਜਬ' ਜਾਂ 'ਠੀਕ'। ਰਵਿਦਾਸ ਜੀ ਕਹਿੰਦੇ ਹਨ ਕਿ ਆਪਣੇ ਗਲੇ ਉਤੇ ਛੁਰੀ ਫਿਰਵਾ ਕੇ ਦੇਖਣਾ ਚਾਹੀਦਾ ਹੈ ਕਿ ਕਿਸੇ ਦਾ ਗਲ ਕੱਟਣਾ ਕਿੱਥੋਂ ਤੱਕ ਹਲਾਲ ਜਾਂ ਠੀਕ ਹੈ।*

'ਰਵਿਦਾਸ' ਜੋ ਆਪਨ ਹੇਤ ਹੀ, ਪਰ ਕੂੰ ਮਾਰਨ ਜਾਈ।
ਮਾਲਿਕ ਕੇ ਦਰ ਜਾਇ ਕਰਿ, ਭੋਗਹਿਂ ਕੜੀ ਸਜਾਈ॥ੳ 6

ਰਵਿਦਾਸ ਜੀ ਕਹਿੰਦੇ ਹਨ ਕਿ ਜੋ ਲੋਕ ਆਪਣੇ ਸੁਆਰਥ ਲਈ ਦੂਸਰਿਆਂ ਨੂੰ ਮਾਰਦੇ ਹਨ, ਉਨ੍ਹਾਂ ਨੂੰ ਰੱਬ ਦੀ ਦਰਗਾਹ ਵਿਚ ਸਖ਼ਤ ਸਜ਼ਾ ਭੁਗਤਣੀ ਪੈਂਦੀ ਹੈ।

ਪ੍ਰਾਨੀ ਬਧ ਨਹਿਂ ਕੀਜੀਐ, ਜੀਵਹ ਬ੍ਰਹਮ ਸਮਾਨ।
'ਰਵਿਦਾਸ' ਪਾਪ ਨੰਹ ਛੂਟਇ, ਕਰੋਰ ਗਊਅਨ ਕਰਿ ਦਾਨ॥[7]

ਜੀਵ ਪਰਮੇਸ਼ਰ ਦਾ ਰੂਪ ਹਨ, ਇਸ ਲਈ ਜੀਵ-ਹੱਤਿਆ ਨਹੀਂ ਕਰਨੀ ਚਾਹੀਦੀ। ਰਵਿਦਾਸ ਜੀ ਕਹਿੰਦੇ ਹਨ ਕਿ ਕਰੋੜਾਂ ਗਊਆਂ ਦਾ ਦਾਨ ਕਰਨ ਨਾਲ ਵੀ ਜੀਵ-ਹੱਤਿਆ ਦੇ ਪਾਪ ਦੀ ਮੁਆਫ਼ੀ ਨਹੀਂ ਮਿਲਦੀ।**

---

* ਦੂਸਰੇ ਸੰਤਾਂ ਨੇ ਵੀ ਜੀਵ ਹੱਤਿਆ ਦਾ ਘੋਰ ਵਿਰੋਧ ਕੀਤਾ ਹੈ:

1. ਬਰਬਸ ਆਨਿ ਕੈ ਗਾਇ ਪਛਾਰਿਨ, ਗਲਾ ਕਾਟਿ ਜਿਵ ਆਪ ਲੀਆ।
ਜਿਅਤ ਜੀਵ ਮੁਰਦਾ ਕਰਿ ਡਾਰਾ, ਤਿਸਕੋ ਕਹਿਤ ਹਲਾਲ ਹੂਆ॥[3]
2. ਮੁਰਗੀ ਮੁੱਲਾ ਸੇ ਕਹੈ, ਜਿਬਹ ਕਰਤ ਹੈ ਮੋਹਿ।
ਸਾਹਿਬ ਲੇਖਾ ਮਾਂਗਸੀ, ਸੰਕਟ ਪਰਿਹੈ ਤੋਹਿ॥[4]
3. (ਦਾਦੂ) ਗਲ ਕਾਟੈ ਕਲਮਾ ਭਰੈ, ਅਇਆ ਬਿਚਾਰਾ ਦੀਨ।
ਪਾਂਚੋ ਬਖਤ ਨਿਮਾਜ ਗੁਜਾਰੈ, ਸਇਆਬਿਤ ਨਹੀਂ ਅਕੀਨ॥[5]

** ਕਬੀਰ ਦਾਸ ਜੀ ਵੀ ਇਸ ਸੰਬੰਧ ਵਿਚ ਕਹਿੰਦੇ ਹਨ :

1. ਤਿਲ ਭਰਿ ਮਛਰੀ ਖਾਇਕੈ, ਕੋਟਿ ਗਊ ਦੈ ਦਾਨ।
ਕਾਸੀ ਕਰਵਤ ਲੈ ਮਰੈ, ਤੌ ਹੂ ਨਰਕ ਨਿਦਾਨ॥[8]
2. ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥[9]

ੳ. ਦਰ=ਦੁਆਰ, ਦਰਬਾਰ।

'ਰਵਿਦਾਸ' ਜੀਵ ਮਤ ਮਾਰਹਿੰ, ਇਕ ਸਾਹਿਬ ਸਭ ਮਾਂਹਿ।
ਸਭ ਮਾਂਹਿੰ ਏਕਉ ਆਤਮਾ, ਦੂਸਰਹਿ ਕੋਉ ਨਾਂਹਿ॥[10]

ਸਭ ਜੀਵਾਂ ਦੇ ਅੰਦਰ ਇੱਕੋ ਆਤਮਾ ਹੈ ਅਤੇ ਸਭ ਦੇ ਅੰਦਰ ਇੱਕੋ ਪਰਮੇਸ਼ਰ ਦਾ ਵਾਸਾ ਹੈ ਇਸ ਲਈ ਜੀਵ-ਹੱਤਿਆ ਬਿਲਕੁਲ ਨਹੀਂ ਕਰਨੀ ਚਾਹੀਦੀ।*

ਮਾਸ ਖਾਣ ਅਤੇ ਸ਼ਰਾਬ ਪੀਣ ਦੀ ਮਨਾਹੀ

ਸਤਿ ਦੇ ਗਿਆਤਾ ਸੰਤਾਂ ਦਾ ਕਹਿਣਾ ਹੈ ਕਿ ਮਾਸ ਖਾਣ ਵਾਲੇ ਪ੍ਰਾਣੀ ਨਰਕਾਂ ਦੇ ਭਾਗੀ ਬਣਦੇ ਹਨ। ਮਾਸ ਖਾਣ ਵਾਲੇ ਹਿਰਦੇ ਵਿਚ ਦਇਆ ਦਾ ਭਾਵ ਨਹੀਂ ਰਹਿੰਦਾ। ਉਨ੍ਹਾਂ ਦੇ ਅੰਦਰ ਪਾਪ ਦਾ ਗੰਦ ਭਰ ਜਾਂਦਾ ਹੈ। ਜਿਊਂਦੇ ਜੀਵਾਂ ਨੂੰ ਮਾਰ ਕੇ ਖਾਣ ਵਾਲੇ ਜ਼ਿੰਦਾ ਲੋਥਾਂ ਸਮਾਨ ਹਨ। ਧਰਮ ਦੇ ਨਾਂ ਤੇ ਜੀਵਾਂ ਨੂੰ ਮਾਰਨਾ ਜਾਂ ਖਾਣਾ ਆਪਣੇ ਆਪ ਨੂੰ ਅਤੇ ਦੂਸਰਿਆਂ ਨੂੰ ਧੋਖਾ ਦੇਣਾ ਹੈ। ਮਾਸ ਖਾਣ ਵਾਲੇ ਵਿਅਕਤੀ ਕਦੇ ਸਵਰਗਾਂ ਵਿਚ ਦਾਖ਼ਲ ਨਹੀਂ ਹੋ ਸਕਦੇ, ਭਾਵੇਂ ਉਹ ਰੋਜ਼ ਕਈ-ਕਈ ਵਾਰ ਨਮਾਜ਼ ਪੜ੍ਹਦੇ ਰਹਿਣ ਅਤੇ ਵੱਧ ਤੋਂ ਵੱਧ ਪੁੰਨ-ਦਾਨ ਕਰਦੇ ਰਹਿਣ। ਉਨ੍ਹਾਂ ਨੂੰ ਜੀਵਾਂ ਦੀ ਹੱਤਿਆ ਦੇ ਕੁਕਰਮ ਦਾ ਫਲ ਭੋਗਣਾ ਪੈਂਦਾ ਹੈ।

ਸੰਤਾਂ ਨੇ ਸ਼ਰਾਬ ਅਤੇ ਦੂਸਰੀਆਂ ਨਸ਼ੀਲੀਆਂ ਵਸਤਾਂ ਦੀ ਵਰਤੋਂ ਦੀ ਵੀ ਮਨਾਹੀ ਕੀਤੀ ਹੈ। ਸੰਤਜਨ ਸੰਸਾਰ ਦੀ ਝੂਠੀ ਸ਼ਰਾਬ ਨਹੀਂ, ਨਾਮ ਦੀ ਸੱਚੀ ਸ਼ਰਾਬ ਪੀਣ ਦਾ ਉਪਦੇਸ਼ ਦਿੰਦੇ ਹਨ।

ਅਪਨਹ ਗੀਵ ਕਟਾਇਹਿੰ, ਜੌ ਮਾਂਸ ਪਰਾਇਆ ਖਾਂਇ।[ੳ]
'ਰਵਿਦਾਸ' ਮਾਂਸ ਜੋ ਖਾਤ ਹੈਂ, ਤੇ ਨਰ ਨਰਕਹਿੰ ਜਾਂਇ॥[12]

---

* ਇਸੇ ਤਰ੍ਹਾਂ ਦਾਦੂ ਜੀ ਵੀ ਕਹਿੰਦੇ ਹਨ:

ਕਾਹੇ ਕੌਂ ਦੁਖ ਦੀਜੀਏ, ਸਾਈਂ ਹੈ ਸਬ ਮਾਂਹਿ।
ਦਾਦੂ ਏਕੈ ਆਤਮਾ, ਦੂਜਾ ਕੋਈ ਨਾਂਹਿ॥[11]

ੳ. ਗੀਵ=ਗਰਦਨ।

ਰਵਿਦਾਸ ਜੀ ਕਹਿੰਦੇ ਹਨ ਕਿ ਦੂਸਰੇ ਜੀਵਾਂ ਦਾ ਮਾਸ ਖਾਣ ਵਾਲੇ ਲੋਕ ਅਸਲ ਵਿਚ ਆਪਣਾ ਗਲਾ ਕੱਟ ਰਹੇ ਹਨ ਕਿਉਂਕਿ ਮਾਸ ਖਾਣ ਵਾਲਿਆਂ ਨੂੰ ਨਰਕਾਂ ਵਿਚ ਜਾਣਾ ਪੈਂਦਾ ਹੈ।*

ਦਇਆ ਭਾਵ ਹਿਰਦੈ ਨਹੀਂ, ਭਖਹਿੰ ਪਰਾਇਆ ਮਾਸ।
ਤੇ ਨਰ ਨਰਕ ਮੰਹ ਜਾਇਹਿੰ, ਸੱਤ ਭਾਖੈ 'ਰਵਿਦਾਸ'॥[15]

ਰਵਿਦਾਸ ਜੀ ਇਹ ਸੱਚਾ ਵਚਨ ਕਹਿੰਦੇ ਹਨ ਕਿ ਜੋ ਪਰਾਏ ਜੀਵਾਂ ਦਾ ਮਾਸ ਖਾਂਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਦਇਆ-ਭਾਵ ਨਹੀਂ ਹੁੰਦਾ। ਇਸ ਤਰ੍ਹਾਂ ਦੇ ਲੋਕ ਬਿਨਾਂ ਸ਼ੱਕ ਨਰਕ ਵਿਚ ਜਾਂਦੇ ਹਨ।**

ਦਇਆ ਧਰਮ ਜਿਨ੍ਹ ਮੇਂ ਨਹਿੰ, ਹਿਰਦੈ ਪਾਪ ਕੋ ਕੀਚ।
'ਰਵਿਦਾਸ' ਤਿਨਹਿ ਜਾਨਿ ਹੋ, ਮਹਾ ਪਾਤਕੀ ਨੀਚ॥[19]

ਰਵਿਦਾਸ ਜੀ ਕਹਿੰਦੇ ਹਨ ਕਿ ਜਿਨ੍ਹਾਂ ਦਾ ਹਿਰਦਾ ਪਾਪ ਦੇ ਚਿੱਕੜ ਨਾਲ ਭਰਿਆ ਹੈ ਅਤੇ ਜਿਨ੍ਹਾਂ ਦੇ ਹਿਰਦੇ ਵਿਚ ਦਇਆ-ਭਾਵ ਨਹੀਂ ਹੈ, ਉਨ੍ਹਾਂ ਨੂੰ ਮਹਾਂ ਪਾਪੀ ਅਤੇ ਨੀਚ ਸਮਝਣਾ ਚਾਹੀਦਾ ਹੈ।

---

* ਕਬੀਰ ਦਾਸ ਜੀ ਅਤੇ ਦਾਦੂ ਸਾਹਿਬ ਵੀ ਇਸ ਸੰਬੰਧ ਵਿਚ ਐਸਾ ਹੀ ਕਹਿੰਦੇ ਹਨ:

ਮਾਂਸ ਮਾਂਸ ਸਬ ਏਕ ਹੈ, ਮੁਰਗੀ ਹਿਰਨੀ ਗਾਇ।
ਆਂਖਿ ਦੇਖਿ ਨਰ ਖਾਤ ਹੈਂ, ਤੇ ਨਰ ਨਰਕਹਿੰ ਜਾਇ॥[13]

(ਦਾਦੂ) ਕੋਈ ਕਾਹੂ ਜੀਵ ਕੀ, ਕਰੈ ਆਤਮਾ ਘਾਤ।
ਸਾਚ ਕਹੂੰ ਸੰਸਾ ਨਹੀਂ, ਸੋ ਪ੍ਰਾਣੀ ਦੋਜਗਿ ਜਾਤ॥[14]

** ਕਬੀਰ ਦਾਸ ਜੀ ਇਸ ਸੰਬੰਧ ਵਿਚ ਕਹਿੰਦੇ ਹਨ :

1. ਹਿੰਦੂ ਕੀ ਦਇਆ ਮੇਹਰ ਤੁਰਕਨ ਕੀ, ਦੂਨੋ ਘਟ ਸੇ ਤਿਆਗੀ।
ਯੇ ਹਲਾਲ ਵੈ ਝਟਕਾ ਮਾਰੈਂ, ਆਗਿ ਦੂਨੋ ਘਰ ਲਾਗੀ॥[16]

2. ਹਿੰਦੂ ਕੇ ਦਾਯਾ ਨਹੀਂ, ਮਿਹਰ ਤੁਰਕ ਕੇ ਨਾਂਹਿ।
ਕਹ ਕਬੀਰ ਦੋਨੋਂ ਗਏ, ਲਖ ਚੌਰਾਸੀ ਮਾਂਹਿ॥[17]

3. ਦਇਆ ਭਾਵ ਹਿਰਦੇ ਨਹੀਂ, ਗਿਆਨ ਕਥੈ ਬੇਹਦ।
ਤੇ ਨਰ ਨਰਕਹਿ ਜਾਇੰਗੇ, ਸੁਨਿ ਸੁਨਿ ਸਾਖੀ ਸਬਦ॥[18]

'ਰਵਿਦਾਸ' ਜਉ ਪੋਸ਼ਣਹ ਹੇਤ, ਗਊ ਬਕਰੀ ਨਿਤ ਖਾਇ।
ਪੜ੍ਹਈ ਨਮਾਜੈਂ ਰਾਤ ਦਿਨ, ਤਬਹੂੰ ਭਿਸਤ ਨ ਪਾਇ॥ੳ [20]

ਰਵਿਦਾਸ ਜੀ ਕਹਿੰਦੇ ਹਨ ਕਿ ਪੇਟ ਦੀ ਖ਼ਾਤਰ ਗਾਂ, ਬੱਕਰੀ ਆਦਿ ਦਾ ਮਾਸ ਖਾਣ ਵਾਲੇ ਲੋਕ ਭਾਵੇਂ ਜਿੰਨੀਆਂ ਮਰਜ਼ੀ ਨਮਾਜ਼ਾਂ ਪੜ੍ਹ ਲੈਣ, ਕਦੇ ਸਵਰਗਾਂ ਵਿਚ ਨਹੀਂ ਜਾ ਸਕਦੇ।*

'ਰਵਿਦਾਸ' ਜਿਭਿਆ ਸਵਾਦ ਬਸ, ਜਉ ਮਾਂਸ ਮਛਰੀਆ ਖਾਇ।
ਨਾਹਕ ਜੀਵ ਮਾਰਨ ਬਦਲ, ਆਪਨ ਸੀਸ ਕਟਾਇ॥[23]

ਰਵਿਦਾਸ ਜੀ ਕਹਿੰਦੇ ਹਨ ਕਿ ਜੀਭ ਦੇ ਚਸਕੇ ਖ਼ਾਤਰ ਮਾਸ, ਮੱਛੀ ਖਾਣ ਵਾਲਿਆਂ ਨੂੰ ਜੀਵ-ਹੱਤਿਆ ਦੇ ਪਾਪ ਕਾਰਨ ਇੱਕ ਦਿਨ ਆਪਣਾ ਗਲ ਕਟਾਉਣਾ ਪਵੇਗਾ।**

ਜੀਵਤ ਕੂੰ ਮੁਰਦਾ ਕਰਹਿੰ, ਅਰੁ ਖਾਇਹੈਂ ਮੁਰਦਾਰ।
ਮੁਰਦਾ ਸਮ ਸਭ ਹੋਇਹੈਂ, ਕਹਿ 'ਰਵਿਦਾਸ' ਬਿਚਾਰ॥[26]

ੳ. ਭਿਸਤ=ਸਵਰਗ।

* ਇਸ ਬਾਰੇ ਹੋਰ ਸੰਤਾਂ ਨੇ ਵੀ ਫ਼ਰਮਾਇਆ ਹੈ:

1. ਤੁਰਕ ਰੋਜਾ ਨਿਮਾਜ਼ ਗੁਜਾਰੈਂ, ਵਿਸਮਿਲ ਬਾਂਗ ਪੁਕਾਰੈ।
ਇਨਹਕੋ ਭਿਸਤ ਕਹਾਂ ਤੇ ਹੋਵੈ, ਜੋ ਸਾਂਝੇ ਮੁਰਗੀ ਮਾਰੈ॥[21]

2. ਕਿਆ ਬਕਰੀ ਕਿਆ ਗਾਇ ਹੈ, ਕਿਆ ਅਪਨਾ ਜਾਇਆ।
ਸਭ ਕਾ ਲੋਹੂ ਏਕ ਹੈ, ਸਾਹਿਬ ਫ਼ਰਮਾਇਆ॥
ਪੀਰ ਪੈਗੰਬਰ ਔਲੀਆ, ਸਭ ਮਰਨੇ ਆਇਆ॥
ਨਾਹਕ ਜੀਵ ਨ ਮਾਰੀਏ, ਪੋਸ਼ਣ ਕੋ ਕਾਇਆ॥[22]

** ਇਸ ਸੰਬੰਧ ਵਿਚ ਦਾਦੂ ਦਿਆਲ ਅਤੇ ਜਾਯਸੀ ਦੇ ਹੇਠ ਲਿਖੇ ਪਦ ਧਿਆਨ ਦੇਣ ਯੋਗ ਹਨ:

1. (ਦਾਦੂ) ਜਾ ਕੌਂ ਮਾਰਣ ਜਾਈਏ, ਸੋਈ ਫਿਰ ਮਾਰੈ।
ਜਾ ਕੌਂ ਤਾਰਣ ਜਾਈਏ, ਸੋਈ ਫਿਰ ਤਾਰੈ।[24]

2. ਜਿਨਹ ਜਸ ਮਾਂਸੂ ਭਖਾ ਪਰਾਇਆ, ਤਸ ਤਿਨੰਕਰ ਲੇਇ ਔਰਨ ਖਾਇਆ।[25]

ਰਵਿਦਾਸ ਜੀ ਕਹਿੰਦੇ ਹਨ ਕਿ ਜੋ ਲੋਕ ਜਿਊਂਦੇ ਜਾਨਵਰਾਂ ਨੂੰ ਮਾਰ ਕੇ ਉਨ੍ਹਾਂ ਦੇ ਮੁਰਦਾ ਮਾਸ ਨੂੰ ਖਾਂਦੇ ਹਨ ਉਹ ਸਾਰੇ ਲੋਕ ਵੀ ਮੁਰਦੇ ਸਮਾਨ ਹੋ ਜਾਂਦੇ ਹਨ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥[27]

ਸ਼ਰਾਬ ਗੰਗਾ ਜਲ ਵਿਚ ਵੀ ਕਿਉਂ ਨਾ ਕੱਢੀ ਗਈ ਹੋਵੇ ਤਾਂ ਵੀ ਸੰਤ-ਜਨ ਕਦੇ ਉਹਦੇ ਨੇੜੇ ਨਹੀਂ ਜਾਂਦੇ।

'ਰਵਿਦਾਸ' ਮਦੁਰਾ ਕਾ ਪੀਜੀਐ, ਜੌ ਚੜ੍ਹੇ ਚੜ੍ਹੈ ਉਤਰਾਇ ॥
ਨਾਂਵ ਮਹਾਰਸ ਪੀਜੀਐ, ਜੌ ਚੜ੍ਹੈ ਨਾਹਿੰ ਉਤਰਾਇ ॥[28]

ਰਵਿਦਾਸ ਜੀ ਕਹਿੰਦੇ ਹਨ ਕਿ ਉਸ ਸ਼ਰਾਬ ਦਾ ਕੀ ਪੀਣਾ, ਜਿਸ ਦਾ ਨਸ਼ਾ ਚੜ੍ਹ ਕੇ ਫਿਰ ਉੱਤਰ ਜਾਂਦਾ ਹੈ। ਨਾਮ ਦੀ ਸੱਚੀ ਸ਼ਰਾਬ ਪੀਣੀ ਚਾਹੀਦੀ ਹੈ, ਜਿਸ ਦਾ ਇੱਕ ਵਾਰ ਚੜ੍ਹਿਆ ਨਸ਼ਾ ਦੋਬਾਰਾ ਕਦੇ ਨਹੀਂ ਉੱਤਰਦਾ।

ਗੁਰੂ ਸਾਹਿਬ ਵੀ ਫ਼ਰਮਾਉਂਦੇ ਹਨ :

ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤੁ ॥[29]

10. ਕਰਮਕਾਂਡ ਦਾ ਖੰਡਨ

ਬਾਹਰੀ ਭੇਖ ਅਤੇ ਬਾਹਰਮੁਖੀ ਪੂਜਾ-ਪਾਠ ਵਿਅਰਥ ਹਨ

ਪਰਮਾਤਮਾ ਸਾਡੇ ਅੰਦਰ ਹੈ, ਉਹਦੇ ਮਿਲਣ ਦਾ ਰਸਤਾ ਵੀ ਅੰਦਰ ਹੈ ਅਤੇ ਉਸ ਤੱਕ ਪੁਹੰਚਣ ਦਾ ਸਾਧਨ ਸ਼ਬਦ ਜਾਂ ਨਾਮ ਵੀ ਸਾਡੇ ਅੰਦਰ ਹੈ। ਬਾਹਰਲੇ ਹਰ ਤਰ੍ਹਾਂ ਦੇ ਸਾਧਨ ਅਤੇ ਮਾਰਗ ਵਿਅਰਥ ਹਨ। ਨੀਲੇ, ਪੀਲੇ, ਗੇਰੂਏ ਜਾਂ ਖ਼ਾਸ ਕਿਸਮ ਦੇ ਕੱਪੜੇ ਪਾਉਣ ਦਾ, ਮੱਥੇ ਉੱਤੇ ਤਿਲਕ ਅਤੇ ਸਰੀਰ ਉੱਤੇ ਭਬੂਤ ਲਗਾਉਣ ਦਾ, ਸਿਰ ਉੱਤੇ ਜਟਾਂ ਰੱਖਣ ਦਾ ਜਾਂ ਸਿਰ ਮੁਨਾਉਣ ਦਾ, ਪਰਮਾਤਮਾ ਦੀ ਪ੍ਰਾਪਤੀ ਨਾਲ ਕੋਈ ਸੰਬੰਧ ਨਹੀਂ ਹੈ। ਇਹ ਸਭ ਫ਼ਜ਼ੂਲ ਦੇ ਦਿਖਾਵੇ ਹਨ। ਹਰ ਤਰ੍ਹਾਂ ਦੀ ਬਾਹਰਮੁਖੀ ਪੂਜਾ, ਤੀਰਥ-ਬਰਤ, ਪੁੰਨ-ਦਾਨ, ਜੰਗਲਾਂ, ਪਹਾੜਾਂ ਵਿਚ ਚਲੇ ਜਾਣਾ, ਮੰਦਰਾਂ-ਮਸਜਿਦਾਂ ਆਦਿ ਦੇ ਚੱਕਰ ਮਾਰਨਾ ਵਿਅਰਥ ਹੈ। ਇਨ੍ਹਾਂ ਵਿੱਚੋਂ ਕਿਸੇ ਚੀਜ਼ ਦਾ ਪਰਮਾਤਮਾ ਦੀ ਭਗਤੀ ਜਾਂ ਪ੍ਰਾਪਤੀ ਨਾਲ ਕੋਈ ਸੰਬੰਧ ਨਹੀਂ ਹੈ।

ਆਪਣਾ ਧਿਆਨ ਬਾਹਰੋਂ ਸਮੇਟ ਕੇ ਅੰਦਰ ਪਰਮਾਤਮਾ ਦੇ ਸ਼ਬਦ ਜਾਂ ਨਾਮ ਵਿਚ ਲੀਨ ਕਰਨਾ ਹੀ ਪਰਮਾਤਮਾ ਦੀ ਸੱਚੀ ਭਗਤੀ ਹੈ। ਹਰ ਤਰ੍ਹਾਂ ਦੀ ਬਾਹਰਮੁਖੀ ਭਗਤੀ ਹਉਮੈਂ ਵਿਚ ਵਾਧਾ ਕਰਕੇ ਪਰਮਾਤਮਾ ਤੋਂ ਦੂਰ ਲੈ ਜਾਂਦੀ ਹੈ ਪਰ ਸੁਰਤ ਨੂੰ ਅੰਦਰ ਸ਼ਬਦ ਵਿਚ ਲੀਨ ਕਰਨ ਨਾਲ ਹਉਮੈਂ ਦਾ ਨਾਸ਼ ਹੁੰਦਾ ਹੈ ਅਤੇ ਆਤਮਾ ਸਹਿਜੇ ਹੀ ਪਰਮਾਤਮਾ ਵਿਚ ਸਮਾ ਜਾਂਦੀ ਹੈ।

> ਅੰਤਰ ਗਤਿ ਰਾਂਚੈ ਨਹੀਂ, ਬਾਹਰ ਕਰੈ ਉਜਾਸ।[ੳ]
> ਤੇ ਨਰ ਜਮਪੁਰ ਜਾਂਹਿਗੇ, ਸਤ ਭਾਖੈ 'ਰਵਿਦਾਸ'॥[1]

ਰਵਿਦਾਸ ਜੀ ਕਹਿੰਦੇ ਹਨ ਕਿ ਬਿਨਾਂ ਹਿਰਦੇ ਵਿਚ ਸੱਚੇ ਪ੍ਰੇਮ ਦੇ, ਬਾਹਰੋਂ ਭਗਤੀ ਦਾ ਦਿਖਾਵਾ ਕਰਨ ਵਾਲੇ ਲੋਕ ਨਰਕਾਂ ਵਿਚ ਜਾਣਗੇ।

ੳ. **ਅੰਤਰ ਗਤਿ**=ਆਪਣੇ ਅੰਦਰ, ਆਪਣੇ ਹਿਰਦੇ ਦੇ ਅੰਦਰ; **ਰਾਂਚੈ**=ਪ੍ਰੇਮ ਵਿਚ ਰੰਗੇ ਜਾਣਾ; **ਉਜਾਸ**=ਪ੍ਰਕਾਸ਼, ਦਿਖਾਵਾ।

ਮਾਥੈ ਤਿਲਕ ਹਾਥ ਜਪ ਮਾਲਾ, ਜਗ ਠਗਨੇ ਕੂੰ ਸਵਾਂਗ ਬਨਾਇਆ।[ੳ]
ਮਾਰਗ ਛਾਂਡਿ ਕੁਮਾਰਗ ਡਹਕੈ, ਸਾਂਚੀ ਪ੍ਰੀਤ ਬਿਨੁ ਰਾਮ ਨ ਪਾਇਆ॥[ਅ 2]

ਲੋਕ ਮੱਥੇ ਉੱਤੇ ਤਿਲਕ ਲਾ ਕੇ ਅਤੇ ਹੱਥ ਵਿਚ ਮਾਲਾ ਲੈ ਕੇ ਦੁਨੀਆ ਨੂੰ ਧੋਖਾ ਦੇ ਕੇ ਠੱਗਦੇ ਫਿਰਦੇ ਹਨ। ਬਿਨਾਂ ਸੱਚੇ ਪ੍ਰੇਮ ਦੇ ਕੋਈ ਕਦੇ ਪਰਮਾਤਮਾ ਨਾਲ ਮਿਲਾਪ ਨਹੀਂ ਕਰ ਸਕਦਾ।

ਕਪਟ ਕੀਆਂ ਰੀਝਈ ਨਹਿੰ ਕੇਸੌ, ਜਗੁ ਕਰਤਾ ਨਹਿੰ ਕਾਂਚਾ।
ਕਹਿ 'ਰਵਿਦਾਸ' ਭਜੋ ਹਰਿ ਮਾਧੌ, ਸੇਵਗ ਹਵੈ ਮਨ ਸਾਂਚਾ॥[3]

ਪਰਮਾਤਮਾ ਕਪਟ ਦੀ ਭਗਤੀ ਨਾਲ ਪ੍ਰਸੰਨ ਨਹੀਂ ਹੁੰਦਾ। ਸੰਸਾਰ ਦੇ ਸਿਰਜਣਹਾਰ ਨੂੰ ਦਿਖਾਵੇ ਦੀ ਭਗਤੀ ਨਾਲ ਧੋਖਾ ਨਹੀਂ ਦਿੱਤਾ ਜਾ ਸਕਦਾ। ਸੱਚੇ ਦਿਲੋਂ ਪਰਮਾਤਮਾ ਦੀ ਅੰਤਰਮੁਖ ਭਗਤੀ ਵਿਚ ਲੱਗਣਾ ਚਾਹੀਦਾ ਹੈ।

ਦੇਹੁਰਾ ਅਰੁ ਮਸੀਤ ਮਹਿੰ, 'ਰਵਿਦਾਸ' ਨ ਸੀਸ ਨਵਾਇੰ।
ਜਹਿ ਲੌਂ ਸੀਸ ਨਿਵਾਵਨਾ, ਸੋ ਠਾਕੁਰ ਸਭ ਥਾਇੰ॥[ੲ 4]

ਮੰਦਰਾਂ, ਮਸਜਿਦਾਂ ਵਿਚ ਮੱਥੇ ਰਗੜਨ ਦੀ ਲੋੜ ਨਹੀਂ ਕਿਉਂਕਿ ਜਿਸ ਪਰਮਾਤਮਾ ਅੱਗੇ ਮੱਥੇ ਟੇਕਣੇ ਹਨ, ਉਹ ਆਪਣੇ ਅੰਦਰ ਹੈ।

ਮਸਜਿਦ ਸੌਂ ਕਛੁ ਘਿਨ ਨਹੀਂ, ਮੰਦਿਰ ਸੌਂ ਨਹੀਂ ਪਿਆਰ।[ਸ]
ਦੋਊ ਮੰਹ ਅੱਲਹ ਰਾਮ ਨਹੀਂ, ਕਹਿ 'ਰਵਿਦਾਸ' ਚਮਾਰ॥[5]

ਰਵਿਦਾਸ ਜੀ ਕਹਿੰਦੇ ਹਨ ਕਿ ਮੈਨੂੰ ਨਾ ਮਸਜਿਦ ਬੁਰੀ ਲੱਗਦੀ ਹੈ ਨਾ ਮੰਦਰ ਚੰਗਾ ਲੱਗਦਾ ਹੈ ਕਿਉਂਕਿ ਨਾ ਮਸਜਿਦ ਵਿਚ ਅੱਲਾ ਦਾ ਵਾਸਾ ਹੈ ਨਾ ਮੰਦਰ ਵਿਚ ਰਾਮ ਦਾ।

'ਰਵਿਦਾਸ' ਨ ਪੂਜਈ ਦੇਹੁਰਾ, ਅਰੁ ਨ ਮਸਜਿਦ ਜਾਇ।[ਹ]
ਜਹਿੰ ਤਹਿੰ ਈਸ ਕਾ ਬਾਸ ਹੈ, ਤਹਿੰ ਤਹਿੰ ਸੀਸ ਨਵਾਇ॥[6]

ਹਿੰਦੂ ਪੂਜਇ ਦੇਹਰਾ, ਮੁਸਲਮਾਨ ਮਸੀਤਿ।
'ਰਵਿਦਾਸ' ਪੂਜਈ ਉਸ ਰਾਮ ਕੂੰ, ਜਿਹ ਨਿਰੰਤਰ ਪ੍ਰੀਤਿ॥[7]

ੳ. **ਸਵਾਂਗ**=ਦਿਖਾਵੇ ਦੇ ਭੇਖ। ਅ. **ਡਹਕੈ**=ਧੋਖਾ ਖਾਣਾ। ੲ. **ਲੌਂ**=ਜਿਸ ਦੇ ਲਈ; **ਥਾਇੰ**=ਜਗ੍ਹਾ।
ਸ. **ਘਿਨ**=ਘ੍ਰਿਣਾ, ਨਫ਼ਰਤ। ਹ. **ਦੇਹੁਰਾ**=ਮੰਦਰ।

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਹਿੰਦੂਆਂ, ਮੁਸਲਮਾਨਾਂ ਵਾਂਗ ਮੰਦਰ ਜਾਂ ਮਸਜਿਦ ਵਿਚੋਂ ਨਹੀਂ, ਆਪਣੇ ਅੰਦਰੋਂ ਉਸ ਸਰਬ-ਵਿਆਪਕ ਪਰਮਾਤਮਾ ਦੀ ਖੋਜ ਕਰਦਾ ਹਾਂ ਜਿਸ ਨਾਲ ਮੇਰੀ ਲਗਾਤਾਰ ਪ੍ਰੀਤ ਲੱਗੀ ਹੋਈ ਹੈ।

ਦੇਤਾ ਰਹੇ ਹੱਜਾਰ ਬਰਸ, ਮੁੱਲਾ ਚਾਹੇ ਅਜਾਨ।[ੳ]
'ਰਵਿਦਾਸ' ਖੁਦਾ ਨਹਿੰ ਮਿਲ ਸਕਈ, ਜੌ ਲੌਂ ਮਨ ਸ਼ੈਤਾਨ॥[ਅ 8]

ਰਵਿਦਾਸ ਜੀ ਕਹਿੰਦੇ ਹਨ ਕਿ ਜਦ ਤੱਕ ਮਨ ਖੋਟਾ ਹੈ, ਮਨ ਵਿਚ ਸ਼ੈਤਾਨ ਦਾ ਵਾਸਾ ਹੈ, ਬਾਹਰੋਂ ਚਾਹੇ ਮੁੱਲਾਂ ਹਜ਼ਾਰਾਂ ਸਾਲ ਬਾਂਗਾਂ ਦਿੰਦਾ ਰਹੇ ਉਹਨੂੰ ਕਦੇ ਅੰਦਰੋਂ ਰੱਬ ਦਾ ਦੀਦਾਰ ਨਹੀਂ ਹੋ ਸਕਦਾ।

ਜੌ ਖੁਦਾ ਪਛਿਮ ਬਸੈ, ਤੌ ਪੂਰਬ ਬਸਤ ਹੈ ਰਾਮ।
'ਰਵਿਦਾਸ' ਸੇਵੌਂ ਜਿਹ ਠਾਕੁਰ ਕੂੰ, ਤਿਹ ਕਾ ਠਾਂਵ ਨ ਨਾਮ॥[9]

ਮੁਸਲਮਾਨ ਕਹਿੰਦੇ ਹਨ ਕਿ ਰੱਬ ਪੱਛਮ ਵਿਚ ਵੱਸਦਾ ਹੈ, ਹਿੰਦੂ ਕਹਿੰਦੇ ਹਨ ਪੂਰਬ ਵਿਚ ਰਾਮ ਵੱਸਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਉਸ ਪਰਮੇਸ਼ਰ ਦਾ ਪੁਜਾਰੀ ਹਾਂ ਜਿਹੜਾ ਪੱਤੇ-ਪੱਤੇ, ਜ਼ੱਰੇ-ਜ਼ੱਰੇ ਵਿਚ ਵੱਸਦਾ ਹੈ ਅਤੇ ਹਰ ਘਟ ਵਿਚ ਸਮਾਇਆ ਹੋਇਆ ਹੈ।

ਧੂਆਂ ਤਪਨ ਮਹਿ ਕਾ ਧਰਾ, ਧੂਮ ਤਪਨ ਹੀ ਤਿਆਗ।
'ਰਵਿਦਾਸ' ਮਿਲਿ ਹੈ ਮੋਸ਼ ਧਾਮ, ਸੇਵਾ ਹੀ ਤਪ ਆਗ॥[10]

ਧੂਣੀਆਂ ਤਪਣ ਵਿਚ ਕੀ ਪਿਆ ਹੈ? ਰਵਿਦਾਸ ਜੀ ਕਹਿੰਦੇ ਹਨ ਕਿ ਆਪਣੇ ਆਪ ਨੂੰ ਧੂੰਏਂ ਦੀ ਥਾਂ ਪਰਮਾਤਮਾ ਦੀ ਸੱਚੀ ਸੇਵਾ ਦੀ ਅੱਗ ਵਿਚ ਤਪਾਓ ਤਾਂ ਜੋ ਮੁਕਤੀ ਦੀ ਪ੍ਰਾਪਤੀ ਹੋ ਜਾਵੇ।

ਕਿਹਿੰ ਬਿਧਿ ਅਨਸਰੌਂ ਰੇ, ਅਤਿ ਦੁਲਭ ਦੀਨ ਦਿਆਲ।[ੲ]
ਮੈਂ ਮਹਾ ਵਿਸ਼ਈ, ਅਧਿਕ ਆਤੁਰ, ਕਾਮਨਾ ਕੀ ਝਾਲ॥[ਸ]

ੳ. ਅਜਾਨ=ਮਸਜਿਦ ਦੀ ਛੱਤ ਤੇ ਖੜ੍ਹੇ ਹੋ ਕੇ ਉੱਚੀ ਆਵਾਜ਼ ਵਿਚ ਅੱਲ੍ਹਾ ਨੂੰ ਪੁਕਾਰਨਾ।

ਅ. **ਸ਼ੈਤਾਨ**=ਮਨ ਮਾਰਗ ਦੇ ਬਹਿਕਾਉਣ ਦਾ ਕੰਮ ਕਰਨ ਵਾਲਾ ਫ਼ਰਿਸ਼ਤਾ। ਕੁਰਾਨ ਦੇ ਅਨੁਸਾਰ ਅਜਾਜ਼ੀਲ ਨਾਮਕ ਸਵਰਗ ਵਿੱਚੋਂ ਕੱਢਿਆ ਗਿਆ ਜਿੰਨ, ਜੋ ਮਨੁੱਖ ਨੂੰ ਗੁਮਰਾਹ ਕਰਨ ਦਾ ਕੰਮ ਕਰਦਾ ਹੈ। ੲ. ਅਨਸਰੌਂ=ਪਿੱਛੇ ਚੱਲਣਾ। ਸ. **ਝਾਲ**=ਜਵਾਲਾ।

ਕਹਾ ਡਿੰਭ ਬਾਹਰਿ ਕੀਏਂ, ਹਰਿ ਕਨਕ ਕਸੌਟੀ ਹਾਰ।[ੳ]
ਬਾਹਰਿ ਭੀਤਰਿ ਸਾਖਿ ਤੂੰ, ਹੌਂ ਕੀਓ ਸੁ ਸੌ ਅੰਧਿਆਰ।।[ਅ]
ਕਹਾ ਭਇਓ ਬਹੁ ਪਾਖੰਡ ਕੀਐ, ਹਰਿ ਹਿਰਦੈ ਸੁਪਿਨੈਂ ਨ ਜਾਂਨ।
ਜਿਉਂ ਦਾਰਾ ਬਿਭਚਾਰਿਨੀ, ਮੁਖਿ ਪਤਿਵਰਤਾ ਜੀਅ ਆਂਨ।।[ੲ]
ਮੈਂ ਹਿਰਦੇ ਹਾਰਿ ਬੈਠਿਓ ਹਰਿ, ਮੋਪੈ ਸਰਿਓ ਨ ਏਕੌ ਕਾਜ।[ਸ]
ਭਾਵ ਭਗਤਿ 'ਰਵਿਦਾਸ' ਦੇ, ਪ੍ਰਤਿਪਾਲ ਕਰਿ ਮੋਹਿ ਆਜ।।[11]

ਮੈਂ ਪਰਮਾਤਮਾ ਦੀ ਭਗਤੀ ਕਰਾਂ ਤਾਂ ਕਿਸ ਤਰ੍ਹਾਂ? ਉਸ ਦੀਨ-ਦਇਆਲ ਨਾਲ ਮਿਲਾਪ ਕਰ ਸਕਣਾ ਕਠਨ ਹੈ। ਮੈਂ ਪਾਪੀ ਅਤੇ ਕੁਕਰਮੀ ਹਾਂ। ਮੇਰੇ ਅੰਦਰ ਇੱਛਾਵਾਂ-ਤ੍ਰਿਸ਼ਨਾਵਾਂ ਦੇ ਭਾਂਬੜ ਮੱਚ ਰਹੇ ਹਨ। ਬਾਹਰੋਂ ਪਖੰਡ ਜਾਂ ਦਿਖਾਵਾ ਕਰਨ ਨਾਲ ਕੀ ਮਿਲੇਗਾ? ਭਗਤੀ ਉਹ ਹੈ ਜਿਹੜੀ ਪ੍ਰੇਮ ਦੀ ਕਸੌਟੀ ਉੱਤੇ ਪੂਰੀ ਉੱਤਰੇ। ਹੇ ਪ੍ਰਭੂ! ਤੂੰ ਅੰਦਰ-ਬਾਹਰ ਦੀ ਜਾਨਣ ਵਾਲਾ ਹੈਂ। ਮੈਂ ਜੋ ਕੁਝ ਕੀਤਾ ਹੈ ਸਭ ਧੋਖੇ ਅਤੇ ਪਖੰਡ ਦਾ ਭਰਿਆ ਹੋਇਆ ਹੈ। ਜਦ ਮੇਰੇ ਅੰਦਰ ਤੇਰੇ ਸਰੂਪ ਦਾ ਧਿਆਨ ਹੀ ਪੈਦਾ ਨਹੀਂ ਹੋਇਆ ਤਾਂ ਮੇਰੀ ਪਖੰਡ ਦੀ ਭਗਤੀ ਦਾ ਕੀ ਲਾਭ ਹੈ? ਵੇਸਵਾ ਦਿਖਾਵਾ ਸੱਚੇ ਪ੍ਰੇਮ ਦਾ ਕਰਦੀ ਹੈ ਪਰ ਉਹਦੇ ਅੰਦਰ ਮੋਹ ਦੂਸਰੇ ਦਾ ਸਮਾਇਆ ਹੁੰਦਾ ਹੈ। ਉਸੇ ਤਰ੍ਹਾਂ ਹੇ ਪ੍ਰਭੂ! ਮੈਂ ਦਿਖਾਵਾ ਤੇਰੀ ਭਗਤੀ ਦਾ ਕਰਦਾ ਹਾਂ, ਪਰ ਮੇਰੇ ਅੰਦਰ ਪ੍ਰੀਤ ਸੰਸਾਰ ਦੀ ਸਮਾਈ ਹੋਈ ਹੈ। ਮੈਂ ਆਪਣੇ ਆਪ ਕੁਝ ਨਹੀਂ ਕਰ ਸਕਦਾ। ਮੈਂ ਮਨ ਦੇ ਹੱਥੋਂ ਪੂਰੀ ਤਰ੍ਹਾਂ ਹਾਰ ਗਿਆ ਹਾਂ। ਤੂੰ ਖ਼ੁਦ ਦਇਆ-ਮਿਹਰ ਕਰਕੇ ਮੇਰੇ ਅੰਦਰ ਆਪਣਾ ਸੱਚਾ ਪਿਆਰ ਭਰ ਦੇ।

ਭਾਈ ਰੇ, ਭ੍ਰਮ ਭਗਤਿ ਸੂੰ ਜਾਨਿ।[ਹ]
ਜੌ ਲੌਂ ਨਹੀਂ ਸਾਂਚ ਸੂੰ ਪਹਿਚਾਨਿ।।[ਕ]
ਭ੍ਰਮ ਨਾਚਣ ਭ੍ਰਮ ਗਾਇਣ, ਭ੍ਰਮ ਜਪ ਤਪ ਦਾਨਿ।
ਭ੍ਰਮ ਸੇਵਾ ਭਰਮ ਪੂਜਾ, ਅਰੁ ਭ੍ਰਮ ਸੂੰ ਪਹਿਚਾਨਿ।।
ਭ੍ਰਮ ਖਟ ਕਰਮ ਸਕਲ ਸੰਹਿਤਾ, ਭ੍ਰਮ ਗ੍ਰੇਹ ਵਨ ਜਾਨਿ।[ਖ]
ਭ੍ਰਮ ਕਰਿ ਕਰਿ ਕਰਮ ਕੀਐ, ਭ੍ਰਮ ਕੀ ਯਹੁ ਬਾਨਿ।[ਗ]

ੳ. **ਡਿੰਭ**=ਪਖੰਡ, ਦਿਖਾਵਾ। ਅ. **ਸਾਖਿ**=ਦੇਖਣ ਵਾਲਾ; **ਸੌ**=ਸਭ। ੲ. **ਆਂਨ**=ਦੂਸਰਾ। ਸ. **ਸਰਿਓ**=ਸਿੱਧ ਹੋਣਾ, ਪੂਰਾ ਹੋਣਾ। ਹ. **ਸੂੰ**=ਉਹ। ਕ. **ਸੂੰ**=ਨਾਲ। ਖ. **ਖਟ ਕਰਮ**=ਛੇ ਤਰ੍ਹਾਂ ਦੇ ਕਰਮ; **ਗ੍ਰੇਹ**=ਘਰ। ਗ. **ਬਾਨਿ**=ਆਦਤ।

ਭ੍ਰਮ ਇੰਦ੍ਰੀ ਨਿਗ੍ਰਹਿ ਕੀਆਂ, ਭ੍ਰਮ ਗੁਹਾ ਮੈਂ ਬਾਸ[ੳ]
ਭ੍ਰਮ ਤੌ ਲੌਂ ਜਾਨਿਐ, ਸੂੰਨਿ ਕੀ ਕਰੇ ਆਸ॥[ਅ]
ਭ੍ਰਮ ਸੁਧ ਸਰੀਰ ਜੌਂ ਲੌਂ, ਭ੍ਰਮ ਨਾਂਵ ਬਿਨਾਂਵ[ੲ]
ਭ੍ਰਮ ਭਨਿ 'ਰਵਿਦਾਸ' ਤੌ ਲੌਂ, ਜੌ ਲੌਂ ਚਾਹੇ ਠਾਂਵ॥[ਸ 12]

ਭਰਾਵਾ, ਜਦ ਤੱਕ ਸਤਿ ਦੇ ਪ੍ਰਤੱਖ ਦਰਸ਼ਨ ਨਹੀਂ ਹੋ ਜਾਂਦੇ ਤਦ ਤੱਕ ਸਾਡੀ ਭਗਤੀ ਨਿਰਾ ਭਰਮ ਹੈ। ਨੱਚਣਾ-ਗਾਉਣਾ, ਜਪ-ਤਪ, ਸੇਵਾ-ਪੂਜਾ ਆਦਿ ਸਭ ਭਰਮ ਹੈ। ਛੇ ਕਰਮ ਨਿਰਾ ਭਰਮ ਹਨ ਅਤੇ ਵੇਦਾਂ-ਸ਼ਾਸਤਰਾਂ ਵਿਚ ਬਿਆਨ ਕੀਤੇ ਸਾਰੇ ਕਰਮ-ਧਰਮ ਵੀ ਭਰਮ ਹੀ ਹਨ। ਬਿਨਾ ਸੱਚੀ ਭਗਤੀ ਦੇ ਗ੍ਰਿਸਤ ਅਤੇ ਤਿਆਗ ਭਰਮ ਹੈ, ਇੰਦਰੀਆਂ ਨੂੰ ਵੱਸ ਕਰਨਾ ਅਤੇ ਗੁਫਾਵਾਂ ਵਿਚ ਰਹਿਣਾ ਭਰਮ ਹੈ। ਜਦ ਤੱਕ ਮਨ ਵਿਚ ਨਾਸ਼ਵਾਨ ਸੰਸਾਰ ਦੀ ਆਸ਼ਾ-ਤ੍ਰਿਸ਼ਨਾ ਹੈ, ਤਦ ਤੱਕ ਅਸੀਂ ਭਰਮ ਦਾ ਸ਼ਿਕਾਰ ਹਾਂ। ਜਦ ਤੱਕ ਖ਼ਿਆਲ ਸਰੀਰ ਤੋਂ ਉੱਪਰ ਨਹੀਂ ਉੱਠਿਆ ਅਤੇ ਲਿਵ ਅੰਦਰ ਨਾਮ ਨਾਲ ਨਹੀਂ ਜੁੜੀ, ਸਭ ਕੁਝ ਭਰਮ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਦ ਤੱਕ ਮਨ ਵਿਚ ਸੰਸਾਰ ਦੀ ਕਿਸੇ ਪ੍ਰਾਪਤੀ ਦੀ ਇੱਛਾ ਹੈ ਭਰਮ ਦਾ ਬੰਧਨ ਨਹੀਂ ਟੁੱਟਦਾ। ਜਦ ਮਨ ਵਿਚ ਕੇਵਲ ਪਰਮਾਤਮਾ ਅਤੇ ਉਸ ਦੇ ਨਾਮ ਦੀ ਪ੍ਰਾਪਤੀ ਦੀ ਚਾਹ ਰਹਿ ਜਾਂਦੀ ਹੈ ਤਾਂ ਹੀ ਇਸ ਭਰਮ ਦੀ ਜ਼ੰਜੀਰ ਟੁੱਟਦੀ ਹੈ।

ਭਗਤੀ ਐਸੀ ਸੁਨਹੁ ਰੇ ਭਾਈ। ਆਈ ਭਗਤਿ ਤਉ ਗਈ ਬੜਾਈ॥[ਹ]
ਕਹਾ ਭਇਓ ਨਾਚੈਂ ਅਰੁ ਗਾਇਓ, ਕਹਾ ਭਇਓ ਤਪ ਕੀਨ੍ਹੈਂ।
ਕਹਾ ਭਇਓ ਜੈ ਚਰਨ ਪਖਾਲੇ, ਜੌ ਲੌਂ ਪਰਮ ਤੱਤ ਨਹੀਂ ਚੀਨ੍ਹੈਂ॥
ਕਹਾ ਭਇਓ ਜੇ ਮੂੰਡ ਮੰਡਾਯੌ, ਬਹੁ ਤੀਰਥ ਬਰਤ ਕੀਨ੍ਹੈਂ।
ਸਵਾਮੀ ਦਾਸ ਭਗਤ ਅਰੁ ਸੇਵਗ, ਜੌ ਪਰਮ ਤੱਤ ਨਹੀਂ ਚੀਨ੍ਹੈਂ॥
ਕਹੈ 'ਰਵਿਦਾਸ' ਤੇਰੀ ਭਗਤਿ ਦੂਰ ਹੈ, ਭਾਗ ਬੜੈ ਸੋ ਪਾਵੈ।
ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹ੍ਵੈ ਚੁਣਿ ਖਾਵੈ॥[ਕ 13]

ੳ. **ਨਿਗ੍ਰਹਿ**=ਰੋਕਣਾ, ਵੱਸ ਵਿਚ ਕਰਨਾ। ਅ. **ਸੂੰਨਿ**=ਖਾਲੀ। ੲ. **ਬਿਨਾਂਵ**=ਬਗ਼ੈਰ। ਸ. **ਠਾਂਵ**=ਥਾਂ, ਜਗ੍ਹਾ, ਆਧਾਰ। ਹ. **ਬੜਾਈ**=ਵੱਡੇ ਹੋਣ ਦੀ ਭਾਵਨਾ, ਅਭਿਮਾਨ। ਕ. **ਮੇਟਿ...ਪਰ**=ਆਪਣੇ ਅਤੇ ਪਰਾਏ ਭੇਦ ਨੂੰ ਮਿਟਾ ਕੇ; **ਪਿਪਲਕ**=ਕੀੜੀ।

ਭਰਾਵਾ, ਭਗਤੀ ਨਿਮਰਤਾ ਸਿਖਾਉਂਦੀ ਹੈ। ਜਦ ਹਿਰਦੇ ਵਿਚ ਭਗਤੀ ਆਉਂਦੀ ਹੈ ਤਾਂ ਵੱਡੇ ਹੋਣ ਦਾ ਹੰਕਾਰ ਖ਼ਤਮ ਹੋ ਜਾਂਦਾ ਹੈ। ਜਦ ਤੱਕ ਅੰਦਰੋਂ ਪਰਮਾਤਮਾ ਰੂਪੀ ਪਰਮ ਤੱਤ ਦਾ ਗਿਆਨ ਨਹੀਂ ਹੁੰਦਾ, ਬਾਹਰੋਂ ਨੱਚਣ-ਗਾਉਣ, ਸਿਰ ਮੁਨਾਉਣ, ਤੀਰਥ-ਵਰਤ ਕਰਨ ਅਤੇ ਆਪਣੇ ਆਪ ਨੂੰ ਪਰਮਾਤਮਾ ਦਾ ਦਾਸ, ਸੇਵਕ ਜਾਂ ਭਗਤ ਕਹਾਉਣ ਦਾ ਕੀ ਲਾਭ ਹੈ? ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਤੇਰੀ ਭਗਤੀ ਦਾ ਇਨ੍ਹਾਂ ਬਾਹਰਮੁਖੀ ਸਾਧਨਾਂ ਨਾਲ ਕੋਈ ਸੰਬੰਧ ਨਹੀਂ। ਤੇਰੀ ਭਗਤੀ ਉੱਚੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਦੇ ਅੰਦਰ ਤੇਰੀ ਸੱਚੀ ਭਗਤੀ ਜਾਗ ਪੈਂਦੀ ਹੈ ਉਹ ਹਉਮੈਂ ਅਤੇ ਮੈਂ-ਮੇਰੀ ਨੂੰ ਤਜ ਕੇ, ਨਿਮਰਤਾ ਪੂਰਵਕ ਅੰਦਰੋਂ ਭਗਤੀ ਦਾ ਰਸ ਲੈਂਦੇ ਹਨ ਜਿਵੇਂ ਕੀੜੀ ਰੇਤ ਰੂਪੀ ਵਿਸ਼ਿਆਂ ਵਿਚ ਰਲੀ ਖੰਡ ਰੂਪੀ ਭਗਤੀ ਦੇ ਦਾਣੇ ਚੁਣ-ਚੁਣ ਕੇ ਖਾਂਦੀ ਹੈ।

ਭੇਖ ਲੀਓ ਪੈ ਭੇਦ ਨ ਜਾਨਿਓ, ਇਮ੍ਰਤ ਲੇਇ ਵਿਸ਼ੈ ਸੌ ਸਾਨਿਓ॥[ੳ]
ਕਾਮ ਕ੍ਰੋਧ ਮੇਂ ਜਨਮ ਗੰਵਾਇਓ, ਸਾਧ ਸੰਗਤਿ ਮਿਲਿ ਰਾਮ ਨ ਗਾਇਓ॥
ਤਿਲਕ ਦੀਓ ਪੈ ਤਪਨਿ ਨ ਜਾਈ, ਮਾਲਾ ਪਹਰਿ ਘਨੇਰੀ ਲਾਈ॥[ਅ]
ਕਹੈ 'ਰਵਿਦਾਸ' ਮਰਮ ਜੁ ਪਾਔਂ, ਦੇਵ ਨਿਰੰਜਨ ਸਤਿ ਕਰਿ ਧਿਆਔਂ॥[ੲ][14]

ਬਾਹਰੋਂ ਧਾਰਮਿਕ ਭੇਖ ਧਾਰਨ ਦਾ ਕੀ ਲਾਭ ਹੈ ਜੇ ਅੰਦਰ ਸੱਚਾ ਪ੍ਰੇਮ ਪੈਦਾ ਨਹੀਂ ਹੋਇਆ। ਪ੍ਰਭੂ ਪ੍ਰੇਮ ਦੇ ਅੰਮ੍ਰਿਤ ਨੂੰ ਦੁਨੀਆਦਾਰੀ ਦੇ ਜ਼ਹਿਰ ਵਿਚ ਘੋਲ ਕੇ ਨਹੀਂ ਬਰਬਾਦ ਕਰਨਾ ਚਾਹੀਦਾ। ਸਾਧਾਂ-ਸੰਤਾਂ ਅਤੇ ਪਰਮਾਤਮਾ ਦੇ ਸੱਚੇ ਭਗਤਾਂ ਦੀ ਸੰਗਤ ਵਿਚ ਜਾ ਕੇ ਪਰਮਾਤਮਾ ਦੀ ਸੱਚੀ ਭਗਤੀ ਵਿਚ ਲੱਗਣਾ ਚਾਹੀਦਾ ਹੈ। ਜੀਵਨ ਕਾਮ-ਕ੍ਰੋਧ ਵਿਚ ਬਰਬਾਦ ਨਹੀਂ ਕਰਨਾ ਚਾਹੀਦਾ। ਮੱਥੇ ਉੱਤੇ ਠੰਢੇ ਚੰਦਨ ਦਾ ਤਿਲਕ ਲਾਉਣ ਨਾਲ ਮਨ ਵਿਚ ਸਮਾਈ ਇੰਦਰੀਆਂ ਦੇ ਭੋਗਾਂ ਅਤੇ ਸੰਸਾਰ ਦੀਆਂ ਤ੍ਰਿਸ਼ਨਾਵਾਂ ਦੀ ਅੱਗ ਸ਼ਾਂਤ ਨਹੀਂ ਹੁੰਦੀ। ਗਲ ਵਿਚ ਮਾਲਾ ਪਾਉਣ ਨਾਲ ਹਿਰਦੇ ਵਿੱਚੋਂ ਦੁਨੀਆ ਦੀ ਧਨ-ਦੌਲਤ ਦੀ ਚਾਹ ਨਹੀਂ ਨਿਕਲਦੀ। ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਨੂੰ ਸੱਚੀ-ਭਗਤੀ ਦਾ ਭੇਦ ਮਿਲ ਜਾਂਦਾ ਹੈ ਉਹ ਸੰਸਾਰ ਦੀ ਮੋਹ-ਮਮਤਾ ਨੂੰ ਤਜ ਕੇ ਪਰਮਾਤਮਾ ਦੇ ਸੱਚੇ ਪ੍ਰੇਮ ਵਿਚ ਖੋ ਜਾਂਦਾ ਹੈ।

ੳ. **ਭੇਦ**=ਰਹੱਸ। ਅ. **ਤਪਨਿ**=ਗਰਮੀ, ਸੰਸਾਰਿਕ ਅਗਨੀ ਦੀ ਤਪਸ਼, ਦੁੱਖ; **ਘਨੇਰੀ**=ਮਾਇਆ ਦਾ ਵਧਣਾ। ੲ. **ਨਿਰੰਜਨ**=ਅੰਜਨ ਜਾਂ ਮਾਇਆ ਰਹਿਤ ਪਰਮਾਤਮਾ।

ਪਾਂਡੇ! ਹਰਿ ਵਿਚਿ ਅੰਤਰ ਡਾਢਾ, ਮੁੰਡ ਮੁਡਾਵੈ ਸੇਵਾ ਪੂਜਾ,[ੳ]
ਭਰਮ ਕਾ ਬੰਧਨ ਗਾੜ੍ਹਾ॥
ਮਾਲਾ ਤਿਲਕ ਮਨੋਹਰ ਬਾਨੌਂ, ਲਾਗੌਂ ਜਮ ਕੀ ਪਾਸੀ।[ਅ]
ਜੌਂ ਹਰਿ ਸੇਤੀ ਜੋਡਯਾ ਚਾਹੌਂ, ਤੌਂ ਜਗ ਸੌਂ ਰਹੌਂ ਉਦਾਸੀ॥[ੲ]
ਭੂਖ ਨ ਭਾਜੈ ਤ੍ਰਿਸਨਾ ਨ ਜਾਈ, ਕਹੌਂ ਕੌਨ ਕਵਨ ਗੁਣ ਹੋਈ।[ਸ]
ਜੌਂ ਦਧਿ ਮੇ ਕਾਂਜੀ ਕੋ ਜਾਂਵਣ, ਤੌਂ ਘ੍ਰਿਤ ਨ ਕਾਢੈ ਕੋਈ॥[ਹ]
ਕਹਿਣੀ ਕਥਨੀ ਗਿਆਨ ਅਚਾਰਾ, ਭਗਤਿ ਇਨਹੂੰ ਸੌਂ ਨਿਆਰੀ।
ਦੋਇ ਘੋੜਾ ਚਢਿ ਕੌਊ ਨ ਪਹੁੰਤੌਂ, ਸਤਗੁਰ ਕਹੈ ਪੁਕਾਰੀ॥
ਜੌਂ ਦਾਸਾ ਤਣ ਕੀਓ ਚਾਹੌਂ, ਆਸ ਭਗਤਿ ਕੀ ਹੋਈ।[ਕ]
ਤੌਂ ਨਿਰਮਲ ਸਾਂਗ ਮਗਨ ਹਵੈ ਨਾਚੌਂ, ਲਾਜ ਸਰਮ ਸਬ ਖੋਈ॥[ਖ]
ਕੋਈ ਦਾਧੌਂ ਕੋਈ ਸੀਧੌਂ, ਸਾਂਚੋ ਕੂੜ ਨਿਤਿ ਮਾਰਿਆ।[ਗ]
ਕਹੈ 'ਰਵਿਦਾਸ' ਹੌਂ ਨ ਕਹਤ ਹੌਂ, ਯੇਕਾਦਸਹ ਪੁਕਾਰਿਆ॥[ਘ] [15]

ਪੁਜਾਰੀ ਦੂਸਰਿਆਂ ਨੂੰ ਪਰਮਾਤਮਾ ਦੇ ਨੇੜੇ ਪੁਚਾਉਣ ਦਾ ਜਤਨ ਕਰਦੇ ਹਨ ਪਰ ਖ਼ੁਦ ਪਰਮਾਤਮਾ ਤੋਂ ਦੂਰ ਹਨ। ਉਹ ਸਿਰ ਮੁਨਾ ਕੇ ਮੂਰਤੀਆਂ ਦੀ ਪੂਜਾ ਕਰਦੇ ਹਨ ਜੋ ਨਿਰਾ ਭਰਮ ਹੈ। ਉਹ ਮੱਥੇ ਉਤੇ ਤਿਲਕ ਲਾ ਕੇ, ਹੱਥ ਵਿਚ ਮਾਲਾ ਲੈ ਕੇ ਅਤੇ ਸੁੰਦਰ ਭੇਖ ਧਾਰ ਕੇ ਭਗਤੀ ਦਾ ਦਿਖਾਵਾ ਕਰਦੇ ਹਨ, ਪਰ ਅਸਲ ਵਿਚ ਆਪਣੇ ਗਲ ਵਿਚ ਧਰਮਰਾਜ ਦਾ ਫੰਦਾ ਪਾ ਰਹੇ ਹਨ। ਜਦ ਤੱਕ ਹਿਰਦੇ ਵਿਚੋਂ ਵਿਸ਼ੇ-ਵਿਕਾਰ ਅਤੇ ਸੰਸਾਰਿਕ ਇੱਛਾਵਾਂ-ਤ੍ਰਿਸ਼ਨਾਵਾਂ ਦੂਰ ਨਹੀਂ ਹੁੰਦੀਆਂ, ਇਸ ਤਰ੍ਹਾਂ ਦੇ ਦਿਖਾਵੇ ਦੀ ਭਗਤੀ ਦਾ ਕੀ ਲਾਭ ਹੈ? ਫਟੇ ਹੋਏ ਦੁੱਧ ਦੇ ਪਾਣੀ ਦਾ ਜਾਗ ਲਾ ਕੇ ਦਹੀਂ ਨਹੀਂ ਜਮਾਇਆ ਜਾ ਸਕਦਾ ਅਤੇ ਮੱਖਣ ਨਹੀਂ ਕੱਢਿਆ ਜਾ ਸਕਦਾ। ਏਸੇ ਤਰ੍ਹਾਂ ਪਖੰਡ ਦੀ ਭਗਤੀ ਦੁਆਰਾ ਕਦੇ ਪਰਮਾਤਮਾ ਨਾਲ ਮਿਲਾਪ ਨਹੀਂ ਕੀਤਾ ਜਾ ਸਕਦਾ। ਗ੍ਰੰਥਾਂ-ਸ਼ਾਸਤਰਾਂ ਦੇ ਪਾਠ-ਵਿਚਾਰ ਨਾਲ

ੳ. **ਅੰਤਰ**=ਪਰਦਾ, ਓਟ, ਅਵਰੋਧ; **ਡਾਢਾ**=ਪਾਇਆ। ਅ. **ਬਾਨੌਂ**=ਪਹਿਰਾਵਾ; **ਪਾਸੀ**=ਫਾਂਸੀ, ਫੰਦਾ। ੲ. **ਸੇਤੀ**=ਨਾਲ। ਸ. **ਭਾਜੈ**=ਭੱਜਣਾ। ਹ. **ਕਾਂਜੀ**=ਫਟੇ ਹੋਏ ਦੁੱਧ ਦਾ ਪਾਣੀ, ਪਾਣੀ ਵਿਚ ਪਿਸੀ ਹੋਈ ਰਾਈ ਦਾ ਘੋਲ ਜੋ ਦੋ-ਤਿੰਨ ਦਿਨ ਰੱਖਣ ਨਾਲ ਖੱਟਾ ਹੋ ਗਿਆ ਹੋਵੇ; **ਜਾਂਵਣ**=(ਦਹੀਂ ਦਾ) ਜਾਗ। ਕ. **ਤਣ**=ਸਰੀਰ। ਖ. **ਸਾਂਗ**=ਰੂਪ। ਗ. **ਦਾਧੌਂ**=ਜਲਾਉਣਾ, ਤਪਾਉਣਾ; **ਸੀਧੌਂ**=ਮਿੱਤਰ ਵਾਂਗ ਵਰਤਣਾ; **ਕੂੜ**=ਦੂਸ਼ਿਤ ਮਨੋਵਿਰਤੀ ਦੇ ਲੋਕ। ਘ. **ਯੇਕਾਦਸਹ**=ਗਿਆਰਾਂ, ਰਾਮਨੰਦ ਦੇ ਬਾਰਾਂ ਪ੍ਰਮੁੱਖ ਸੇਵਕਾਂ ਵਿੱਚੋਂ ਰਵਿਦਾਸ ਜੀ ਨੂੰ ਛੱਡ ਕੇ ਬਾਕੀ ਗਿਆਰਾਂ ਭਗਤਾਂ ਦੀ ਮੰਡਲੀ।

ਕੋਈ ਭਗਤ ਨਹੀਂ ਬਣ ਜਾਂਦਾ। ਭਗਤੀ ਕੋਈ ਹੋਰ ਚੀਜ਼ ਹੈ। ਕੋਈ ਮੁਸਾਫਰ ਦੋ ਘੋੜਿਆਂ ਉਤੇ ਸੁਆਰ ਹੋ ਕੇ ਕਦੇ ਮੰਜ਼ਲ ਉਤੇ ਨਹੀਂ ਪਹੁੰਚ ਸਕਦਾ। ਹਿਰਦੇ ਵਿਚ ਪਰਮਾਤਮਾ ਦੀ ਸੱਚੀ ਭਗਤੀ ਦੀ ਚਾਹ ਰੱਖਣਾ ਪਰ ਬਾਹਰਮੁਖੀ ਵਿਖਾਵਿਆਂ ਵਿਚ ਪੈਣਾ ਦੋ ਘੋੜਿਆਂ ਦੀ ਸੁਆਰੀ ਕਰਨਾ ਹੈ। ਜਦ ਤੱਕ ਸੰਸਾਰ ਦੀ ਭਗਤੀ ਤਜ ਕੇ ਤਨੋ-ਮਨੋ ਪਰਮਾਤਮਾ ਦੇ ਸੱਚੇ ਦਾਸ ਜਾਂ ਭਗਤ ਨਹੀਂ ਬਣਦੇ, ਮੰਜ਼ਲ ਉੱਤੇ ਨਹੀਂ ਪਹੁੰਚ ਸਕਦੇ। ਲੋਕ-ਲਾਜ ਅਤੇ ਪਖੰਡ ਨੂੰ ਤਜ ਕੇ ਹੀ ਸੱਚੇ ਭਗਤ ਬਣ ਸਕਦੇ ਹਾਂ। ਸੱਚਾ ਭਗਤ ਦੁੱਖ-ਸੁਖ, ਮਾਣ-ਅਪਮਾਨ ਤੋਂ ਉੱਪਰ ਉੱਠ ਜਾਂਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਕੇਵਲ ਮੈਂ ਹੀ ਨਹੀਂ, ਬਾਕੀ ਸੰਤਾਂ ਨੇ ਵੀ ਇਹੋ ਵਿਚਾਰ ਪ੍ਰਗਟ ਕੀਤੇ ਹਨ।

ਮਜ਼੍ਹਬਾਂ-ਧਰਮਾਂ ਅਤੇ ਜਾਤਾਂ-ਪਾਤਾਂ ਦਾ ਖੰਡਨ

ਸਾਰੇ ਸੰਸਾਰ ਦਾ ਕਰਤਾ ਇੱਕ ਪਰਮੇਸ਼ਰ ਹੈ। ਉਹਨੇ ਸਭ ਇਨਸਾਨ ਬਰਾਬਰ ਪੈਦਾ ਕੀਤੇ ਹਨ। ਉਹ ਇੱਕ ਪਰਮਾਤਮਾ ਸਭ ਦੇ ਅੰਦਰ ਬੈਠਾ ਹੋਇਆ ਹੈ। ਇਸ ਲਈ ਸਭ ਇਨਸਾਨਾਂ ਨੂੰ ਬਰਾਬਰ ਸਮਝਣਾ ਚਾਹੀਦਾ ਹੈ।

ਸ਼ੁਰੂ ਵਿਚ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦਾ ਸੰਬੰਧ ਕਾਰੋਬਾਰ ਨਾਲ ਹੁੰਦਾ ਸੀ, ਜਨਮ ਨਾਲ ਨਹੀਂ। ਵਿਦਿਆ ਦੇ ਕਾਰਜ ਵਿਚ ਲੱਗੇ ਵਿਅਕਤੀ ਬ੍ਰਾਹਮਣ, ਫ਼ੌਜ ਵਿਚ ਕੰਮ ਕਰਨ ਵਾਲੇ ਖੱਤਰੀ, ਵਿਉਪਾਰ ਦਾ ਕੰਮ ਕਰਨ ਵਾਲੇ ਵੈਸ਼ ਅਤੇ ਦੂਸਰੀਆਂ ਅਨੇਕ ਤਰ੍ਹਾਂ ਦੀਆਂ ਸੇਵਾਵਾਂ ਵਿਚ ਲੱਗੇ ਲੋਕ ਸ਼ੂਦਰ ਕਹਾਉਂਦੇ ਸਨ। ਬ੍ਰਾਹਮਣ ਸ਼ੂਦਰ ਬਣ ਸਕਦਾ ਸੀ ਅਤੇ ਸ਼ੂਦਰ ਬ੍ਰਾਹਮਣ ਬਣ ਸਕਦਾ ਸੀ। ਹੌਲੀ-ਹੌਲੀ ਬ੍ਰਾਹਮਣ, ਖੱਤਰੀ ਆਦਿ ਦੀ ਵੰਡ ਕਰਮ ਦੀ ਥਾਂ ਜਨਮ ਤੋਂ ਸ਼ੁਰੂ ਹੋ ਗਈ। ਮਨੁੱਖ ਜਾਤੀ ਸਦਾ ਤੋਂ ਇਸੇ ਤਰ੍ਹਾਂ ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਵਿਚ ਵੰਡੀ ਜਾਂਦੀ ਰਹੀ ਹੈ। ਇਸ ਤਰ੍ਹਾਂ ਸਮਾਜ ਜਾਤੀ ਰੋਗ ਨਾਲ ਜਕੜਿਆ ਗਿਆ। ਇਸ ਲਈ ਜਾਤ, ਧਰਮ ਜਾਂ ਸੰਪਰਦਾਇ ਦਾ ਭੇਦ-ਭਾਵ ਖੋਖਲਾ ਅਤੇ ਵਿਅਰਥ ਹੈ। ਕਿਸੇ ਜਾਤੀ, ਧਰਮ ਜਾਂ ਸੰਪਰਦਾਇ ਵਿਚ ਜਨਮ ਲੈ ਲੈਣ ਨਾਲ ਹੀ ਕੋਈ ਉੱਚਾ ਜਾਂ ਨੀਵਾਂ ਨਹੀਂ ਹੋ ਜਾਂਦਾ। ਆਪਣੇ ਚੰਗੇ ਜਾਂ ਮਾੜੇ ਕਰਮਾਂ ਕਾਰਨ ਮਨੁੱਖ ਉੱਚਾ ਜਾਂ ਨੀਵਾਂ ਹੁੰਦਾ ਹੈ। ਜੇ ਬ੍ਰਾਹਮਣ ਦੇ ਘਰ ਜਨਮ ਲੈਣ ਵਾਲਾ ਕੁਮਾਰਗੀ ਹੋਵੇ ਤਾਂ ਉਸ ਦੇ ਅੱਗੇ ਸਿਰ ਨਹੀਂ ਝੁਕਾਉਣਾ ਚਾਹੀਦਾ ਪਰ ਜੇ ਚੰਡਾਲ ਦੇ ਘਰ ਜਨਮ ਲੈਣ ਵਾਲਾ ਮਹਾਤਮਾ ਜਾਂ ਸਦਾਚਾਰੀ ਹੋਵੇ ਤਾਂ ਖ਼ੁਸ਼ੀ ਨਾਲ ਉਸ ਦੇ ਚਰਨਾਂ ਵਿਚ ਮੱਥਾ ਟੇਕਣਾ ਚਾਹੀਦਾ ਹੈ। ਅਸਲ ਵਿਚ ਉੱਚਾ

ਅਤੇ ਕੁਲੀਨ ਮਨੁੱਖ ਉਹ ਹੈ ਜੋ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਤਿਆਗ ਕੇ ਕਿਸੇ ਪੂਰੇ ਸੰਤ-ਮਹਾਤਮਾ ਦੀ ਸ਼ਰਨ ਵਿਚ ਲਗ ਗਿਆ ਹੋਵੇ। ਰੂਹਾਨੀਅਤ ਦਾ ਸੰਬੰਧ ਦੇਹਧਾਰੀ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਉਹਦੀ ਦੱਸੀ ਜੁਗਤੀ ਅਨੁਸਾਰ ਆਪਣੀ ਲਿਵ ਨੂੰ ਅੰਦਰੋਂ ਪਰਮਾਤਮਾ ਦੇ ਸ਼ਬਦ ਵਿਚ ਲੀਨ ਕਰਨ ਨਾਲ ਹੈ। ਇਹ ਨਿੱਜੀ-ਸਾਧਨਾ ਹੈ, ਜਿਸ ਦਾ ਕਿਸੇ ਦੂਜੇ ਵਿਅਕਤੀ ਅਤੇ ਧਰਮ ਜਾਂ ਸੰਪਰਦਾਇ ਨਾਲ ਸੰਬੰਧ ਨਹੀਂ।

ਜਨਮ ਜਾਤ ਮਤ ਪੂਛੀਏ, ਕਾ ਜਾਤ ਅਰੁ ਪਾਤ।
'ਰਵਿਦਾਸ' ਪੂਤ ਸਭ ਪ੍ਰਭ ਕੇ, ਕੋਉ ਨਹਿ ਜਾਤ ਕੁਜਾਤ॥[ੳ] [16]

ਰਵਿਦਾਸ ਜੀ ਕਹਿੰਦੇ ਹਨ ਕਿ ਕਿਸੇ ਦੇ ਜਨਮ ਅਤੇ ਜਾਤ-ਪਾਤ ਬਾਰੇ ਸੁਆਲ ਕਰਨਾ ਵਿਅਰਥ ਹੈ। ਸਭ ਜੀਵ ਇੱਕ ਪਰਮਾਤਮਾ ਦੀ ਸੰਤਾਨ ਹਨ ਅਤੇ ਕਿਸੇ ਦੀ ਜਾਤ ਉੱਚੀ ਜਾਂ ਨੀਵੀਂ ਹੋਣ ਦਾ ਪ੍ਰਸ਼ਨ ਹੀ ਉਤਪੰਨ ਨਹੀਂ ਹੁੰਦਾ।

ਨੀਚ ਨੀਚ ਕਹਿ ਮਾਰਹਿੰ, ਜਾਨਤ ਨਾਹਿੰ ਨਦਾਨ।[ਅ]
ਸਭ ਕਾ ਸਿਰਜਨਹਾਰ ਹੈ, 'ਰਵਿਦਾਸ' ਏਕੈ ਭਗਵਾਨ॥[17]

ਰਵਿਦਾਸ ਜੀ ਕਹਿੰਦੇ ਹਨ ਕਿ ਲੋਕ ਛੋਟੀ ਜਾਤੀ ਵਾਲਿਆਂ ਨੂੰ ਨੀਚ ਕਹਿ ਕੇ ਮਾਰਨ ਤੱਕ ਜਾਂਦੇ ਹਨ। ਅਜਿਹੇ ਅਗਿਆਨੀ ਇਹ ਨਹੀਂ ਸਮਝਦੇ ਕਿ ਸਭ ਦਾ ਕਰਤਾ ਇੱਕ ਪਰਮੇਸ਼ਰ ਹੈ।

ਏਕੈ ਮਾਟੀ ਕੇ ਸਭ ਭਾਂਡੇ, ਸਭ ਕਾ ਏਕੋ ਸਿਰਜਨ ਹਾਰਾ।[ੲ]
'ਰਵਿਦਾਸ' ਬਿਆਪੈ ਏਕੋ ਘਟ ਭੀਤਰ, ਸਭ ਕੋ ਏਕੈ ਘੜੇ ਕੁਮ੍ਹਾਰਾ॥[ਸ] [18]

ਸਭ ਜੀਵ ਇੱਕੋ ਮਸਾਲੇ ਨਾਲ ਬਣੇ ਹਨ, ਸਭ ਨੂੰ ਇੱਕੋ ਸਿਰਜਣਹਾਰ ਨੇ ਸਿਰਜਿਆ ਹੈ ਅਤੇ ਸਭ ਦੇ ਅੰਦਰ ਇੱਕੋ ਪਰਮਾਤਮਾ ਦਾ ਵਾਸਾ ਹੈ, ਇਸ ਲਈ ਕਿਸੇ ਦੇ ਵੱਡਾ-ਛੋਟਾ, ਨੀਵਾਂ-ਉੱਚਾ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

'ਰਵਿਦਾਸ' ਉਪਜਿਇ ਸਭ ਇਕ ਬੂੰਦ ਤੇ, ਕਾ ਬਾਹਮਨ ਕਾ ਸੂਦ।[ਹ]
ਮੂਰਿਖ ਜਨ ਨ ਜਾਨਇ, ਸਭ ਮੰਹ ਰਾਮ ਮੌਜੂਦ॥[ਕ] [19]

ੳ. ਪੂਤ=ਪੁੱਤਰ, ਸੰਤਾਨ। ਅ. ਨਦਾਨ=ਅਨਾੜੀ, ਮੂਰਖ਼। ੲ. ਭਾਂਡੇ=ਬਰਤਨ। ਸ. ਘੜੇ=ਸਿਰਜੇ। ਹ. ਸੂਦ=ਸ਼ੂਦਰ। ਕ. ਮੌਜੂਦ=ਵਿਦਮਾਨ, ਮੌਜੂਦ।

'ਰਵਿਦਾਸ' ਇਕਹੀ ਬੂੰਦ ਸੋਂ, ਸਭ ਹੀ ਭਇਓ ਵਿੱਥਾਰ।
ਮੂਰਿਖ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ॥[ੳ 20]

ਰਵਿਦਾਸ ਜੀ ਕਹਿੰਦੇ ਹਨ ਕਿ ਬ੍ਰਾਹਮਣ ਅਤੇ ਸ਼ੂਦਰ ਸਭ ਪਰਮਾਤਮਾ ਦੇ ਇੱਕੋ ਸ਼ਬਦ ਦੀ ਬੂੰਦ ਵਿੱਚੋਂ ਜਨਮੇ ਹਨ। ਅਗਿਆਨੀ ਲੋਕ ਇਹ ਨਹੀਂ ਸਮਝਦੇ ਕਿ ਸਭ ਦੇ ਅੰਦਰ ਇੱਕ ਪਰਮਾਤਮਾ ਸਮਾਇਆ ਹੋਇਆ ਹੈ। ਇਸ ਲਈ ਉਹ ਊਚ-ਨੀਚ ਦਾ ਸੁਆਲ ਪੈਦਾ ਕਰਦੇ ਹਨ।

ਇਕ ਜੋਤਿ ਤੇ ਜਉ ਸਭ ਉਪਜੈਂ, ਤਉ ਊਚ ਨੀਚ ਕਸ ਮਾਨ।
'ਰਵਿਦਾਸ' ਨਾਮ ਕਤ ਧਰੈਂ ਕਹੂੰ ਕੋ ਨਾਦ ਬਿੰਦ ਹੈ ਸਮਾਨ॥[ਅ 21]

ਰਵਿਦਾਸ ਜੀ ਕਹਿੰਦੇ ਹਨ ਕਿ ਇੱਕੋ ਪਰਮਾਤਮਾ ਨੇ ਸਾਰੇ ਜਗਤ ਦੀ ਸਿਰਜਣਾ ਕੀਤੀ ਹੈ। ਸਭ ਜੀਵਾਂ ਦਾ ਕਰਤਾ ਵੀ ਇੱਕ ਹੈ ਅਤੇ ਉਨ੍ਹਾਂ ਨੂੰ ਲੱਗਾ ਮਸਾਲਾ ਵੀ ਇੱਕ ਹੈ। ਇਸ ਲਈ ਸਭ ਇਨਸਾਨ ਬਰਾਬਰ ਹਨ।

'ਰਵਿਦਾਸ' ਏਕੈ ਬ੍ਰਹਮ ਕਾ, ਹੋਇ ਰਹਿਓ ਸਗਲ ਪਸਾਰ।
ਏਕੈ ਮਾਟੀ ਸਬ ਘਟ ਸ੍ਰਜੈ, ਏਕੈ ਸਭ ਕੂੰ ਸਰਜਨਹਾਰ॥[ੲ 22]

'ਰਵਿਦਾਸ' ਇਕ ਹੀ ਨੂਰ ਤੇ, ਜਿਮਿ ਉਪਜਿਓ ਸੰਸਾਰ।
ਊਚ ਨੀਚ ਕਿਹ ਬਿਧ ਭਏ, ਬ੍ਰਾਹਮਨ ਅਰੁ ਚਮਾਰ॥[23]

ਰਵਿਦਾਸ ਜੀ ਕਹਿੰਦੇ ਹਨ ਕਿ ਜਦ ਸਭ ਜੀਵ ਇੱਕੋ ਸ਼ਬਦ ਜਾਂ ਨਾਦ ਦੁਆਰਾ ਪੈਦਾ ਕੀਤੇ ਗਏ ਹਨ ਅਤੇ ਸਭ ਦੇ ਅੰਦਰ ਉਸੇ ਇੱਕੋ ਸ਼ਬਦ ਦਾ ਪ੍ਰਕਾਸ਼ ਸਮਾਇਆ ਹੋਇਆ ਹੈ ਤਾਂ ਇੱਕ ਜੀਵ ਉੱਚਾ ਅਤੇ ਦੂਜਾ ਨੀਵਾਂ ਕਿਵੇਂ ਹੋ ਸਕਦਾ ਹੈ ਜਾਂ ਇੱਕ ਨੂੰ ਬ੍ਰਾਹਮਣ ਅਤੇ ਦੂਜੇ ਨੂੰ ਚਮਾਰ ਕਿਵੇਂ ਕਹਿ ਸਕਦੇ ਹਾਂ?

ਬਾਹਮਨ ਅਰੁ ਚੰਡਾਲ ਮਹਿ, 'ਰਵਿਦਾਸ' ਨਹਿੰ ਅੰਤਰ ਜਾਨ।
ਸਭ ਮਹਿ ਏਕ ਹੀ ਜੋਤਿ ਹੈ, ਸਭ ਘਟ ਏਕ ਭਗਵਾਨ॥[24]

ਰਵਿਦਾਸ ਜੀ ਕਹਿੰਦੇ ਹਨ ਕਿ ਬ੍ਰਾਹਮਣ ਅਤੇ ਚੰਡਾਲ ਸਭ ਦੇ ਅੰਦਰ ਇੱਕੋ ਪਰਮਾਤਮਾ ਦਾ ਵਾਸਾ ਹੈ ਅਤੇ ਆਤਮਾ ਕਰਕੇ ਸਭ ਬਰਾਬਰ ਹਨ।

ੳ. **ਬਰਨ ਅਬਰਨ**=ਵਰਣ-ਅਵਰਣ, ਉੱਚੀ-ਨੀਵੀਂ ਜਾਤੀ। ਅ. **ਕਤ**=ਕਿਸ ਲਈ, ਕਿਉਂ, ਕਿਵੇਂ; **ਕੋ**=ਕੋਈ, ਕਿਸੇ ਦਾ; **ਬਿੰਦ**=ਅਨਹਦ ਨਾਦ ਜਾਂ ਸ਼ਬਦ-ਧੁਨ ਦਾ ਅੰਸ਼ ਜਾਂ ਕਲਾ। ੲ. **ਸ੍ਰਜੈ**=ਸਿਰਜਨ ਕਰੇ।

ਜਾਤ ਪਾਂਤ ਕੇ ਫੇਰ ਮਹਿੰ, ਉਰਝਿ ਰਹਇ ਸਭ ਲੋਗ।
ਮਾਨੁਖਤਾ ਕੂੰ ਖਾਤ ਹਇ, 'ਰਵਿਦਾਸ' ਜਾਤ ਕਰ ਰੋਗ॥[25]

ਰਵਿਦਾਸ ਜੀ ਕਹਿੰਦੇ ਹਨ ਕਿ ਸਾਰੇ ਸੰਸਾਰ ਨੂੰ ਜਾਤ-ਪਾਤ ਦਾ ਰੋਗ ਲੱਗਾ ਹੋਇਆ ਹੈ ਅਤੇ ਲੋਕ ਜਾਤ-ਪਾਤ ਦੇ ਵਿਤਕਰਿਆਂ ਵਿਚ ਪੈ ਕੇ ਪਰੇਸ਼ਾਨ ਹੋ ਰਹੇ ਹਨ।

ਜਨਮ ਜਾਤ ਕੂੰ ਛਾਂਡਿ ਕਰਿ, ਕਰਨੀ ਜਾਤ ਪਰਧਾਨ।
ਇਹੋ ਬੇਦ ਕੌ ਧਰਮ ਹੈ, ਕਰੈ 'ਰਵਿਦਾਸ' ਬਖਾਨ॥[26]

ਰਵਿਦਾਸ ਜੀ ਕਹਿੰਦੇ ਹਨ ਕਿ ਜਾਤ-ਪਾਤ ਦਾ ਖਿਆਲ ਛੱਡ ਕੇ ਆਪਣੇ ਕਰਮ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਜੀਵ ਜਾਤ ਤੋਂ ਨਹੀਂ, ਕਰਮ ਤੋਂ ਵੱਡਾ, ਛੋਟਾ ਬਣਦਾ ਹੈ।

ਬੇਦ ਪੜ੍ਹਈ ਪੰਡਿਤ ਬਨਿਓ, ਗਾਂਠ ਪਨਹੀ ਤਉ ਚਮਾਰ।
'ਰਵਿਦਾਸ' ਮਾਨੁਖ ਇਕ ਹਇ, ਨਾਮ ਧਰੈ ਹਇਂ ਚਾਰ॥[27]

ਰਵਿਦਾਸ ਜੀ ਕਹਿੰਦੇ ਹਨ ਕਿ ਵੇਦਾਂ ਨੂੰ ਪੜ੍ਹਨ ਵਾਲਾ ਬ੍ਰਾਹਮਣ ਹੋ ਗਿਆ ਅਤੇ ਜੁੱਤੀਆਂ ਗੰਢਣ ਵਾਲਾ ਚਮਾਰ ਹੋ ਗਿਆ। ਇਨਸਾਨ ਸਭ ਬਰਾਬਰ ਹਨ ਭਾਵੇਂ ਵੱਖ-ਵੱਖ ਕਿੱਤਿਆਂ ਕਾਰਨ ਉਨ੍ਹਾਂ ਨੂੰ (ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ) ਚਾਰ ਹਿੱਸਿਆਂ ਵਿਚ ਵੰਡਣ ਦਾ ਜਤਨ ਕੀਤਾ ਜਾਂਦਾ ਹੈ।

'ਰਵਿਦਾਸ' ਜਨਮ ਕੇ ਕਾਰਨੈ, ਹੋਤ ਨ ਕੋਊ ਨੀਚ।
ਨਰ ਕੂੰ ਨੀਚ ਕਰਿ ਡਾਰਿ ਹੈ, ਓਛੇ ਕਰਮ ਕੌ ਕੀਚ॥[28]

ਰਵਿਦਾਸ ਜਾਤਿ ਮਤ ਪੂਛਇ, ਕਾ ਜਾਤ ਕਾ ਪਾਤ।
ਬ੍ਰਾਹਮਨ ਖਤਰੀ ਬੈਸ ਸੂਦ, ਸਭਨ ਕੀ ਇਕ ਜਾਤ॥[29]

ਰਵਿਦਾਸ ਜੀ ਕਹਿੰਦੇ ਹਨ ਕਿ ਜਾਤ-ਪਾਤ ਕਿਸੇ ਦੀ ਨਾ ਪੁੱਛੋ ਕਿਉਂਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਸਭ ਇੱਕੋ ਜਾਤ ਦੇ ਮਨੁੱਖ ਹਨ।

ਜਾਤ ਜਾਤ ਮੇਂ ਜਾਤ ਹੈ, ਜਿਉਂ ਕੇਲਨ ਮੇਂ ਪਾਤ।
'ਰਵਿਦਾਸ' ਨ ਮਾਨੁਸ਼ ਜੁੜ ਸਕੈਂ, ਜੌਂ ਲੌਂ ਜਾਤ ਨ ਜਾਤ॥[30]

ਜਿਸ ਤਰ੍ਹਾਂ ਕੇਲੇ ਦੇ ਪੱਤੇ ਫੋਲਦੇ ਜਾਉ ਤਾਂ ਕੇਲਾ ਨਸ਼ਟ ਹੋ ਜਾਂਦਾ ਹੈ, ਉਸੇ ਤਰ੍ਹਾਂ ਜਾਤਾਂ-ਪਾਤਾਂ ਦਾ ਭੇਦ ਸਾਰੇ ਮਨੁੱਖ ਸਮਾਜ ਨੂੰ ਨਸ਼ਟ ਕਰ ਦਿੰਦਾ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਜਦ ਤੱਕ ਜਾਤ-ਪਾਤ ਦਾ ਭੇਦ-ਭਾਵ ਦੂਰ ਨਹੀਂ ਹੁੰਦਾ, ਮਨੁੱਖ-ਸਮਾਜ ਵਿਚ ਪ੍ਰੇਮ-ਭਾਵ ਪੈਦਾ ਨਹੀਂ ਹੋ ਸਕਦਾ।

'ਰਵਿਦਾਸ' ਬਾਹਮਣ ਮਤਿ ਪੂਜਿਏ, ਜਉ ਹੋਵੈ ਗੁਨਹੀਨ।
ਪੂਜਹਿਂ ਚਰਨ ਚੰਡਾਲ ਕੇ, ਜਉ ਹੋਵੈ ਗੁਨ ਪਰਵੀਨ।।[ੳ] [31]

ਰਵਿਦਾਸ ਜੀ ਕਹਿੰਦੇ ਹਨ ਕਿ ਅਗਰ ਬ੍ਰਾਹਮਣ ਬਿਨਾਂ ਕਿਸੇ ਗੁਣ ਦੇ ਹੋਵੇ, ਤਾਂ ਉਸਨੂੰ ਪੂਜਣਾ ਨਹੀਂ ਚਾਹੀਦਾ; ਪਰ ਜੇਕਰ ਚੰਡਾਲ ਵੀ ਸਦਗੁਣਾਂ ਨਾਲ ਭਰਪੂਰ ਹੋਵੇ ਤਾਂ ਉਸਦੇ ਚਰਨਾਂ ਦੀ ਪੂਜਾ ਕਰਨੀ ਚਾਹੀਦੀ ਹੈ।

ਬਾਹਮਣ ਖਤਰੀ ਬੈਸ ਸੂਦ, 'ਰਵਿਦਾਸ' ਜਨਮ ਤੇ ਨਾਂਹਿ।
ਜੌ ਚਾਹਇ ਸੁਬਰਨ ਕਉ, ਪਾਵਈ ਕਰਮਨ ਮਾਹਿਂ।।[ਅ] [32]
'ਰਵਿਦਾਸ' ਸੁਕਰਮਨ ਕਰਨ ਸੋਂ, ਨੀਚ ਊਂਚ ਹੋ ਜਾਇ।
ਕਰਇ ਕੁਕਰਮ ਜੌ ਊਚ ਭੀ, ਤੌ ਮਹਾ ਨੀਚ ਕਹਿਲਾਇ।।[33]

ਰਵਿਦਾਸ ਜੀ ਕਹਿੰਦੇ ਹਨ ਕਿ ਜੀਵ ਜਨਮ ਨਾਲ ਨਹੀਂ, ਕਰਮ ਨਾਲ ਉੱਚਾ ਜਾਂ ਨੀਵਾਂ ਹੋ ਸਕਦਾ ਹੈ। ਉੱਚੀ ਜਾਤ ਵਿਚ ਜਨਮ ਲੈ ਕੇ ਮੰਦੇ ਕਰਮ ਕਰਨ ਵਾਲਾ ਮਹਾਂ ਨੀਚ ਕਹਿਲਾਉਂਦਾ ਹੈ ਅਤੇ ਨੀਚੀ ਜਾਤ ਵਿਚ ਪੈਦਾ ਹੋ ਕੇ ਸ਼ੁਭ ਕਰਮ ਕਰਨ ਵਾਲਾ ਉੱਚੀ ਜਾਤ ਵਾਲਾ ਕਹਿਲਾਉਂਦਾ ਹੈ।

ਜਿਨਹ ਕਰਿ ਹਿਰਦੈ ਸਤ ਬਸਈ, ਪੰਚ ਦੋਸ਼ ਬਸਿ ਨਾਹਿਂ।
'ਰਵਿਦਾਸ' ਤੌ ਨਰ ਊਂਚ ਭਏ, ਸਮੁਝਿ ਲੇਹੁ ਮਨ ਮਾਹਿਂ।।[34]

ਰਵਿਦਾਸ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਸੱਚ ਦਾ ਵਾਸਾ ਹੈ, ਜਿਹੜੇ ਵਿਸ਼ੇ-ਵਿਕਾਰਾਂ ਤੋਂ ਉੱਪਰ ਉੱਠ ਗਏ ਹਨ, ਉਹੀ ਅਸਲ ਵਿਚ ਉੱਚੇ ਅਤੇ ਮਹਾਨ ਹਨ।

ਪੰਚ ਦੋਸ਼ ਤਜਿ ਜੋ ਰਹਿਈ, ਸੰਤ ਚਰਨ ਲਵ ਲੀਨ[ੲ]
'ਰਵਿਦਾਸ' ਤੇ ਹੀ ਨਰ ਜਾਨਈ, ਊਂਚਹ ਅਰੁ ਕੁਲੀਨ।।[ਸ] [35]

ੳ. **ਪਰਵੀਨ**=ਨਿਪੁੰਨ, ਕੁਸ਼ਲ। ਅ. **ਸੁਬਰਨ**=ਉੱਚੀ ਜਾਤੀ। ੲ. **ਲੀਨ**=ਧਿਆਨ-ਮਗਨ। ਸ. **ਕੁਲੀਨ**=ਉੱਚੇ ਕੁਲ ਵਿਚ ਉਤਪੰਨ।

ਰਵਿਦਾਸ ਜੀ ਕਹਿੰਦੇ ਹਨ ਕਿ ਜਿਹੜਾ ਮਨੁੱਖ ਪੰਜਾਂ ਵਿਕਾਰਾਂ ਨੂੰ ਤਜ ਕੇ ਸੰਤਾਂ ਦੇ ਧਿਆਨ ਵਿਚ ਮਗਨ ਹੋ ਗਿਆ ਹੈ, ਉਸੇ ਨੂੰ ਅਸਲ ਵਿਚ ਉੱਚਾ ਅਤੇ ਵੱਡਾ ਸਮਝਣਾ ਚਾਹੀਦਾ ਹੈ।

ਮੁਸਲਮਾਨ ਸੋਂ ਦੋਸਤੀ, ਹਿਦੂਅਨ ਸੋਂ ਕਰ ਪ੍ਰੀਤ।
'ਰਵਿਦਾਸ' ਜੋਤਿ ਸਭ ਰਾਮ ਕੀ, ਸਭ ਹੈਂ ਅਪਨੇ ਮੀਤ॥[36]

ਰਵਿਦਾਸ ਜੀ ਕਹਿੰਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਸਭ ਧਰਮਾਂ ਦੇ ਲੋਕਾਂ ਨਾਲ ਪ੍ਰੇਮ ਕਰਨਾ ਚਾਹੀਦਾ ਹੈ ਕਿਉਂਕਿ ਸਾਰੇ ਇੱਕੋ ਪਰਮਾਤਮਾ ਦੀ ਸੰਤਾਨ ਹੋਣ ਕਾਰਨ ਸਾਡੇ ਮਿੱਤਰ ਅਤੇ ਸੰਬੰਧੀ ਹਨ।

'ਰਵਿਦਾਸ' ਪੇਖਿਆ ਸੋਧ ਕਰਿ, ਆਦਮ ਸਭੀ ਸਮਾਨ[ੳ]
ਹਿਦੂ ਮੁਸਲਮਾਨ ਕਉ, ਸ੍ਰਿਸ਼ਟਾ ਇਕ ਭਗਵਾਨ॥[37]

ਹਿੰਦੂ ਤੁਰਕ ਮਹਿਂ ਨਹੀਂ ਕਛੁ ਭੇਦਾ, ਦੁਇ ਆਇਹੁ ਇਕ ਦਵਾਰ।
ਪ੍ਰਾਣ ਪਿੰਡ ਲੋਹੁ ਮਾਂਸ ਏਕਈ, ਕਹਿ 'ਰਵਿਦਾਸ' ਬਿਚਾਰ॥[ਅ 38]

ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਚੰਗੀ ਤਰ੍ਹਾਂ ਵਿਚਾਰ ਕੇ ਦੇਖਿਆ ਹੈ ਕਿ ਸਭ ਇਨਸਾਨ ਬਰਾਬਰ ਹਨ। ਸਭ ਦਾ ਕਰਤਾ ਇੱਕ ਹੈ, ਸਭ ਦਾ ਜਨਮ ਇੱਕੋ ਤਰੀਕੇ ਨਾਲ ਹੁੰਦਾ ਹੈ ਅਤੇ ਸਭ ਦਾ ਸਰੀਰ ਲਹੂ ਅਤੇ ਮਾਸ ਦਾ ਬਣਿਆ ਹੋਇਆ ਹੈ।

'ਰਵਿਦਾਸ' ਉਪਜਈ ਸਭ ਇਕ ਨੂਰ ਤੇਂ, ਬਾਹਮਨ ਮੁੱਲਾ ਸੇਖ[ੲ]
ਸਭ ਕੋ ਕਰਤਾ ਏਕ ਹੈ, ਸਭ ਕੂੰ ਏਕ ਹੀ ਪੇਖ॥[ਸ 39]

ਰਵਿਦਾਸ ਜੀ ਕਹਿੰਦੇ ਹਨ ਕਿ ਬ੍ਰਾਹਮਣ, ਮੌਲਵੀ ਅਤੇ ਸ਼ੇਖ਼ ਭਾਵ ਸਭ ਧਰਮਾਂ ਦੇ ਸਭ ਲੋਕ, ਇੱਕੋ ਪਰਮਾਤਮਾ ਦੇ ਨੂਰ ਤੋਂ ਉਪਜੇ ਹਨ। ਸਭ ਦਾ ਕਰਤਾ ਇੱਕੋ ਹੈ, ਇਸ ਲਈ ਸਭ ਨੂੰ ਬਰਾਬਰ ਸਮਝਣਾ ਚਾਹੀਦਾ ਹੈ।

ੳ. **ਪੇਖਿਆ**=ਦੇਖਿਆ; **ਸੋਧ ਕਰਿ**=ਜਾਂਚ, ਪਰਖ ਕੇ; **ਆਦਮ**=ਆਦਮੀ। ਅ. **ਪਿੰਡ**=ਸਰੀਰ, ਦੇਹ। ੲ. **ਸੇਖ**=ਮੁਸਲਮਾਨਾਂ ਦੀਆਂ ਚਾਰ ਜਾਤੀਆਂ—ਸ਼ੇਖ, ਸੱਯਦ, ਮੁਗ਼ਲ ਅਤੇ ਪਠਾਨ—ਵਿੱਚੋਂ ਇੱਕ। ਸ. **ਪੇਖ**=ਦੇਖ।

ਹਵਾਲੇ

ਸਮਰਪਣ

1. ਆਦਿ ਗ੍ਰੰਥ, ਪੰ. 694

ਪ੍ਰਕਾਸ਼ਕ ਵੱਲੋਂ

1. ਆਦਿ ਗ੍ਰੰਥ, ਪੰ. 1293

ਲੇਖਕ ਵੱਲੋਂ

1. ਵਾਣੀ 132
2. ਦਰਸ਼ਨ 181
3. ਕਬੀਰ ਸਾਖੀ, ਪੰ. 462
4. ਕਬੀਰ (ਪ੍ਰਾਪਤ ਨਹੀਂ)
5. ਆਦਿ ਗ੍ਰੰਥ, ਪੰ. 1024
6. ਆਦਿ ਗ੍ਰੰਥ, ਪੰ. 442
7. ਸਾਰਬਚਨ 18:12:3
8. ਸਾਰਬਚਨ 1:2:1
9. ਪਲਟੂ ਸਾਹਿਬ ਕੀ ਬਾਨੀ, ਭਾਗ 1, ਕੁੰਡਲੀ 177
10. ਪਲਟੂ ਸਾਹਿਬ ਕੀ ਬਾਨੀ, ਭਾਗ 1, ਕੁੰਡਲੀ 178
11. ਮਾਨਸ, 1.05 (ਸੋ.)
12. ਕਲਾਮ ਬੁੱਲ੍ਹੇਸ਼ਾਹ
13. ਰਵਿਦਾਸ ਵਾਣੀ, ਪੰ. 133
14. ਕਬੀਰ ਸ਼ਬਦਾਵਲੀ, ਭਾਗ 1, ਪੰ. 35
15. ਰਵਿਦਾਸ ਦਰਸ਼ਨ, ਪੰ. 74
16. ਕਬੀਰ ਸਾਖੀ-ਸੰਗ੍ਰਹਿ, ਪੰ. 165
17. ਵਾਣੀ 151
18. ਸਾਰਬਚਨ 15:15:2
19. ਆਦਿ ਗ੍ਰੰਥ, ਪੰ. 1364
20. ਆਦਿ ਗ੍ਰੰਥ, ਪੰ. 378

ਜੀਵਨ

1. ਬੇਣੀਪ੍ਰਸਾਦ ਸ਼ਰਮਾ, 'ਸੰਤ ਗੁਰੂ ਰਵਿਦਾਸ-ਵਾਣੀ', ਪੰ. 2
2. ਆਦਿ ਗ੍ਰੰਥ, ਪੰ. 487, ਵਾਣੀ 133
3. ਆਦਿ ਗ੍ਰੰਥ, ਪੰ. 1293, ਵਾਣੀ 117
4. ਆਦਿ ਗ੍ਰੰਥ, ਪੰ. 1106, ਵਾਣੀ 118
5. ਵਾਣੀ 90
6. ਰਵਿਦਾਸ ਦਰਸ਼ਨ, ਪੰ. 71
7. ਕਬੀਰ ਸ਼ਬਦਾਵਲੀ, ਭਾਗ 2, ਪੰ. 7
8. 'ਸੰਤ ਗੁਰੂ ਰਵਿਦਾਸ-ਵਾਣੀ', ਪੰ. 23-24
9. ਮੀਰਾ ਬ੍ਰਿਹਤਪਦਾਵਲੀ, ਭਾਗ 1, ਪੰ. 201, ਪਦ 423
10. ਮੀਰਾ ਸੁਧਾ ਸਿੰਧੁ, ਪੰ. 281, ਪਦ 35
11. ਮੱਧਕਾਲੀਨ ਪ੍ਰੇਮ ਸਾਧਨਾ, ਪੰ. 135
12. ਮੀਰਾ ਬ੍ਰਿਹਤਪਦਾਵਲੀ, ਭਾਗ 1, ਪੰ. 207, 431
13. ਮੀਰਾ ਸੁਧਾ ਸਿੰਧੁ, ਪੰ. 379
14. ਮੀਰਾਬਾਈ ਦੀ ਸ਼ਬਦਾਵਲੀ, ਪੰ. 31, ਪਦ 14
15. ਪੁਰਾਤਨ ਜਨਮ-ਸਾਖੀ, ਪੰ. 137
16. ਆਦਿ ਗ੍ਰੰਥ, ਪੰ. 733
17. ਆਦਿ ਗ੍ਰੰਥ, ਪੰ. 1192
18-19. ਰਵਿਦਾਸ ਦਰਸ਼ਨ, ਪੰ. 72
20. ਆਦਿ ਗ੍ਰੰਥ, ਪੰ. 1293, ਵਾਣੀ 51
21. ਆਦਿ ਗ੍ਰੰਥ, ਪੰ. 1293, ਵਾਣੀ 117
22. 'ਸੰਤ ਗੁਰੂ ਰਵਿਦਾਸ-ਵਾਣੀ', ਪੰ. 25
23. ਭਗਤ ਰਤਨਾਵਲੀ, ਪੰ. 13
24. ਰੈਦਾਸ ਰਾਮਾਇਣ

25. 'ਉੱਤਰੀ ਭਾਰਤ ਦੀ ਸੰਤ-ਪਰੰਪਰਾ', ਪੰ. 239
26. 'ਸੰਤ ਗੁਰੂ ਰਵਿਦਾਸ-ਵਾਣੀ', ਪੰ. 22
27. 'ਗੁਰੂ ਰਵਿਦਾਸ', ਪੰ. 11 ਅਤੇ 'ਰਵਿਦਾਸ ਦਰਸ਼ਨ', ਪੰ. 64
28. 'ਮੀਰਾ: ਪ੍ਰੇਮ ਦੀਵਾਨੀ', ਪੰ. 6, ਪਾਦਟਿੱਪਣੀ 2
29. ਭਵਿਸ਼ਯ ਪੁਰਾਣ, ਖੰਡ 4.18.57
30. ਭਗਤ ਰਤਨਾਵਲੀ, ਪੰ. 14
31. ਸੰਤ ਨਿੱਤਯਾਨੰਦ ਦਾ ਭਗਤਮਾਲ
32. ਯਸ਼ਵੰਤ ਸਿੰਘ ਰਾਠੌਰ ਕ੍ਰਿਤ ਪਦ ਪ੍ਰਸੰਗਮਾਲ
33. ਅਨੰਤਦਾਸ ਕ੍ਰਿਤ ਰੈਦਾਸ ਪਰਿਚਈ, ਪੰ. 14
34. ਦੇਖੋ: 'ਗੁਰੂ ਰਵਿਦਾਸ', ਪੰ. 16
35. ਦਰਸ਼ਨ 117
36. ਆਦਿ ਗ੍ਰੰਥ, ਪੰ. 659, ਵਾਣੀ 131
37. ਵਾਣੀ (ਸਾਖੀ) 16
38. ਰਵਿਦਾਸ ਦਰਸ਼ਨ, ਪੰ. 122
39. ਆਦਿ ਗ੍ਰੰਥ, ਪੰ. 858, ਵਾਣੀ 119
40. ਵਾਣੀ 83
41. ਸੰਤ ਗੁਰੂ ਰਵਿਦਾਸ-ਵਾਣੀ; ਪਦ 54
42. ਭਗਤਮਾਲ 36
43. ਭਗਤ ਰਤਨਾਵਲੀ, ਪੰ. 40
44. 'ਹਿੰਦੀ ਸਾਹਿੱਤ ਕਾ ਆਲੋਚਨਾਤਮਕ ਇਤਿਹਾਸ' (ਦੂਸਰਾ ਸੰਸਕਰਨ, 1948), ਪੰ. 320
45. 'ਹਿੰਦੀ ਸਾਹਿੱਤ ਕੀ ਭੂਮਿਕਾ' (ਸੰਸਕਰਨ 1969 ਈ.), ਪੰ. 41
46. ਮੈਕਸ ਆਰਥਰ ਮੇਕਾਲਿਫ, 'ਦਿ ਸਿੱਖ ਰਿਲੀਜਨ' (ਦਿੱਲੀ : ਐਸ. ਚਾਂਦ ਐਂਡ ਕੰਪਨੀ, 1963), ਪੰ. 316
47. 'ਸੰਤ ਗੁਰੂ ਰਵਿਦਾਸ-ਵਾਣੀ', ਪੰ. 24
48. 'ਗੁਰੂ ਰਵਿਦਾਸ', ਪੰ. 14 ਅਤੇ 20
49. ਵਾਣੀ (ਸਾਖੀ) 13
50. ਵਾਣੀ 92
51. 'ਡਬਲਯੂ. ਐਚ. ਮੇਕਲੌਡ', 'ਗੁਰੂ ਨਾਨਕ ਐਂਡ ਸਿੱਖ ਰਿਲੀਜਨ', ਪੰ. 155
52. 'ਸੰਤ ਰਵਿਦਾਸ ਵਿਚਾਰਕ ਔਰ ਕਵੀ', ਪੰ. 33
53. ਗੁਰੂ ਨਾਨਕ ਐਂਡ ਸਿਖ ਰਿਲੀਜਨ, ਪੰ. 155
54. ਦਰਸ਼ਨਸਿੰਘ, 'ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼', ਪੰ. 3; ਬੇਣੀਪ੍ਰਸਾਦ ਸ਼ਰਮਾ, 'ਸੰਤ ਗੁਰੂ ਰਵਿਦਾਸ-ਵਾਣੀ', ਪੰ. 37-38
55. ਵਾਣੀ 15
56. ਵਾਣੀ 94
57. ਵਾਣੀ 73
58. ਦਰਸ਼ਨ 164
59. ਦਰਸ਼ਨ 166
60. ਆਦਿ ਗ੍ਰੰਥ, ਪੰ. 973-74; ਵਾਣੀ 14-15
61. ਵਾਣੀ 138
62. ਵਾਣੀ 9
63. ਪਲਟੂ ਸਾਹਿਬ ਕੀ ਬਾਨੀ, ਭਾਗ 2, ਕਬਿਤ, 7 ਪੰ. 93
64. ਆਦਿ ਗ੍ਰੰਥ, ਪੰ. 1106; ਵਾਣੀ 118
65. ਦਰਸ਼ਨ 116
66. ਦਰਸ਼ਨ 117
67. ਦਰਸ਼ਨ 118
68. ਵਾਣੀ 55
69. ਮਹਾਰਾਜ ਸਾਵਨ ਸਿੰਘ, 'ਪਰਮਾਰਥੀ ਸਾਖੀਆਂ' (ਬਿਆਸ: ਰਾਧਾਸੁਆਮੀ ਸਤਿਸੰਗ, 2001) ਪੰ. 140
70. ਆਦਿ ਗ੍ਰੰਥ, ਪੰ. 858; ਵਾਣੀ 119
71. ਵਾਣੀ 127
72. ਮਹਾਰਾਜ ਸਾਵਨ ਸਿੰਘ, 'ਪਰਮਾਰਥੀ ਸਾਖੀਆਂ' (ਬਿਆਸ: ਰਾਧਾਸੁਆਮੀ ਸਤਿਸੰਗ, 2001) ਪੰ. 117
73. ਵਾਣੀ 18
74. ਆਦਿ ਗ੍ਰੰਥ, ਪੰ. 353

75. ਆਦਿ ਗ੍ਰੰਥ, ਪੰ. 1196; ਵਾਣੀ, ਪੰ. 120
76. ਭਗਤਿ ਰਸ ਬੋਧਿਨੀ, ਪੰ. 71
77. ਕਰਨਲ ਜੇਮਸ ਟਾਡ, 'ਏਨਲਸ ਐਂਡ ਐਂਟੀਕਵੀਟੀਜ ਆੱਫ ਰਾਜਸਥਾਨ' ਆੱਕਸਫੋਰਡ, 1920
78. ਹਰਵਿਲਾਸ ਸ਼ਾਰਦਾ ਕ੍ਰਿਤ 'ਮਹਾਰਾਣਾ ਸਾਂਗਾ' ਅਜਮੇਰ: 1918, ਪੰ. 12-13
79. ਪਰਸ਼ੁਰਾਮ ਚਤੁਰਵੇਦੀ, 'ਉੱਤਰੀ ਭਾਰਤ ਕੀ ਸੰਤ-ਪਰੰਪਰਾ', ਇਲਾਹਾਬਾਦ: ਵਿਕ੍ਰਮੀ ਸੰਮਤ 2020, ਪੰ. 243
80. ਮਹਾਤਮਾ ਰਾਮਚਰਨ ਕੁਰੀਲ, 'ਭਗਵਾਨ ਰਵਿਦਾਸ ਕੀ ਸਤਯ ਕਥਾ' (ਕਾਨਪੁਰ: ਹੀਰਾਲਾਲ ਕੁਰੀਲ, ਸੰਮਤ 1997)
81. ਪ੍ਰਾਪਤ ਨਹੀਂ
82. 'ਸੰਤ ਰਵਿਦਾਸ: ਵਿਚਾਰਕ ਔਰ ਕਵੀ', ਪੰ. 38
83. ਆਦਿ ਗ੍ਰੰਥ, ਪੰ. 1293, ਵਾਣੀ 51
84. ਰਵਿਦਾਸ ਦਰਸ਼ਨ, ਪੰ. 71
85. ਕਬੀਰ ਸ਼ਬਦਾਵਲੀ, ਭਾਗ 2, ਪੰ. 7
86-87. ਪਲਟੂ ਸਾਹਿਬ ਕੀ ਬਾਣੀ, ਭਾਗ 2 ਕਬਿਤ, ਪੰ. 93
88. ਆਦਿ ਗ੍ਰੰਥ, ਪੰ. 733
89. ਆਦਿ ਗ੍ਰੰਥ, ਪੰ. 835
90. ਆਦਿ ਗ੍ਰੰਥ, ਪੰ. 1192
91. ਆਦਿ ਗ੍ਰੰਥ, ਪੰ. 487
92. ਮੀ. ਸੁ. ਸਿੰ. ਪੰ, 281, ਪਦ 35
93. ਮੀ. ਸੁ. ਸਿੰ. ਪੰ. 379
94. ਮੀ. ਬ੍ਰਿ. ਪ, ਭਾਗ 1, ਪੰ. 201
95. ਮੀ. ਬ੍ਰਿ. ਪੰ . 207, 431
96. ਮੀਰਾਬਾਈ ਕੀ ਸ਼ਬਦਾਵਲੀ, ਪੰ. 31 ਪਦ 14
97. ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ (ਸਟੀਕ), ਭੂਮਿਕਾ, ਪੰ. ਅ.
98. ਭਗਤਮਾਲ ਪਦ 59, ਪੰ. 70

ਸ਼ੰਦੇਸ਼

1. ਆਦਿ ਗ੍ਰੰਥ, ਪੰ. 658, ਵਾਣੀ 126
2. ਵਾਣੀ 170
3. ਵਾਣੀ 165
4. ਵਾਣੀ 142
5. ਆਦਿ ਗ੍ਰੰਥ, ਪੰ. 659; ਵਾਣੀ 122
6. ਆਦਿ ਗ੍ਰੰਥ, ਪੰ. 794; ਵਾਣੀ 123
7. ਦਰਸ਼ਨ 41
8. ਦਰਸ਼ਨ 120
9. ਦਰਸ਼ਨ 121
10. ਦਰਸ਼ਨ 49
11. ਦਰਸ਼ਨ 154
12. ਦਰਸ਼ਨ 129
13. ਦਰਸ਼ਨ 133
14. ਦਰਸ਼ਨ 9
15. ਦਰਸ਼ਨ 19
16. ਦਰਸ਼ਨ 16
17. ਵਾਣੀ 167
18. ਦਰਸ਼ਨ 17
19. ਵਾਣੀ 3
20. ਵਾਣੀ 39
21. ਕਬੀਰ ਸ਼ਬਦਾਵਲੀ, ਭਾਗ 1, ਪੰ. 66
22. ਕਬੀਰ ਗ੍ਰੰਥਾਵਲੀ, ਪਰਚਾ ਸਾਖੀ 45
23. ਪਲਟੂ ਸਾਹਿਬ ਕੀ ਬਾਨੀ, ਭਾਗ 1, ਕੁੰਡਲੀ 169
24. ਪਲਟੂ ਸਾਹਿਬ ਕੀ ਬਾਨੀ, ਭਾਗ 1, ਕੁੰਡਲੀ 5
25. ਮੀਰਾ! ਵਿਅਕਤਿਤਵ ਏਵਮ ਕ੍ਰਿਤਿਤਵ, ਪੰ. 27
26. ਤੁਲਸੀ ਸ਼ਬਦਾਵਲੀ, ਭਾਗ 1, ਪੰ. 38
27. ਤੁਲਸੀ ਸ਼ਬਦਾਵਲੀ, ਭਾਗ 1, ਪੰ. 134
28. ਸਾਰਬਚਨ 33:16:4
29. ਸਾਰਬਚਨ 20:19:2
30. ਵਾਣੀ (ਸਾਖੀ) 18

31. ਵਾਣੀ 176
32. ਵਾਣੀ 161
33. ਵਾਣੀ 150
34. ਵਾਣੀ 65
35. ਦਰਸ਼ਨ 179
36. ਦਰਸ਼ਨ 74
37. ਦਰਸ਼ਨ 66
38. ਵਾਣੀ 145
39. ਵਾਣੀ 107
40. ਵਾਣੀ 40
41. ਵਾਣੀ (ਸਾਖੀ) 16
42. ਵਾਣੀ 174
43. ਵਾਣੀ 174
44. ਆਦਿ ਗ੍ਰੰਥ, ਪੰ. 486, ਵਾਣੀ 47
45. ਵਾਣੀ 80
46. ਵਾਣੀ 9
47. ਵਾਣੀ 153
48. ਵਾਣੀ 88
49. ਵਾਣੀ 44
50. ਵਾਣੀ 115
51. ਵਾਣੀ 141
52. ਦਰਸ਼ਨ 44
53. ਦਰਸ਼ਨ 35
54. ਦਰਸ਼ਨ 4
55. ਦਰਸ਼ਨ 101
56. ਆਦਿ ਗ੍ਰੰਥ, ਪੰ. 974, ਵਾਣੀ 14
57. ਆਦਿ ਗ੍ਰੰਥ, ਪੰ. 694, ਵਾਣੀ 114
58. ਆਦਿ ਗ੍ਰੰਥ, ਪੰ. 658, ਵਾਣੀ 129
59. ਸਾਰਬਚਨ 10:1:1-5, 9-12
60. ਆਦਿ ਗ੍ਰੰਥ, ਪੰ. 4
61. ਆਦਿ ਗ੍ਰੰਥ, ਪੰ. 124
62. ਆਦਿ ਗ੍ਰੰਥ, ਪੰ. 284
63. ਆਦਿ ਗ੍ਰੰਥ, ਪੰ. 139
64. ਆਦਿ ਗ੍ਰੰਥ, ਪੰ. 124
65. ਆਦਿ ਗ੍ਰੰਥ, ਪੰ. 110
66. ਆਦਿ ਗ੍ਰੰਥ, ਪੰ. 343
67. ਸਤਿ ਕਬੀਰ ਕੀ ਸ਼ਬਦਾਵਲੀ, ਪੰ. 33, ਪਦ 69
68. ਕਬੀਰ ਸ਼ਬਦਾਵਲੀ, ਭਾਗ 1, ਪੰ. 4
69. ਦਰਸ਼ਨ 25
70. ਦਰਸ਼ਨ 23
71. ਵਾਣੀ (ਸਾਖੀ) 39
72. ਵਾਣੀ (ਸਾਖੀ) 10
73. ਵਾਣੀ 72, ਬਾਨੀ 55
74. ਦਰਸ਼ਨ 36
75. ਵਾਣੀ (ਸਾਖੀ) 11
76. ਬਾਨੀ 83, ਵਾਣੀ 113
77. ਵਾਣੀ (ਸਾਖੀ) 7
78. ਦਰਸ਼ਨ 39
79. ਦਰਸ਼ਨ 77
80. ਆਦਿ ਗ੍ਰੰਥ, ਪੰ. 694, ਵਾਣੀ 102
81. ਵਾਣੀ 177
82. ਦਰਸ਼ਨ 80
83. ਬਾਨੀ 2, ਵਾਣੀ 3
84. ਵਾਣੀ 158
85. ਵਾਣੀ 176
86. ਦਰਸ਼ਨ 178
87. ਪਲਟੂ ਸਾਹਿਬ ਕੀ ਬਾਨੀ, ਭਾਗ 1, ਕੁੰਡਲੀ 169
88. ਵਾਣੀ 172
89. ਵਾਣੀ 90, ਬਾਨੀ 67
90. ਆਦਿ ਗ੍ਰੰਥ, ਪੰ. 486, ਵਾਣੀ 132
91. ਦਰਸ਼ਨ 181
92. ਵਾਣੀ (ਸਾਖੀ) 24
93. ਵਾਣੀ 153
94. ਵਾਣੀ (ਸਾਖੀ) 19
95. ਵਾਣੀ 147
96. ਵਾਣੀ 158
97. ਆਦਿ ਗ੍ਰੰਥ, ਪੰ. 346, ਵਾਣੀ 30
98. ਵਾਣੀ (ਸਾਖੀ) 14

99. ਵਾਣੀ 54
100. ਆਦਿ ਗ੍ਰੰਥ, ਪੰ. 486, ਵਾਣੀ 132
101. ਆਦਿ ਗ੍ਰੰਥ, ਪੰ. 1293, ਵਾਣੀ 104
102. ਆਦਿ ਗ੍ਰੰਥ, ਪੰ. 694, ਵਾਣੀ 132
103. ਆਦਿ ਗ੍ਰੰਥ, ਪੰ. 486, ਵਾਣੀ 116
104. ਦਰਸ਼ਨ 182
105. ਦਰਸ਼ਨ 185
106. ਦਰਸ਼ਨ 189
107. ਦਰਸ਼ਨ 187
108. ਆਦਿ ਗ੍ਰੰਥ, ਪੰ. 1293, ਵਾਣੀ 151
109. ਵਾਣੀ 27
110. ਵਾਣੀ 57
111. ਦਰਸ਼ਨ 38
112. ਵਾਣੀ (ਸਾਖੀ) 35
113. ਵਾਣੀ (ਸਾਖੀ) 33
114. ਵਾਣੀ (ਸਾਖੀ) 26
115. ਦਰਸ਼ਨ 71
116. ਵਾਣੀ 109
117. ਵਾਣੀ 82
118. ਦਰਸ਼ਨ 70
119. ਵਾਣੀ 168
120. ਵਾਣੀ (ਸਾਖੀ) 17
121. ਵਾਣੀ 144

ਮਨੁੱਖਾ-ਜੀਵਨ ਦਾ ਉਦੇਸ਼

1. ਦਰਸ਼ਨ 102
2. ਦਰਸ਼ਨ 28
3. ਦਰਸ਼ਨ 29
4. ਦਰਸ਼ਨ 42
5. ਦਰਸ਼ਨ 65
6. ਦਰਸ਼ਨ 41
7. ਵਾਣੀ 170
8. ਆਦਿ ਗ੍ਰੰਥ, ਪੰ. 658, ਵਾਣੀ 126
9. ਆਦਿ ਗ੍ਰੰਥ, ਪੰ. 345, ਵਾਣੀ 346, 96; ਵਾਣੀ 72
10. ਵਾਣੀ 165
11. ਵਾਣੀ 172
12. ਵਾਣੀ 67
13. ਵਾਣੀ 74
14. ਆਦਿ ਗ੍ਰੰਥ, ਪੰ. 659, ਵਾਣੀ 122
15. ਆਦਿ ਗ੍ਰੰਥ, ਪੰ. 793, ਵਾਣੀ 79
16. ਆਦਿ ਗ੍ਰੰਥ, ਪੰ. 794, ਵਾਣੀ 123
17. ਵਾਣੀ 31
18. ਵਾਣੀ 149
19. ਵਾਣੀ 69, ਬਾਨੀ 52
20. ਵਾਣੀ 148
21. ਆਦਿ ਗ੍ਰੰਥ, ਪੰ. 487, ਵਾਣੀ 121
22. ਆਦਿ ਗ੍ਰੰਥ, ਪੰ. 346, ਵਾਣੀ 124
23. ਵਾਣੀ 40, ਬਾਨੀ 33
24. ਵਾਣੀ 95
25. ਵਾਣੀ (ਸਾਖੀ) 31
26. ਵਾਣੀ (ਸਾਖੀ) 32
27. ਵਾਣੀ 141
28. ਆਦਿ ਗ੍ਰੰਥ, ਪੰ. 858, ਵਾਣੀ 119
29. ਆਦਿ ਗ੍ਰੰਥ, ਪੰ. 1106, ਵਾਣੀ 118
30. ਵਾਣੀ 9
31. ਆਦਿ ਗ੍ਰੰਥ, ਪੰ. 1106
32. ਵਾਣੀ 147
33. ਵਾਣੀ 127

ਘਟ-ਘਟ ਵਾਸੀ ਪਰਮਾਤਮਾ

1. ਦਰਸ਼ਨ 16
2. ਦਰਸ਼ਨ 17
3. ਦਰਸ਼ਨ 19
4. ਦਰਸ਼ਨ 20
5. ਬਾਣੀ 3, ਬਾਨੀ 2
6. ਵਾਣੀ 158
7. ਵਾਣੀ 167
8. ਦਰਸ਼ਨ 43
9. ਦਰਸ਼ਨ 72

10. ਦਰਸ਼ਨ 73
11. ਦਰਸ਼ਨ 75
12. ਦਰਸ਼ਨ 1
13. ਦਰਸ਼ਨ 2
14. ਦਰਸ਼ਨ 3
15. ਦਰਸ਼ਨ 5
16. ਦਰਸ਼ਨ 6
17. ਦਰਸ਼ਨ 9
18. ਦਰਸ਼ਨ 13
19. ਵਾਣੀ 13, ਬਾਨੀ 12
20. ਵਾਣੀ 10, ਬਾਨੀ 9
21. ਵਾਣੀ 169
22. ਦਰਸ਼ਨ 77
23. ਦਰਸ਼ਨ 80
24. ਦਰਸ਼ਨ 81
25. ਪਲਟੂ ਸਾਹਿਬ ਕੀ ਬਾਨੀ, ਭਾਗ 1, ਕੁੰਡਲੀ 169
26. ਬਾਨੀ 34; ਵਾਣੀ 39, ਆਦਿ ਗ੍ਰੰਥ, ਪੰ.525
27. ਬਾਨੀ 83, ਵਾਣੀ 113
28. ਵਾਣੀ 176
29. ਵਾਣੀ 177
30. ਦਰਸ਼ਨ 31
31. ਦਰਸ਼ਨ 32
32. ਦਰਸ਼ਨ 78
33. ਦਰਸ਼ਨ 77
34. ਆਦਿ ਗ੍ਰੰਥ, ਪੰ. 634
35. ਆਦਿ ਗ੍ਰੰਥ, ਪੰ. 973, ਵਾਣੀ 14
36. ਵਾਣੀ 91
37. ਮੁੰਡਕ 1, 2, 8; ਕਠ 1.2.5 ਮੈਤਰੀ 7.9
38. ਵਾਣੀ 11, ਬਾਨੀ 10

ਦੇਹਧਾਰੀ ਸਤਿਗੁਰੂ ਦੀ ਲੋੜ

1. ਦਰਸ਼ਨ 181
2. ਦਰਸ਼ਨ 98
3. ਵਾਣੀ (ਸਾਖੀ) 24
4. ਆਦਿ ਗ੍ਰੰਥ, ਪੰ. 486, ਵਾਣੀ 132
5. ਆਦਿ ਗ੍ਰੰਥ, ਪੰ. 858, ਵਾਣੀ 128
6. ਵਾਣੀ (ਸਾਖੀ) 14
7. ਵਾਣੀ (ਸਾਖੀ) 15
8. ਵਾਣੀ (ਸਾਖੀ) 16
9. ਵਾਣੀ (ਸਾਖੀ) 19
10. ਵਾਣੀ 158
11. ਵਾਣੀ 78
12. ਵਾਣੀ 54
13. ਦਰਸ਼ਨ 84
14. ਦਰਸ਼ਨ 100
15. ਦਰਸ਼ਨ 101
16. ਦਰਸ਼ਨ 115
17. ਦਰਸ਼ਨ 116
18. ਦਰਸ਼ਨ 117
19. ਦਰਸ਼ਨ 118
20. ਦਰਸ਼ਨ 83
21. ਦਰਸ਼ਨ 97
22. ਦਰਸ਼ਨ 110
23. ਦਰਸ਼ਨ 104
24. ਦਰਸ਼ਨ 108
25. ਦਰਸ਼ਨ 109
26. ਦਰਸ਼ਨ 113
27. ਦਰਸ਼ਨ 85
28. ਦਰਸ਼ਨ 86
29. ਦਰਸ਼ਨ 87
30. ਦਰਸ਼ਨ 88
31. ਦਰਸ਼ਨ 89
32. ਦਰਸ਼ਨ 90
33. ਦਰਸ਼ਨ 91
34. ਦਰਸ਼ਨ 92
35. ਦਰਸ਼ਨ 93
36. ਦਰਸ਼ਨ 95
37. ਦਰਸ਼ਨ 96

38. ਵਾਣੀ 175
39. ਵਾਣੀ 89, ਬਾਨੀ 66
40. ਵਾਣੀ 171

ਸਤਿਸੰਗ ਦੀ ਮਹੱਤਤਾ

1. ਦਰਸ਼ਨ 171
2. ਵਾਣੀ (ਸਾਖੀ) 8
3. ਆਦਿ ਗ੍ਰੰਥ, ਪੰ. 1293, ਵਾਣੀ 104
4. ਵਾਣੀ 116; ਆਦਿ ਗ੍ਰੰਥ, ਪੰ. 486
5. ਆਦਿ ਗ੍ਰੰਥ, ਪੰ. 1293, ਵਾਣੀ 51
6. ਆਦਿ ਗ੍ਰੰਥ, ਪੰ. 733
7. ਆਦਿ ਗ੍ਰੰਥ, ਪੰ. 487
8. ਆਦਿ ਗ੍ਰੰਥ, ਪੰ. 858, ਵਾਣੀ 128
9. ਆਦਿ ਗ੍ਰੰਥ, ਪੰ. 486, ਵਾਣੀ 132
10. ਆਦਿ ਗ੍ਰੰਥ, ਪੰ. 694, ਵਾਣੀ 102

ਨਾਮ-ਭਗਤੀ

1. ਦਰਸ਼ਨ 25
2. ਦਰਸ਼ਨ 24
3. ਦਰਸ਼ਨ 22
4. ਦਰਸ਼ਨ 23
5. ਦਰਸ਼ਨ 4
6. ਦਰਸ਼ਨ 37
7. ਆਦਿ ਗ੍ਰੰਥ, ਪੰ. 1293, ਵਾਣੀ 51
8. ਵਾਣੀ 83
9. ਆਦਿ ਗ੍ਰੰਥ, ਪੰ. 974, ਵਾਣੀ 14
10. ਦਰਸ਼ਨ 45
11. ਦਰਸ਼ਨ 44
12. ਦਰਸ਼ਨ 35
13. ਦਰਸ਼ਨ 38
14. ਵਾਣੀ 169
15. ਵਾਣੀ 153
16. ਵਾਣੀ (ਸਾਖੀ) 10
17. ਵਾਣੀ (ਸਾਖੀ) 21
18. ਵਾਣੀ (ਸਾਖੀ) 39
19. ਆਦਿ ਗ੍ਰੰਥ, ਪੰ. 658, ਵਾਣੀ 129
20. ਵਾਣੀ 72, ਬਾਨੀ 55
21. ਆਦਿ ਗ੍ਰੰਥ, ਪੰ. 346, ਬਾਨੀ 30
22. ਵਾਣੀ 55, ਬਾਨੀ 44
23. ਵਾਣੀ 88, ਬਾਨੀ 65
24. ਵਾਣੀ 9, ਬਾਨੀ 8
25. ਆਦਿ ਗ੍ਰੰਥ, ਪੰ. 694, ਵਾਣੀ 114
26. ਮਾਨਸ 1.34.2
27. ਵਾਣੀ 147
28. ਆਦਿ ਗ੍ਰੰਥ, ਪੰ. 1196, ਵਾਣੀ 120
29. ਆਦਿ ਗ੍ਰੰਥ, ਪੰ. 1167, ਵਾਣੀ 1
30. ਵਾਣੀ (ਸਾਖੀ) 7
31. ਵਾਣੀ (ਸਾਖੀ) 18
32. ਵਾਣੀ (ਸਾਖੀ) 22
33. ਦਰਸ਼ਨ 114
34. ਦਰਸ਼ਨ 36
35. ਦਰਸ਼ਨ 39
36. ਦਰਸ਼ਨ 77
37. ਦਰਸ਼ਨ 80
38. ਵਾਣੀ (ਸਾਖੀ) 11
39. ਵਾਣੀ (ਸਾਖੀ) 12
40. ਵਾਣੀ (ਸਾਖੀ) 17
41. ਬਾਨੀ 86, ਵਾਣੀ 66
42. ਬਾਨੀ 14, ਵਾਣੀ 16
43. ਬਾਨੀ 67, ਵਾਣੀ 90
44. ਦਰਸ਼ਨ 25
45. ਦਰਸ਼ਨ 26
46. ਦਰਸ਼ਨ 27
47. ਦਰਸ਼ਨ 178; ਵਾਣੀ (ਸਾਖੀ) 6
48. ਆਦਿ ਗ੍ਰੰਥ, ਪੰ. 659, ਵਾਣੀ 22
49. ਵਾਣੀ (ਸਾਖੀ) 40
50. ਵਾਣੀ 172
51. ਵਾਣੀ 115, ਬਾਨੀ 85

ਸੱਚਾ ਪ੍ਰੇਮ

1. ਵਾਣੀ 17, ਬਾਨੀ 15
2. ਵਾਣੀ 27, ਬਾਨੀ 24

3. ਵਾਣੀ 57
4. ਵਾਣੀ (ਸਾਖੀ) 30
5. ਵਾਣੀ (ਸਾਖੀ) 33
6. ਵਾਣੀ (ਸਾਖੀ) 34
7. ਵਾਣੀ (ਸਾਖੀ) 35
8. ਵਾਣੀ 64; ਆਦਿ ਗ੍ਰੰਥ, ਪੰ. 658-59
9. ਵਾਣੀ 21, ਬਾਨੀ 19
10. ਵਾਣੀ 8, ਬਾਨੀ 19
11. ਆਦਿ ਗ੍ਰੰਥ, ਪੰ. 658, ਵਾਣੀ 58
12. ਆਦਿ ਗ੍ਰੰਥ, ਪੰ. 486, ਵਾਣੀ 41
13. ਵਾਣੀ 73
14. ਵਾਣੀ 109, ਬਾਨੀ 108
15. ਵਾਣੀ 93
16. ਵਾਣੀ 151
17. ਵਾਣੀ (ਸਾਖੀ) 38
18. ਦਰਸ਼ਨ 71
19. ਦਰਸ਼ਨ 169
20. ਵਾਣੀ (ਸਾਖੀ) 26
21. ਵਾਣੀ 82, ਬਾਨੀ 61
22. ਵਾਣੀ 98, ਬਾਨੀ 73
23. ਆਦਿ ਗ੍ਰੰਥ, ਪੰ. 345, ਵਾਣੀ 25
24. ਆਦਿ ਗ੍ਰੰਥ, ਪੰ. 793, ਵਾਣੀ 86
25. ਆਦਿ ਗ੍ਰੰਥ, ਪੰ. 694, ਵਾਣੀ 110
26. ਦਰਸ਼ਨ 40
27. ਦਰਸ਼ਨ 70
28. ਦਰਸ਼ਨ 44
29. ਵਾਣੀ 50, ਬਾਨੀ 40
30. ਵਾਣੀ 144
31. ਵਾਣੀ 168

ਮਨ

1. ਵਾਣੀ 107; ਆਦਿ ਗ੍ਰੰਥ, ਪੰ. 710; ਬਾਨੀ 78
2. ਵਾਣੀ 143
3. ਵਾਣੀ 145
4. ਵਾਣੀ 150
5. ਬਾਨੀ 47, ਵਾਣੀ 59
6. ਵਾਣੀ 173
7. ਦਰਸ਼ਨ 12
8. ਦਰਸ਼ਨ 78
9. ਵਾਣੀ 164
10. ਵਾਣੀ 44, ਬਾਨੀ 37
11. ਆਦਿ ਗ੍ਰੰਥ, ਪੰ. 1124, ਵਾਣੀ 60

ਕਰਮ

1. ਆਦਿ ਗ੍ਰੰਥ, ਪੰ. 1293, ਵਾਣੀ 104
2. ਵਾਣੀ 80, ਬਾਨੀ 59
3. ਵਾਣੀ 174
4. ਆਦਿ ਗ੍ਰੰਥ, ਪੰ. 486, ਬਾਨੀ 39
5. ਵਾਣੀ 153
6. ਦਰਸ਼ਨ 103
7. ਦਰਸ਼ਨ 104
8. ਦਰਸ਼ਨ 105
9. ਦਰਸ਼ਨ 107
10. ਦਰਸ਼ਨ 108
11. ਦਰਸ਼ਨ 109
12. ਦਰਸ਼ਨ 110
13. ਦਰਸ਼ਨ 111
14. ਦਰਸ਼ਨ 113
15. ਦਰਸ਼ਨ 114
16. ਦਰਸ਼ਨ 117
17. ਦਰਸ਼ਨ 118
18. ਦਰਸ਼ਨ 164
19. ਦਰਸ਼ਨ 165
20. ਦਰਸ਼ਨ 166
21. ਦਰਸ਼ਨ 167
22. ਦਰਸ਼ਨ 168
23. ਦਰਸ਼ਨ 174
24. ਦਰਸ਼ਨ 175

ਵੈਸ਼ਨੂੰ ਭੋਜਨ

1. ਦਰਸ਼ਨ 182
2. ਦਰਸ਼ਨ 184

3. ਕਬੀਰ ਸਾਹਿਬ ਕਾ ਬੀਜਕ, ਪੰ. 58
4. ਕਬੀਰ ਸਾਖੀ-ਸੰਗ੍ਰਹਿ, ਭਾਗ 2, ਪੰ. 162
5. ਦਾਦੂ ਦਿਆਲ ਕੀ ਬਾਨੀ, ਭਾਗ 1, ਪੰ. 127
6. ਦਰਸ਼ਨ 185
7. ਦਰਸ਼ਨ 186
8. ਕਬੀਰ ਸਾਖੀ-ਸੰਗ੍ਰਹਿ, ਭਾਗ 2, ਪੰ. 162
9. ਕਬੀਰ, ਆਦਿ ਗ੍ਰੰਥ, ਪੰ. 1350
10. ਦਰਸ਼ਨ 188
11. ਦਾਦੂ ਦਿਆਲ ਕੀ ਬਾਨੀ, ਭਾਗ 1, ਪੰ. 222
12. ਦਰਸ਼ਨ 189
13. ਕਬੀਰ ਸਾਖੀ-ਸੰਗ੍ਰਹਿ, ਭਾਗ 2, ਪੰ. 162
14. ਦਾਦੂ ਦਿਆਲ ਕੀ ਬਾਨੀ, ਭਾਗ 1, ਪੰ. 125
15. ਦਰਸ਼ਨ 190
16. ਕਬੀਰ ਸਾਹਿਬ ਕਾ ਬੀਜਕ, ਪੰ. 34
17. ਕਬੀਰ ਸਾਖੀ-ਸੰਗ੍ਰਹਿ, ਭਾਗ 2, ਪੰ. 163
18. ਕਬੀਰ ਸਾਖੀ-ਸੰਗ੍ਰਹਿ, ਪੰ. 141
19. ਦਰਸ਼ਨ 131
20. ਦਰਸ਼ਨ 183
21. ਕਬੀਰ ਸਾਹਿਬ ਕਾ ਬੀਜਕ, ਪੰ. 34
22. ਨੀਤਿ ਸੂਕ੍ਤਿ ਕੋਸ਼, ਪੰ. 17
23. ਦਰਸ਼ਨ 187
24. ਦਾਦੂ ਦਿਆਲ ਕੀ ਬਾਨੀ, ਭਾਗ 1, ਪੰ. 128
25. ਜਾਯਸੀ, ਪ੍ਰਾਪਤ ਨਹੀਂ
26. ਦਰਸ਼ਨ 191
27. ਆਦਿ ਗ੍ਰੰਥ, ਪੰ. 1293; ਵਾਣੀ 51, ਬਾਨੀ 42
28. ਦਰਸ਼ਨ 35
29. ਪ੍ਰਾਪਤ ਨਹੀਂ

ਕਰਮਕਾਂਡ ਦਾ ਖੰਡਨ

1. ਦਰਸ਼ਨ 179
2. ਦਰਸ਼ਨ 66
3. ਵਾਣੀ 150
4. ਦਰਸ਼ਨ 67
5. ਦਰਸ਼ਨ 146
6. ਦਰਸ਼ਨ 68
7. ਦਰਸ਼ਨ 69
8. ਦਰਸ਼ਨ 74
9. ਦਰਸ਼ਨ 76
10. ਦਰਸ਼ਨ 176
11. ਵਾਣੀ 65, ਬਾਨੀ 51
12. ਵਾਣੀ 7, ਬਾਨੀ 6
13. ਵਾਣੀ 18, ਬਾਨੀ 16
14. ਵਾਣੀ 77, ਬਾਨੀ 58
15. ਵਾਣੀ 161
16. ਦਰਸ਼ਨ 120
17. ਦਰਸ਼ਨ 125
18. ਦਰਸ਼ਨ 46
19. ਦਰਸ਼ਨ 47
20. ਦਰਸ਼ਨ 48
21. ਦਰਸ਼ਨ 49
22. ਦਰਸ਼ਨ 50
23. ਦਰਸ਼ਨ 51
24. ਦਰਸ਼ਨ 53
25. ਦਰਸ਼ਨ 121
26. ਦਰਸ਼ਨ 122
27. ਦਰਸ਼ਨ 124
28. ਦਰਸ਼ਨ 126
29. ਦਰਸ਼ਨ 127
30. ਦਰਸ਼ਨ 128
31. ਦਰਸ਼ਨ 129
32. ਦਰਸ਼ਨ 123
33. ਦਰਸ਼ਨ 130
34. ਦਰਸ਼ਨ 132
35. ਦਰਸ਼ਨ 133
36. ਦਰਸ਼ਨ 147
37. ਦਰਸ਼ਨ 149
38. ਦਰਸ਼ਨ 153
39. ਦਰਸ਼ਨ 154

ਪਦ-ਅਨੁਕ੍ਰਮਣਿਕਾ

ਸਹਾਇਕ ਪੁਸਤਕਾਂ ਦੀ ਸੂਚੀ

ਹਿੰਦੀ

ਆਜ਼ਾਦ, ਆਚਾਰੀਆ ਪ੍ਰਿਥਵੀਸਿੰਘ, **ਗੁਰੂ ਰਵਿਦਾਸ** (ਨਵੀਂ ਦਿੱਲੀ: ਨੈਸ਼ਨਲ ਬੁੱਕ ਟ੍ਰਸਟ, 1975.

ਆਜ਼ਾਦ, ਆਚਾਰੀਆ ਪ੍ਰਿਥਵੀਸਿੰਘ, **ਰਵਿਦਾਸ ਦਰਸ਼ਨ**, ਚੰਡੀਗੜ੍ਹ: ਸ੍ਰੀ ਗੁਰੂ ਰਵਿਦਾਸ ਸੰਸਥਾਨ, 1973.

ਸ਼ਬਨਮ, ਪਦਮਾਵਤੀ, **ਸੰਤ ਰੈਦਾਸ ਕਾ ਜੀਵਨ ਔਰ ਕਾਵਯ** (ਪਾਂਡੂਲਿਪੀ)।

ਸ਼ਰਮਾ, ਬੇਣੀਪ੍ਰਸਾਦ, **ਸੰਤ ਗੁਰੂ-ਰਵਿਦਾਸ**, ਦਿੱਲੀ ਸੂਰਜ ਪ੍ਰਕਾਸ਼ਨ, 1972.

ਸ਼ਰਮਾ, ਬੇਣੀਪ੍ਰਸਾਦ, **ਸੰਤ ਗੁਰੂ-ਰਵਿਦਾਸ ਵਾਣੀ**, ਦਿੱਲੀ: ਸੂਰਜ ਪ੍ਰਕਾਸ਼ਨ, ਸੰਮਤ 2010.

ਸ਼ਰਮਾ, ਬੇਣੀਪ੍ਰਸਾਦ, **ਸੰਤ ਰਵਿਦਾਸ ਕੀ ਭਕਤੀ ਸਾਧਨਾ**, ਚੰਡੀਗੜ੍ਹ: ਵਿਸ਼ਵ ਭਾਰਤੀ ਪ੍ਰਕਾਸ਼ਨ, ਸੰਮਤ 2037.

ਸਹਿਗਲ, ਮਨਮੋਹਨ, ਅਨੁਵਾਦਕ (ਹਿੰਦੀ); **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ** ਲਖਨਊ : ਭੁਵਨ ਵਾਣੀ ਟ੍ਰਸਟ, ਚਾਰ ਭਾਗ 1978-82.

ਸਰੀਨ, ਧਰਮਪਾਲ, **ਗੁਰੂ ਰਵਿਦਾਸ ਜੀ ਕਾ ਜੀਵੰਨ, ਦਰਸ਼ਨ ਤਥਾ ਵਾਣੀ**, ਨਵੀਂ ਦਿੱਲੀ ਐਸ. ਚੰਦ ਐਂਡ ਕੰਪਨੀ.

ਸਿੰਘ ਦਰਸ਼ਨ, **ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼**, ਲੁਧਿਆਣਾ: ਕਲਿਆਣੀ ਪਬਲਿਸ਼ਰਜ਼ 1977.

ਸਿੰਘ, ਪਦਮ ਗੁਰਚਰਨ, **ਸੰਤ ਰਵਿਦਾਸ: ਵਿਚਾਰਕ ਔਰ ਕਵਿ**, ਜਲੰਧਰ: ਨਵ ਚਿੰਤਨ ਪ੍ਰਕਾਸ਼ਨ, 1977.

ਕਬੀਰ ਸਾਹਿਬ ਕੀ ਸ਼ਬਦਾਵਲੀ, ਭਾਗ 1, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 1998.

ਕਬੀਰ ਸਾਹਿਬ ਕੀ ਸ਼ਬਦਾਵਲੀ, ਭਾਗ 2, 3, 4, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 2000.

ਕਬੀਰ ਸਾਖੀ-ਸੰਗ੍ਰਹਿ, ਭਾਗ 1-2, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 1996.

ਕਾਮਤ, ਅਸ਼ੋਕ ਪ੍ਰਭਾਕਰ, **ਸ਼੍ਰੀ ਸੰਤ ਰੋਹਿਦਾਸ**, ਪੁਣੇ : ਭਾਰਤੀ ਮੁਦਰਨ ਮੰਦਰ, 1968.

ਚਤੁਰਵੇਦੀ, ਪਰਸ਼ੁਰਾਮ, **ਉੱਤਰੀ ਭਾਰਤ ਕੀ ਸੰਤ-ਪਰੰਪਰਾ**, ਇਲਾਹਾਬਾਦ: ਭਾਰਤੀ ਭੰਡਾਰ, ਸੰਮਤ 2021.

ਤੁਲਸੀ ਸਾਹਿਬ ਕੀ ਸ਼ਬਦਾਵਲੀ, ਭਾਗ 1, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 1997.

ਤੁਲਸੀ ਸਾਹਿਬ ਕੀ ਸ਼ਬਦਾਵਲੀ, ਭਾਗ 2, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 1997.

ਦ੍ਵਿਵੇਦੀ, ਹਜ਼ਾਰੀਪ੍ਰਸਾਦ, **ਹਿੰਦੀ ਸਾਹਿੱਤ ਕੇ ਇਤਿਹਾਸ ਕੀ ਭੂਮਿਕਾ**, ਦਿੱਲੀ, ਰਾਜ ਕਮਲ ਪ੍ਰਕਾਸ਼ਨ 1969.

ਦ੍ਵਿਵੇਦੀ, ਹਜ਼ਾਰੀਪ੍ਰਸਾਦ, **ਮੱਧਕਾਲੀਨ ਧਰਮ ਸਾਧਨਾ**, ਇਲਾਹਾਬਾਦ, ਤੀਸਰਾ ਸੰਸਕਰਨ, 1972.

ਨਾਭਾਦਾਸ, **ਭਗਤਮਾਲ**, ਲਖਨਊ, ਨਵਲ ਕਿਸ਼ੋਰ ਪ੍ਰੈਸ, 1914.

ਪਲਟੂ ਸਾਹਿਬ ਕੀ ਬਾਨੀ, ਭਾਗ 1, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 1993.

ਪਲਟੂ ਸਾਹਿਬ ਕੀ ਬਾਨੀ, ਭਾਗ 2, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 1995.

ਪ੍ਰੀਯਾਦਾਸ, ਸ਼੍ਰੀ ਭਗਤਮਾਲ, **ਭਕਤੀ ਸੰਬੋਧਿਨੀ**, ਬੰਬਈ, ਖੇਮਰਾਜ, ਸ਼੍ਰੀ ਕ੍ਰਿਸ਼ਨਦਾਸ, 1995.

ਪ੍ਰੀਯਾਦਾਸ, **ਭਕਤੀ ਰਸ ਬੋਧਿਨੀ (ਟੀਕਾ)**, ਲਖਨਊ, ਨਵਲ ਕਿਸ਼ੋਰ ਪ੍ਰੈਸ, 1914.

ਮੀਰਾ ਬ੍ਰਹਤਪਦਾਵਲੀ, ਭਾਗ 1, ਜੋਧਪੁਰ, ਰਾਜਸਥਾਨ ਪ੍ਰਾਚੱਯਾਵਿਦੱਯਾ ਪ੍ਰਤਿਸ਼ੱਠਾਨ, 1968.

ਸੈਨੀ, ਧਰਮਪਾਲ, **ਰੈਦਾਸ**, ਨਵੀਂ ਦਿਲੀ: ਸਾਹਿਤ ਅਕੈਡਮੀ, 1979.

ਰੈਦਾਸ ਜੀ ਕੀ ਬਾਨੀ, ਇਲਾਹਾਬਾਦ: ਬੇਲਵੀਡਿਅਰ ਪ੍ਰਿੰਟਿੰਗ ਵਰਕਸ, 1971.

ਪੰਜਾਬੀ

ਸਾਰਬਚਨ ਸੰਗ੍ਰਹਿ, ਬਿਆਸ, ਰਾਧਾਸੁਆਮੀ ਸਤਿਸੰਗ ਬਿਆਸ, 2003.

ਸੇਠੀ, ਵੀਰੇਂਦਰ ਕੁਮਾਰ, **ਮੀਰਾ : ਪ੍ਰੇਮ ਦੀਵਾਨੀ**, ਬਿਆਸ: ਰਾਧਾਸੁਆਮੀ ਸਤਿਸੰਗ ਬਿਆਸ, 1974.

ਮਹਾਰਾਜ ਸਾਵਣ ਸਿੰਘ, **ਪਰਮਾਰਥੀ ਸਾਖੀਆਂ**, ਬਿਆਸ: ਰਾਧਾਸੁਆਮੀ ਸਤਿਸੰਗ ਬਿਆਸ, 1972.

ਅੰਗ੍ਰੇਜ਼ੀ

ਸਿੰਘ, ਗੋਪਾਲ, **ਸ੍ਰੀ ਗੁਰੂ ਗ੍ਰੰਥ ਸਾਹਿਬ**, ਅੰਗ੍ਰੇਜ਼ੀ ਅਨੁਵਾਦ, ਚੰਡੀਗੜ੍ਹ: ਵਰਲਡ ਸਿੱਖ ਯੂਨੀਵਰਸਿਟੀ ਪ੍ਰੈਸ, ਚਾਰ ਭਾਗ, 1978.

ਸੇਨ, ਕਸ਼ਿਤੀ ਮੋਹਨ, **ਮੇਡੀਵਲ ਮਿਸਟਿਕਸ ਆੱਫ ਇੰਡੀਆ**, ਨਵੀਂ ਦਿੱਲੀ ਓਰੀਐਂਟਲ ਬੁਕਸ, ਦੂਸਰਾ ਸੰਸਕਰਨ 1974.

ਟਾਡ, ਜੇਮਸ, **ਐਨਲਸ ਐਂਡ ਐਂਟੀਕਵੀਟੀਜ ਆੱਫ ਰਾਜਸਥਾਨ**, ਆੱਕਸਫੋਰਡ, 1920।

ਮੇਕਲੋਡ, ਡਬਲਯੂ. ਐਚ. **ਗੁਰੂ ਨਾਨਕ ਐਂਡ ਦਿ ਭਗਤਮਾਲ ਸਿਖ ਰਿਲੀਜਨ**, ਆੱਕਸਫੋਰਡ : 1968.

ਮੇਕਾਲਫ਼, ਮੈਕਸ ਆਰਥਰ, **ਸਿਖ ਰਿਲੀਜਨ: ਇਟਸ ਗੁਰੂਜ਼, ਸੇਕਰਿਡ ਰਾਈਟਿੰਗਜ਼ ਐਂਡ ਆਥਰਜ਼**, ਭਾਗ 6, ਆੱਕਸਫੋਰਡ 1909.

ਸਾਡੇ ਪ੍ਰਕਾਸ਼ਨ

ਸੁਆਮੀ ਸ਼ਿਵ ਦਿਆਲ ਸਿੰਘ ਜੀ ਮਹਾਰਾਜ

1. ਸਾਰਬਚਨ ਵਾਰਤਕ
2. ਸਾਰਬਚਨ ਸੰਗ੍ਰਹਿ

ਮਹਾਰਾਜ ਜੈਮਲ ਸਿੰਘ ਜੀ

1. ਪਰਮਾਰਥੀ ਪੱਤਰ, ਭਾਗ 1

ਮਹਾਰਾਜ ਸਾਵਣ ਸਿੰਘ ਜੀ

1. ਪਰਮਾਰਥੀ ਪੱਤਰ, ਭਾਗ 2
2. ਸ਼ਬਦ ਦੀ ਮਹਿਮਾ ਦੇ ਸ਼ਬਦ
3. ਪ੍ਰਭਾਤ ਦਾ ਪ੍ਰਕਾਸ਼
4. ਗੁਰਮਤ ਸਿਧਾਂਤ, ਭਾਗ 1, 2
5. ਸੰਤਮਤ ਸਿਧਾਂਤ
6. ਸੰਤਮਤ ਪ੍ਰਕਾਸ਼, ਭਾਗ 1 ਤੋਂ 5
7. ਪਰਮਾਰਥੀ ਸਾਖੀਆਂ
8. ਗੁਰਮਤ ਸਾਰ

ਮਹਾਰਾਜ ਜਗਤ ਸਿੰਘ ਜੀ

1. ਆਤਮ ਗਿਆਨ
2. ਰੂਹਾਨੀ ਫੂਲ

ਮਹਾਰਾਜ ਚਰਨ ਸਿੰਘ ਜੀ

1. ਸੰਤਾਂ ਦੀ ਬਾਣੀ
2. ਸੰਤਮਤ ਦਰਸ਼ਨ
3. ਦਿਵ੍ਯ ਪ੍ਰਕਾਸ਼
4. ਪ੍ਰਕਾਸ਼ ਦੀ ਖੋਜ
5. ਸੰਤ-ਸੰਵਾਦ
6. ਸੰਤ-ਸੰਵਾਦ, ਭਾਗ 2 (ਸੰਤ ਬਚਨ)
7. ਸੰਤ-ਮਾਰਗ
8. ਜੀਵਤ ਮਰੀਐ ਭਉਜਲ ਤਰੀਐ
9. ਪਾਰਸ ਤੋਂ ਪਾਰਸ
10. ਸਤਿਸੰਗ ਸੰਗ੍ਰਹਿ, ਭਾਗ 1 ਤੋਂ 6

'ਪੂਰਬ ਦੇ ਸੰਤ-ਮਹਾਤਮਾਂ' ਪੁਸਤਕ-ਮਾਲਾ

1. ਸੰਤ ਨਾਮਦੇਵ — ਜਨਕ ਪੁਰੀ, ਵੀ. ਕੇ. ਸੇਠੀ
2. ਸੰਤ ਕਬੀਰ — ਸ਼ਾਂਤੀ ਸੇਠੀ
3. ਪਰਮ ਪਾਰਸ ਗੁਰੂ ਰਵਿਦਾਸ — ਕੇ. ਐਨ. ਉਪਾਧਿਆਇ
4. ਗੁਰੂ ਨਾਨਕ ਦਾ ਰੂਹਾਨੀ ਉਪਦੇਸ਼ — ਜਨਕ ਪੁਰੀ
5. ਗੁਰੂ ਅਰਜਨ ਦੇਵ — ਮਹਿੰਦਰ ਸਿੰਘ ਜੋਸ਼ੀ

6. ਭਾਈ ਗੁਰਦਾਸ	ਮਹਿੰਦਰ ਸਿੰਘ ਜੋਸ਼ੀ
7. ਮੀਰਾ: ਪ੍ਰੇਮ ਦੀਵਾਨੀ	ਵੀ. ਕੇ. ਸੇਠੀ
8. ਸੰਤ ਦਾਦੂ ਦਇਆਲ	ਕੇ. ਐਨ. ਉਪਾਧਿਆਇ
9. ਸੰਤ ਪਲਟੂ	ਆਰ. ਕੇ. ਸੇਠੀ
10. ਹਜ਼ਰਤ ਸੁਲਤਾਨ ਬਾਹੂ	ਕ੍ਰਿਪਾਲ ਸਿੰਘ 'ਖ਼ਾਕ', ਜਨਕ ਪੁਰੀ
11. ਤੁਲਸੀ ਸਾਹਿਬ	ਜਨਕ ਪੁਰੀ, ਵੀ. ਕੇ. ਸੇਠੀ
12. ਉਪਦੇਸ਼ ਰਾਧਾਸੁਆਮੀ (ਸੁਆਮੀ ਜੀ ਮਹਾਰਾਜ)	ਐਮ. ਸਹਿਗਲ, ਟੀ. ਆਰ. ਸ਼ੰਗਾਰੀ, ਕੇ. ਐਸ. 'ਖ਼ਾਕ', ਜੀ. ਐਸ. ਭੰਡਾਰੀ
13. ਸਾਈਂ ਬੁਲ੍ਹੇਸ਼ਾਹ	ਜਨਕ ਪੁਰੀ, ਟੀ. ਆਰ. ਸ਼ੰਗਾਰੀ
14. ਸੰਤ ਚਰਨਦਾਸ	ਟੀ. ਆਰ. ਸ਼ੰਗਾਰੀ
15. ਬੋਲੈ ਸ਼ੇਖ਼ ਫ਼ਰੀਦ	ਟੀ. ਆਰ. ਸ਼ੰਗਾਰੀ
16. ਸਰਮਦ ਸ਼ਹੀਦ	ਟੀ. ਆਰ. ਸ਼ੰਗਾਰੀ, ਪੀ. ਐਸ. 'ਆਲਮ'
17. ਕਾਮਿਲ ਦਰਵੇਸ਼ ਸ਼ਾਹ ਲਤੀਫ਼	ਟੀ. ਆਰ. ਸ਼ੰਗਾਰੀ
18. ਨਾਮ-ਭਗਤੀ : ਗੋਸਵਾਮੀ ਤੁਲਸੀਦਾਸ	ਕੇ. ਐਨ. ਉਪਾਧਿਆਇ, ਪੰਚਾਨਨ ਉਪਾਧਿਆਇ
19. ਸੰਤ ਦਰੀਆ (ਬਿਹਾਰ ਵਾਲੇ)	ਕੇ. ਐਨ. ਉਪਾਧਿਆਇ

ਸਤਿਗੁਰੂਆਂ ਬਾਰੇ

1. ਰੂਹਾਨੀ ਡਾਇਰੀ, ਭਾਗ 1, 2	ਰਾਇ ਸਾਹਿਬ ਮੁਨਸ਼ੀ ਰਾਮ
2. ਧਰਤੀ ਉੱਤੇ ਸੁਰਗ	ਦਰਿਆਈ ਲਾਲ ਕਪੂਰ
3. ਅਣਮੋਲ ਖ਼ਜ਼ਾਨਾ	ਸ਼ਾਂਤੀ ਸੇਠੀ
4. ਮੇਰਾ ਸਤਿਗੁਰੂ	ਜੇ. ਪੀ. ਜਾਨਸਨ

ਸੰਤਮਤ ਬਾਰੇ ਕੁਝ ਪ੍ਰਕਾਸ਼ਨ

1. ਨਾਮ ਸਿਧਾਂਤ	ਟੀ. ਆਰ. ਸ਼ੰਗਾਰੀ, ਕੇ. ਐਸ. 'ਖ਼ਾਕ', ਜੀ. ਐਸ. ਭੰਡਾਰੀ, ਐਮ. ਸਹਿਗਲ
2. ਸੰਤਮਤ ਵਿਚਾਰ	ਟੀ. ਆਰ. ਸ਼ੰਗਾਰੀ, ਕੇ. ਐਸ. 'ਖ਼ਾਕ'
3. ਸੰਤ ਸੰਦੇਸ਼	ਸ਼ਾਂਤੀ ਸੇਠੀ
4. ਸੰਤ ਸਮਾਗਮ	ਦਰਿਆਈ ਲਾਲ ਕਪੂਰ

5. ਅੰਮ੍ਰਿਤ ਨਾਮ	ਮਹਿੰਦਰ ਸਿੰਘ ਜੋਸ਼ੀ
6. ਅੰਦਰਲੀ ਆਵਾਜ਼	ਕਰਨਲ ਸਾਂਡਰਸ
7. ਮਾਰਗ ਦੀ ਖੋਜ ਵਿਚ	ਫ਼ਲੋਰਾ ਈ. ਵੁੱਡ
8. ਰਾਮਚਰਿਤਮਾਨਸ ਦਾ ਸੰਦੇਸ਼	ਐਸ. ਐਮ. ਪ੍ਰਸ਼ਾਦ
9. ਹਉ ਜੀਵਾ ਨਾਮੁ ਧਿਆਇ	ਹੈਕਟਰ ਐਸਪੌਂਡਾ ਡਬਿਨ
10. ਜਪੁਜੀ ਸਾਹਿਬ	ਟੀ. ਆਰ. ਸ਼ੰਗਾਰੀ
11. ਹੰਸਾ ਹੀਰਾ ਮੋਤੀ ਚੁਗਣਾ	ਟੀ. ਆਰ. ਸ਼ੰਗਾਰੀ
12. ਹੱਕ ਹਲਾਲ ਦੀ ਕਮਾਈ	ਟੀ. ਆਰ. ਸ਼ੰਗਾਰੀ
13. ਜਿਗਿਆਸੂਆਂ ਲਈ	ਟੀ. ਆਰ. ਸ਼ੰਗਾਰੀ
14. ਬੇਨਤੀ ਤੇ ਪ੍ਰਾਰਥਨਾ ਦੇ ਸ਼ਬਦ	ਸੰਕਲਿਤ
15. ਅੰਮ੍ਰਿਤ ਬਚਨ	ਸੰਕਲਿਤ

ਕੁਝ ਹੋਰ ਪ੍ਰਕਾਸ਼ਨ

1. ਮੀਰਦਾਦ ਦੀ ਪੁਸਤਕ	ਮਿਖਾਈਲ ਨਈਮੀ
2. ਆਤਮਾ ਦਾ ਸਫ਼ਰ	ਵਿਕਟੋਰੀਆ ਜੋਨਜ਼

1527
1376
151

ਕਿਰਪਾ ਕਰ ਕੇ, ਭਾਰਤ ਵਿਚ ਕਿਤਾਬਾਂ ਖ਼ਰੀਦਣ ਲਈ ਹੇਠਲੇ ਪਤੇ ਉੱਤੇ ਲਿਖੋ:
ਰਾਧਾਸੁਆਮੀ ਸਤਿਸੰਗ ਬਿਆਸ, ਬੀ. ਏ.ਵੀ, ਡਿਸਟ੍ਰੀਬਿਊਸ਼ਨ ਸੈਂਟਰ,
5 ਗੁਰੂ ਰਵਿਦਾਸ ਮਾਰਗ, ਪੂਸਾ ਰੋਡ, ਨਵੀਂ ਦਿੱਲੀ, 110005

To order books on the internet, please visit: www.rssb.org

ਪਰਮ ਪਰਸ ਗੁਰੁ ਭੇਟੀਐ
ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ
ਛੁਟਕਤ ਬਜਰ ਕਪਾਟ॥

Guru Ravidas
(Punjabi)

ISBN 978-81-8256-799-3